ਕੁਝ ਹੋਰ ਬਾਤਾਂ:

# ਗਿਆਨੀ ਸੰਤੋਖ ਸਿੰਘ ਦੀਆਂ

ਸੰਪਾਦਕ:
ਪ੍ਰੋ. ਮੋਹਣ ਸਿੰਘ
ਸਰਪ੍ਰਸਤ, ਅੰਮ੍ਰਿਤਸਰ ਵਿਕਾਸ ਮੰਚ

*ਪ੍ਰਕਾਸ਼ਕ:*
**ਆਜ਼ਾਦ ਬੁੱਕ ਡੀਪੂ**
ਹਾਲ ਬਾਜ਼ਾਰ, ਅੰਮ੍ਰਿਤਸਰ

E-mail : kd_singh180@hotmail.com

KUJH HORE BATAN
GIANI SANTOKH SINGH DIAN
Adited by:
Prof. Mohan Singh
Amritsar Vikas Manch

ਸਹਿਯੋਗ ਰਾਸ਼ੀ:
ਇੱਛਾ ਅਨੁਸਾਰ

Type setter:
Jatinder Pal Singh,
(M) 9465281711
jpajitasr@gmail.com

Published by:
Azad Book Depot
Hall Bazar, Amritsar
0183-2292513, 94631-70369
E-mail : KD_Singh180@hotmail.com

ਸਮਰਪਣ:
ਪਿਆਰੇ ਪੰਜਾਬੀ ਪਾਠਕਾਂ ਨੂੰ
ਜਿਹਨਾਂ ਨੇ ਮੇਰੀ ਲੇਖਣੀ ਦਾ
ਉਤਸ਼ਾਹ ਵਧਾਇਆ।

## ਕੀ ਕਿਥੇ?


| | |
|---|---|
| ਸੰਪਾਦਕੀ: ਕੁੱਝ ਬਾਤਾਂ ਗਿਆਨੀ ਸੰਤੋਖ ਸਿੰਘ ਦੀਆਂ | ੭ |
| ਬਹੁਪੱਖੀ ਸ਼ਖ਼ਸੀਅਤ | ੧੧ |
| ਗੁੱਦੜ ਵਿਚ ਛੁਪਿਆ ਲਾਲ | ੧੩ |
| ਵਿਲੱਖਣ ਸ਼ਖ਼ਸੀਅਤ ਦੇ ਮਾਲਕ | ੧੭ |
| ਸਾਹਿਤਕ ਫੁੱਲਾਂ ਦਾ ਗੁਲਦਸਤਾ : | ੨੨ |
| ਭਰੀ ਦੁਪਹਿਰ ਵਿਚ ਗਿਆਨੀ ਜੀ ਮੈਨੂੰ ਮਿਲ਼ਣ ਆਏ | ੨੪ |
| ਹਾਸੇ ਹਾਸੇ 'ਚ ਵੱਡੀਆਂ ਗੱਲਾਂ ਕਰ ਜਾਣ ਵਾਲੇ | ੨੬ |
| ਇਕ ਨਿਰਮਾਣ ਸ਼ਖ਼ਸੀਅਤ | ੨੯ |
| ਬਾਤਾਂ ਗਿਆਨੀ ਸੰਤੋਖ ਸਿੰਘ ਦੀਆਂ | ੨੪ |
| ਧਾਰਮਿਕ ਫ਼ਿਜ਼ਾ 'ਚੋਂ ਉਤਪਨ ਸਾਹਿਤਕ ਹਸਤਾਖਰ | ੩੨ |
| ਮਨੁੱਖਤਾ ਨੂੰ ਸਮਰਪਤ ਇਕ ਨਿਰਮਾਣ ਸ਼ਖ਼ਸੀਅਤ | ੩੦ |
| ਗਿਆਨਵਾਨ ਲੋਕ ਲਿਖਾਰੀ | ੩੭ |
| ਗਿਆਨੀ ਜੀ ਦੀਆਂ ਲਿਖਤ ਬਾਰੇ ਮੇਰੇ ਵਿਚਾਰ | ੩੯ |
| ਪੰਜਾਬੀ ਸੂਬੇ ਦਾ ਜੀਂਦਾ ਜਾਗਦਾ ਇਤਿਹਾਸ | ੪੧ |
| ਸਿਰੜੀ ਮਨੁੱਖ | ੪੭ |
| ਰੌਚਿਕ ਤਜਰਬਿਆਂ ਦੇ ਪੇਸ਼ਕਾਰ | ੪੯ |
| ਸਮਰੱਥ ਗੱਦਕਾਰ | ੫੬ |
| ਪਾਖੰਡ ਤੋਂ ਕੋਹਾਂ ਦੂਰ ਸ਼ਖਸ | ੬੦ |

ਖ਼ਤਾਂ ਵਰਗੀਆਂ ਰਚਨਾਵਾਂ ਦੇ ਰਚਨਹਾਰ ੬੨
ਤੁਰਦਾ ਫਿਰਦਾ ਵਿਸ਼ਵਕੋਸ਼ ੬੪
ਸਾਦਗੀ ਤੇ ਗੁਣਾਂ ਭਰਪੂਰ ਸ਼ਖਸੀਅਤ ੬੭
ਬਿਖੜੇ ਪੈਂਡਿਆਂ ਦਾ ਰਾਹੀ ੬੯
ਨਿਆਣਿਆਂ, ਸਿਆਣਿਆਂ, ਗੱਭਰੂਆਂ ਦਾ ਹਾਣੀ ੭੩
ਕੁਝ ਗਿਆਨੀ ਸੰਤੋਖ ਸਿੰਘ ਦੀ ਲੇਖਣੀ ਬਾਰੇ ੭੮
ਕਲਮ ਚੱਲਦੀ ਰਹੇ ੮੧
ਇਕ ਸੁਹਿਰਦ ਮਨੁੱਖ ੮੪
ਆਸਟ੍ਰੇਲੀਆ ਵਿਚ ਵੱਸਦਾ ਉਚ ਕੋਟੀ ਦਾ ਵਿਦਵਾਨ ੮੭
ਆਲ਼ੇ ਭੋਲ਼ੇ, ਘੁਗੂ ਘੋੜੇ ੯੩
ਵੱਖ ਵੱਖ ਆਲ੍ਹਣਿਆਂ ਦਾ ਪੰਛੀ ੯੯
ਵੇਖਣ ਨੂੰ ਸਿੱਧੜ ਜਿਹਾ ਬੰਦਾ ੧੦੭
ਮੇਰੇ ਇਕਲੌਤੇ ਮਾਸੜ ਜੀ ੧੦੪
ਵਿਸ਼ਾਲ ਅਨੁਭਵੀ ਮਨੁੱਖ ੧੦੮
ਰੱਬੀ ਗੁਣਾਂ ਨਾਲ਼ ਭਰਪੂਰ ਸੀਰਤ ੧੧੦
ਗਿਆਨੀ ਸੰਤੋਖ ਸਿੰਘ ਬਾਰੇ ਇਕ ਕਵਿਤਾ ੧੧੩
ਸ. ਵਰਿਆਮ ਸਿੰਘ ਸੰਧੂ ਵੱਲੋਂ ਕੁਝ ਪੱਤਰ ੧੧੪
ਗਿਆਨੀ ਜੀ ਦੀਆਂ ਪੁਸਤਕਾਂ ਬਾਰੇ ਕੁਝ ਰੀਵੀਊ ੧੧੭
ਹਰਮਨ ਰੇਡੀਓ ਆਸਟ੍ਰੇਲੀਆ ਦੇ ਐਂਕਰ ੧੩੭
ਘੀਚਮਚੋਲ਼ਾ ਸ਼ਖ਼ਸੀਅਤ ੧੫੧



ਸੰਪਾਦਕੀ:

# ਕੁਝ ਹੋਰ ਬਾਤਾਂ:

## ਗਿਆਨੀ ਸੰਤੋਖ ਸਿੰਘ ਦੀਆਂ

ਆਸਟ੍ਰੇਲੀਆ ਵਾਸੀ, ਗਿਆਨੀ ਸੰਤੋਖ ਸਿੰਘ ਨੇ ਖ਼ੁਦ ਵੀ ਬਹੁਤ ਕੁਝ ਆਖਿਆ/ਲਿਖਿਆ ਹੈ, ਜਿਸ ਦਾ ਸਬੂਤ ਹੁਣ ਤੱਕ ਪੌਣੀ ਕੁ ਦਰਜਨ ਕਿਤਾਬਾਂ ਵੰਡੀਆਂ/ਵੇਚੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਬਾਰੇ ਏਥੇ ਗੱਲ ਕਰਨੀ ਗ਼ੈਰ ਪ੍ਰਸੰਗਕ ਹੋਵੇਗੀ ਪ੍ਰੰਤੂ ਹੈਰਾਨੀ ਦੀ ਗੱਲ ਇਹ ਹੈ ਕਿ ਉਸ ਦੇ ਪਾਠਕਾਂ ਵੱਲੋਂ ਉਸ ਬਾਰੇ ਲਿਖੀ ਗਈ ਸਮੱਗਰੀ ਵੀ ਘੱਟ ਨਹੀਂ, ਕਿਉਂਕਿ ਇਸ ਸਮੱਗਰੀ ਵਿਚ ਹਿੱਸਾ ਪਾਉਣ ਵਾਲ਼ੇ ਲੇਖਕ-ਪਾਠਕ ਸੰਸਾਰ ਦੇ ਹਰੇਕ ਮੁਲਕ ਵਿਚ ਮੌਜੂਦ ਹਨ; ਜਿਥੇ ਕਿਤੇ ਵੀ ਪੰਜਾਬੀ ਪੜ੍ਹੀ ਤੇ ਸਮਝੀ ਜਾ ਸਕਦੀ ਹੋਵੇ; ਕਹਿ ਲਵੋ, ਸੰਸਾਰ ਦੇ ਕੋਨੇ ਕੋਨੇ ਵਿਚ। ਕੁਝ ਇਕ ਮਹਤਵਪੂਰਨ ਰਾਵਾਂ ਆਪਣੇ ਆਪ ਵਿਚ ਲੇਖ ਦਾ ਆਕਾਰ ਅਤੇ ਪਧਰ ਬਣ ਗਈਆਂ ਹੋਣ ਕਰਕੇ, ਹਥਲੀ ਪੁਤਕ ਵਿਚ ਪੜ੍ਹੀਆਂ/ਮਾਣੀਆਂ ਵੀ ਜਾ ਸਕਦੀਆਂ ਹਨ।

ਅਜੋਕੀ ਪੰਜਾਬੀ ਕਹਾਣੀ ਦੀ ਮਹਾਨ ਸ਼ਖ਼ਸੀਅਤ, ਜਿਸ ਦੀ ਇਕ ਕਹਾਣੀ 'ਤੇ ਆਧਾਰਤ, ਪੰਜਾਬੀ ਫ਼ਿਲਮ 'ਚੌਥੀ ਕੂੰਟ' ਨੇ, ਦਰਸ਼ਕਾਂ ਉਤੇ ਆਪਣੀ ਛਾਪ ਹੋਰ ਵੀ ਡੂੰਘੀ ਕਰ ਦਿਤੀ ਹੈ, ਉਹ, ਯਾਨੀ ਡਾ. ਵਰਿਆਮ ਸਿੰਘ ਸੰਧੂ, ਤਾਂ ਆਪਣੇ ਅਜੇ ਅਣਛਪੇ ਲੇਖ ਦੀ ਭੂਮਿਕਾ ਵਜੋਂ ਸੰਤੋਖ ਸਿੰਘ ਦੇ ਲਿਖੇ ਨੂੰ ਤਸਲੀਮ ਕਰਦਾ ਹੈ; ਅਤੇ ਜੇ ਕਿਤੇ ਉਸ ਦੇ ਲੇਖ ਛਪਣ ਤੋਂ ਪਹਿਲਾਂ ਉਸ ਨੂੰ ਗਿਆਨੀ ਜੀ ਦੇ ਲੇਖ ਦਾ ਪਤਾ ਲੱਗ ਜਾਂਦਾ ਤਾਂ ਡਾਕਟਰ ਸੰਧੂ ਗਿਆਨੀ ਜੀ ਦੇ ਲੇਖ ਨੂੰ ਆਪਣੇ ਲੇਖ ਦੀ ਭੂਮਿਕਾ ਵਜੋਂ ਛਾਪਦਾ; ਕਿਉਂਕਿ ਉਸ ਵਿਚ ਪ੍ਰਮਾਣਕਤਾ, ਇਤਿਹਾਸ, ਨਿੱਜਤਾ ਵੀ ਹੈ ਅਤੇ ਸਰਲਤਾ ਵੀ।

ਜੇ ਮੈਂ ਆਪਣੇ ਬਾਰੇ ਕੁਝ ਕਹਾਂ ਤਾਂ ਪੰਥਕ ਸਾਹਿਤ, ਪੰਥਕ ਮਸਲੇ ਜਾਂ ਅੱਸੀਵਿਆਂ ਤੋਂ ਬਾਅਦ ਦਾ ਪੰਥਕ ਇਤਿਹਾਸ ਮੇਰੀ ਖਿੱਚ ਦੇ ਵਿਸ਼ੇ ਕਦੇ ਨਹੀਂ ਰਹੇ ਤੇ ਜੇ ਕਦੇ ਕਦਾਈਂ ਕੋਈ ਲਿਖਤ ਜਾਂ ਕੋਈ ਇਸ ਬਾਰੇ ਹੱਥ ਲੱਗੀ ਵੀ ਤਾਂ ਉਸ ਨੂੰ ਯਤਨ ਕਰਨ ਦੇ ਬਾਵਜੂਦ ਕਦੇ ਮੁਕਾ ਨਹੀਂ ਸਕਿਆ। ਕਵਿਤਾ, ਕਹਾਣੀ, ਨਾਵਲ ਜਾਂ ਵਾਰਤਕ ਦੀ ਗੱਲ ਵੱਖਰੀ ਹੈ। ਏਸੇ ਲਈ ਜਦੋਂ ਗਿਆਨੀ ਸੰਤੋਖ ਸਿੰਘ ਦੀਆਂ

ਸਚੇ ਦਾ ਸਚਾ ਢੋਆ ਅਤੇ ਉਜਲ ਕੈਹਾਂ ਚਿਲਕਣਾ ਮੇਰੀ ਨਜਰ ਪਈਆਂ ਤਾਂ ਮੈਂ ਓਸੇ ਪੁਰਾਣੇ ਭਰਮ ਮੁਤਾਬਕ ਹੀ ਉਹਨਾਂ ਨੂੰ ਕੋਈ ਉਡ ਕੇ ਨਹੀਂ ਸੀ ਪਿਆ ਕਿ ਅੱਧ ਪਚੱਧ ਮੁਕਾ ਕੇ ਹੀ ਰੋਟੀ ਖਾਣੀ ਹੈ ਪਰ ਹੋਇਆ ਬਿਲਕੁਲ ਏਸੇ ਹੀ ਤਰ੍ਹਾਂ। ਇਹਨਾਂ ਦੋਹਾਂ ਕਿਤਾਬਾਂ ਦੇ ਟਾਇਟਲ ਅਤੇ ਇਹਨਾਂ ਦੇ ਅੰਦਰ ਦੀ ਸਮੱਗਰੀ ਵਿਚ ਦਿਨ ਰਾਤ ਦਾ ਫਰਕ ਹੈ। ਇਹ ਬਿਲਕੁਲ ਓਸੇ ਹੀ ਤਰ੍ਹਾਂ ਹੈ ਜਿਵੇਂ ਇਹਨਾਂ ਦੇ ਲੇਖਕ ਦਾ ਸਾਦਾ ਪੇਂਡੂ ਪਹਿਰਾਵਾ ਅਤੇ ਉਸ ਦੇ ਵਸੀਹ ਅਤੇ ਅਸੀਮ ਗਿਆਨ, ਵਿਗਿਆਨ ਅਤੇ ਮਨੋਵਿਗਿਆਨ ਦਾ ਅਨੁਭਵ। ਆਮ ਬੋਲ ਚਾਲ ਦੀ ਅਤੇ ਸਮਝ ਆਉਣ ਵਾਲੀ ਜਿਸ ਸਰਲ ਅਤੇ ਠੇਠ ਪੰਜਾਬੀ ਵਿਚ, ਗਿਆਨੀ ਜੀ ਨੇ ਆਪਣੀਆਂ ਕਈ ਇਕ 'ਉਦਾਸੀਆਂ' ਦਾ ਵਰਨਣ ਕੀਤਾ ਹੈ ਅਤੇ ਨਾ.ਲ ਨਾ.ਲ ਤਾਜੇ ਪੰਥਕ ਪ੍ਰਸੰਗ ਦਾ ਅੱਖੀਂ ਡਿਠਾ ਹਾਲ ਬਿਆਨ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਹ ਯਤਨ ਬੜਾ ਹੀ ਨਿਵੇਕ.ਲਾ ਅਤੇ ਸ਼ਲਾਘਾਯੋਗ ਦਸਤਾਵੇਜ਼ ਬਣ ਗਿਆ ਹੈ।

ਗਿਆਨੀ ਸੰਤੋਖ ਸਿੰਘ ਦੇ ਸਫ਼ਰਨਾਮੇ ਐਵੇਂ ਹਵਾਈ ਸਫ਼ਰਨਾਮੇ ਨਹੀਂ ਹਨ। ਉਸ ਨੇ ਲਗ ਭਗ ਹਰ ਦੇਸ਼ ਦਾ ਰਟਨ ਨੰਗੇ ਪਿੰਡੇ ਕੀਤਾ ਹੈ। ਅਫ਼੍ਰੀਕਾ ਮਹਾਂਦੀਪ ਦੇ ਪਛੜੇ ਹੋਏ ਕਈ ਦੇਸ਼ਾਂ ਦੀਆਂ ਹਰ ਤਰ੍ਹਾਂ ਦੀਆਂ ਉਚਾਣਾਂ ਨਿਵਾਣਾਂ ਨੂੰ ਲਤਾੜਿਆ ਹੈ, ਕੱਚੀਆਂ ਪਗ ਡੰਡੀਆਂ ਵੀ ਗਾਹੀਆਂ ਹਨ, ਬੱਸਾਂ ਦੇ ਧੱਕੇ ਵੀ ਖਾਧੇ ਹਨ, ਲੁਟੇਰਿਆਂ ਦਾ ਸਾਹਮਣਾ ਵੀ ਕੀਤਾ ਹੈ ਅਤੇ ਟਰੇਨਾਂ ਦੇ ਸਫ਼ਰ ਦਾ ਆਨੰਦ ਵੀ ਮਾਣਿਆ ਹੈ। ਉਸ ਨੇ ਸਮੁੰਦਰੀ ਪੈਂਡੇ ਵੀ ਮਾਣੇ ਹਨ ਅਤੇ 'ਅਧੀ ਟਿਕਟ' ਤੇ ਹਵਾਈ ਉਡਾਣਾਂ ਅਜੇ ਵੀ ਜਾਰੀ ਹਨ। ਜਿਸ ਦੇਸ਼ ਵਿਚ ਵੀ ਗਿਆ ਹੈ, ਓਥੋਂ ਦੀ ਸਭਿਅਤਾ, ਸੰਸਕ੍ਰਿਤੀ ਨੂੰ ਵੇਖਿਆ ਤੇ ਸਮਝਿਆ ਹੈ। ਉਸ ਗ੍ਰਹਿਣ ਕੀਤੇ ਅਨੁਭਵ ਨੂੰ ਉਹ ਆਪਣੇ ਧਾਰਮਿਕ ਵਿਖਿਆਨਾਂ ਅਤੇ ਲੇਖਾਂ ਵਿਚ ਦਲੀਲ ਦੀ ਪੁਖ਼ਤਗੀ ਲਈ ਵਰਤਦਾ ਹੈ। ਨਿਸਚੇ ਹੀ ਉਸ ਦੇ ਸਰੋਤੇ ਅਤੇ ਪਾਠਕ ਮੁਗਧ ਹੋ ਕੇ ਉਸ ਨੂੰ ਵਾਚਦੇ ਤੇ ਸੁਣਦੇ ਹਨ ਅਤੇ ਮੁਖ ਭਾਵ ਲੈਣ ਵਿਚ ਸਫ਼ਲ ਰਹਿੰਦੇ ਹਨ। ਕਮਾਲ ਦੀ ਗੱਲ ਇਹ ਹੈ ਕਿ ਵਿਸ਼ਾ ਚਾਹੇ ਕੋਈ ਵੀ ਹੋਵੇ, ਉਸ ਦਾ ਮੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਹੋਰ ਗੁਰਮਤਿ ਸਾਹਿਤ ਹੁੰਦਾ ਹੈ ਅਤੇ ਮੰਤਵ ਕੇਵਲ ਤੇ ਕੇਵਲ ਰੂਬਰੂ ਸਰੋਤੇ ਜਾਂ ਪਾਠਕ ਨੂੰ ਸੌਖੀ ਸ਼ਬਦਾਲੀ ਰਾਹੀਂ ਸੁਚੇਤ ਸੇਧ ਦੇਣਾ ਹੁੰਦਾ ਹੈ।

ਇਸ ਨਿਵੇਕਲੇ ਵਕਤਾ ਜਾਂ ਲੇਖਕ ਦਾ ਜੀਵਨ ਤਜਰਬਾ ਉਸ ਦੀ ਗ਼ੈਰ ਰਸਮੀ ਵਿੱਦਿਆ ਹੈ ਜਿਸ ਦੀਆਂ ਕਈ ਗ਼ੈਰ ਮਾਮੂਲੀ ਪੱਧਰਾਂ ਅਤੇ ਪਰਤਾਂ ਨਾ.ਲ, ਮੇਰੇ ਵਰਗਾ ਸਾਧਾਰਨ ਅਤੇ ਕੇਵਲ ਅੰਮ੍ਰਿਤਸਰ ਸ਼ਹਿਰ ਦੀ ਚਾਰ ਦੀਵਾਰੀ ਦੇ ਅੰਦਰ ਪਲ਼ਿਆ/ਪੜ੍ਹਿਆ ਵਿਅਕਤੀ, ਕਿਸੇ ਤਰ੍ਹਾਂ ਵੀ ਇਨਸਾਫ਼ ਨਹੀ ਕਰ ਸਕਦਾ।

ਸੰਤੋਖ ਸਿੰਘ ਦਾ ਮਨ ਹਮੇਸ਼ਾਂ ਅਤੇ ਹਰ ਘੜੀ ਕੁਝ ਨਾ ਕੁਝ ਸਿੱਖਣ ਲਈ ਤਤਪਰ ਰਹਿੰਦਾ ਹੈ। ਅੰਗ੍ਰੇਜ਼ੀ ਭਾਸ਼ਾ ਅਤੇ ਸਾਹਿਤ ਦਾ ਜੋ ਪ੍ਰਭਾਵ ਉਸ ਨੇ ਲੇਟ

ਆਰੰਭਤਾ ਦੇ ਬਾਵਜੂਦ ਗ੍ਰਹਿਣ ਕੀਤਾ ਹੈ, ਉਹ ਹੈਰਾਨਕੁਨ ਅਤੇ ਬੇ ਮਿਸਾਲ ਹੈ।

ਉਸ ਦੀਆਂ ਪੁਸਤਕਾਂ ਅੰਦਰ ਆਏ ਬਹੁਤ ਸਾਰੇ ਲੇਖ, ਉਸ ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾ ਕਾਲ਼ ਨਾਲ਼ ਜੁੜੀਆਂ ਘਟਨਾਵਾਂ ਦਾ ਏਨਾ ਦਿਲਚਸਪ ਵੇਰਵਾ ਹਨ ਕਿ ਉਸ ਦੀ 'ਯਾਦਾਂ ਭਰੀ ਚੰਗੇਰ' ਨੱਕੋ ਨੱਕ ਭਰ ਗਈ ਜਾਪਦੀ ਹੈ ਅਤੇ ਕਈ ਯਾਦਾਂ ਚੰਗੇਰ 'ਚੋਂ ਬਾਹਰ ਵੀ ਰਹਿ ਗਈਆਂ ਹੋਣਗੀਆਂ। ਤਕਰੀਬਨ ਸਾਢੇ ਚਾਰ ਸੌ ਪੰਨਿਆਂ ਦੀ ਪੇਪਰ ਬੈਕ ਵਿਚੋਂ, ਮਾਤਰ ਤਿੰਨ ਲੇਖ: ਮਾਰਨਾ ਗਿੱਦੜ ਦਾ, ਟੂਣਾ ਟਾਮਣ ਅਤੇ ਚੋਰੋ ਲੱਗੋ, ਮਾਲਕੋ ਜਾਗੋ ਦਾ ਹੀ ਹਵਾਲਾ ਦਿਤਾ ਜਾਵੇ ਤਾਂ ਅਸੀਂ ਵੇਖਦੇ ਹਾਂ ਕਿ ਇਹ ਲੇਖ ਭਾਵੇਂ ਦੋ ਦੋ ਤਿੰਨ ਤਿੰਨ ਪੰਨਿਆਂ ਦੇ ਹੀ ਹਨ ਪਰ ਜਿਸ ਬਾਰੀਕੀ ਨਾਲ਼ ਪੰਜਾਬ ਦੇ ਪਿੰਡਾਂ ਦੀ ਵਿਰਾਸਤ ਅਤੇ ਅਕਾਲੀ ਅਤੇ ਕਾਂਗਰਸ ਦਰਮਿਆਨ ਚੋਰ-ਸਿਪਾਹੀ ਵਾਲ਼ੀ ਸਿਆਸੀ ਖੇਡ ਜੋ ਚੱਲਦੀ ਰਹੀ ਹੈ ਅਤੇ ਅਜੇ ਵੀ ਚੱਲ ਰਹੀ ਹੈ, ਉਸ ਦਾ ਚਿਤਰਨ ਵੇਖਣ ਨੂੰ ਮਿਲ਼ਦਾ ਹੈ। ਇਉਂ ਲੱਗਦਾ ਹੈ ਕਿ ਜਿਵੇਂ ਇਹ ਕਿਸੇ ਵੀਡੀਓ ਕੈਮਰੇ ਦੀ ਫ਼ੁਟੇਜ ਹੁੰਦੀ ਹੈ। ਗਿਆਨੀ ਸੰਤੋਖ ਸਿੰਘ ਦੀ ਯਾਦਦਾਸ਼ਤ ਤੇ ਤਰਜ਼ੇ ਬਿਆਨ ਮੱਲੋ ਮੱਲੀ ਵਾਹ ਵਾਹ ਅਤੇ ਅੱਸ਼ ਅੱਸ਼ ਦੀ ਮੰਗ ਕਰਦੇ ਹਨ; ਖਾਸ ਕਰਕੇ ਪਰਤਾਪ ਸਿੰਘ ਕੈਰੋਂ ਦੀਆਂ ਨਹਿਰੂ ਨਿਵਾਜ਼ ਸਿਆਸੀ ਚਾਲਾਂ ਵਾਲ਼ਾ 'ਚੋਰੋ ਲੱਗੋ, ਮਾਲਕੋ ਜਾਗੋ' ਵਾਲ਼ਾ ਲੇਖ।

ਬੜੀ ਦਲੇਰ ਦਿਲੀ ਨਾਲ਼ ਮੁਫ਼ਤ ਵੰਡੀ ਗਈ ਵੱਡ-ਆਕਾਰੀ ਪੁਸਤਕ 'ਬਾਤਾਂ ਬੀਤੇ ਦੀਆਂ' ਸੰਤੋਖ ਸਿੰਘ ਦੇ ਪੱਕ ਚੁੱਕੇ ਰੁਝਾਨ ਦੀ ਤਾਜ਼ਾ ਤੇ ਪੁਖ਼ਤਾ ਮਿਸਾਲ ਹੈ ਅਤੇ ਲੇਖਕ ਦੀ ਇਕ ਤਰ੍ਹਾਂ ਆਤਮ ਕਥਾ ਵੀ ਹੈ। ਆਪਣਾ ਵਿਸ਼ਾ ਖੇਤਰ ਅਤੇ ਤਰਜ਼ੇ ਬਿਆਨ ਬਰਕਰਾਰ ਰੱਖਦਿਆਂ, ਇਸ ਹੱਥਲੀ ਪੁਸਤਕ ਦਾ ਨਾਂ ਵੀ ਕੋਈ ਹੋਰ ਨਹੀਂ ਸੀ ਹੋ ਸਕਦਾ ਕਿਉਂਕਿ ਵਾਧਾ 'ਬਾਤਾਂ' ਦਾ ਹੀ ਹੈ। ਏਸੇ ਲਈ 'ਕੁਝ ਹੋਰ ਬਾਤਾਂ: ਗਿਆਨੀ ਸੰਤੋਖ ਸਿੰਘ ਦੀਆਂ'।

ਭਾਵੇਂ ਅਜੇ ਪੰਜਾਬੀ ਵਿਚ 'ਬੋਲਦੀਆਂ ਪੁਸਤਕਾਂ' ਨਹੀ ਮਿਲ਼ਦੀਆਂ ਪਰ ਜਦੋਂ ਵੀ ਇਹ ਕਦਮ ਚੁੱਕਿਆ ਗਿਆ, ਇਹੋ ਜਿਹੀਆਂ ਪੁਸਤਕਾਂ ਦੀ ਸਮੱਗਰੀ, ਇਸ ਨਵੀਂ ਵਿਧਾ ਲਈ ਢੁਕਵੀਂ ਹੋਵੇਗੀ ਕਿਉਂਕਿ ਇਸ ਵਿਚ ਰਵਾਨਗੀ ਹੈ, ਸੌਖ ਹੈ, ਅਤੇ ਦਿਲਚਸਪੀ ਵਾਲਾ ਰੰਗ ਵੀ ਹੈ। ਸਿਧੀਆਂ ਸੜਕਾਂ 'ਤੇ ਲੰਮੇ ਪੈਂਡੇ 'ਤੇ ਪਏ ਹੋਏ ਚਾਲਕ, ਬੇਫਿਕਰੀ ਵਿਚ ਇਹੋ ਜਿਹੀਆਂ ਬੋਲਦੀਆਂ ਪੁਸਤਕਾਂ ਨੂੰ ਬਾਖ਼ੂਬੀ ਮਾਣਦੇ ਹਨ।

'ਕੁਝ ਹੋਰ ਬਾਤਾਂ .....' ਦਾ ਪਾਤਰ, ਗਿਆਨੀ ਸੰਤੋਖ ਸਿੰਘ, ਬਿਰਧ ਵੀ ਹੈ ਅਤੇ ਜਵਾਨ ਵੀ। ਦੇਹਾਤੀ ਤਾਂ ਹੈ ਹੀ ਪਰ ਸ਼ਹਿਰੀ ਜੀਵਨ ਤੋਂ ਅਭਿਜ ਵੀ ਨਹੀਂ ਹੈ। ਪੁਰਾਤਨਤਾ ਉਸ ਦਾ ਸਰੋਤ ਹੈ ਪ੍ਰੰਤੂ ਆਧੁਨਿਕਤਾ ਤੋਂ ਵੀ ਉਹ ਅਣਜਾਣ ਨਹੀਂ; ਤਾਂ ਹੀ ਤਾਂ ਉਸ ਦੀਆਂ ਲਿਖਤਾਂ ਵਿਚ ਏਨੀ ਵਿਲੱਖਣਤਾ ਹੈ। ਇਸ ਲਈ

ਇਸ ਗਤੀਸ਼ੀਲ ਹਸਤੀ ਦੀ ਲਿਖਤ ਵੀ ਗਤੀਸ਼ੀਲ, ਯਾਨੀ ਜੀਂਦੀ ਜਾਗਦੀ, ਅੱਗੇ ਵਧਦੀ ਅਤੇ ਪਾਠਕ ਨੂੰ ਵੀ ਆਪਣੇ ਨਾਲ਼ ਅੱਗੇ ਤੋਰਦੀ ਹੈ। ਸੰਤੋਖ ਸਿੰਘ ਦੀਆਂ 'ਬਾਤਾਂ' ਕਦੇ ਮੁੱਕ ਨਹੀਂ ਸਕਦੀਆਂ ਕਿਉਂਕਿ ਉਹ ਖ਼ੁਦ ਕਿਸੇ ਇਕ ਟਿਕਾਣੇ ਦਾ ਪੰਛੀ ਨਹੀਂ। ਉਹ ਹਮੇਸ਼ਾਂ ਯਾਤਰਾ ਵਿਚ ਹੀ ਨਜ਼ਰ ਆਉਂਦਾ ਹੈ। ਨਵੇਂ ਨਵੇਂ ਅਨੁਭਵ, ਨਵੀਆਂ ਨਵੀਆਂ ਸ਼ਖ਼ਸੀਅਤਾਂ ਨਾਲ਼ ਦਸਤ ਪੰਜਾ ਹੁੰਦਾ ਰਹਿੰਦਾ ਹੈ। ਅਜੇ ਹੁਣੇ ਹੀ ਪਟਨਾ ਸਾਹਿਬ ਵਿਖੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਪੰਜਾਹਵੇਂ ਪ੍ਰਕਾਸ਼ ਉਤਸ਼ਵ ਉਤੇ, ਬਿਹਾਰ ਸਰਕਾਰ ਨੇ ਉਚੇਚਾ ਸੱਦਾ ਭੇਜ ਕੇ, ਸਰਕਾਰੀ ਖ਼ਰਚ ਉਤੇ ਉਸ ਨੂੰ ਆਸਟ੍ਰੇਲੀਆ ਤੋਂ ਬੁਲਾਇਆ ਹੈ ਅਤੇ ਉਸ ਸਮਾਗਮ 'ਤੇ ਉਸ ਦਾ ਲੈਕਚਰ ਵੀ ਰੇਡੀਉ/ ਟੀ.ਵੀ. ਉਪਰ ਸੁਣਿਆ ਗਿਆ ਹੈ।

ਮੁਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਜੀ ਨੇ ਉਹਨਾਂ ਦਾ ਉਚੇਚਾ ਸਨਮਾਨ ਕਰਕੇ ਮਾਣ ਖੱਟਿਆ ਹੈ।

ਇਹ ਅਨੋਖੀ, ਪਿਆਰੀ, ਹਰਮਨ ਪਿਆਰੀ ਸ਼ਖ਼ਸੀਅਤ ਹੋਰ ਵੀ ਲਿਖੇ, ਹੋਰ ਵੀ ਫਿਰੇ ਤੁਰੇ, ਹੋਰ ਵੀ ਛਪੇ ਅਤੇ ਹੋਰ ਵੀ ਪੜ੍ਹੀ/ਸੁਣੀ ਜਾਵੇ, ਇਹੀ ਸਾਡੀ ਸਾਰਿਆਂ ਦੀ ਮਨੋਕਾਮਨਾ ਹੈ।

ਪ੍ਰੋ. ਮੋਹਣ ਸਿੰਘ
ਸਰਪ੍ਰਸਤ ਅੰਮ੍ਰਿਤਸਰ ਵਿਕਾਸ ਮੰਚ
੪.੧੦.੨੦੧੯

# ਬਹੁਪੱਖੀ ਸ਼ਖ਼ਸੀਅਤ

ਕਰਨ ਬਰਾੜ
ਐਡੀਲੇਡ

ਆਸਟ੍ਰੇਲੀਆ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਦੀ ਬਹੁਪੱਖੀ ਸ਼ਖ਼ਸੀਅਤ ਦਾ ਨਾਮ ਹੈ ਗਿਆਨੀ ਸੰਤੋਖ ਸਿੰਘ ਜੋ ਕੀਰਤਨੀਏ, ਸਫਲ ਪ੍ਰਚਾਰਕ ਅਤੇ ਲੇਖਕ ਵਜੋਂ ਆਪਣੀ ਜੁੰਮੇਵਾਰੀ ਬਾਖ਼ੂਬੀ ਨਿਭਾ ਰਹੇ ਹਨ।

ਗਿਆਨੀ ਸੰਤੋਖ ਸਿੰਘ ਜੀ ਦਾ ਜਨਮ ੧੧ ਜੁਲਾਈ ੧੯੪੩ ਈਸਵੀ ਨੂੰ ਉਹਨਾਂ ਦੇ ਨਾਨਕੇ ਪਿੰਡ ਉਦੋਕੇ ਵਿੱਚ ਹੋਇਆ। ਗਿਆਨੀ ਜੀ ਦੇ ਪਿਤਾ ਭਾਈ ਗਿਆਨ ਸਿੰਘ ਅਤੇ ਮਾਤਾ ਜਸਵੰਤ ਕੌਰ ਸਿੱਖ ਧਰਮ ਵਿੱਚ ਸ਼ਰਧਾ ਰੱਖਣ ਵਾਲੇ ਅਤੇ ਗੁਰਬਾਣੀ ਦੇ ਗਿਆਤਾ ਸਨ। ਇਸ ਲਈ ਗਿਆਨੀ ਜੀ ਉਤੇ ਉਹਨਾਂ ਦਾ ਪ੍ਰਭਾਵ ਪੈਣਾ ਲਾਜਮੀ ਸੀ। ਗਿਆਨੀ ਸੰਤੋਖ ਸਿੰਘ ਬਚਪਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਦੇ ਅਤੇ ਉਸ ਦੀ ਵਿਆਖਿਆ ਕਰਦੇ। ਇਸ ਤਰ੍ਹਾਂ ਉਹਨਾਂ ਦਾ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਦਿਆਂ ਮੁੱਢਲੀ ਸਿੱਖਿਆ ਦਾ ਮੁੱਢ ਬੱਝਿਆ। ਗਿਆਨੀ ਜੀ ੧੯੫੮ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਚਲਾਏ ਜਾਂਦੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿੱਚ ਦਾਖ਼ਲ ਹੋਏ ਜਿੱਥੇ ਉਹਨਾਂ ਪ੍ਰੋਫੈਸਰ ਰਾਜਿੰਦਰ ਸਿੰਘ ਜੀ ਪਾਸੋਂ ਗੁਰਮਤਿ ਸੰਗੀਤ ਅਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਦੀ ਸਰਪ੍ਰਸਤੀ ਹੇਠ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਸਿੱਖਿਆ ਹਾਸਲ ਕੀਤੀ। ੧੯੬੬ ਵਿੱਚ ਉਹਨਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਗਿਆਨੀ ਪਾਸ ਕੀਤੀ ਤਾਂ ਉਹਨਾਂ ਦੇ ਨਾਮ ਨਾਲ ਗਿਆਨੀ ਸ਼ਬਦ ਪੱਕਾ ਹੀ ਜੁੜ ਗਿਆ। ਆਪਣੇ ਸੇਵਾ ਕਾਲ ਦੇ ਸਮੇ ਵਿੱਚ ਗਿਆਨੀ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਇੱਕ ਰਾਗੀ, ਪ੍ਰਚਾਰਕ, ਕਥਾਵਾਚਕ, ਕਲਰਕ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਦੇ ਪੀ. ਏ. ਦੀਆਂ ਸੇਵਾਵਾਂ ਵੀ ਨਿਭਾਉਂਦੇ ਰਹੇ। ਭਾਵੇਂ ਕਿ ਗਿਆਨੀ ਸੰਤੋਖ ਸਿੰਘ ਨੇ ਆਪਣੀ ਜਿੰਦਗੀ ਦਾ ਲੰਮਾ ਸਮਾ ਸਿੱਖੀ ਪ੍ਰਚਾਰ ਲਈ ਲੈਕਚਰ ਕਰਦਿਆਂ ਗੁਜ਼ਾਰਿਆ ਹੈ ਪਰ ਨਾਲ ਦੀ ਨਾਲ ਆਪਣੇ ਜੀਵਨ ਦੇ ਖੱਟੇ ਮਿੱਠੇ ਅਨੁਭਵਾਂ ਨੂੰ ਆਪਣੀਆਂ ਲਿਖਤਾਂ ਰਾਹੀਂ ਵੀ ਪੇਸ਼ ਕੀਤਾ ਤਾਂ ਆਪ ਜੀ ਇੱਕ ਲੇਖਕ ਵਜੋਂ ਵੀ ਬੇਹੱਦ ਮਕਬੂਲ ਹੋਏ। ਉਹਨਾਂ ਨੇ ਆਪਣੇ ਤਜਰਬਿਆਂ ਤੇ ਆਧਾਰਤ ਸੈਂਕੜੇ ਲੇਖ ਅਤੇ ੯ ਕਿਤਾਬਾਂ ਲਿਖੀਆਂ ਅਤੇ ਇਹ ਲਿਖਣ ਦਾ ਸਿਲਸਿਲਾ

ਲਗਾਤਾਰ ਜਾਰੀ ਹੈ। ਗਿਆਨੀ ਸੰਤੋਖ ਸਿੰਘ ਦੇ ਮੇਲ-ਮਿਲਾਪ ਦਾ ਘੇਰਾ ਬਹੁਤ ਵਿਸ਼ਾਲ ਹੈ ਜਿਸ ਵਿੱਚ ਬੱਚੇ, ਨੌਜਵਾਨ, ਬਜ਼ੁਰਗ, ਬੁਧੀਜੀਵੀ, ਕਿਰਤੀ ਆਦਿ ਸਭ ਸ਼ਾਮਲ ਹਨ। ਗਿਆਨੀ ਜੀ ਬਹੁਤ ਹੀ ਸਾਦਾ ਅਤੇ ਸਰਲ ਜੀਵਨ ਬਤੀਤ ਕਰ ਰਹੇ ਹਨ। ਜਿਸ ਦੀ ਝਲਕ ਉਹਨਾਂ ਦੀਆਂ ਰਚਨਾਵਾਂ ਵਿਚੋਂ ਆਮ ਹੀ ਦੇਖਣ ਨੂੰ ਮਿਲ ਜਾਂਦੀ ਹੈ।

ਲਗਭਗ ਸਾਰੀ ਦੁਨੀਆਂ ਘੁੰਮ ਚੁੱਕੇ ਗਿਆਨੀ ਸੰਤੋਖ ਸਿੰਘ ਜੀ ਅੱਜ ਕਲ੍ਹ ਆਸਟ੍ਰੇਲੀਆ ਦੇ ਪੱਕੇ ਵਸਨੀਕ ਬਣ ਕੇ ਏਥੋਂ ਦੀਆਂ ਭਾਈਚਾਰਕ, ਧਾਰਮਿਕ ਅਤੇ ਸਾਹਿਤਕ ਸੰਸਥਾਵਾਂ ਵਿਚ, ਸਿੱਖੀ ਪ੍ਰਚਾਰ ਕਰਦੇ ਹੋਏ, ਆਪਣੀ ਜੁੰਮੇਵਾਰੀ ਬਾਖ਼ੂਬੀ ਨਿਭਾ ਰਹੇ ਹਨ। ਗਿਆਨੀ ਸੰਤੋਖ ਸਿੰਘ ਨੂੰ ਪਹਿਲੀ ਵਾਰ ਮਿਲਦਿਆਂ ਹੀ ਉਹਨਾਂ ਦੀ ਬਹੁਪੱਖੀ ਸ਼ਖ਼ਸੀਅਤ ਦੇ ਦਰਸ਼ਨ ਹੋ ਜਾਂਦੇ ਹਨ। ਉਹ ਆਪਣੇ ਗਿਆਨ ਭੰਡਾਰ ਵਿੱਚੋਂ ਜਦੋਂ ਚੁਣ ਚੁਣ ਕੇ ਗੱਲਾਂ ਸੁਣਾਉਂਦੇ ਹਨ ਤਾਂ ਹਰ ਕੋਈ ਹੈਰਾਨ ਰਹਿ ਜਾਦਾ ਹੈ। ਜਦੋਂ ਇਕ ਸਾਧਾਰਨ ਜਿਹਾ ਦੀਹਦਾ ਇਨਸਾਨ ਤੁਹਾਨੂੰ ਸ਼ੈਕਸਪੀਅਰ ਦੇ ਨਾਟਕ ਦਾ ਹਵਾਲਾ ਦੇ ਕੇ ਗੁਰਬਾਣੀ ਦੀ ਵਿਆਖਿਆ ਕਰੇਗਾ, ਕਦੇ ਆਪਣੇ ਝੋਲੇ ਵਿੱਚੋਂ ਸਾਹਿਤ ਦੀਆਂ ਅਨਮੋਲ ਕਿਤਾਬਾਂ ਪੜ੍ਹਨ ਨੂੰ ਦੇਵੇਗਾ, ਸਿੱਖ ਧਰਮ ਵਿੱਚ ਆਈਆਂ ਊਣਤਾਈਆਂ ਬਾਰੇ ਜਾਣਕਾਰੀ ਦੇ ਕੇ ਤੁਹਾਨੂੰ ਗੰਭੀਰ ਵੀ ਕਰੇਗਾ, ਵਿੱਚੋਂ ਕੋਈ ਚੁਟਕਲਾ ਸੁਣਾ ਕੇ ਲੋਟ ਪੋਟ ਵੀ ਕਰੇਗਾ ਤਾਂ ਸਾਹਮਣੇ ਵਾਲਾ ਸੋਚਦਾ ਹੈ ਕਿ ਮੈਂ ਇਸ ਇਨਸਾਨ ਨੂੰ ਪਹਿਲਾਂ ਕਿਉਂ ਨਹੀ ਮਿਲਿਆ! ਆਸਟ੍ਰੇਲੀਆ ਵਿੱਚ ਗਿਆਨੀ ਸੰਤੋਖ ਸਿੰਘ ਨੂੰ 'ਝੋਲਾ ਚੁੱਕ ਪ੍ਰਚਾਰਕ' ਵੀ ਕਿਹਾ ਜਾਂਦਾ ਹੈ। (ਸ਼ੁਕਰ ਹੈ ਕਿ ਝੋਲ਼ੀ ਚੁੱਕ ਨਹੀਂ ਕਿਹਾ ਜਾਂਦਾ) ਉਹਨਾਂ ਬਾਰੇ ਮਸ਼ਹੂਰ ਹੈ ਕਿ ਉਹ ਕਦੇ ਵੀ ਇਕ ਜਗ੍ਹਾ ਟਿਕ ਕੇ ਨਹੀਂ ਬੈਠਦੇ। ਉਹ ਆਪਣੇ ਮਸ਼ਹੂਰ ਝੋਲੇ ਨੂੰ ਕਿਤਾਬਾਂ ਨਾਲ ਨੱਕੋ ਨੱਕ ਭਰ ਕੇ ਸਵੇਰੇ ਮੈਲਬਰਨ, ਦੁਪਹਿਰੇ ਐਡੀਲੇਡ ਅਤੇ ਸ਼ਾਮ ਨੂੰ ਹੋ ਸਕਦਾ ਹੈ ਕਿ ਸਿਡਨੀ ਦੇ ਗੁਰਦੁਆਰੇ ਦੀ ਜੁੰਮੇਵਾਰੀ ਨਿਭਾ ਰਹੇ ਹੋਣ।

ਇਸ ਤੋਂ ਇਲਾਵਾ ਗਿਆਨੀ ਜੀ ਆਸਟ੍ਰੇਲੀਆ ਦੇ ਦੂਰ ਦੁਰਾਡੇ, ਛੋਟੇ ਛੋਟੇ ਕਸਬਿਆਂ ਵਿਚ ਜਾ ਕੇ ਵੀ ਸੰਪਰਕ ਕਰਦੇ ਰਹਿੰਦੇ ਹਨ ਜਿਥੇ ਉਹਨਾਂ ਨੂੰ ਪਤਾ ਲੱਗੇ ਕਿ ਕੋਈ ਪੰਜਾਬੀ ਵੱਸਦਾ ਹੈ।

ਰੱਬ ਕਰੇ ਇਹ ਬਹੁਪੱਖੀ ਸ਼ਖ਼ਸੀਅਤ ਏਸੇ ਤਰ੍ਹਾਂ ਸਿੱਖ ਧਰਮ ਦਾ ਪ੍ਰਚਾਰ ਕਰਦੀ ਅਤੇ ਮਨੁਖਤਾ ਨੂੰ ਪ੍ਰੇਮ ਦਾ ਸੰਦੇਸ਼ਾ ਦਿੰਦੀ ਹੋਈ ਦੇਸ਼ ਵਿਦੇਸ਼ ਦੀਆਂ ਧਰਤੀਆਂ ਤੇ ਘੁੰਮਦੀ ਰਹੇ!

# ਗੁੱਦੜ ਵਿਚ ਛੁਪਿਆ ਲਾਲ

ਕੈਪਟਨ ਗੁਰਮੇਲ ਸਿੰਘ
ਬਿੰਦਰਖ, ਰੋਪੜ

ਇਸ ਸੰਸਾਰ ਵਿਚ ਜੇਹੜੇ ਵੀ ਮਹਾਨ ਵਿਅਕਤੀ ਪੈਦਾ ਹੋਏ ਹਨ, ਉਹ ਕੇਵਲ ਬਾਦਸ਼ਾਹਾਂ ਦੇ ਮਹਿਲਾਂ ਜਾਂ ਅਮੀਰ ਘਰਾਂ ਵਿਚ ਹੀ ਪੈਦਾ ਨਹੀਂ ਹੋਏ, ਸਗੋਂ ਅਤਿ ਸਾਧਾਰਨ ਪਰਵਾਰਾਂ ਵਿਚ ਪੈਦਾ ਹੋ ਕੇ, ਆਪਣੀਆਂ ਪ੍ਰਾਪਤੀਆਂ ਕਰਕੇ, ਸੰਸਾਰ ਤੇ ਅਮਿਟ ਛਾਪਾਂ ਛੱਡ ਜਾਂਦੇ ਹਨ। ਪ੍ਰੋ. ਸਾਹਿਬ ਸਿੰਘ, ਭਗਤ ਪੂਰਨ ਸਿੰਘ, ਸ. ਸ. ਅਮੋਲ, ਸ. ਸ਼ਮਸ਼ੇਰ ਸਿੰਘ ਅਸ਼ੋਕ, ਸ. ਨਾਨਕ ਸਿੰਘ ਨਾਵਲਿਸਟ ਆਦਿ ਵਿਦਵਾਨ ਤੇ ਸਾਹਿਤਕਾਰ ਕੋਈ ਅਮੀਰ ਘਰਾਂ ਵਿਚ ਨਹੀਂ ਸਨ ਪੈਦਾ ਹੋਏ ਸਗੋਂ ਸਾਧਾਰਨ ਪਰਵਾਰਾਂ ਵਿਚ ਜਨਮ ਲੈ ਕੇ, ਆਪਣੇ ਚੰਗੇ ਕਰਮਾਂ ਨਾਲ਼ ਸੰਸਾਰ ਵਿਚ ਪ੍ਰਸਿਧੀ ਪ੍ਰਾਪਤ ਕਰ ਗਏ। ਆਪਣੀਆਂ ਯਾਦਾਂ ਦੀ ਛਾਪ ਮਨੁਖਤਾ ਦੇ ਹਿਰਦੇ ਤੇ ਲਾ ਗਏ। ਹੋਣਹਾਰ ਬਿਰਵਾ ਕੇ ਹੋਤ ਚਿਕਨੇ ਪਾਤ।

ਜਿਸ ਸ਼ਖ਼ਸੀਅਤ ਦਾ ਜ਼ਿਕਰ ਮੈਂ ਆਪਣੇ ਇਸ ਲੇਖ ਵਿਚ ਕਰਨ ਲੱਗਾ ਹਾਂ ਉਹ ਹਨ, ਸਿਡਨੀ ਨਿਵਾਸੀ ਗਿਆਨੀ ਸੰਤੋਖ ਸਿੰਘ। ਮੈਨੂੰ ਸੁਪਨੇ ਮਾਤਰ ਵਿਚ ਵੀ ਖਿਆਲ ਨਹੀਂ ਸੀ ਕਿ ਮੈਂ ਆਪਣੀ ਪਹਿਲੀ ਆਸਟ੍ਰੇਲੀਆ ਯਾਤਰਾ ਵਿਚ ਇਕ ਐਸੇ ਮਹਾਨ ਵਿਅਕਤੀ ਦੀ ਛੋਹ ਪ੍ਰਾਪਤ ਕਰਾਂਗਾ ਜੋ ਲੰਮੀਆਂ ਵਾਟਾਂ ਦਾ ਪਾਂਧੀ ਬਣ ਕੇ ਸੰਸਾਰ ਵਿਚ ਵਿਚਰ ਰਿਹਾ ਹੈ। ਗੁਰਬਾਣੀ ਵਿਚ ਗੁਰੂ ਸਾਹਿਬਾਂ ਦਾ ਸ਼ਬਦ, "ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖ ਰਸਿਕ ਬੈਰਾਗੀ॥" ਜਦੋਂ ਕੋਈ ਪੂਰਬ ਦਾ ਚੰਗਾ ਕਰਮ ਪਰਗਟ ਹੋਣਾ ਹੋਵੇ ਤਾਂ ਕਿਸੇ ਪਵਿਤਰ ਆਤਮਾ, ਸੂਝਵਾਨ ਪੁਰਸ਼ ਦੀ ਸੰਗਤ ਪ੍ਰਾਪਤ ਹੋ ਜਾਂਦੀ ਹੈ।

ਪਾਵਨ ਪਵਿਤਰ ਧਰਤੀ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਨਿੱਕੇ ਜਿਹੇ ਪਿੰਡ ਸੂਰੋ ਪੱਡਾ ਵਿਚ, ਭਾਈ ਗਿਅਨ ਸਿੰਘ ਤੇ ਮਾਤਾ ਜਸਵੰਤ ਕੌਰ ਦੇ ਗ੍ਰਿਹ ਵਿਖੇ ੧੯੪੩ ਵਿਚ ਪੈਦਾ ਹੋਏ। ਪਿੰਡ ਵਿਚ ਖੇਤੀ ਦਾ ਕਾਰਜ ਕਰਦਿਆਂ ਹੋਇਆਂ ਹੀ, ਪਿਤਾ ਭਾਈ ਗਿਆਨ ਸਿੰਘ ਜੀ ਨੇ, ਗੁਰਬਾਣੀ ਦੀ ਸਿੱਖਿਆ ਦੇ ਦਿਤੀ। ਫਿਰ ਪਿਤਾ ਜੀ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆ ਕੇ ਵੱਖ ਵੱਖ ਗੁਰੂਧਾਮਾਂ ਵਿਖੇ ਗ੍ਰੰਥੀ ਸਿੰਘ ਦੀ ਸੇਵਾ ਦੌਰਾਨ, ਗੁਰਮਤਿ ਅਤੇ ਸਿੱਖ ਇਤਿਹਾਸ ਦੀ ਅਗਲੇਰੀ ਵਿੱਦਿਆ ਪ੍ਰਾਪਤ

ਕਰਨ, ਉਪ੍ਰੰਤ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਵਿਚੋਂ ਗੁਰਮਤਿ ਸੰਗੀਤ ਦਾ ਡਿਪਲੋਮਾ ਪ੍ਰਾਪਤ ਕਰਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਅਧੀਨ ਸੇਵਾ ਵਿਚ ਲੱਗ ਗਏ। ਇਸ ਦੌਰਾਨ ਹੀ ਗਿਆਨੀ ਜੀ ਸਿੱਖ ਸਿਆਸਤਦਾਨਾਂ, ਸਾਹਿਤਕਾਰਾਂ ਸਮਾਜ ਸੇਵਕਾਂ ਆਦਿ ਦੇ ਸੰਪਰਕ ਵਿਚ ਆਏ। ਕੁਝ ਦੇ ਨਾਲ਼ ਕੰਮ ਕੀਤਾ ਤੇ ਬਹੁਤਿਆਂ ਦੀਆਂ ਰਚਨਾਵਾਂ ਪੜ੍ਹ ਕੇ, ਉਹਨਾਂ ਦੇ ਗਿਆਨ ਤੇ ਵਿਚਾਰਾਂ ਦੀ ਵਿਸ਼ਾਲਤਾ ਤੋਂ ਲਾਭ ਉਠਾ ਕੇ ਆਪਣੀ ਸੋਚ ਦਾ ਦਾਇਰਾ ਵੀ ਮੋਕਲ਼ਾ ਕਰ ਲਿਆ।

ਜਿਉਂ ਭਿੱਜੇ ਕੰਬਲ਼ੀ ਤਿਉਂ ਤਿਉਂ ਭਾਰੀ ਹੋ।

ਗਿਆਨੀ ਜੀ ਦੀ ਰੁਚੀ ਹਮੇਸ਼ਾਂ ਹੀ ਇਤਿਹਾਸ, ਧਰਮ, ਵਿੱਦਿਆ ਤੇ ਮਨੁਖਤਾ ਦੀ ਸੇਵਾ ਵਿਚ ਹੀ ਰਹੀ। ਮੱਤ ਉਚੀ ਮਨ ਨੀਵਾਂ ਦੇ ਧਾਰਨੀ ਬਣ ਕੇ ਹੀ ਬਚਪਨ ਅਤੇ ਜਵਾਨੀ ਵਿਚ ਵਿਚਰੇ। ਅਧੀ ਸਦੀ ਤੋਂ ਖ਼ੁਦ ਕੀਰਤਨੀਏ, ਪ੍ਰਚਾਰਕ, ਲੇਖਕ, ਸਾਹਿਤਕਾਰ, ਯਾਤਰੂ ਦੇ ਰੂਪ ਵਿਚ, ਸੰਸਾਰ ਅੰਦਰ ਵਿਚਰ ਰਹੇ ਹਨ। ਗ੍ਰਿਹਸਤੀ ਜੀਵਨ ਬਿਤਾਉਣ ਦੇ ਨਾਲ਼ ਨਾਲ਼ ਲੋਕ ਸੇਵਾ ਦੀ ਰੁਚੀ ਹੋਣ ਕਰਕੇ, ਸੰਸਾਰ ਦੀਆਂ ਯਾਤਰਾਵਾਂ ਵੀ ਕੀਤੀਆਂ ਅਤੇ ਅਜੇ ਵੀ ਕਰ ਰਹੇ ਹਨ। ਚਾਰਾਂ ਦੀਪਾਂ ਦੇ ਕਈ ਦਰਜਨ ਮੁਲਕਾਂ ਦੀ ਸੈਰ ਕਰਦੇ ਹੋਏ, ਪਰਵਾਰ ਸਮੇਤ ਭਾਵੇਂ ਬਹੁਤ ਸਾਲ ਪਹਿਲਾਂ ਆਸਟ੍ਰੇਲੀਆ ਦੇ ਸ਼ਹਿਰ, ਸਿਡਨੀ ਵਿਚ ਆ ਟਿਕੇ ਸਨ ਤੇ ਏਥੋਂ ਦੇ ਵੱਖ ਵੱਖ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਵਿਚ ਮਜ਼ਦੂਰੀਆਂ, ਕਲੱਰਕੀਆਂ ਕਰਕੇ, ਪਰਵਾਰ ਨੂੰ ਆਪਣੇ ਪੈਰਾਂ ਸਿਰ ਖੜ੍ਹਾ ਕਰਕੇ, ਫਿਰ ਸੰਸਾਰ ਵਿਚ ਵੱਸ ਰਹੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਿਚ ਵਿਚਰ ਰਹੇ ਹਨ ਅਤੇ ਗੁਰੂ ਨਾਨਕ ਦੀ ਸਿੱਖਿਆ ਨੂੰ ਦ੍ਰਿੜ੍ਹ ਕਰਵਾ ਰਹੇ ਹਨ। ਗਿਆਨੀ ਜੀ ਦੀ ਪਿਛਲੀ ਉਮਰ ਨੇ ਵੀ, ਉਹਨਾਂ ਦੀਆਂ ਵੱਖ ਵੱਖ ਦੇਸਾਂ ਵਿਚ ਵਿਚਰ ਕੇ ਸਾਹਿਤਕ ਅਤੇ ਧਰਮ ਪ੍ਰਚਾਰ ਦੀਆਂ ਸਰਗਰਮੀਆਂ ਵਿਚ ਕਮੀ ਨਹੀਂ ਆਉਣ ਦਿਤੀ।

ਜੀਵਨ ਦੇ ਲੰਮੇ ਪੈਂਡੇ ਨੂੰ ਤਹਿ ਕਰਦਿਆਂ ਆਈਆਂ ਔਕੜਾਂ ਵਿਚ ਗਿਆਨੀ ਸੰਤੋਖ ਸਿੰਘ ਜੀ ਕਦੇ ਡੋਲੇ ਨਹੀਂ, ਥਿੜਕੇ ਨਹੀਂ, ਬਲਕਿ ਬੜੇ ਹੌਸਲੇ ਨਾਲ਼ ਉਹਨਾਂ ਨੂੰ ਪਾਰ ਕਰਦੇ ਰਹੇ। ਜਿਥੇ ਕਿਤੇ ਵੀ ਸੰਸਾਰ ਵਿਚ ਗਏ ਆਪਣੇ ਸਾਦਗੀ ਭਰੇ ਜੀਵਨ ਅਤੇ ਮਿੱਠ ਬੋਲੜੇ ਸੁਭਾ ਸਦਕਾ ਧਾਰਮਿਕ, ਰਾਜਨੀਤਕ, ਸਾਹਿਤਕ ਜੀਵਨ ਦੀ ਖ਼ੁਸ਼ਬੋ ਦੇ ਖੁਲ੍ਹੇ ਗੱਫੇ ਸੰਗਤਾਂ ਨੂੰ ਬੁੱਕ ਭਰ ਭਰ ਵੰਡਦੇ ਰਹੇ ਤੇ ਵੰਡ ਰਹੇ ਹਨ। ਸਿੱਖ ਧਰਮ ਦੇ ਪ੍ਰਚਾਰਕ ਹੋਣ ਦੇ ਨਾਤੇ ਦੇਸਾਂ ਵਿਦੇਸਾਂ ਵਿਚ ਆਪਣਾ ਪਿਆਰ ਭਰਿਆ ਸੰਦੇਸ਼ ਮਨੁਖਤਾ ਨੂੰ ਵੰਡ ਰਹੇ ਹਨ। ਵਾਹਿਗੁਰੂ ਆਪਣਾ ਮੇਹਰ ਭਰਿਆ ਹੱਥ ਹਮੇਸ਼ਾਂ ਹੀ ਇਹਨਾਂ ਦੇ ਸਿਰ ਤੇ ਰੱਖੇ ਤਾਂ ਕਿ ਇਹ ਆਖਰੀ ਦਮ ਤੱਕ ਮਨੁਖਤਾ ਦੀ ਸੇਵਾ, ਸ਼ਬਦ ਸਾਖੀ ਦਾ ਲੰਗਰ ਵਰਤਾ ਕੇ ਕਰਦੇ ਰਹਿਣ।

ਗਿਆਨੀ ਜੀ ਨੇ ਆਪਣੇ ਜੀਵਨ ਦੇ ਬਿਰਤਾਂਤ ਦੱਸਣ ਵਾਸਤੇ ਜਿੰਨੇ ਵੀ

ਸੰਗ੍ਰਹਿ ਵਾਰਤਕ ਵਿਚ ਲਿਖੇ ਹਨ ਉਹ ਸਾਰੇ ਵਿਚਰ ਰਹੇ ਜੀਵਨ ਨੂੰ ਦਰਸਾਉਂਦੇ ਹਨ। ਇਹਨਾਂ ਦੀ ਲੇਖਣੀ ਅਤੇ ਬੋਲਣੀ ਅਤਿ ਸਾਦੀ ਅਤੇ ਗਿਆਨ ਭਰਪੂਰ ਹੁੰਦੀ ਹੈ। 'ਪੰਜਾਬੀ ਸੱਥ, ਲਾਂਬੜਾ' ਦੇ ਲਿਖਣ ਅਨੁਸਾਰ, ਇਹਨਾਂ ਦੀ ਲਿਖਤ ਵਿਚੋਂ ਕਦੇ ਪ੍ਰਿੰਸੀਪਲ ਤੇਜਾ ਸਿੰਘ ਦੀ ਸ਼ੈਲੀ ਦਿਸਦੀ ਹੈ ਤੇ ਕਦੇ ਰੂਸੀ ਲੇਖਕ ਰਸੂਲ ਹਮਜ਼ਾਤਵ ਦਾ ਝੌਲ਼ਾ ਪੈਂਦਾ ਹੈ।

ਕਾਦਰ ਦੀ ਕੁਦਰਤ ਦਾ ਆਨੰਦ ਮਾਣਨ ਵਾਲ਼ਾ ਇਹ ਅਲਬੇਲਾ ਸਾਹਿਤਕਾਰ, ਸੰਗੀਤਕਾਰ, ਸਟੇਜੀ ਬੁਲਾਰਾ, ਕਥਾਵਾਚਕ, ਧਰਮ ਪ੍ਰਚਾਰਕ ਪਰ ਮਜ਼ਹਬੀ ਸੌੜੀਆਂ ਵਲਗਣਾਂ ਤੋਂ ਉਚੇਰਾ ਹੋ ਕੇ ਵਿਚਰਨ ਵਾਲ਼ਾ ਗਿਆਨੀ ਸੰਤੋਖ ਸਿੰਘ, ਕੁਦਰਤ ਦੇ ਆਨੰਦ ਨੂੰ ਆਪਣੀਆਂ ਲਿਖਤਾਂ ਅਤੇ ਤਕਰੀਰਾਂ ਰਾਹੀਂ, ਦੇਸਾਂ ਪਰਦੇਸਾਂ ਵਿਚ ਵਸਦੀਆਂ ਸਿੱਖ ਸੰਗਤਾਂ ਨਾਲ਼ ਸਾਂਝ ਪਾਉਣ ਲਈ ਹਮੇਸ਼ਾਂ ਤਿਆਰ ਬਰ ਤਿਆਰ ਰਹਿੰਦਾ ਹੈ। ਉਹ ਸਦਾ ਹੀ ਆਪਣੀ ਲਿਖਤੀ ਵਾਰਤਕ ਰਚਨਾ ਦੇ ਨਾਲ਼ ਨਾਲ਼ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਪੁਰਾਤਨ ਗ੍ਰੰਥਾਂ ਦੀ ਕਥਾ ਅਤੇ ਲੈਕਚਰਾਂ ਰਾਹੀਂ, ਭੁੱਲੇ ਭਟਕੇ ਲੋਕਾਂ ਨੂੰ ਸਿਧੇ ਰਸਤੇ ਪਾਉਂਦਾ ਹੈ। ਇਹਨੀਂ ਦਿਨੀਂ ਹਰ ਰੋਜ ਸਾਢੇ ਵਾਰ ਤੋਂ ਸਾਢੇ ਪੰਜ ਵਜੇ ਸ਼ਾਮ ਸਮੇ, ਗੁਰਦੁਆਰਾ ਸਾਹਿਬ ਸਿੱਖ ਸੈਂਟਰ ਪਾਰਕਲੀ, ਸਿਡਨੀ, ਵਿਖੇ, ਗਿਆਨੀ ਜੀ ਨਾਨਕ ਪ੍ਰਕਾਸ਼ ਦੀ ਕਥਾ ਕਰਦੇ ਹਨ ਜਿਸ ਵਿਚ ਗ੍ਰੰਥ ਦਾ ਪਾਠ ਕਰਨ ਦੀ ਸੇਵਾ ਇਹਨਾਂ ਸਤਰਾਂ ਦਾ ਲੇਖਕ ਨਿਭਾਉਂਦਾ ਹੈ। ਇਹ ਇੰਟਰਨੈਟ ਰਾਹੀਂ ਸਾਰੇ ਸੰਸਾਰ ਵਿਚ ਸੰਗਤਾਂ ਸੁਣ ਸਕਦੀਆਂ ਹਨ ਤੇ ਸੁਣ ਰਹੀਆਂ ਹਨ। ਉਮਰ ਭਾਵੇਂ ਸੱਤਰਾਂ ਤੋਂ ਉਪਰ ਹੋ ਗਈ ਹੈ ਪਰ ਗੁਰਬਣੀ ਕਥਨ, "ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨ" ਵਿਚ ਦਰਸਾਏ ਗਿਆਨ ਦੀ ਪਾਲਣਾ ਕਰਦੇ ਹੋਏ, "ਅਗਾਹਾਂ ਕੂੰ ਤ੍ਰਾਂਘ ਪਿਛਾ ਫੇਰ ਨ ਮੋਹਡੜਾ॥" ਦੇ ਧਾਰਨੀ ਹੋ ਕੇ, ਤਨ ਮਨ ਧਨ ਨਾਲ਼ ਮਨੁਖਤਾ ਦੀ ਸੇਵਾ ਕਰ ਰਹੇ ਹਨ।

ਇਸ ਪਿਛਲੀ ਉਮਰ ਵਿਚ ਵੀ ਹਸਮੁਖ, ਮਜ਼ਾਕੜੇ, ਮਿੱਠਬੋਲੜੇ ਸੁਭਾ ਦੇ ਮਾਲਕ ਗਿਆਨੀ ਜੀ, ਬਿਨਾ ਕਿਸੇ ਵਿਖਾਵੇ, ਆਡੰਬਰ ਆਦਿ ਦੇ, ਨਿਮਰਤਾ ਭਰਪੂਰ ਸਾਦਗੀ ਭਰਿਆ ਪਰਵਾਰਕ ਜੀਵਨ ਜੀ ਰਹੇ ਹਨ।

ਗਿਆਨੀ ਸੰਤੋਖ ਸਿੰਘ ਦੀਆਂ ਰਚਨਾਵਾਂ ਪੜ੍ਹ ਕੇ ਅਤੇ ਇਹਨਾਂ ਦੇ ਵਿਚਾਰ ਸੁਣ ਕੇ ਮੇਰੇ ਆਪਣੇ ਮਨ ਦੇ ਕਈ ਭਰਮ ਭੁਲੇਖੇ ਦੂਰ ਹੋਏ ਹਨ। ਬਚਪਨ ਤੋਂ ਸਿੱਖ ਧਾਰਮਿਕ ਸੰਸਾਰ ਵਿਚ ਹੀ ਵਿਚਰਨ ਦੇ ਬਾਵਜੂਦ ਗਿਆਨੀ ਜੀ, ਮਜ਼ਹਬੀ ਕੱਟੜਤਾ, ਸੌੜੀਆਂ ਸੰਪਰਦਾਈ ਸੋਚਾਂ, ਧੜੇਬੰਦੀਆਂ ਦੀਆਂ ਵਲਗਣਾਂ ਦੇ ਘੇਰੇ ਤੋਂ ਉਚੇਰੀ ਸੋਚ ਰੱਖਦੇ ਹਨ। ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਜੋ ਇਹਨਾਂ ਨੇ ਸਿੱਖਿਆ ਪ੍ਰਾਪਤ ਕੀਤੀ ਹੈ ਉਹ ਏਹੀ ਦੱਸਦੀ ਹੈ ਕਿ ਸਾਰੇ ਜੀਵ ਇਕੋ ਪ੍ਰਭੂ ਦੀ ਸੰਤਾਨ ਹਨ; ਇਸ

ਲਈ "ਕੌਣ ਭਲੇ ਕੌਣ ਮੰਦੇ" ਦੀ ਸੌੜੀ ਸੋਚ ਵਿਚ ਗੁਰੂ ਕੇ ਸਿੱਖ ਨੂੰ ਨਾ ਪੈ ਕੇ, ਆਪਣੇ ਧਰਮ ਵਿਚ ਪੱਕੇ ਰਹਿੰਦਿਆਂ ਹੋਇਆਂ ਕਿਸੇ ਦੂਜੇ ਧਰਮ ਵਾਲ਼ੇ ਨਾਲ਼ ਵਿਤਕਰਾ ਨਹੀਂ ਕਰਨਾ ਚਾਹੀਦਾ।

ਗਿਆਨੀ ਸੰਤੋਖ ਸਿੰਘ ਜੀ ਦੀ ਬੋਲਣ ਅਤੇ ਲਿਖਣ ਸ਼ੈਲੀ ਦਾ ਆਪਣਾ ਹੀ ਇਕ ਨਿਵੇਕਲਾ ਅੰਦਾਜ਼ ਹੈ। ਇਹਨਾਂ ਦੀ ਕਿਸੇ ਵੀ ਲਿਖਤ ਨੂੰ ਪੜ੍ਹਨਾ ਸ਼ੁਰੂ ਕਰੋ ਤਾਂ ਐਸਾ ਰਸ ਪੈਦਾ ਹੁੰਦਾ ਹੈ ਕਿ ਬਿਨਾ ਪੂਰੀ ਰਚਨਾ ਪੜ੍ਹਿਆਂ ਛੱਡਣ ਨੂੰ ਜੀ ਨਹੀਂ ਕਰਦਾ। ਪਾਠਕ ਇਉਂ ਮਹਿਸੂਸ ਕਰਦਾ ਹੈ ਕਿ ਜਿਵੇਂ ਇਹ ਉਸ ਦੀ ਆਪਣੀ ਹੀ ਗੱਲ ਹੋਵੇ ਤੇ ਗਿਆਨੀ ਜੀ ਉਸ ਨੂੰ ਖ਼ੁਦ ਉਸ ਦੀ ਹੀ ਗੱਲ ਸੁਣਾ ਰਹੇ ਹੋਣ; ਕਿਤਾਬ ਪੜ੍ਹਨ ਦਾ ਅਹਿਸਾਸ ਹੀ ਨਹੀਂ ਹੁੰਦਾ। ਆਪਣੀਆਂ ਲਿਖਤਾਂ ਵਿਚ ਗਿਆਨੀ ਜੀ ਨੇ ਕਾਦਰ ਦੀ ਕੁਦਰਤ ਦਾ ਮਾਣਿਆ ਆਨੰਦ, ਅੱਖਰਾਂ ਵਿਚ ਪ੍ਰੋ ਕੇ ਪਾਠਕਾਂ ਦੇ ਅੱਗੇ ਪ੍ਰੋਸ ਦਿਤਾ ਹੈ। ਇਹਨਾਂ ਦੀਆਂ ਲਿਖਤਾਂ ਪੜ੍ਹਦਿਆਂ ਹੀ ਪੁਰਾਤਨ ਵਿਰਸੇ ਦੀ ਯਾਦ ਅੱਖਾਂ ਦੇ ਸਾਹਮਣੇ ਆ ਜਾਂਦੀ ਹੈ। ਤੀਖਣ ਬੁਧੀ ਦੇ ਮਾਲਕ ਹੋਣ ਕਰਕੇ ਹਰ ਇਕ ਪਹਿਲੂ ਦੀ ਡੂੰਘਾਈ ਤੱਕ ਜਾਣ ਦੀ ਸਮਰੱਥਾ ਰਖਦੇ ਹਨ। ਵਾਹਿਗੁਰੂ ਕਿਰਪਾ ਕਰੇ ਇਹਨਾਂ ਦੀ ਅਣਥੱਕ ਮੇਹਨਤ ਤੇ ਲਗਨ ਏਸੇ ਤਰ੍ਹਾਂ ਆਖਰੀ ਦਮ ਤੱਕ ਬਰਕਰਾਰ ਰਹੇ ਤੇ ਇਹ ਅਨਮੋਲ ਪੰਥਕ ਵਿਰਸੇ ਦੀ ਮਹਿਕ ਸੰਸਾਰ ਨੂੰ ਵੰਡਦੇ ਰਹਿਣ।



# ਵਿਲੱਖਣ ਸ਼ਖ਼ਸੀਅਤ ਦੇ ਮਾਲਕ

ਗੁਰਚਰਨ ਸਿੰਘ ਕਾਹਲੋਂ
ਪੱਤਰਕਾਰ, ਅਦਾਰਾ 'ਦਾ ਟ੍ਰਿਬਿਊਨ' (ਪੰਜਾਬੀ ਟ੍ਰਿਬਿਊਨ),
ਸਿਡਨੀ

ਪੰਜਾਬੀ ਸਾਹਿਤਕਾਰ ਅਤੇ ਸਿੱਖ ਵਿਦਵਾਨ, ਗਿਆਨੀ ਸੰਤੋਖ ਸਿੰਘ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ ਹਨ। ਉਹਨਾਂ ਦਾ ਸਾਹਿਤਕ ਸਫ਼ਰ, ੧੯੬੬ ਵਿਚ, ਗਿਆਨੀ ਦੀ ਪੜ੍ਹਾਈ ਮੁਕੰਮਲ ਕਰਨ ਦੇ ਨਾਲ਼ ਸ਼ੁਰੂ ਹੋਇਆ। ਸਭ ਤੋਂ ਪਹਿਲਾ ਲੇਖ ਗਿਆਨੀ ਜੀ ਨੇ, ਦਸਮੇਸ਼ ਪਿਤਾ ਦੇ ਤਿੰਨ ਸੌ ਸਾਲਾ ਆਗਮਨ ਗੁਰਪੁਰਬ ਸਮੇ, ਗੁਰੂ ਜੀ ਦੇ ਧਰਮ ਨਿਰਪੇਖਤਾ ਵਾਲ਼ੇ ਪੱਖ ਬਾਰੇ, ਇਤਿਹਾਸਕ ਤੱਥਾਂ ਦੇ ਹਵਾਲਿਆਂ ਸਹਿਤ, ਖੋਜ ਭਰਪੂਰ ਲਿਖਿਆ ਸੀ। ਕਿਤਾਬੀ ਰੂਪ ਵਿਚ ਗਿਆਨੀ ਜੀ ਨੇ ਆਪਣਾ ਸਾਹਿਤਕ ਸਫ਼ਰ, ਆਪਣੀ ਪਹਿਲੀ ਇਤਿਹਾਸਕ ਅਤੇ ਧਾਰਮਿਕ ਲੇਖਾਂ ਦੀ ਕਿਤਾਬ 'ਸਚੇ ਦਾ ਸਚਾ ਢੋਆ' ਨਾਲ਼, ੨੦੦੬ ਵਿਚ ਸ਼ੁਰੂ ਕੀਤਾ।

ਗਿਆਨੀ ਜੀ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਨਿੱਕੇ ਜਿਹੇ ਪਿੰਡ ਸੂਰੋ ਪੱਡਾ, ਵਿਚ ਮਾਤਾ ਬੀਬੀ ਜਸਵੰਤ ਕੌਰ ਅਤੇ ਪਿਤਾ ਭਾਈ ਗਿਆਨ ਸਿੰਘ ਜੀ ਦੇ ਘਰ, ੧੯੪੩ ਵਿਚ ਪੈਦਾ ਹੋਏ। ਗੁਰਮੁਖੀ ਅੱਖਰਾਂ ਅਤੇ ਗੁਰਬਾਣੀ ਦੀ ਸਿੱਖਿਆ ਘਰ ਵਿਚ ਖੇਤੀ ਦਾ ਕੰਮ ਕਰਨ ਦੇ ਨਾਲ਼ ਨਾਲ਼ ਹੀ, ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤੀ। ਫਿਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚੋਂ ਗੁਰਮਤਿ ਸੰਗੀਤ ਦਾ ਡਿਪਲੋਮਾ ਕਰਨ ਉਪ੍ਰੰਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਵਿਚ ਸ਼ਾਮਲ ਹੋ ਗਏ। ਇਸ ਸ਼੍ਰੋਮਣੀ ਸੰਸਥਾ ਵਿਚ ਵੱਖ ਵੱਖ ਪਦਵੀਆਂ ਉਪਰ ਤੇਰਾਂ ਕੁ ਸਾਲ ਸੇਵਾ ਕੀਤੀ।

ਮਾਰਚ ੧੯੭੩ ਤੋਂ ਗਿਆਨੀ ਜੀ ਨੇ ਦੇਸ਼ ਦੇਸ਼ਾਂਤਰਾਂ ਵਿਚ ਵੱਸ ਰਹੀਆਂ ਸਿੱਖ ਸੰਗਤਾਂ ਦੇ ਦਰਸ਼ਨਾਂ ਅਤੇ ਗੁਰਮਤਿ ਪ੍ਰਚਾਰ ਵਾਸਤੇ ਅੰਮ੍ਰਿਤਸਰ ਤੋਂ ਤੁਰ ਪਏ। ਪਹਿਲਾਂ ਅਫ਼੍ਰੀਕਾ ਦੇ ਕੁਝ ਦੇਸਾਂ ਅਤੇ ਫਿਰ ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਵਿਚਰਦੇ ਹੋਏ, ਦੇਸੋਂ ਬਾਹਰ ਦੀ ਆਪਣੀ ਚੌਥੀ ਯਾਤਰਾ ਸਮੇ, ਅਕਤੂਬਰ ੧੯੭੯ ਵਿਚ ਆਸਟ੍ਰੇਲੀਆ ਆ ਗਏ ਤੇ ਫਿਰ ਏਥੋਂ ਜੋਗੇ ਹੀ ਹੋ ਕੇ ਰਹਿ ਗਏ।

ਸ਼ੁਰੂਆਤੀ ਦੌਰ ਵਿਚ, ਏਥੇ ਪਰਵਾਰ ਵਾਸਤੇ 'ਕੁੱਲੀ, ਗੁੱਲੀ ਅਤੇ ਜੁੱਲੀ' ਦੇ ਜੁਗਾੜ ਵਾਸਤੇ ਏਧਰ ਓਧਰ ਨੌਕਰੀਆਂ/ਮਜ਼ਦੂਰੀਆਂ ਕੀਤੀਆਂ। ਪਰਵਾਰ ਦੇ ਇਹ

ਮਸਲੇ ਹੱਲ ਕਰਨ ਪਿੱਛੋਂ ਫਿਰ ਸਾਹਿਤਕ ਸਰਗਰਮੀਆਂ ਸ਼ੁਰੂ ਕਰ ਦਿਤੀਆਂ।

ਆਸਟ੍ਰੇਲੀਆ ਵਿਚ ਸਭ ਤੋਂ ਪਹਿਲਾ ਪੰਜਾਬੀ ਦਾ ਪਰਚਾ ਗਿਆਨੀ ਜੀ ਨੇ, ੧੯੮੫ ਦੇ ਅਪ੍ਰੈਲ ਮਹੀਨੇ ਵਿਚ ਸ਼ੁਰੂ ਕੀਤਾ ਸੀ ਜੋ ਕਿ ਪਹਿਲਾਂ ਡੇਢ ਸਾਲ ਹਫ਼ਤਾਵਾਰੀ ਤੇ ਫਿਰ ਮਹੀਨਾਵਾਰੀ ਛਪਦਾ ਰਿਹਾ। ਛੇ ਸਾਲ ਤੋਂ ਵਧੇਰੇ ਸਮੇ ਤੱਕ ਗਿਆਨੀ ਜੀ ਨੇ ਇਹ ਕਾਰਜ ਕੀਤਾ ਜੋ ਕਿ ਉਸ ਸਮੇ ਦੇ ਹਾਲਾਤ ਅਨੁਸਾਰ ਕਰਨਾ ਬੜਾ ਮੁਸ਼ਕਲ ਸੀ।

ਗਿਆਨੀ ਜੀ ਬਹੁਤ ਸਾਰੇ ਦੇਸ਼ਾਂ ਦੀਆਂ ਯਾਤਰਾਵਾਂ ਕਰ ਚੁੱਕੇ ਹਨ ਕਿਉਂਕਿ ਯਾਤਰਾਵਾਂ ਕਰਨੀਆਂ ਇਹਨਾਂ ਦਾ ਸ਼ੌਕ ਹੈ, ਜੋ ਕਿ ਅਜੇ ਵੀ ਜਾਰੀ ਹਨ। ਇਹਨਾਂ ਯਾਤਰਾਵਾਂ ਸਮੇ ਹੋਏ ਖੱਟੇ/ਮਿੱਠੇ ਤਜਰਬਿਆਂ ਨੂੰ ਗਿਆਨੀ ਜੀ ਆਪਣੀਆਂ ਲਿਖਤਾਂ ਰਾਹੀਂ ਪੰਜਾਬੀ ਪਾਠਕਾਂ ਨਾਲ਼, ਸਮੇ ਸਮੇ ਸਾਂਝਿਆਂ ਕਰਦੇ ਰਹਿੰਦੇ ਹਨ। ਸੰਸਾਰ ਭਰ ਵਿਚ ਫੈਲੇ ਪੰਜਾਬੀ ਸੰਸਾਰ ਦੇ ਪਾਠਕਾਂ ਨਾਲ਼ ਗਿਆਨੀ ਜੀ ਦਾ ਪੂਰਾ ਸੰਪਰਕ ਹੈ। ਸੰਸਾਰ ਭਰ ਵਿਚ ਛਪਣ ਵਾਲ਼ੇ ਪੰਜਾਬੀ ਬੋਲੀ ਦੇ ਪਰਚਿਆਂ ਵਿਚ ਛਪਣ ਵਾਲ਼ੇ ਆਪਣੇ ਲੇਖਾਂ ਅਤੇ ਕਿਤਾਬਾਂ ਰਾਹੀਂ, ਬੀਤੇ ਤੇ ਮੌਜੂਦਾ ਪੰਜਾਬੀ ਵਿਰਸੇ, ਪਿਛੋਕੜ, ਇਤਿਹਾਸ, ਸਾਹਿਤ, ਬੋਲੀ ਆਦਿ ਵਿਸ਼ਿਆਂ ਬਾਰੇ ਦਿਲਚਸਪ ਜਾਣਕਾਰੀ ਦਿੰਦੇ ਰਹਿੰਦੇ ਹਨ।

ਇਸ ਸਮੇ ਗਿਆਨੀ ਜੀ ਆਪਣੀ ਪਤਨੀ ਸਮੇਤ, ਸਿਡਨੀ ਦੇ 'ਈਸਟਰਨ ਕਰੀਕ' ਸਬਅਰਬ ਵਿਚਲੇ ਆਪਣੇ ਘਰ ਵਿਚ ਰਹਿੰਦੇ ਹਨ। ਉਹਨਾਂ ਦੇ ਚਾਰ ਬੱਚੇ ਹਨ ਜਿਨ੍ਹਾਂ ਵਿਚੋਂ ਦੋ ਪੁੱਤਰ ਅਤੇ ਦੋ ਪੁੱਤਰੀਆਂ ਹਨ, ਜੋ ਏਥੇ ਦੀ ਪੜ੍ਹਾਈ ਕਰਕੇ, ਆਪੋ ਆਪਣੀਆਂ ਨੌਕਰੀਆਂ ਕਰਦੇ ਹੋਏ, ਆਪੋ ਆਪਣੇ ਘਰੀਂ ਵਸਦੇ ਹਨ। ਗਿਆਨੀ ਜੀ ਆਪਣੀ ਉਮਰ ਦੇ ਸੱਤਰਵਿਆਂ ਵਾਲ਼ੇ ਦਹਾਕੇ ਵਿਚ ਆ ਕੇ ਵੀ ਸਾਹਿਤਕ ਰਚਨਾ ਕਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਜਿਥੇ ਵੀ, ਜਿਸ ਕਾਰਜ ਲਈ ਵੀ ਭਾਈਚਾਰੇ ਨੂੰ ਲੋੜ ਹੋਵੇ ਓਥੇ, ਪਤਾ ਲੱਗਣ ਤੇ, ਬਿਨਾ ਸੱਦੇ ਦੀ ਉਡੀਕ ਦੇ ਵੀ, ਸਮੇ ਸਿਰ ਪਹੁੰਚ ਕੇ ਆਪਣਾ ਹਿੱਸਾ ਪਾਉਂਦੇ ਹਨ।

ਹਰੇਕ ਸਮੇ ਗਿਆਨੀ ਜੀ ਕੁਝ ਨਾ ਕੁਝ ਕਰਦੇ ਹੀ ਰਹਿੰਦੇ ਹਨ: ਨਿਤਨੇਮ ਤੋਂ ਇਲਾਵਾ ਲਿਖਣ, ਪੜ੍ਹਨ, ਗਾਰਡਨ ਜਾਂ ਫਿਰ ਧਾਰਮਿਕ ਦੀਵਾਨਾਂ, ਸਾਹਿਤਕ ਸਮਾਗਮਾਂ, ਭਾਈਚਾਰਕ ਇਕੱਠਾਂ ਆਦਿ ਵਿਚ ਵੀ ਪੂਰਾ ਹਿੱਸਾ ਲੈਂਦੇ ਹਨ। ਬਹੁਤਾ ਸਮਾ ਆਪਣੇ ਲੈਪਟੌਪ ਉਪਰ ਕੁਝ ਨਾ ਕੁਝ ਲਿਖਣ ਵਿਚ ਰੁਝੇ ਰਹਿੰਦੇ ਹਨ। ਜੇ ਕੋਈ ਕਦੀ ਫ਼ੋਨ ਤੇ ਪੁੱਛ ਲਵੇ, "ਗਿਆਨੀ ਜੀ ਕੀ ਕਰ ਰਹੇ ਹੋ?" ਤਾਂ ਮਜ਼ਾਕੀਆ ਲਹਿਜ਼ੇ ਵਿਚ ਕਹਿਣਗੇ, "ਕੰਪਿਊਟਰ ਨੂੰ ਕੁਤਕਤਾਰੀਆਂ ਕਢਦਾ ਹਾਂ। ਜਾਂ ਫਿਰ ਕਦੀ ਇਉਂ ਵੀ ਜਵਾਬ ਮਿਲ਼ੇਗਾ, "ਗਾਰਡਨ ਦੀਆਂ ਜੂਆਂ ਜਿਹੀਆਂ ਕਢਦਾ ਹਾਂ।" ਅਸਲ ਵਿਚ ਕਾਗਜ਼ ਪੈਨ ਤੋਂ ਬਾਅਦ ਅਗਲਾ ਦੌਰ ਕੰਪਿਊਟਰ ਯੁੱਗ ਦਾ ਹੈ ਅਤੇ

ਗਿਆਨੀ ਜੀ ਇਸ ਯੁਗ ਦੇ ਹਾਣੀ ਬਣੇ ਹੋਏ ਹਨ। ਪੰਜਾਬੀ ਅੱਖਰਾਂ ਨੂੰ ਕੰਪਿਊਟਰ ਤੇ ਟਾਈਪ ਕਰਕੇ, ਉਹ ਪੰਜਾਬੀ ਸਾਹਿਤ ਰਚਨਾ ਦੇ ਖੇਤਰ ਵਿਚ ਵਡਮੁੱਲਾ ਹਿੱਸਾ ਪਾ ਰਹੇ ਹੁੰਦੇ ਹਨ। ਗਿਆਨੀ ਜੀ ਘਰ ਦੀ ਬਗੀਚੀ ਤੋਂ ਲੈ ਕੇ ਪਰਵਾਰ ਅਤੇ ਸੰਸਾਰ ਦੀ ਬਹਾਰ ਨੂੰ ਮਾਨਣ ਤੋਂ ਵੀ ਮੁਨਕਰ ਨਹੀਂ ਹਨ।

ਗਿਆਨੀ ਸੰਤੋਖ ਸਿੰਘ ਜੀ ਆਸਟ੍ਰੇਲੀਆ ਦੇ ਪੰਜਾਬੀ ਸਮਾਜ ਦੀ ਸ਼ਾਨ ਬਣੇ ਹੋਏ ਹਨ। ਪੰਜਾਬੀਆਂ ਦੇ ਰਿਵਾਇਤੀ ਪਹਿਰਾਵੇ, ਚਿੱਟਾ ਕੁੜਤਾ ਪਜਾਮਾ ਅਤੇ ਸਿਰ ਉਪਰ ਨੀਲੀ ਦਸਤਾਰ ਸਜਾਉਣ ਨੂੰ ਤਰਜੀਹ ਦਿੰਦੇ ਹਨ। ਇਸ ਦੇ ਨਾਲ਼ ਪੈਰਾਂ ਵਿਚ ਕਾਲ਼ੇ ਰੰਗ ਦੀ ਗੁਰਗਾਬੀ ਉਹਨਾਂ ਦਾ ਵਿਸ਼ੇਸ ਸ਼ੌਕ ਹੈ। ਇਸ ਸਾਦੇ ਪੰਜਾਬੀ ਪਹਿਰਾਵੇ ਰਾਹੀਂ ਉਹ ਪਰਦੇਸਾਂ ਵਿਚ ਟਕਸਾਲੀ ਅਕਾਲੀਆਂ ਵਾਂਙ ਵਿਚਰਦੇ ਪ੍ਰਤੀਤ ਹੁੰਦੇ ਹਨ। ਉਹਨਾਂ ਨੇ ਆਪਣੀ ਦਸਤਾਰ, ਗੁਫ਼ਤਾਰ ਅਤੇ ਰਫ਼ਤਾਰ ਦੇ ਨਾਲ਼ ਨਾਲ਼, ਆਪਣਾ ਭੋਜਨ ਅਤੇ ਬੋਲ ਬਾਣੀ ਵੀ ਟਕਸਾਲੀ ਹੀ ਰੱਖੀ ਹੋਈ ਹੈ। ਸੰਸਾਰ ਯਾਤਰਾਵਾਂ ਦੌਰਾਨ ਅਜਿਹੇ ਸਾਦੇ ਲਿਬਾਸ ਵਿਚ ਵਿਚਰਦਿਆਂ ਹੋਇਆਂ, ਗਿਆਨੀ ਜੀ ਨੇ ਟਕਸਾਲੀ ਅਕਾਲੀ ਸਿੱਖੀ ਪਛਾਣ ਨੂੰ ਬਰਕਰਾਰ ਰੱਖਿਆ ਹੋਇਆ ਹੈ।

ਸਿਆਸਤ ਦੇ ਬਹੁਤ ਸਾਰੇ ਦਾ/ਪੇਚਾ ਦੇ ਜਾਣੂ ਹੋਣ ਦੇ ਬਾਵਜੂਦ ਵੀ ਗਿਆਨੀ ਜੀ ਨੇ ਆਪਣੇ ਜੀਵਨ ਵਿਚ ਇਹਨਾਂ ਨੂੰ ਨਹੀਂ ਅਪਣਾਇਆ। ਜੇ ਉਹ ਇਸ ਪਾਸੇ ਤੁਰ ਪੈਂਦੇ ਤਾਂ ਮੋਹਰਲੀ ਕਤਾਰ ਵਿਚ ਸ਼ਾਮਲ ਹੁੰਦੇ। ਉਹਨਾਂ ਸਿਅਸਤ ਵਿਚ ਕਈਆਂ ਨੂੰ ਉਂਗਲ਼ ਫੜ ਕੇ ਤੋਰਿਆ ਵੀ ਹੈ। ਪੰਜਾਬ ਦੀ ਸਿੱਖ ਲਡਿਰਸ਼ਿਪ, ਮਾਸਟਰ ਤਾਰਾ ਸਿੰਘ ਤੋਂ ਲੈ ਕੇ, ਸ. ਪਰਕਾਸ਼ ਸਿੰਘ ਬਾਦਲ ਤੱਕ ਬਾਰੇ ਗਿਆਨੀ ਜੀ ਨਿਜੀ, ਸਿਆਸੀ ਅਤੇ ਸਾਹਿਤਕ ਜਾਣਕਾਰੀ ਰੱਖਦੇ ਹਨ ਪਰ ਸਮੇ ਸਮੇ ਲੋੜ ਪੈਣ ਤੇ, ਸਾਰੀ ਲੀਡਰਸ਼ਿਪ ਵਿਚਲੇ ਚੰਗੇ ਪੱਖਾਂ ਨੂੰ ਹੀ ਆਪਣੀਆਂ ਲਿਖਤਾਂ ਵਿਚ ਉਜਾਗਰ ਕਰਦੇ ਹਨ। ਭਾਵੇਂ ਕਿ ਗਿਆਨੀ ਜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਹਰੇਕ ਮਨੁਖ ਵਿਚ ਚੰਗੇਰੇ ਤੇ ਮੰਦੇਰੇ ਪਹਿਲੂ ਹੁੰਦੇ ਹਨ ਪਰ ਉਹਨਾਂ ਦਾ ਵਿਚਾਰ ਹੈ ਕਿ ਗੁਰਬਾਣੀ ਦੀ ਸਿੱਖਿਆ ਅਨੁਸਾਰ ਸਾਨੂੰ ਗੁਣਾਂ ਦੀ ਸਾਂਝ ਹੀ ਪਾਉਣੀ ਚਾਹੀਦੀ ਹੈ।

ਗਿਆਨੀ ਜੀ ਨੇ ਕਦੀ ਆਪਣੇ ਆਪ ਨੂੰ ਵੇਹਲੇ ਰੱਖਣਾ ਜਾਂ ਦਿਨ ਵੇਲ਼ੇ ਸੌਣ ਵਰਗੀਆਂ ਸੁਸਤੀਆਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਨਹੀਂ ਬਣਾਇਆ। ਹਰੇਕ ਸਮੇ ਕੁਝ ਕਰਦੇ, ਲਿਖਦੇ ਜਾਂ ਸੋਚਦੇ ਹਨ। ਬੇਅੰਤ ਸਮੇ ਸਮੇ ਲਿਖੇ ਲੇਖਾਂ ਤੋਂ ਇਲਾਵਾ ਹੁਣ ਤੱਕ ਗਿਆਨੀ ਜੀ ਸੱਤ ਕਿਤਾਬਾਂ ਛਪਵਾ ਚੁੱਕੇ ਹਨ। ਪਹਿਲੀ ਕਿਤਾਬ 'ਸਚੇ ਦਾ ਸਚਾ ਢੋਆ' ਪਾਠਕਾਂ ਨੇ ਏਨੀ ਪਸੰਦ ਕੀਤੀ ਹੈ ਕਿ ਉਸ ਦੀਆਂ ਪੰਜ ਐਡੀਸ਼ਨਾਂ ਛਪ ਕੇ ਪਾਠਕਾਂ ਦੇ ਹੱਥਾਂ ਤਕ ਪਹੁੰਚ ਚੁੱਕੀਆਂ ਹਨ। ਇਸ ਤੋਂ ਪ੍ਰਸੰਨ ਹੋ ਕੇ ਪੰਜਾਬੀ ਸੱਥ ਨੇ ਇਹਨਾਂ ਨੂੰ, ੨੦੦੮ ਦਾ ਪ੍ਰਿੰਸੀਪਲ ਤੇਜਾ ਸਿੰਘ ਸਾਹਿਤਕ ਸਨਮਾਨ ਦੇ ਕੇ, ਗੋਲਡ ਮੈਡਲ ਨਾਲ਼ ਸਨਮਾਨਤ ਵੀ ਕੀਤਾ। ਆਪਣੀ

ਚੌਥੀ ਕਿਤਾਬ 'ਬਾਤਾਂ ਬੀਤੇ ਦੀਆਂ' ਦੇ ਸਾਢੇ ਚਾਰ ਸੌ ਪੰਨਿਆਂ ਵਿਚ, ੧੯੪੭ ਤੋਂ ਲੈ ਕੇ ਇਸ ਦੇ ਛਪਣ ਤੱਕ, ਅਰਥਾਤ ੨੦੦੯ ਤੱਕ ਦਾ, ਅੱਖੀਂ ਵੇਖਿਆ ਅਤੇ ਹੱਡੀਂ ਹੰਡਾਇਆ ਪੰਜਾਬ ਅਤੇ ਸਿੱਖਾਂ ਦਾ ਇਤਿਹਾਸ ਬਿਆਨ ਕੀਤਾ ਹੈ। ਇਹ ਕਿਤਾਬ ਪੰਜਾਬੀ ਸੱਥ ਲਾਂਬੜਾ ਦੇ ਸਾਲਾਨਾ ਮਾਰਚ ੨੦੧੦ ਵਾਲ਼ੇ ਸਮਾਗਮ ਸਮੇ, ਪਿੰਡ ਲਾਂਬੜਾ ਵਿਚ, ਨਾਮਵਰ ਧਾਰਮਿਕ, ਸਾਹਿਤਕ, ਪੱਤਰਕਾਰ ਅਤੇ ਸਮਾਜ ਸੇਵੀ ਸ਼ਖ਼ਸੀਅਤਾਂ ਦੇ ਹੱਥੀਂ, ਪਾਠਕਾਂ ਦੇ ਅਰਪਣ ਕੀਤੀ ਗਈ। ਇਸ ਰੀਲੀਜ਼ ਸਮਾਰੋਹ ਵਿਚ ਸੰਤ ਬਲਬੀਰ ਸਿੰਘ ਸੀਂਚੇਵਾਲ, ਸੰਤ ਸੇਵਾ ਸਿੰਘ ਖਡੂਰ ਸਾਹਿਬ, ਜਤਿੰਦਰ ਪੰਨੂ, ਹਰਭਜਨ ਹਲਵਾਰਵੀ ਕ੍ਰਿਪਾਲ ਸਿੰਘ ਪੰਨੂ ਵਰਗੇ ਬੁਧੀਜੀਵੀ ਸ਼ਾਮਲ ਸਨ। ਅੱਖੀਂ ਵੇਖੇ ਇਤਿਹਾਸ ਦੀ ਲੜੀ ਜੋੜੀ ਰੱਖਣ ਲਈ, ਗਿਆਨੀ ਜੀ ਨੇ ਆਪਣੀਆਂ ਪਹਿਲਾਂ ਛਪੀਆਂ ਦੋ ਕਿਤਾਬਾਂ, ਦੂਜੀ ਤੇ ਤੀਜੀ ਵਿਚੋਂ ਵੀ, ਖਾਸ ਖਾਸ ਲੇਖ ਇਸ ਚੌਥੀ ਕਿਤਾਬ ਵਿਚ ਸ਼ਾਮਲ ਕਰ ਲਏ।

ਇਸ ਤੋਂ ਬਾਅਦ ਦੀਆਂ ਯਾਦਾਂ ਵੀ ਗਿਆਨੀ ਜੀ ਸਮੇ ਸਮੇ ਲਿਖਤ ਵਿਚ ਲਿਆਉਂਦੇ ਰਹਿੰਦੇ ਹਨ। ਆਪਣੇ ਲੇਖਾਂ ਨੂੰ ਪਹਿਲਾਂ ਪੰਜਾਬੀ ਪਰਚਿਆਂ ਵਿਚ ਛਪਵਾਉਣ ਪਿੱਛੋਂ ਫਿਰ ਅੰਮ੍ਰਿਤਸਰ ਜਾ ਕੇ ਉਹਨਾਂ ਨੂੰ ਕਿਤਾਬੀ ਰੂਪ ਵਿਚ ਵੀ ਪ੍ਰਕਾਸ਼ਤ ਕਰਵਾ ਕੇ, ਸੰਸਾਰ ਭਰ ਵਿਚ ਵੱਸਦੇ ਪੰਜਾਬੀ ਪਾਠਕਾਂ ਦੇ ਹੱਥਾਂ ਤੱਕ ਪੁਚਾਉਂਦੇ ਹਨ। ਜਿਥੇ ਗਿਆਨੀ ਜੀ ਆਪ ਨਹੀਂ ਪਹੁੰਚ ਸਕਦੇ ਓਥੇ ਆਪਣੀਆਂ ਕਿਤਾਬਾਂ ਈ-ਮੇਲ ਰਾਹੀਂ ਪੁੱਜਦੀਆਂ ਕਰਦੇ ਹਨ। ਇਸ ਤਰ੍ਹਾਂ ਸੰਸਾਰ ਭਰ ਵਿਚ ਵੱਸਦੇ ਪੰਜਾਬੀ ਪਾਠਕਾਂ ਤੱਕ ਉਹਨਾਂ ਦੀਆਂ ਲਿਖਤਾਂ ਪਹੁੰਚਦੀਆਂ ਹਨ।

ਗਿਆਨੀ ਸੰਤੋਖ ਸਿੰਘ ਨੇ ਪਰਦੇਸ ਵਿਚ ਰਹਿੰਦਿਆਂ, ਆਪਣੀ ਮਾਂ ਬੋਲੀ ਪੰਜਾਬੀ ਰਾਹੀਂ, ਆਪਣੀਆਂ ਲਿਖਤਾਂ ਲਿਖ ਕੇ, ਪੰਜਾਬੀ ਸਾਹਿਤ ਵਿਚ ਵਡਮੁੱਲਾ ਹਿੱਸਾ ਪਾਇਆ ਹੈ। ਸਰਲ ਪੰਜਾਬੀ ਬੋਲੀ ਵਿਚ, ਬਿਨਾ ਵਲ਼/ਵਿੰਗ ਪਾਇਆਂ ਲਿਖੀਆਂ ਗਿਆਨੀ ਜੀ ਦੀਆਂ ਲਿਖਤਾਂ ਸਮਾਜਕ ਚੇਤਨਾ ਦਾ ਹੋਕਾ ਦਿੰਦੀਆਂ ਹਨ।

ਆਸਟ੍ਰੇਲੀਆ ਸਰਕਾਰ ਦੇ ਅਟਾਰਨੀ ਜਨਰਲ ਵੱਲੋਂ ਗਿਆਨੀ ਸੰਤੋਖ ਸਿੰਘ ਮੈਰਿਜ ਸੈਲੀਬ੍ਰੈਂਟ ਪਰਵਾਨਤ ਹਨ। ਇਹ ਸਿਵਲ ਅਤੇ ਸਿੱਖ ਧਾਰਮਿਕ, ਦੋਹਾਂ ਦੇ ਵਿਆਹਾਂ ਦੇ ਸਰਟੀਫੀਕੇਟ ਇਸ਼ੂ ਕਰਨ ਦਾ ਅਧਿਕਾਰ ਰੱਖਦੇ ਹਨ।

ਆਸਟ੍ਰੇਲੀਆ ਅਤੇ ਬਾਕੀ ਦੇਸ਼ਾਂ ਵਿਚ ਲੱਗਦੇ ਧਾਰਮਿਕ, ਸਮਾਜਕ, ਸਾਹਿਤਕ, ਸਭਿਆਚਾਰਕ, ਪਰਵਾਰਕ ਸਮਾਗਮਾਂ ਵਿਚ, ਗਿਆਨੀ ਜੀ ਦੀ ਹਾਜਰੀ ਲਵਾਉਣ ਵਿਚ, ਪ੍ਰਬੰਧਕ ਮਾਣ ਮਹਿਸੂਸ ਕਰਦੇ ਹਨ।

ਆਸਟ੍ਰੇਲੀਆ ਦੀ ਧਰਤੀ ਉਪਰ ਗਿਆਨੀ ਜੀ ਦਾ ਲਾਇਆ ਪੰਜਾਬੀ ਪੱਤਰਕਾਰੀ ਦਾ ਬੂਟਾ ਵਿਸ਼ਾਲ ਦਰੱਖ਼ਤ ਦੇ ਰੂਪ ਵਿਚ ਆਪਣੀ ਸ਼ਾਨ ਦਿਖਾ ਰਿਹਾ ਹੈ। ਇਸ ਸਮੇ ਕੇਵਲ ਸਿਡਨੀ ਵਿਚੋਂ ਹੀ ਪੰਜਾਬੀ ਦੇ ਚਾਰ ਪਰਚੇ ਪੰਜਾਬੀ ਵਿਚ ਛਪਦੇ ਹਨ

ਅਤੇ ਪੂਰੇ ਆਸਟ੍ਰੇਲੀਆ ਵਿਚ ਦਰਜਨ ਤੋਂ ਵਧ ਛਪ ਰਹੇ ਹਨ। ਹਰੇਕ ਅਖ਼ਬਾਰ ਦਾ ਸੰਪਾਦਕ ਗਿਆਨੀ ਜੀ ਦੀਆਂ ਲਿਖਤਾਂ ਆਪਣੇ ਪਰਚੇ ਵਿਚ ਛਾਪ ਕੇ ਆਪਣੇ ਪਾਠਕਾਂ ਤੱਕ ਪੁਚਾਉਣ ਵਿਚ ਖ਼ੁਸ਼ੀ ਮਹਿਸੂਸ ਕਰਦਾ ਹੈ।

ਜਦੋਂ ਆਸਟ੍ਰੇਲੀਆ ਵਿਚ ਪੰਜਾਬੀ ਮੀਡੀਆ ਕਲੱਬ ਦਾ ਸਭ ਤੋਂ ਪਹਿਲਾ ਗਠਨ ਕੀਤਾ ਗਿਆ ਤਾਂ ਪੰਜਾਬੀ ਪੱਤਰਕਾਰਤਾ ਨਾਲ਼ ਜੁੜੇ ਸਾਰੇ ਵਿਅਕਤੀਆਂ ਨੇ, ਸਰਬ ਸੰਮਤੀ ਨਾਲ਼ ਗਿਆਨੀ ਸੰਤੋਖ ਸਿੰਘ ਨੂੰ ਪ੍ਰਧਾਨ ਚੁਣਿਆਂ ਜਿਸ ਨੂੰ ਉਹ ਸਫ਼ਲਤਾ ਨਾਲ਼ ਨਿਭਾਉਂਦੇ ਹੋਏ ਪੰਜਾਬੀ ਪੱਤਰਕਾਰੀ ਤੇ ਸਾਹਿਤਕਾਰੀ ਨੂੰ ਮਾਣ ਬਖ਼ਸ਼ ਰਹੇ ਹਨ।

ਇਸ ਤੋਂ ਇਲਾਵਾ ਗਿਆਨੀ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਮਾਰਚ ੧੯੭੮ ਵਿਚ ਆਨਰੇਰੀ ਇੰਟਰਨੈਸ਼ਨਲ ਸਿੱਖ ਪ੍ਰਚਾਰਕ ਥਾਪੇ ਗਏ, ਓਸੇ ਸਮੇ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ, ਗਿਆਨੀ ਜੀ ਨੂੰ, ਆਪਣਾ ਇੰਟਰਨੈਸ਼ਨਲ ਪ੍ਰਤੀਨਿਧ ਥਾਪਿਆ ਗਿਆ। ਇੰਟਰਨੈਸ਼ਨਲ ਪੰਜਾਬੀ ਸੱਥ ਲਾਂਬੜਾ ਵੱਲੋਂ, ਗਿਆਨੀ ਜੀ ਨੂੰ ਆਸਟ੍ਰੇਲੀਆ ਅਤੇ ਨਾਲ ਲਗਦੇ ਮੁਲਕਾਂ ਦਾ ਸਰਪ੍ਰਸਤ ਥਾਪ ਕੇ ਵੱਖ ਵੱਖ ਸਥਾਨਾਂ ਉਪਰ ਸੱਥ ਦੀਆਂ ਇਕਾਈਆਂ ਕਾਇਮ ਕਰਨ ਦਾ ਅਧਿਕਾਰ ਦਿੱਤਾ ਗਿਆ। ਸਵਰਗਵਾਸੀ ਸੰਤ ਸਿੰਘ ਮਸਕੀਨ ਜੀ ਵੱਲੋਂ ਸਥਾਪਤ ਕੀਤੀ ਗਈ 'ਵਿਸ਼ਵ ਪ੍ਰਚਾਰਕ ਸੰਸਥਾ' ਵਾਸਤੇ ਆਸਟ੍ਰੇਲੀਆ ਵਿਚ ਮੁਖੀ ਥਾਪਿਆ ਗਿਆ। ਆਸਟ੍ਰੇਲੀਅਨ ਪੰਜਾਬੀ ਮੀਡੀਆ ਕਲੱਬ ਦਾ, ਸਰਬ ਸੰਮਤੀ ਨਾਲ ਪ੍ਰੈਜ਼ੀਡੈਂਟ ਚੁਣਿਆ ਗਿਆ।

ਉਪ੍ਰੋਕਤ ਤੋਂ ਇਲਾਵਾ ਹੋਰ ਵੀ ਸਾਹਿਤਕ ਅਤੇ ਧਾਰਮਿਕ ਸੰਸਥਾਵਾਂ, ਪੰਜਾਬੀ ਪੱਤਰਾਂ ਵਾਸਤੇ ਲੇਖ ਅਤੇ ਵਿਖਿਆਨਾਂ ਰਾਹੀਂ ਹਿੱਸਾ ਪਾਉਂਦੇ ਆ ਰਹੇ ਹਨ।



# ਸਾਹਿਤਕ ਫੁੱਲਾਂ ਦਾ ਗੁਲਦਸਤਾ

ਗੁਰਦੀਪ ਸਿੰਘ ਗਨੀਵ
ਅੰਤਰਰਾਸ਼ਟਰੀ ਕਥਾਵਾਚਕ

ਸੰਸਾਰ ਵਿਚ ਬਹੁਤ ਬੰਦੇ ਅਜਿਹੇ ਹਨ ਜੋ ਸਾਡੇ ਨਾਲ਼ ਬਹੁਤ ਸਮਾ ਰਹੇ ਹੁੰਦੇ ਹਨ ਪਰ ਸਾਡੇ ਉਤੇ ਆਪਣਾ ਬਹੁਤਾ ਪ੍ਰਭਾਵ ਨਹੀਂ ਪਾਉਂਦੇ ਪਰ ਦੂਜੇ ਪਾਸੇ ਕੁਝ ਅਜਿਹੇ ਬੰਦੇ ਵੀ ਹੁੰਦੇ ਹਨ ਜੋ ਮਿਲ਼ਦੇ ਕੁਝ ਕੁ ਪਲਾਂ ਲਈ ਹਨ ਪਰ ਦਿਲ ਤੇ ਆਪਣੀ ਇਕ ਡੂੰਘੀ ਛਾਪ ਛੱਡ ਜਾਂਦੇ ਹਨ। ਉਹਨਾਂ ਵਿਚੋਂ ਹਨ ਗਿਆਨੀ ਸੰਤੋਖ ਸਿੰਘ ਜੀ, ਜੋ ਮੈਨੂੰ ਮਿਲ਼ੇ ਤਾਂ ਚਾਰ ਕੁ ਦਿਨਾਂ ਲਈ ਸਨ ਦਿਲ ਤੇ ਇਕ ਡੂੰਘੀ ਛਾਪ ਛੱਡ ਗਏ। ਸ਼ੇਖ਼ ਸਾਅਦੀ ਨੇ ਇਕ ਬਹੁਤ ਸੋਹਣੀ ਗੱਲ ਲਿਖੀ ਹੈ ਕਿ ਸਿਆਣਾ ਬੰਦਾ ਅਤਰ ਦੇ ਡੱਬੇ ਵਰਗਾ ਹੁੰਦਾ ਹੈ। ਅਤਰ ਬੋਲਦਾ ਕੁਝ ਨਹੀਂ ਪਰ ਬਿਨਾ ਬੋਲਿਆਂ ਹੀ ਦੂਜੇ ਬੰਦੇ ਨੂੰ ਆਪਣੀ ਖ਼ੁਸ਼ਬੂ ਦਿੰਦਾ ਹੈ ਜੋ ਵੀ ਉਸ ਦੇ ਲਾਗੇ ਹੁੰਦਾ ਹੈ ਅਤੇ ਮੂਰਖ ਬੰਦਾ ਢੋਲ਼ ਦੀ ਤਰ੍ਹਾਂ ਹੁੰਦਾ ਹੈ ਜੋ ਵੱਜਦਾ ਬਹੁਤ ਹੈ ਪਰ ਅੰਦਰੋਂ ਖਾਲੀ ਹੁੰਦਾ ਹੈ। ਮੂਰਖ ਬੋਲਦਾ ਬਹੁਤ ਹੈ ਪਰ ਦੂਜੇ ਦੇ ਪੱਲੇ ਕੁਝ ਨਹੀਂ ਪਾਉਂਦਾ। ਸਿਆਣੇ ਬੰਦੇ ਕੋਲ਼ ਬੈਠਣ ਨਾਲ਼ ਹੀ ਬੜਾ ਕੁਝ ਮਿਲ਼ ਜਾਂਦਾ ਹੈ। ਗਿਆਨੀ ਸੰਤੋਖ ਸਿੰਘ ਨਿਘੇ ਸੁਭਾ ਦੇ ਮਾਲਕ, ਮਿਠ ਬੋਲੜੇ, ਗੁਣਾਂ ਦੀ ਖਾਨ, ਕਲਮ ਦੇ ਧਨੀ ਹਨ। ਗਿਆਨੀ ਜੀ ਕੋਲ਼ ਜਿਥੇ ਗੁਰਮਤਿ ਗਿਆਨ, ਸਾਹਿਤਕ ਗਿਆਨ, ਇਤਿਹਾਸ, ਪੰਜਾਬੀ ਭਾਸ਼ਾ ਸਬੰਧੀ ਜਾਣਕਾਰੀ ਹੈ ਓਥੇ ਇਹਨਾਂ ਕੋਲ਼ ਜ਼ਿੰਦਗੀ ਦੇ ਵਡਮੁੱਲੇ ਤਜਰਬੇ ਵੀ ਹਨ। ਇਹਨਾਂ ਨੂੰ ਆਪਣੇ ਜੀਵਨ ਵਿਚ ਵੱਖ ਵੱਖ ਪੰਥਕ ਸ਼ਖ਼ਸੀਅਤਾਂ, ਸਿੱਖ ਵਿਦਵਾਨਾਂ, ਰਾਜਨੀਤਕ ਲੋਕਾਂ ਨਾਲ਼ ਵਿਚਰਨ ਦਾ ਮੌਕਾ ਮਿਲ਼ਿਆ ਹੈ।

ਜਦੋਂ ਮੇਰੀ ਗਿਆਨੀ ਜੀ ਨਾਲ਼ ਮੁਲਾਕਾਤ ਹੋਈ ਤਾਂ ਇਹਨਾਂ ਨੇ ਮੈਨੂੰ ਆਪਣੀ ਕਿਤਾਬ 'ਸਚੇ ਦਾ ਸਚਾ ਢੋਆ' ਪੜ੍ਹਨ ਲਈ ਦਿਤੀ ਤੇ ਆਖਿਆ, "ਧਿਆਨ ਨਾਲ਼ ਪੜੀਂ। ਜੇ ਕੁਝ ਤਰਮੀਮ ਕਰਨ ਵਾਲ਼ਾ ਹੋਇਆ ਤਾਂ ਜ਼ਰੂਰ ਦੱਸੀਂ।" ਸੰਸਾਰ ਵਿਚ ਏਦਾਂ ਦੇ ਬਹੁਤ ਲੋਕ ਹੁੰਦੇ ਹਨ ਜੋ ਆਪਣੀ ਸਿਫ਼ਤ ਵਡਿਆਈ ਹੀ ਸੁਣਨੀ ਚਾਹੁੰਦੇ ਹਨ ਪਰ ਆਪਣੀ ਆਲੋਚਨਾ ਨਹੀਂ ਸੁਣ ਸਕਦੇ ਪਰ ਗਿਆਨੀ ਜੀ ਦੀ ਖ਼ੂਬੀ ਹੈ ਕਿ ਜੇ ਕੋਈ ਇਹਨਾਂ ਦੀ ਆਲੋਚਨਾ ਵੀ ਕਰੇ ਤਾਂ ਖਿੜੇ ਮੱਥੇ ਸਵੀਕਾਰ ਕਰਦੇ ਹਨ ਅਤੇ ਸਹੀ ਸੁਝਾ ਲਿਖਤ ਵਿਚ ਵੀ ਸ਼ਾਮਲ ਕਰ ਲੈਂਦੇ ਹਨ। ਮੈਂ ਇਹਨਾਂ ਦੀ ਦਿਤੀ ਹੋਈ

ਕਿਤਾਬ ਬੜੇ ਧਿਆਨ ਨਾਲ਼ ਪੜ੍ਹੀ । ਮੈਨੂੰ ਉਹ ਬੜੀ ਜਾਣਕਾਰੀ ਭਰਪੂਰ ਤੇ ਸੁਆਦਲੀ ਜਿਹੀ ਲੱਗੀ ਤੇ ਨਾਲ਼ ਹੀ ਮੈਂ ਕੁਝ ਇਸ ਕਿਤਾਬ ਦੇ ਸਬੰਧ ਵਿਚ ਰਾਏ ਦੇਣੀ ਵੀ ਜ਼ਰੂਰੀ ਸਮਝੀ ਤੇ ਬਾਅਦ ਵਿਚ, ਫ਼ੋਨ ਰਾਹੀਂ ਆਪਣੀ ਤੁੱਛ ਬੁਧੀ ਅਨੁਸਾਰ ਕੁਝ ਤਰਮੀਮ ਕਰਨ ਬਾਰੇ ਵੀ ਆਖਿਆ ਤਾਂ ਇਹਨਾਂ ਉਸ ਸੁਝਾ ਨੂੰ ਬੜੇ ਖਿੜੇ ਮੱਥੇ ਪ੍ਰਵਾਨ ਕੀਤਾ।

ਗਿਆਨੀ ਜੀ ਕੋਲ਼ ਪੰਜਾਬੀ ਭਾਸ਼ਾ ਦੇ ਸਬੰਧ ਵਿਚ ਅਤੇ ਗੁਜ਼ਰ ਚੁੱਕੇ ਸਿੱਖ ਰਾਜਨੀਤੀਵਾਨਾਂ ਬਾਰੇ ਕਾਫ਼ੀ ਜਾਣਕਾਰੀ ਹੈ। ਮੇਰੇ ਕੁਝ ਦਿਨ ਇਹਨਾਂ ਦੀ ਸੰਗਤ ਵਿਚ ਰਹਿਣ ਸਮੇ, ਇਹਨਾਂ ਤੋਂ ਮੈਨੂੰ ਕਾਫ਼ੀ ਜਾਣਕਾਰੀ ਪ੍ਰਾਪਤ ਹੋਈ।

ਅਕਾਲ ਪੁਰਖ ਇਹਨਾਂ ਦੀ ਕਲਮ ਨੂੰ ਹੋਰ ਬਲ ਬਖ਼ਸ਼ੇ ਤੇ ਇਹ ਆਪਣੀ ਕਲਮ ਨਾਲ਼ ਏਸੇ ਤਰ੍ਹਾਂ ਕੌਮ ਦੀ ਸੇਵਾ ਕਰਦੇ ਰਹਿਣ!



# ਭਰੀ ਦੁਪਹਿਰੇ ਗਿਆਨੀ ਜੀ ਮੈਨੂੰ ਮਿਲ਼ਣ ਆਏ

ਪ੍ਰੋ. ਪਿਆਰਾ ਸਿੰਘ ਭੋਗਲ
੬੨੮ ਗਰੀਨ ਮਾਡਲ ਟਾਊਨ,
ਜਲੰਧਰ ਸ਼ਹਿਰ
ਮੋਬਾਇਲ: ੯੮੭੨੦ ੪੨੬੧੧,

ਘਰ: ੦੧੮੧ ੨੪੪੨੬੧੧

ਮਈ ੨੦੧੨ ਵਾਲ਼ੇ ਇਕ ਦਿਨ ਦੀ ਭਰਵੀਂ ਦੁਪਹਿਰ ਵਿਚ, ਆਸਟ੍ਰੇਲੀਆ ਨਿਵਾਸੀ ਗਿਆਨੀ ਸੰਤੋਖ ਸਿੰਘ ਜੀ, ਆਪਣੇ ਅਗਲੀ ਪੀਹੜੀ ਦੇ ਦੋ ਲੇਖਕ ਸਾਥੀਆਂ, ਸ. ਹਰਭਜਨ ਸਿੰਘ ਵਕਤਾ ਅਤੇ ਸ. ਲਖਵਿੰਦਰ ਸਿੰਘ ਹਵੇਲੀਆਣਾ ਸਮੇਤ, ਮਿਲਣ ਮੇਰੇ ਦਫ਼ਤਰ ਵਿਚ ਆਏ। ਮੈਨੂੰ ਮਿਲਣ ਦਾ ਉਚੇਚਾ ਯਤਨ ਉਹਨਾਂ ਨੇ ਇਸ ਲਈ ਕੀਤਾ ਕਿ ਕੁਝ ਸਮਾ ਪਹਿਲਾਂ ਉਹਨਾਂ ਦੀ ਇਕ ਕਿਤਾਬ 'ਉਜਲ ਕੈਹਾਂ ਚਿਲਕਣਾ' ਦੀ ਪ੍ਰਸੰਸਾ ਵਿਚ ਮੈ ਕੁਝ ਸਬਦ ਆਖ ਦਿਤੇ ਸਨ। ਇਸ ਲਈ ਉਹ ਆਪਣੀਆਂ ਅਗਲੀਆਂ ਦੋ ਕਿਤਾਬਾਂ ਮੈਨੂੰ ਭੇਟਾ ਕਰਨ ਵਾਸਤੇ ਆਏ।

ਉਹਨਾਂ ਵੱਲੋਂ ਮੈਨੂੰ ਭੇਟਾ ਕੀਤੀਆਂ ਗਈਆਂ ਦੋ ਕਿਤਾਬਾਂ ਵਿਚੋਂ 'ਜੋ ਵੇਖਿਆ ਸੋ ਆਖਿਆ' ਨਾਮੀ ਛੋਟੀ ਕਿਤਾਬ ਮੈਨੂੰ ਵਧੇਰੇ ਚੰਗੀ ਲੱਗੀ। ਇਸ ਵਿਚ 'ਸੰਤ ਫ਼ਤਿਹ ਸਿੰਘ ਜੀ' ਵਾਲਾ ਲੇਖ ਸਭ ਤੋਂ ਉੱਤਮ ਨਿਬੰਧ ਹੈ। ਜਥੇਦਾਰ ਉਮਰਾ ਨੰਗਲ਼ ਅਤੇ ਸ. ਗੁਰਚਰਨ ਸਿੰਘ ਟੌਹੜਾ ਵਾਲੇ ਲੇਖ ਵੀ ਮੈਂ ਇਸ ਕਿਤਾਬ ਵਿਚੋਂ ਪੜ੍ਹੇ ਹਨ ਪਰ ਇਹ ਮੈਨੂੰ ਅਧੂਰੇ ਲੱਗੇ ਹਨ। ਸੰਤ ਜੀ ਬਾਰੇ ਆਪਣੇ ਪ੍ਰਭਾਵ ਅਤੇ ਯਾਦਾਂ ਗਿਆਨੀ ਜੀ ਨੇ ਖੁਲ੍ਹ ਕੇ ਵਰਨਣ ਕੀਤੇ ਹਨ ਪਰ ਸਰਦਾਰ ਟੌਹੜਾ ਤੇ ਜਥੇਦਾਰ ਉਮਰਾਨੰਗਲ਼ ਬਾਰੇ ਗਿਆਨੀ ਜੀ ਦੇ ਮਨ ਵਿਚ ਬਹੁਤ ਕੁਝ ਹੈ ਪਰ ਉਹ ਸਾਰਾ ਕੁਝ ਕਹਿਣ ਤੋਂ ਝਿਜਕਦੇ ਹਨ।

ਇਸ ਪੁਸਤਕ ਵਿਚ ਹੇਠ ਲਿਖੇ ਚਾਰ ਲੇਖ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਬਹੁਤ ਮਹੱਤਵਸ਼ੀਲ ਹਨ:

੧. ਪੰਜਾਬੀ ਸ਼ਬਦ ਜੋੜਾਂ ਦੀ ਸਰਲਤਾ ਤੇ ਸਮਾਨਤਾ
੨. ਅੱਧਕ ਵਿਚਾਰਾ ਕੀ ਕਰੇ?
੩. ਜੱਜੇ ਦੀਆਂ ਲੱਤਾਂ ਵਿਚ ਆ ਅੜੀ ਬੇਲੋੜੀ ਬਿੰਦੀ
੪. ਅੱਧੇ ਹਾਹੇ ਦੀ ਅਯੋਗ ਵਰਤੋਂ

ਇਹ ਚਾਰੇ ਲੇਖ, ਖਾਸ ਤੌਰ ਤੇ ਅਖੀਰਲੇ ਦੋ ਲੇਖ, ਪੰਜਾਬੀ ਭਾਸ਼ਾ ਬਾਰੇ

ਗਿਆਨੀ ਜੀ ਦੀ ਚਿੰਤਾ ਅਤੇ ਚਿੰਤਨ ਪ੍ਰਗਾਉਂਦੇ ਹਨ। ਮੈਂ ਇਹਨਾਂ ਦੀ ਪ੍ਰਸੰਸਾ ਕਰਦਾ ਹਾਂ ਪਰ ਗਿਆਨੀ ਜੀ ਦੀ ਵਿਸੇਸ਼ਤਾ ਦਾ ਖੇਤਰ ਉਹਨਾਂ ਦੀਆਂ ਨਿਜੀ ਯਾਦਾਂ ਹਨ; ਪਹਿਲਾਂ ਰਾਜਨੀਤਕ ਅਤੇ ਹੁਣ ਦੁਨੀਆ ਭਰ ਵਿਚ ਹਾਸਲ ਕੀਤੇ ਅਨੁਭਵਾਂ ਬਾਰੇ ਯਾਦਾਂ। ਇਹਨਾਂ ਯਾਦਾਂ ਨੂੰ ਲਿਖਤ ਵਿਚ ਲਿਆਉਂਦਿਆਂ ਚੇਤੰਨ ਹੋ ਕੇ ਲਿਖਣ ਦੀ ਲੋੜ ਹੈ; ਸੱਚ, ਨਿਰਪੱਖ ਅਤੇ ਸੰਤੁਲਤ।

ਮੈਂ ਤਾਂ ਸਮਝਦਾ ਹਾਂ ਕਿ ਜੇਕਰ ਗਿਆਨੀ ਜੀ ਉਮਰ ਭਰ ਦੇ ਆਪਣੇ ਅਨੁਭਵਾਂ ਨੂੰ ਆਧਾਰ ਬਣਾ ਕੇ, ਸਵੈਜੀਵਨੀ ਲਿਖਣ ਤਾਂ ਬਹੁਤ ਪਸੰਦ ਕੀਤੀ ਜਾਵੇਗੀ।

ਗਿਆਨੀ ਜੀ ਪਾਸ ਗਿਆਨ ਦਾ ਭੰਡਾਰ ਬੜਾ ਹੈ; ਸਿਰਫ਼ ਜੁੰਮੇਵਾਰ ਅਤੇ ਨਿਪੁੰਨ ਲੇਖਕ ਵਾਲ਼ੀ ਪਹੁੰਚ ਅਪਨਾਉਣ ਦੀ ਲੋੜ ਹੈ।

ਮਈ ੨੮, ੨੦੧੨



# ਹਾਸੇ ਵਿਚ ਹੀ ਵੱਡੀਆਂ ਗੱਲਾਂ ਕਰ ਜਾਣ ਵਾਲੇ

ਗਿਆਨੀ ਹਰਜਿੰਦਰ ਸਿੰਘ ਰਾਗੀ
ਇੰਟਰਨੈਸ਼ਨਲ ਸਿੱਖ ਮਿਸ਼ਨਰੀ
ਹੰਬੜਾਂ ( ਲੁਧਿਆਣਾ)

ਜਿਥੇ ਸਿੱਖ ਸਮਾਜ ਵਿਚ ਬੜੇ ਬੜੇ ਸੂਰਬੀਰ, ਦਾਨੀ, ਯੋਧੇ ਪੈਦਾ ਹੋਏ ਓਥੇ ਵਿਦਵਾਨ ਵੀ ਪੈਦਾ ਹੋਏ ਜਿਨ੍ਹਾਂ ਦੀ ਸਿੱਖ ਸਮਾਜ ਨੂੰ ਬਹੁਤ ਦੇਣ ਹੈ; ਕਿਉਂਕਿ ਇਹਨਾਂ ਤੋਂ ਬਿਨਾ ਸਿੱਖ ਧਰਮ ਦੇ ਅਸਲੀ ਪਹਿਲੂ ਦੁਨੀਆਂ ਦੇ ਸਾਹਮਣੇ ਨਹੀ ਆ ਸਕਦੇ। ਜਿਥੇ ਭਾਈ ਸੰਤੋਖ ਸਿੰਘ ਜੀ ਚੂੜਾਮਣੀ, ਭਾਈ ਕਾਹਨ ਸਿੰਘ ਨਾਭਾ, ਪ੍ਰਿੰ. ਸਾਹਿਬ ਸਿੰਘ, ਗਿ: ਸੋਹਣ ਸਿੰਘ ਸੀਤਲ, ਪ੍ਰਿੰ: ਗੰਗਾ ਸਿੰਘ, ਸ: ਅਮਰ ਸਿੰਘ ਦੋਸਾਂਝ ਜਿਹੇ ਮਹਾਨ ਲਿਖਾਰੀਆਂ ਤੇ ਬੁਲਾਰਿਆਂ ਦੇ ਨਾਮ ਬੜੇ ਸਤਿਕਾਰ ਨਾਲ਼ ਲਏ ਜਾਂਦੇ ਹਨ, ਇਹਨਾਂ ਦੀ ਹੀ ਕੜੀ ਵਿਚੋਂ, ਗੁਰਬਾਣੀ ਦੇ ਮਹਾਨ ਵਿਆਖਿਆਕਾਰ ਪ੍ਰਿੰ: ਸਾਹਿਬ ਸਿੰਘ ਜੀ ਹੋਰਾਂ ਦੇ ਵਿਦਿਆਰਥੀ, ਗਿ: ਸੰਤੋਖ ਸਿੰਘ ਜੀ ਅੰਮ੍ਰਿਤਸਰ, ਹਾਲ ਸਿਡਨੀ ਨਿਵਾਸੀ, ਵੀ ਇਕ ਹਨ, ਜੋ ਕਿ ਸਮੇ ਸਮੇ ਸਿੱਖ ਕੌਮ ਨਾਲ਼ ਹੋ ਰਹੀਆਂ ਵਧੀਕੀਆਂ, ਵੀਹਵੀਂ ਸਦੀ ਵਿਚ ਕੌਮ ਨਾਲ਼ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਦਾ ਵੇਰਵਾ ਸਿੱਖ ਸਟੇਜਾਂ ਤੋਂ ਇਲਾਵਾ, ਵਿਦੇਸ਼ਾਂ ਵਿਚ ਛਪ ਰਹੇ ਅਖ਼ਬਾਰਾਂ, ਜਿਹਾ ਕਿ ਆਪਣੇ ਪਰਚੇ 'ਸਿੱਖ ਸਮਾਚਾਰ' (ਸਿਡਨੀ), ਇੰਡੋ ਟਾਈਮਜ਼ (ਮੈਲਬਰਨ), ਪੰਜਾਬ ਟਾਈਮਜ਼ (ਸਿਡਨੀ), ਦੇਸ ਪਰਦੇਸ (ਲੰਡਨ), ਅਜੀਤ ਵੀਕਲੀ (ਟਰਾਂਟੋ) ਆਦਿ ਰਾਹੀਂ ਜਨਤਾ ਤੱਕ ਪੁਚਾਉਂਦੇ ਰਹਿੰਦੇ ਹਨ।

ਗਿਆਨੀ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਸੂਰੋ ਪੱਡਾ ਵਿਚ, ਭਾਈ ਗਿਆਨ ਸਿੰਘ ਜੀ ਅਤੇ ਮਾਤਾ ਜਸਵੰਤ ਕੌਰ ਜੀ ਦੇ ਘਰ, ੧੯੪੩ ਵਿਚ ਹੋਇਆ। ਗੁਰਮੁਖੀ ਅਤੇ ਗੁਰਬਾਣੀ ਦੀ ਮੁਢਲੀ ਸਿਖਿਆ, ਖੇਤੀ ਦਾ ਕੰਮ ਕਰਦਿਆਂ, ਘਰ ਵਿਚ ਪਿਤਾ ਜੀ, ਭਾਈ ਗਿਆਨ ਸਿੰਘ ਜੀ ਪਾਸੋਂ ਹੀ ਪ੍ਰਾਪਤ ਕੀਤੀ ਜੋ ਕਿ ਬ੍ਰਹਮ ਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਪਾਸੋਂ ਪੜ੍ਹੇ ਸਨ।

ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਤਿੰਨ ਸਾਲਾ ਕੀਰਤਨ ਦੇ ਕੋਰਸ ਦੌਰਾਨ ਜਿਥੇ ਆਪ ਜੀ ਨੇ ਉਸ ਸਮੇ ਦੇ ਗੁਰਮਤਿ ਸੰਗੀਤ ਦੇ ਕਾਬਲ ਅਧਿਆਪਕ ਪ੍ਰੋ.

ਰਾਜਿੰਦਰ ਸਿੰਘ ਜੀ ਪਾਸੋਂ ਸ਼ਾਸਤਰੀ ਵਿਧੀ ਦੁਆਰਾ ਗੁਰਮਤਿ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ ਓਥੇ ਗੁਰਬਾਣੀ ਵਿਆਕਰਣ ਦੇ ਕਰਤਾ, ਪ੍ਰਿੰ. ਸਾਹਿਬ ਸਿੰਘ ਜੀ ਪਾਸੋਂ ਧਾਰਮਿਕ ਗਿਆਨ ਵੀ ਬੜੀ ਲਗਨ ਸਹਿਤ ਹਾਸਲ ਕੀਤਾ।

ਉਪ੍ਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ, ਆਪ ਜੀ ਨੇ ੧੨ ਸਾਲ ਵੱਖ ਵੱਖ ਅਹੁਦਿਆਂ ਉਪਰ ਸਫਲਤਾ ਸਹਿਤ ਸੇਵਾ ਕੀਤੀ। ਇਸ ਸੇਵਾ ਦੇ ਸਮੇ ਹੀ ਆਪਣੇ ਬਹੁ-ਪੱਖੀ ਗਿਆਨ ਨੂੰ ਵਧਾਉਣ ਵਿਚ ਕੋਈ ਕਸਰ ਨਾ ਛੱਡੀ। ਗੁਰਬਾਣੀ, ਇਤਿਹਾਸ, ਸਾਹਿਤ, ਭਾਸ਼ਾ ਆਦਿ ਦੇ ਨਾਲ਼ ਨਾਲ਼, ਦੁਨੀਆਂ ਦੀ ਚਲੰਤ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਾ ਜਾਣ ਦਿਤਾ। ਇਸ ਦੌਰਾਨ ਆਪ ਜੀ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ, ਸ੍ਰੀ ਮਾਨ ਸੰਤ ਫ਼ਤਿਹ ਸਿੰਘ ਜੀ, ਸੰਤ ਚੰਨਣ ਸਿੰਘ ਜੀ ਭਗਤ ਪੂਰਨ ਸਿੰਘ ਅਤੇ ਹੋਰ ਬੇਅੰਤ ਵਿਦਵਾਨਾਂ ਦੇ ਸੰਪਰਕ ਵਿਚ ਆਏ। ਇਹਨਾਂ ਮਹਾਨ ਕੌਮੀ ਆਗੂਆਂ ਅਤੇ ਵਿਦਵਾਨਾਂ ਦੀ ਰਹਿਨੁਮਾਈ ਨੇ ਗਿਅਨੀ ਜੀ ਦਾ ਕੌਮੀ ਨਜ਼ਰੀਆ ਵਿਸ਼ਾਲ ਕਰਨ ਵਿਚ ਭਾਰੀ ਹਿੱਸਾ ਪਾਇਆ।

੧੯੭੩ ਵਿਚ ਮਲਾਵੀ ਸਿੱਖ ਐਸੋਸੀਏਸ਼ਨ ਦੇ ਸੱਦੇ ਉਪਰ ਆਪ ਜੀ ਮਲਾਵੀ ਚਲੇ ਗਏ। ਸ਼੍ਰੋਮਣੀ ਗੁ. ਪ੍ਰ. ਕਮੇਟੀ ਦੀ ਪ੍ਰਚਾਰਕ ਦੀ ਸੇਵਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਪੋਸਟ ਗ੍ਰੈਜੂਏਟ ਦੀ ਡਿਗਰੀ ਦੀ ਪੜ੍ਹਾਈ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਪੀ. ਏ. ਦੀ ਪੇਸ਼ਕਸ ਵਿਚੇ ਛੱਡ ਕੇ, ਜਿਥੇ ਦੂਰ-ਦੁਰਾਡੇ ਅਫ਼੍ਰੀਕਾ ਵਿਚ ਸਿੱਖੀ ਪ੍ਰਚਾਰ ਦੀ ਲੋੜ ਸੀ, ਓਥੇ ਜਾਣਾ ਕੌਮੀ ਭਲਾਈ ਸਮਝ ਕੇ, ਯੋਗ ਜਾਣਿਆਂ ਅਤੇ ਆਪਣੇ ਨਿਜੀ, ਵਿਦਿਅਕ ਅਤੇ ਰਾਜਸੀ ਹਿਤਾਂ ਦਾ ਖਿਆਲ ਨਾ ਕੀਤਾ। ਓਦੋਂ ਤੋਂ ਲੈ ਕੇ ਆਪ ਜੀ ਵਿਦੇਸ਼ੀਂ ਵੱਸਦੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਿੱਖੀ ਧੁਰੇ ਨਾਲ਼ ਜੋੜਨ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ। ਇਸ ਦੌਰਾਨ, ਗਿਆਨੀ ਜੀ ਨੇ ਦੂਰ-ਦੁਰਾਡੇ ਬਹੁਤ ਸਾਰੇ ਦੇਸ਼ਾਂ ਵਿਚ ਵਿਚਰ ਕੇ, ਸਿੱਖੀ, ਗੁਰਬਾਣੀ, ਗੁਰਮੁਖੀ, ਸਿੱਖ ਇਤਿਹਾਸ, ਪੰਜਾਬੀਅਤ, ਨਾਲ਼ ਜੋੜਨ ਦੇ ਯੋਗ ਉਪ੍ਰਾਲੇ ਕੀਤੇ।

ਇਸ ਸਮੇ ਆਪ ਜੀ ਆਪਣੇ ਗੁਰੂ ਵੱਲੋਂ ਬਖ਼ਸੇ ਵਿਸਤ੍ਰਿਤ ਪਰਵਾਰ ਸਮੇਤ ਸਿਡਨੀ ਵਿਖੇ ਨਿਵਾਸ ਕਰਦੇ ਹਨ ਤੇ ਸਮੇ ਸਮੇ, ਆਪਣੀ ਕਲਮ ਅਤੇ ਰਸਨਾ ਦੁਆਰਾ ਮਨੁਖੀ ਭਲਾਈ ਲਈ ਉਪ੍ਰਾਲੇ ਕਰਨ ਲਈ ਕੋਈ ਸਮਾ ਨਹੀ ਖੁੰਝਾਉਂਦੇ। ਜਿਥੇ ਜਿਸ ਵੀ ਸੇਵਾ ਦੀ ਜ਼ਰੂਰਤ ਹੋਵੇ, ਹਰ ਸਮੇ ਸੇਵਾ ਵਾਸਤੇ ਤਿਆਰ-ਬਰ-ਤਿਆਰ ਰਹਿੰਦੇ ਹਨ ਅਤੇ ਤਨ, ਮਨ, ਧਨ ਸਹਿਤ, ਯਥਾ ਸ਼ਕਤਿ ਗੁਰਸਿੱਖੀ ਦੀ ਉਨਤੀ ਵਿਚ ਯੋਗਦਾਨ ਪਾਉਂਦੇ ਰਹਿੰਦੇ ਹਨ। ਗਿ: ਸੰਤੋਖ ਸਿੰਘ ਜੀ ਬਾਰੇ ਆਸਟ੍ਰੇਲੀਆ ਦੇ ਸਿੱਖ ਦੱਸਦੇ ਹਨ ਕਿ ਇਹਨਾਂ ਵਰਗਾ ਪੰਜਾਬੀ ਦਾ ਬੁਲਾਰਾ ਕੋਈ

ਵਿਰਲਾ ਹੀ ਹੋਵੇਗਾ। ਕਿਸੇ ਵੀ ਵਿਚਾਰ ਜਾਂ ਨੁਕਤੇ ਨੂੰ ਸਪੱਸ਼ਟਤਾ ਸਹਿਤ ਸੁਣਨਾ ਜਾਂ ਪੜ੍ਹਨਾ ਹੋਵੇ ਤਾਂ ਇਸ ਪੱਖ ਤੋਂ ਗਿਆਨੀ ਜੀ ਸਰਲ ਭਾਸ਼ਾ ਤੇ ਵਿਸ਼ਾਲ ਇਤਿਹਾਸਕ, ਧਾਰਮਿਕ ਗਿਆਨ ਸੰਯੁਕਤ ਹਵਾਲਿਆਂ ਨਾਲ਼ ਸਪੱਸ਼ਟ ਕਰਨ ਦੀ ਖਾਸ ਯੋਗਤਾ ਰੱਖਦੇ ਹਨ।

ਭਾਵੇਂ ਕਿ ਆਪ ਜੀ ਖ਼ੁਦ ਪੰਥ-ਪ੍ਰਵਾਨਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋ ਕੇ ਲਾਗੂ ਹੋਈ ਸਿੱਖ ਰਹਿਤ ਮ੍ਰਯਾਦਾ ਦੇ, ਨਾ ਕੇਵਲ ਹਿਮਾਇਤੀ ਹੀ ਹਨ ਸਗੋਂ ਇਸ ਪੰਥਕ ਮਰਯਾਦਾ ਤੇ ਪਹਿਰਾ ਦੇਣ ਦਾ ਯਤਨ ਵੀ ਕਰਦੇ ਹਨ; ਪਰ ਸਾਰੀਆਂ ਪੰਥਕ ਸੰਸਥਾਵਾਂ, ਸੰਪਰਦਾਵਾਂ, ਸੰਤਾਂ, ਮਹਾਂਪੁਰਸ਼ਾਂ, ਗੁਣੀਆਂ, ਗਿਆਨੀਆਂ, ਰਾਗੀਆਂ, ਢਾਡੀਆਂ, ਪ੍ਰਚਾਰਕਾਂ, ਕੌਮੀ ਸੇਵਕਾਂ ਦਾ ਯਥਾਯੋਗ ਸਨਮਾਨ ਕਰਦੇ ਹਨ ਤੇ ਹਰ ਸੰਭਵ ਸਹਾਇਤਾ ਲਈ ਵੀ ਸਦਾ ਤਤਪਰ ਰਹਿੰਦੇ ਹਨ। ਗਿਆਨੀ ਜੀ ਹਰੇਕ ਵਿਅਕਤੀ ਅਤੇ ਜਥੇਬੰਦੀ ਨੂੰ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਂਰਾਜ ਦੇ 'ਨਿਰਮਲ ਪੰਥ' ਦਾ ਮਹੱਤਵਪੂਰਣ ਅੰਗ ਮੰਨਦੇ ਹਨ।

ਗਿਆਨੀ ਜੀ ਦਾ ਨਜ਼ਰੀਆ ਵਿਸ਼ਾਲ ਹੈ ਤੇ ਇਸ ਦਾ ਘੇਰਾ, ਪਰਮਾਤਮਾ ਦੀ ਸਾਜੀ ਸਾਰੀ ਸ੍ਰਿਸ਼ਟੀ ਤੱਕ ਹੈ। ਜਿਥੇ ਆਪ ਜੀ ਪਰਮਾਤਮਾ ਦੀ ਸਾਜੀ ਸ੍ਰਿਸ਼ਟੀ ਨੂੰ, "ਦੁਨੀ ਸੁਹਾਵਾ ਬਾਗ॥" ਅਨੁਭਵ ਕਰਦੇ ਹਨ ਓਥੇ ਗੁਰੂ ਨਾਨਕ ਜੀ ਦੇ ਪੰਥ ਨੂੰ, ਇਸ ਮਹਾਨ ਬਾਗ ਦੀ ਇਕ ਵਿਲੱਖਣ ਫੁਲਵਾੜੀ ਸਮਝ ਕੇ, ਹਰੇਕ ਸਿੱਖ ਬੱਚੇ ਬੱਚੀ ਨੂੰ ਇਸ ਫੁਲਵਾੜੀ ਦਾ ਫੁੱਲ ਸਮਝਦੇ ਹਨ ਜੋ ਕਿ ਆਪਣੀ ਵਿਕੋਲਿਤਰੀ ਆਭਾ ਨਾਲ਼ ਇਸ ਦੇ ਸੁਹੱਪਣ ਵਿਚ ਵਾਧਾ ਕਰ ਰਿਹਾ ਹੈ।



ਮਨੁੱਖਤਾ ਨੂੰ ਸਮਰਪਤ:

# ਇਕ ਨਿਰਮਾਣ ਸ਼ਖ਼ਸੀਅਤ

ਮਾਸਟਰ ਮਨਮੋਹਨ ਸਿੰਘ ਖੇਲਾ

ਵਿਦੇਸ਼ ਆਉਣ ਤੋਂ ਪਹਿਲਾਂ ਮਨ ਵਿਚ ਵਿਦੇਸ਼ ਵੇਖਣ ਦਾ ਬਹੁਤ ਹੀ ਚਾ ਸੀ। ਏਥੇ ਆ ਕੇ ਪਹਿਲਾਂ ਪਹਿਲ ਬਹੁਤ ਹੀ ਵਧੀਆ ਲੱਗਾ ਪਰ ਹੌਲ਼ੀ ਹੌਲ਼ੀ ਸਾਰਾ ਚਾ ਮੱਠਾ ਜਿਹਾ ਪੈ ਗਿਆ ਕਿਉਂਕਿ ਮੈਨੂੰ ਭਾਸਿਆ ਕਿ ਏਥੇ ਮੇਰੇ ਵਰਗੇ ਬੰਦੇ ਦੀ ਕੋਈ ਸੋਸ਼ਲ ਲਾਈਫ਼ ਨਹੀਂ ਹੈ। ਏਥੇ ਕੰਮਾਂ ਕਾਰਾਂ ਦੀ ਭੱਜ ਦੌੜ ਲੱਗੀ ਹੋਈ ਹੈ। ਕੋਈ ਸਵੇਰ ਨੂੰ ਦੌੜ ਰਿਹਾ ਹੈ, ਕੋਈ ਦੁਪਹਿਰ ਨੂੰ। ਕੋਈ ਆਥਣ ਨੂੰ ਭੱਜ ਰਿਹਾ ਹੈ ਤੇ ਕੋਈ ਰਾਤ ਨੂੰ। ਘਰ ਦੇ ਕਈ ਮੈਂਬਰ ਵੀ ਹਫ਼ਤੇ ਜਾਂ ਦੋ ਹਫ਼ਤੇ ਬਾਅਦ ਹੀ ਆਪਸ ਵਿਚ ਮਿਲ਼ਦੇ ਹਨ। ਮੈਨੂੰ ਭਾਸਿਆ ਕਿ ਏਥੇ ਵੇਹਲੇ ਬੰਦੇ ਲਈ, ਜਿਸ ਪਾਸ ਕੋਈ ਕੰਮ ਨਹੀਂ ਹੈ, ਤੇ ਖਾਸ ਕਰਕੇ ਜਿਸ ਨੂੰ ਅੰਗ੍ਰੇਜ਼ੀ ਬੋਲਣ, ਲਿਖਣ ਤੇ ਪੜ੍ਹਨ ਦੀ ਦਿੱਕਤ ਹੋਵੇ, ਟਾਈਮ ਪਾਸ ਕਰਨਾ ਬਹੁਤ ਔਖਾ ਹੈ; ਪਰ ਜਦੋਂ ਅਸੀਂ ਗੁਰਦੁਆਰਾ ਸਾਹਿਬ ਗਲੈਨਵੁੱਡ (ਸਿਡਨੀ) ਜਾਣਾ ਸ਼ੁਰੂ ਕੀਤਾ ਤਾਂ ਓਥੇ ਆਪਣਿਆਂ ਨੂੰ ਮਿਲ਼ ਕੇ ਬਹੁਤ ਹੀ ਵਧੀਆ ਲੱਗਣ ਲੱਗਾ ਤੇ ਮਨ ਨੂੰ ਬਹੁਤ ਹੀ ਸ਼ਾਂਤੀ ਤੇ ਸਕੂਨ ਮਿਲ਼ਿਆ। ਕੁਝ ਸਮੇ ਬਾਅਦ ਜਦੋਂ ਏਥੇ ਵੀ ਚੁਗਲੀ, ਸਾੜਾ, ਨਫ਼ਰਤ, ਦੂਜਿਆਂ ਦੀਆਂ ਲੱਤਾਂ ਖਿੱਚਣੀਆਂ ਅਤੇ ਆਪਣੇ ਆਪ ਦੀ ਹੀ ਵਡਿਆਈ ਕਰਵਾਉਣ ਵਾਲ਼ੇ 'ਗੁਣ' ਲੋਕਾਂ ਵਿਚ ਵੇਖੇ ਤਾਂ ਦਿਲ ਉਚਾਟ ਹੋ ਗਿਆ ਤੇ ਮਨ ਪਛਤਾਉਣ ਲੱਗਾ ਕਿ ਸਾਨੂੰ ਏਥੇ ਨਹੀਂ ਸੀ ਆਉਣਾ ਚਾਹੀਦਾ; ਅਸੀਂ ਪੰਜਾਬ ਵਿਚ ਹੀ ਠੀਕ ਸਾਂ ਪਰ ਅਚਨਚੇਤ ਹੀ ਨਵਾਂ ਸ਼ਹਿਰ ਵਾਲ਼ੇ ਭਾਈ ਜਸਵਿੰਦਰ ਸਿੰਘ, ਭਾਈ ਇਕਬਾਲ ਸਿੰਘ ਹਾਰਟਾ ਅਤੇ ਭਾਈ ਸਤਪਾਲ ਸਿੰਘ ਹੋਰਾਂ ਦਾ ਹਜ਼ੂਰੀ ਰਾਗੀ ਜਥਾ, ਗੁਰਦੁਆਰਾ ਸਾਹਿਬ ਗਲੈਨਵੁੱਡ ਹੋਰਾਂ ਨੂੰ ਜਦੋਂ ਮੈਂ ਗੁਰਦੁਆਰਾ ਸਾਹਿਬ ਵਿਚ ਮਿਲ਼ ਰਿਹਾ ਸਾਂ ਤਾਂ ਗਿਆਨੀ ਸੰਤੋਖ ਸਿੰਘ ਜੀ ਨਾਲ਼ ਵੀ ਅਚਾਨਕ ਮੁਲਾਕਾਤ ਹੋ ਗਈ ਤੇ ਉਹਨਾਂ ਨਾਲ਼ ਕਾਫ਼ੀ ਵਿਚਾਰ ਵਟਾਂਦਰਾ ਵੀ ਹੋਇਆ। ਗਿਆਨੀ ਜੀ ਨੇ ਮੈਨੂੰ ਪਹਿਲੀ ਮਿਲਣੀ ਵਿਚ ਹੀ ਕਾਇਲ ਕਰ ਲਿਆ ਤੇ ਇਹੋ ਜਿਹੀਆਂ ਦਲੀਲਾਂ ਤੇ ਗੁਰਬਾਣੀ ਦੀਆਂ ਤੁਕਾਂ ਨਾਲ਼ ਮੈਨੂੰ ਸਮਝਾਇਆ ਕਿ ਮੈਨੂੰ ਆਸਟ੍ਰੇਲੀਆ ਦੀ ਤਸਵੀਰ ਦਾ ਦੂਜਾ ਪਾਸਾ ਵਿਖਾ ਦਿਤਾ।

ਆਸਟ੍ਰੇਲੀਆ ਵਿਚ ਵਾਕਿਆ ਹੀ ਗਿਆਨੀ ਜੀ ਗਿਆਨ ਦੇ ਅਤੇ ਸੱਜਣਤਾਈ ਦੇ ਬਹੁਤ ਹੀ ਵੱਡੇ ਭੰਡਾਰ ਹਨ। ਫਿਰ ਮੈਂ ਬਿਨਾ ਨਾਗਾ ਗੁਰਦੁਆਰਾ ਸਾਹਿਬ ਜਾਣਾ ਸ਼ੁਰੂ ਕਰ ਦਿਤਾ। ਗਿਆਨੀ ਜੀ ਹੋਰਾਂ ਵੱਲੋਂ ਕਦੀ ਕਦਾਈਂ ਸਟੇਜ ਉਪਰ ਤੇ ਆਮ ਕਰਕੇ ਨਿਜੀ ਤੌਰ ਤੇ ਕੀਤੇ ਜਾਂਦੇ ਬਚਨ ਬਿਲਾਸ ਸੁਣਨੇ ਤਾਂ ਮਨ ਨੂੰ ਬਹੁਤ ਹੀ ਧਰਵਾਸ ਤੇ ਸ਼ਾਂਤੀ ਮਿਲਣੀ। ਜੇ ਇਉਂ ਵੀ ਆਪਾਂ ਕਹਿ ਲਈਏ ਕਿ ਗਿਆਨੀ ਜੀ ਸਿੱਖ ਇਤਿਹਾਸ ਦੀ ਇਕ ਚੱਲਦੀ ਫਿਰਦੀ ਡਿਕਸ਼ਨਰੀ ਹੀ ਨਹੀਂ ਸਗੋਂ 'ਸਫ਼ਲਤਾ ਦੀ ਕੁੰਜੀ' ਹਨ ਤਾਂ  ਇਸ ਗੱਲ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ। ਸਿਡਨੀ ਦੇ ਕੁਝ ਸੂਝਵਾਨ ਨੌਜਵਾਨਾਂ ਨੇ ਇਹਨਾਂ ਨੂੰ ਜੇਹੜਾ 'ਵਾਕਿੰਗ ਇਨਸਾਈਲੋਪੀਡੀਆ ਆਫ਼ ਸਿੱਖਇਜ਼ਿਮ' ਦਾ ਲਕਬ ਦਿਤਾ ਹੋਇਆ ਹੈ, ਇਹ ਗ਼ਲਤ ਨਹੀਂ। ਮੈਲਬਰਨ ਸ਼ਹਿਰ ਦੇ ਸਿੱਖ ਨੌਜਵਾਨ ਤਾਂ ਇਹਨਾਂ ਨੂੰ ਮਖੌਲ ਵਜੋਂ 'ਸਾਈਬਰ ਗਿਆਨੀ' ਵੀ ਆਖਦੇ ਹਨ। ਇਹਨਾਂ ਪਾਸ ਗਿਆਨ ਦਾ ਭੰਡਾਰ ਏਨਾ ਹੈ ਕਿ ਹਰ ਤਰ੍ਹਾਂ ਦੇ ਇਤਿਹਾਸ ਦੀਆਂ ਘਟਨਾਵਾਂ ਨੂੰ, ਥਾਂਵਾਂ ਨੂੰ, ਸਮੇ ਨੂੰ, ਏਥੋਂ ਤੱਕ ਕਿ ਦਿਨਾਂ ਤੇ ਤਰੀਕਾਂ ਨੂੰ ਵੀ ਮੂੰਹ ਜ਼ਬਾਨੀ ਦੱਸ ਦਿੰਦੇ ਹਨ। ਇਹਨਾਂ ਵਿਚ ਇਕ ਹੋਰ ਵੱਡਾ ਗੁਣ ਇਹ ਵੀ ਹੈ ਕਿ ਇਹ ਛੇਤੀ ਕੀਤੇ ਕਿਸੇ ਵੱਲੋਂ ਇਹਨਾਂ ਉਪਰ ਕੀਤੇ ਗਏ ਨਿਜੀ ਸ਼ਬਦੀ ਹਮਲੇ ਦਾ ਵੀ ਗੁੱਸਾ ਨਹੀਂ ਕਰਦੇ; ਸਗੋਂ ਇਹਨਾਂ ਨੂੰ ਬੁਰਾ ਤੇ ਮੰਦਾ ਕਹਿਣ ਵਾਲ਼ੇ ਨੂੰ ਵੀ ਬੜੀ ਹੀ ਨਿਮਰਤਾ ਨਾਲ਼ ਐਸਾ ਜਵਾਬ ਦਿੰਦੇ ਹਨ ਕਿ ਉਹ ਆਪਣੇ ਆਪ ਹੀ ਸ਼ਰਮਸਾਰ ਹੋ ਜਾਂਦਾ ਹੈ। ਮੈਨੂੰ ਯਾਦ ਹੈ ਕਿ ਇਕ ਵਿਆਹ ਦੀ ਰੀਸੈਪਸ਼ਨ ਪਾਰਟੀ ਤੇ, ਸਟੇਜ ਸੈਕਟਰੀ ਵੱਲੋਂ ਇਹਨਾਂ ਨੂੰ, ਮਖੌਲ ਵਜੋਂ ਕੁਝ ਅਢੁਕਵੇਂ ਸ਼ਬਦ ਕਹੇ ਗਏ। ਕੁਝ ਨੌਜਵਾਨ ਉਸ ਨੂੰ ਸੋਧਾ ਲਾਉਣ ਲਈ ਵੀ ਤਿਆਰ ਹੋ ਗਏ ਜਿਨ੍ਹਾਂ ਨੂੰ ਗਿਆਨੀ ਜੀ ਨੇ ਸਮਝਾ ਬੁਝਾ ਕੇ ਰੋਕਿਆ। ਗਿਆਨੀ ਜੀ ਉਸ ਥੋਹੜੀ ਸਮਝ ਵਾਲ਼ੇ ਸੱਜਣ ਨਾਲ਼ ਗੁੱਸੇ ਨਹੀਂ ਹੋਏ ਸਗੋਂ ਆਪਣੇ ਭਾਸ਼ਨ ਦੌਰਾਨ ਦਲੀਲ ਨਾਲ਼ ਉਸ ਨੂੰ ਐਸਾ ਜਵਾਬ ਦਿਤਾ ਕਿ ਉਹ ਸਟੇਜ ਸੁੰਞੀ ਛੱਡ ਕੇ ਦੌੜ ਗਿਆ।

ਕੁਝ ਸਮਾ ਪਹਿਲਾਂ ਇਹਨਾ ਦਾ ਇਕ ਲੇਖ ਕੈਨੇਡਾ ਤੋਂ ਛਪਦੇ ਇਕ ਰਸਾਲੇ ਵਿਚ ਛਪਿਆ ਸੀ ਜੋ ਕਿ ਬਹੁਤ ਹੀ ਵਧੀਆ ਸੀ। ਉਸ ਬਾਰੇ ਇਕ ਸੱਜਣ ਨੇ ਆਲੋਚਨਾ ਕਰਨ ਦੀ ਕੋਸ਼ਿਸ਼ ਕੀਤੀ। ਗਿਅਨੀ ਜੀ ਨੇ ਉਸ ਵੱਲੋਂ ਕੀਤੀ ਆਲੋਚਨਾ ਦਾ ਜਵਾਬ ਇਸ ਢੰਗ ਨਾਲ਼ ਨਿਮਾਣੇ ਬਣ ਕੇ, ਗੁਰਬਾਣੀ ਦੇ ਸਾਰੇ ਹਵਾਲੇ ਤੇ ਦਲੀਲਾਂ ਦੇ ਦੇ ਕੇ, ਦਿਤਾ ਕਿ ਜਿਸ ਨੂੰ ਦੁਨੀਆਂ ਦਾ ਮਹਾਂ ਗਿਆਨੀ ਵੀ ਝੁਠਲਾ ਨਹੀਂ ਸਕਦਾ। ਮੈਂ ਇਹਨਾਂ ਦੀ ਯੋਗਤਾ ਦਾ ਬਹੁਤ ਹੀ ਕਾਇਲ ਹਾਂ। ਇਹ ਬੋਲਣ ਸ਼ੈਲੀ ਦੇ ਵੀ ਬਹੁਤ ਹੀ ਮਾਹਰ ਹਨ, ਜੋ ਕਿ ਉਦਾਹਰਣਾਂ ਸਹਿਤ, ਸਿੱਖੀ ਸਿਧਾਂਤ ਨਾਲ਼ ਸਬੰਦਤ ਗੱਲ, ਚੰਗੀ ਤਰ੍ਹਾਂ ਹਰੇਕ ਸਰੋਤੇ ਤੇ ਪਾਠਕ ਦੇ ਪੱਲੇ ਪਾ ਦਿੰਦੇ ਹਨ।

ਗਿਆਨੀ ਜੀ ਗਿਆਨਵਾਨ ਹੋਣ ਦੇ ਨਾਲ਼ ਨਾਲ਼ ਨਿਮਰਤਾ ਦੇ ਧਾਰਨੀ ਵੀ

ਹਨ। ਹਰ ਇਕ ਨੂੰ ਬੜੇ ਪਿਆਰ ਨਾਲ਼ ਮਿਲ਼ਦੇ ਹਨ ਤੇ ਹਰ ਤਰ੍ਹਾਂ ਦੀ ਸਿੱਖਿਆ/ ਸਲਾਹ ਬੜੇ ਪਿਆਰ ਨਾਲ ਦਿੰਦੇ ਹਨ। ਇਹਨਾਂ ਦਾ ਚੇਹਰਾ ਹਰ ਸਮੇ ਹਸੂੰ ਹਸੂੰ ਕਰਦਾ ਰਹਿੰਦਾ ਹੈ। ਕਦੇ ਵੀ ਇਹਨਾਂ ਨੂੰ ਗੁੱਸਾ ਨਹੀਂ ਆਉਂਦਾ। ਇਹਨਾਂ ਦੀ ਲੇਖਣੀ ਸਮਾਜ ਲਈ ਏਨਾ ਕੁਝ ਦੇਣ ਵਾਲ਼ੀ ਹੈ ਕਿ ਸਾਨੂੰ ਸਭ ਨੂੰ ਉਸ ਤੇ ਅਮਲ ਕਰਨਾ ਚਾਹੀਦਾ ਹੈ। ਮਿਸਾਲ ਵਜੋਂ ਰੁਮਾਲਿਆਂ ਦੀ ਸੁੱਚਜੀ ਤੇ ਕੁਚੱਜੀ ਵਰਤੋਂ ਬਾਰੇ ਇਹਨਾਂ ਨੇ ਬਹੁਤ ਹੀ ਵਧੀਆ ਵਿਸਥਾਰ ਨਾਲ਼ ਦੱਸਿਆ ਹੈ। ਇਹਨਾਂ ਦਾ ਹਰ ਲੇਖ ਕੁਝ ਨਾ ਕੁਝ ਸਿੱਖਿਆ ਦਿੰਦਾ ਹੈ। ਹੁਣੇ ਹੁਣੇ ਹੀ ਇਹਨਾਂ ਨੇ ਇਕ ਕਿਤਾਬ 'ਸਚੇ ਦਾ ਸਚਾ ਢੋਆ' ਪੰਜਾਬੀ ਸਾਹਿਤ ਦੀ ਝੋਲ਼ੀ ਪਾਈ ਹੈ ਜੋ ਕਿ ਗਿਆਨ ਦੀ ਗੁਥਲੀ ਹੈ। ਮੈਨੂੰ ਲੱਗਦਾ ਹੈ ਕਿ ਬਹੁਤ ਜਲਦੀ ਦੂਜੀ ਪੁਸਤਕ ਵੀ ਪੰਜਾਬੀ ਮਾਂ-ਬੋਲੀ ਦੀ ਝੋਲ਼ੀ 'ਚ ਪਾਉਣਗੇ। ਆਓ ਆਪਾਂ ਸਾਰੇ ਜਣੇ ਰਲ਼ ਕੇ ਇਹਨਾਂ ਦੀ ਤੰਦਰੁਸਤੀ ਵਾਸਤੇ ਅਰਦਾਸ ਕਰੀਏ ਕਿ ਇਹ ਲੰਮੇ ਸਮੇ ਤੱਕ ਕੌਮੀ ਸੇਵਾ ਵਿਚ ਰੁਝੇ ਰਹਿਣ। ਸਦਾ ਹੀ ਤੰਦਰੁਸਤ ਰਹਿਣ ਤੇ ਏਸੇ ਤਰ੍ਹਾਂ ਸਾਡੇ ਧਰਮ ਦੀ, ਸਾਡੇ ਵਿਰਸੇ ਦੀ ਤੇ ਸਾਡੀ ਮਾਂ-ਬੋਲੀ ਦੀ ਸੇਵਾ ਕਰਦੇ ਰਹਿਣ। ਜੇ ਸਾਡਾ ਧਰਮ ਜ਼ਿੰਦਾ ਹੈ, ਸਾਡਾ ਵਿਰਸਾ ਵਧੀਆ ਸੇਧ ਦੇ ਰਿਹਾ ਹੈ ਤਾਂ ਉਸ ਪਿੱਛੇ ਇਹੋ ਜਿਹੀਆਂ ਸੂਝਵਾਨ, ਗਿਆਨਵਾਨ ਸਖ਼ਸੀਅਤਾਂ ਦਾ ਹੀ ਹੱਥ ਹੈ। ਸਾਡਾ ਸਾਰਿਆਂ ਦਾ ਹੀ ਫ਼ਰਜ਼ ਬਣਦਾ ਹੈ ਕਿ ਅਸੀਂ ਹਮੇਸ਼ਾਂ ਹੀ ਇਹਨਾਂ ਨੂੰ ਆਪਣਾ ਸਾਥ ਦੇਣ ਦੇ ਨਾਲ਼ ਇਹਨਾਂ ਦਾ ਹੌਸਲਾ ਵੀ ਵਧਾਉਂਦੇ ਰਹੀਏ ਤਾਂ ਕਿ ਇਹ ਆਪਣੇ ਅੰਦਰੋਂ ਠਾਠਾਂ ਮਾਰਦੇ ਗਿਆਨ ਦੀਆਂ ਫੁਹਾਰਾਂ ਨਾਲ਼ ਸਾਨੂੰ ਸਰਸ਼ਾਰ ਕਰਦੇ ਰਹਿਣ।



# ਧਾਰਮਿਕ ਫ਼ਿਜ਼ਾ 'ਚੋਂ ਉਤਪਨ ਸਾਹਿਤਕ ਹਸਤਾਖਰ

ਡਾ. ਅਵਤਾਰ ਐਸ. ਸੰਘਾ

ਗਿਆਨੀ ਸੰਤੋਖ ਸਿੰਘ ਬਾਰੇ ਉਪ੍ਰੋਕਤ ਸਿਰਲੇਖ ਦੇਣ ਲੱਗਿਆਂ ਮੈਨੂੰ ਕਈ ਵੇਰ ਇਹ ਸੋਚਣਾ ਪਿਆ ਕਿ ਮੈ 'ਹਸਤਾਖਰ' ਨਾਲ਼ੋਂ ਹੋਰ ਕੇਹੜਾ ਜ਼ਿਆਦਾ ਢੁਕਵਾਂ ਸ਼ਬਦ ਉਹਨਾਂ ਲਈ ਵਰਤਾਂ! ਕਦੀ ਮਨ ਵਿਚ ਆਵੇ ਕਿ 'ਹਸਤਾਖਰ' ਦੀ ਥਾਂ ਤੇ 'ਸਾਹਿਤਕਾਰ' ਕਦੀ 'ਇਤਿਹਾਸਕਾਰ' ਸ਼ਬਦ ਵਰਤਾਂ ਤੇ ਕਦੀ ਗੁਰਬਾਣੀ ਦਾ 'ਵਿਆਖਿਆਕਾਰ' ਵਰਤਾਂ। ਇਹਨਾਂ ਸਾਰੇ ਸ਼ਬਦਾਂ (ਇਪਟਿਹਇਪਸ) ਦੇ ਅਰਥਾਂ ਦੇ ਸੁਮੇਲ ਚੋਂ ਜੇਹੜੀ ਸ਼ਖ਼ਸੀਅਤ ਉਭਰ ਕੇ ਸਾਹਮਣੇ ਆਉਂਦੀ ਹੈ ਉਹ ਹੈ ਗਿਆਨੀ ਸੰਤੋਖ ਸਿੰਘ ਦੀ ਸ਼ਖ਼ਸੀਅਤ। ਭਾਵੇਂ ਗਿਆਨੀ ਜੀ ਨੇ ਆਪਣੇ ਵਿਚਾਰਾਂ ਨੂੰ ਕਲਮਬਧ ਕਰਕੇ, ਪੁਸਤਕਾਂ ਦਾ ਰੂਪ ਦੇਣ ਦਾ ਕੰਮ ਆਪਣੇ ਜੀਵਨ ਦੇ ਬਹੁਤ ਪਿਛਲੇ ਸਮੇ ਹੀ ਸ਼ੁਰੂ ਕੀਤਾ ਹੈ ਫਿਰ ਵੀ ਇੰਜ ਕਹਿਣਾ ਢੁਕਵਾਂ ਹੋਵੇਗਾ ਕਿ ਗਿਆਨੀ ਜੀ ਵਿਚ ਗੁਰਮਤਿ, ਸਾਹਿਤ, ਇਤਿਹਾਸ ਤੇ ਗੁਰਬਾਣੀ ਦੀ ਚੇਟਕ ਲੰਮੇ ਸਮੇ ਤੋਂ ਨਿਰੰਤਰ ਚਲਦੀ ਆ ਰਹੀ ਹੈ। ਇਹਨਾਂ ਦੇ ਲੇਖ ਤਾਂ ੧੯੬੬ ਤੋਂ ਹੀ ਦੇਸ ਦੇ ਰੋਜ਼ਾਨਾ ਤੇ ਮਾਸਕ ਪੰਜਾਬੀ ਪੱਤਰਾਂ ਵਿਚ ਛਪਣੇ ਸ਼ੁਰੂ ਹੋ ਗਏ ਸੀ। ਪਰ ਦੇਸ ਛੱਡਣ ਉਪ੍ਰੰਤ ਲੰਮਾ ਸਮਾ ਲਿਖਣ ਤੋਂ ਇਹਨਾਂ ਨੇ ਘੇਸਲ ਹੀ ਵੱਟੀ ਰੱਖੀ। ਸ਼ਾਇਦ ਇਹ ਇਸ ਕਰਕੇ ਹੋਇਆ ਕਿ ਇਹਨਾਂ ਦਾ ਲੈਕਚਰਾਂ ਰਾਹੀਂ ਹੀ ਝਸ ਪੂਰਾ ਹੋ ਜਾਂਦਾ ਸੀ। ਦੁਨੀਆਂ ਭਰ ਦੀਆਂ ਯਾਤਰਾਵਾਂ ਦੌਰਾਨ ਇਹਨਾਂ ਦਾ ਵਾਹ ਧਾਰਮਿਕ, ਸਮਾਜ ਸੇਵਾ, ਸਾਹਿਤਕਾਰੀ, ਪੱਤਰਕਾਰੀ ਅਤੇ ਸਿਆਸੀ ਹਲਕਿਆਂ ਵਿਚ ਵਿਚਰਨ ਵਾਲ਼ੇ ਵੰਨ ਸੁਵੰਨੇ ਲੋਕਾਂ ਨਾਲ਼ ਪੈਂਦਾ ਰਿਹਾ ਹੈ। ਇਹਨਾਂ ਨੂੰ ਧਾਰਮਿਕ, ਵਿਦਿਅਕ, ਸਾਹਿਤਕ ਤੇ ਕੌਮੀ ਮਸਲਿਆਂ ਬਾਰੇ ਵਿਖਿਆਨ ਦਿੰਦੇ ਰਹਿਣ ਦਾ ਬਹੁਤ ਸ਼ੌਕ ਹੈ। ਲੰਮਾ ਤਜਰਬਾ ਅਤੇ ਇਹਨਾਂ ਦੀ ਪ੍ਰਬੀਨ ਅਤੇ ਬੌਧਕ ਸੂਝ ਬੂਝ ਨੇ ਆਖਰਕਾਰ ਸਥੂਲ ਰੂਪ ਵਿਚ ਵੀ ਸਾਹਿਤਕ ਅਤੇ ਧਾਰਮਿਕ ਖੇਤਰ ਵਿਚ ਦੋ ਗੁਰਦਸਤੇ ਪੁਸਤਕਾਂ ਦੇ ਰੂਪ ਵਿਚ ਪਾਠਕਾਂ ਦੇ ਸਨਮੁਖ ਕਰ ਹੀ ਦਿਤੇ ਹਨ। ਮੇਰੀ ਮੁਰਾਦ ਗਿਆਨੀ ਜੀ ਦੀਆਂ ੯ ਪੁਸਤਕਾਂ ਤੋਂ ਹੈ ਜੇਹੜੀਆਂ ਪਿਛਲੇ ਕੁਝ ਸਾਲਾਂ ਵਿਚ ਹੀ ਸਾਡੇ ਸਾਹਮਣੇ ਆਈਆਂ ਹਨ।

੧. ਸਚੇ ਦਾ ਸਚਾ ਢੋਆ (ਪੰਜ ਸੰਸਕਣਾਂ ਵਿਚ)
੨. ਉਜਲ ਕੈਹਾਂ ਚਿਲਕਣਾ
੩. ਯਾਦਾਂ ਭਰੀ ਚੰਗੇਰ
੪. ਬਾਤਾਂ ਬੀਤ ਦੀਆਂ
੫. ਜੋ ਵੇਖਿਆ ਸੋ ਆਖਿਆ (ਦੋ ਸੰਸਕਰਣਾਂ ਵਿਚ)
੬. ਸਿਧਰੇ ਲੇਖ
੭. ਸਾਦੇ ਸਿਧਰੇ ਲੇਖ

ਇਹਨਾਂ ਪੁਸਤਕਾਂ ਵਿਚਲੇ ਨਿਬੰਧ ਪੰਜਾਬੀ ਵਾਰਤਕ ਲਈ ਵਡਮੁੱਲੀ ਦੇਣ ਹੈ। ਇਹਨਾਂ ਲੇਖਾਂ ਨੂੰ ਪੜ੍ਹਨ ਤੋਂ ਬਾਅਦ ਮੈ ਇੰਜ ਕਹਾਂਗਾ ਕਿ ਗਿਆਨੀ ਜੀ ਨਾ ਤਾਂ ਨਿਰੇ ਹਰਨਾਮ ਸਿੰਘ ਸ਼ਾਨ ਵਾਲ਼ੀ ਕਤਾਰ ਵਿਚ ਖੜ੍ਹਨ ਵਾਲੇ ਲਿਖਾਰੀ ਹਨ ਤੇ ਨਾ ਸੰਪੂਰਨ ਰੂਪ ਵਿਚ ਸਰਵਣ ਸਿੰਘ ਦੇ ਖੇਮੇ ਵਿਚ। ਉਹ ਇਹਨਾਂ ਦੋਹਾਂ ਖੇਮਿਆਂ ਦਾ ਸੁਮੇਲ ਜਾਪਦੇ ਹਨ। ਬਲਕਿ ਮੈ ਤਾਂ ਇਹ ਵੀ ਆਖਾਂਗਾ ਕਿ ਇਹਨਾਂ ਦੇ ਵਿਚਾਰਾਂ ਅਤੇ ਲੇਖਣੀ ਉਪਰ, ਗੁਰਬਾਣੀ ਤੇ ਗੁਰਮਤਿ ਸਾਹਿਤ ਤੋਂ ਬਾਅਦ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਭਗਤ ਪੂਰਨ ਸਿੰਘ, ਪ੍ਰਿੰ. ਸ. ਸ. ਅਮੋਲ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਦਿ ਲੇਖਕਾਂ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਜਿਥੇ ਕੁਝ ਲੇਖ ਉਚ ਦਰਜੇ ਦੇ ਧਾਰਮਿਕ ਹਨ ਓਥੇ ਕੁਝ ਲੇਖ ਐਸੇ ਵੀ ਹਨ ਜੋ ਪਾਠਕਾਂ ਤੇ ਹਲਕਾ ਫੁਲਕਾ ਖ਼ੂਬਸੂਰਤ ਪ੍ਰਭਾਵ ਛੱਡਦੇ ਹਨ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸਾਹਿਤ ਨੇ ਮੂਲ ਰੂਪ ਵਿਚ ਦੋ ਕਾਰਜ ਕਰਨੇ ਹੁੰਦੇ ਹਨ:

੧. ਸਿੱਖਿਆ (Instruction)
੨. ਮਨੋਰੰਜਨ (Entertainment)

ਗਿਆਨੀ ਜੀ ਦੇ ਨਿਬੰਧਾਂ ਵਿਚ ਇਹਨਾਂ ਦੋਹਾਂ ਕਾਰਜਾਂ ਦੀ ਪੂਰਤੀ ਹੁੰਦੀ ਹੈ। ਅਗਰ ਉਹ ਇਕ ਪਾਸੇ ਪਾਠਕਾਂ ਨੂੰ ਸਦਾਚਾਰ ਤੇ ਸ੍ਰਿਸ਼ਟਾਚਾਰ ਦੀ ਸਿੱਖਿਆ ਹਿਤ ਪ੍ਰੇਰਤ ਕਰਦੇ ਹਨ ਤਾਂ ਦੂਜੇ ਬੰਨੇ ਆਪਣੇ ਹਾਸਰਸੀ ਸੁਭਾ ਅਨਕੂਲ, ਆਪਣੇ ਵਿਚਾਰਾਂ ਨੂੰ ਅਜਿਹਾ ਹਲਕਾ ਜਿਹਾ ਸ਼ਬਦੀ ਜਾਮਾ ਪਹਿਨਾਉਂਦੇ ਹਨ ਕਿ ਪਾਠਕ ਗਿਆਨ ਪ੍ਰਾਪਤੀ ਦੇ ਨਾਲ ਨਾਲ ਮਨੋਰੰਜਕ ਹੋਇਆ ਵੀ ਅਨੁਭਵ ਕਰਦਾ ਹੈ। ਅਜਿਹਾ ਲੇਖਾਂ ਵਿਚ ਹੀ ਨਹੀ ਬਲਕਿ ਧਾਰਮਿਕ ਸਟੇਜਾਂ ਉਪਰ ਕੀਤੇ ਜਾਂਦੇ ਆਪਣੇ ਵਿਖਿਆਨਾਂ ਵਿਚ ਵੀ ਅਜਿਹੇ ਹਾਸਰਸ ਨੂੰ ਪ੍ਰੋ ਦੇਣਾ, ਗਿਆਨੀ ਜੀ ਦੀ ਇਕ ਉਚੇਚੀ ਵਿਸ਼ੇਸ਼ਤਾ ਹੈ। ਗਿਆਨੀ ਜੀ ਦੇ ਲੇਖਾਂ ਦਾ ਵਿਸ਼ਾ ਮੁਖ ਤੌਰ ਤੇ ਸਿੱਖ ਧਰਮ, ਸਦਾਚਾਰ, ਸਾਹਿਤ, ਚਲੰਤ ਕੌਮੀ ਮਸਲੇ, ਪੰਜਾਬੀ ਭਾਸ਼ਾ, ਗੁਰਮੁਖੀ ਲਿੱਪੀ, ਸਿੱਖ ਰਾਜਨੀਤੀ ਅਤੇ ਸਿੱਖ ਧਰਮ ਦਾ ਸੁਮੇਲ ਹੁੰਦਾ ਹੈ। ਸਿਆਸੀ ਵਿਸ਼ਿਆਂ ਵਿਚ

ਪੰਜਾਬ, ਪੰਜਾਬੀ ਅਤੇ ਪੰਜਾਬੀਅਤਵਾਦ ਹੁੰਦਾ ਹੈ ਅਤੇ ਧਾਰਮਿਕ ਵਿਸ਼ਿਆਂ ਵਿਚ ਨਿਰੋਲ ਸਿੱਖਵਾਦ। ਬਹੁਤ ਵਿਸ਼ਿਆਂ ਦਾ ਕੇਂਦਰ ਬਿੰਦੂ ਸ੍ਰੀ ਦਰਬਾਰ ਸਾਹਿਬ, ਸਿੱਖ ਇਤਿਹਾਸ ਅਤੇ ਗੁਰਬਾਣੀ ਹੁੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀ ਕਿ ਗਿਆਨੀ ਜੀ ਨੂੰ ਇਹਨਾਂ ਖੇਤਰਾਂ ਬਾਰੇ ਭਰਪੂਰ ਜਾਣਕਾਰੀ ਹੈ। ਕੁਝ ਲੇਖ ਸਦਾਚਾਰ ਅਤੇ ਸ੍ਰਿਸ਼ਟਾਚਾਰ ਦੀ ਕਸੌਟੀ ਤੇ ਵੀ ਖਰੇ ਉਤਰਦੇ ਹਨ। ਇਹਨਾਂ ਦੇ ਆਮ ਗਿਆਨ ਤੋਂ ਪ੍ਰਭਾਵਤ ਹੋ ਕੇ ਕਈ ਸਰੋਤੇ ਤੇ ਪਾਠਕ ਇਹ ਭੁਲੇਖਾ ਵੀ ਖਾ ਜਾਂਦੇ ਹਨ ਕਿ ਸ਼ਾਇਦ ਗਿਆਨੀ ਕੋਈ ਸਿਆਸੀ ਆਦਮੀ ਹਨ। ਸਿਆਸਤ ਦਾ ਗਿਆਨ ਹੋਣਾ ਹੋਰ ਗੱਲ ਹੈ ਤੇ ਸਿਆਸੀ ਆਦਮੀ ਹੋਣਾ ਬਿਲਕੁਲ ਹੀ ਇਕ ਵੱਖਰੀ ਯੋਗਤਾ ਹੈ। ਮੇਰੇ ਖਿਆਲ ਵਿਚ ਪ੍ਰੈਕਟੀਕਲ ਨਿੱਤ ਵਰਤੀਂਦੀ ਸਿਆਸਤ ਤੋਂ ਗਿਆਨੀ ਜੀ ਇਵੇਂ ਹੀ ਕੋਰੇ ਹਨ ਜਿਵੇਂ ਸਹੇ ਦਾ ਸਿਰ ਸਿਙਾਂ ਤੋਂ।

ਗਿਆਨੀ ਜੀ ਨੇ ਵਿਸ਼ਾਲ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਦੀ ਯਾਤਰਾ ਕੀਤੀ ਹੈ। ਇਹ ਯਾਤਰਾਵਾਂ ਪੰਜਾਬ ਤੇ ਇਸ ਦੇ ਕੁਝ ਗਵਾਂਢੀ ਸੂਬਿਆਂ ਤੋਂ ਲੈ ਕੇ, ਅਫ਼੍ਰੀਕਨ ਮੁਲਕਾਂ ਦੀਆਂ ਵੀ ਕੀਤੀਆਂ ਹਨ। ਗੱਲ ਕੀ, ਜ਼ਿਲਾ ਅੰਮ੍ਰਿਤਸਰ ਦੇ ਇਕ ਨਿੱਕੇ ਜਿਹੇ ਪਿੰਡ 'ਸੁਰੋ ਪੱਡਾ' ਤੋਂ ਸ਼ੁਰੂ ਹੋ ਕੇ ਉਤਰੀ ਤੇ ਦੱਖਣੀ ਅਰਧ ਗੋਲ਼ਿਆਂ ਦੇ ਦੇਸ਼, ਉਤਰੀ ਧ੍ਰਵ ਤੋਂ ਲੈ ਕੇ ਸਾਰੇ ਹੀ ਮਹਾਂਦੀਪਾਂ ਦੇ ਬਹੁਤ ਸਾਰੇ ਮੁਲਕਾਂ ਦਾ ਭ੍ਰਮਣ, ਇਹਨਾਂ ਨੇ ਕੀਤਾ ਹੈ। ਇਹ ਭ੍ਰਮਣ ਅਜੇ ਵੀ ਲਗਾਤਾਰ ਜਾਰੀ ਹੈ। ਇਹਨਾਂ ਯਾਤਰਾਵਾਂ ਦੌਰਾਨ ਜਿਥੇ ਵੀ ਗਿਆਨੀ ਜੀ ਗਏ, ਅਨੇਕਾਂ ਧੁਰੰਤਰ ਧਾਰਮਿਕ ਵਿਦਵਾਨਾਂ, ਪੱਤਰਕਾਰਾਂ, ਸਾਹਿਤਕਾਰਾਂ, ਸਮਾਜ ਸੇਵਕਾਂ ਦੇ ਦਰਸ਼ਨ ਕੀਤੇ ਹਨ। ਇਸ ਤੋਂ ਇਲਾਵਾ ਉਹਨਾਂ ਨੇ ਇਹਨਾਂ ਦੇਸ਼ਾਂ ਦੀ ਭੂਗੋਲਕ, ਸਿਆਸੀ ਅਤੇ ਸਭਿਆਚਾਰਕ ਸਥਿਤੀ ਨੂੰ ਵੀ ਨੇੜਿਉਂ ਹੋ ਕੇ ਵਾਚਿਆ ਹੈ। ਕੁਝ ਲੇਖ ਅਜਿਹੀ ਮਨੋਬਿਰਤੀ ਦੀ ਉਪਜ ਵੀ ਹਨ। ਇਸ ਪ੍ਰਕਾਰ ਦੇ ਲੇਖਾਂ ਨੂੰ ਇਕ ਅਲੱਗ ਸਫ਼ਰਨਾਮੇ ਤਹਿਤ ਵੀ ਅੰਜਾਮ ਦਿਤਾ ਜਾ ਸਕਦਾ ਹੈ।

ਗਿਆਨੀ ਜੀ ਦਾ ਵਡੱਪਣ ਇਸ ਗੱਲ ਵਿਚ ਵੀ ਹੈ ਕਿ ਉਹ ਆਪਣੀ ਆਲੋਚਨਾ ਨੂੰ ਵੀ ਖਿੜੇ ਮੱਥੇ ਨਾ ਕੇਵਲ ਕਬੂਲਦੇ ਹੀ ਹਨ ਬਲਕਿ ਯੋਗ ਉਸਾਰੂ ਸੁਝਾਵਾਂ ਉਪਰ ਧੰਨਵਾਦ ਸਹਿਤ ਅਮਲ ਕਰਨ ਦਾ ਯਤਨ ਵੀ ਕਰਦੇ ਹਨ। ਆਪਣੀ ਲਿਖਤ ਬਾਰੇ 'ਨਾਹ ਪੱਖੀ' ਸੁਝਾਵਾਂ ਨੂੰ ਛਪਵਾਉਣ ਵਿਚ ਵੀ ਗੁਰੇਜ਼ ਨਹੀ ਕਰਦੇ।

ਜਿਵੇਂ ਜੌਫ਼ਰੀ (Geopphrey Chaucer) ਦੇ ਮਸ਼ਹੂਰ ਕਾਵਿ-ਸੰਗ੍ਰਹਿ 'ਦ ਕੈਂਟਰਬਰੀ ਟੇਲਜ਼' (The Canterbury Tales) ਵਿਚ, ਬਹੁਤ ਬਾਅਦ ਹੋਂਦ ਵਿਚ ਆਉਣ ਵਾਲ਼ੇ ਨਾਵਲ ਦੀਆਂ ਵਿਸ਼ੇਸ਼ਤਾਈਆਂ ਦਾ ਝਲਕਾਰਾ ਪੈਂਦਾ ਹੈ ਉਵੇਂ ਹੀ ਗਿਆਨੀ ਜੀ ਦਿਆਂ ਨਿਬੰਧਾਂ ਵਿਚੋਂ ਵੀ ਕਈ ਵਾਰ ਕਹਾਣੀ ਜਿਹੀ ਬਹਿਰ ਵੇਖਣ ਨੂੰ ਮਿਲ਼ਦੀ ਹੈ। ਇਸ ਪ੍ਰਕਾਰ ਇਹ ਨਿਬੰਧ ਗਲਪ (fiction), ਵਾਰਤਕ

(non-fiction) ਧਰਮ, (dilacticism) ਇਤਿਹਾਸ, (history) ਸਵੈਜੀਵਨੀ (autobiography) ਅਤੇ ਸ਼ਬਦ-ਕੋਸ਼ (lexicography) ਦਾ ਸੁਮੇਲ ਬਣ ਜਾਂਦੇ ਹਨ। ਇਸ ਸਾਰੇ ਕੁਝ ਨੂੰ ਇਕੋ ਨਿਬੰਧ ਵਿਚ ਇਕਠਿਆਂ ਕਰਕੇ ਪੇਸ਼ ਕਰਨਾ ਵੀ ਇਕ ਕਲਾ ਹੈ। ਇਹ ਗਿਆਨੀ ਜੀ ਦੀ ਲੇਖਣੀ ਦਾ ਵਿਸ਼ੇਸ਼ ਗੁਣ ਹੈ। ਗਿਆਨੀ ਜੀ ਨੂੰ ਪੰਜਾਬੀ ਲਿੱਪੀ ਦੇ ਸ਼ਬਦ-ਜੋੜਾਂ ਨੂੰ, ਲੇਖਕਾਂ ਵੱਲੋਂ ਅਣਗਹਿਲੀ ਨਾਲ਼ ਕੀਤੀ ਜਾਂਦੀ ਵਰਤੋਂ ਨਹੀ ਭਾਉਂਦੀ। ਇਸ ਨੂੰ ਸੁਧਾਰਨ ਦੀ ਨਿਰੰਤਰ ਕੋਸ਼ਿਸ਼ ਵੀ ਉਹਨਾਂ ਦਾ ਇਹ ਵਿਸ਼ੇਸ਼ ਗੁਣ ਹੈ। ਮਿਸਾਲ ਦੇ ਤੌਰ ਤੇ ਉਹ ਗੁਰਮੁਖੀ ਵਿਚ, ਬਿੰਦੀ, ਸਿਹਾਰੀ, ਅਧਕ, ੍ਹ ਦੀ ਦੁਰਵਰਤੋਂ ਤੋਂ ਬਹੁਤ ਚਿੜ੍ਹਦੇ ਹਨ। ਕੁਝ ਲੇਖਕਾਂ ਤੇ ਪੱਤਰਕਾਰਾਂ ਵੱਲੋਂ ਪੰਜਾਬੀ ਦੇ ਸ਼ਬਦ-ਜੋੜਾਂ ਦਾ ਹਿੰਦੀਕਰਣ, ਬੇਲੋੜੇ ਹਿੰਦੀ ਸ਼ਬਦਾਂ ਨੂੰ ਪੰਜਾਬੀ ਲਿਖਤ ਵਿਚ ਉਚੇਚੇ ਤੌਰ ਤੇ ਘਸੋੜਨ ਦਾ ਕੋਝਾ ਯਤਨ, ਗਿਆਨੀ ਜੀ ਨੂੰ ਬੜਾ ਚੁਭਦਾ ਹੈ। ਠੀਕ ਸ਼ਬਦ ਜੋੜਾਂ ਬਾਰੇ ਨਿਰੰਤਰ ਖੋਜ ਉਹਨਾਂ ਦੀ ਮਨੋਬਿਰਤੀ ਦਾ ਅਨਿਖੜਵਾਂ ਅੰਗ ਹੈ। ਭਾਵੇਂ ਕਿ ਉਹਨਾਂ ਦੀਆਂ ਆਪਣੀਆਂ ਛਪੀਆਂ ਕਿਤਾਬਾਂ ਵਿਚ ਇਸ ਉਤੇ ਪੂਰੀ ਤਰ੍ਹਾਂ ਅਮਲ ਨਹੀ ਹੋ ਸਕਿਆ। ਜਦੋਂ ਮੈ ਇਸ ਖਾਮੀ ਵੱਲ ਗਿਆਨੀ ਜੀ ਦਾ ਧਿਆਨ ਦਿਵਾਇਆ ਤਾਂ ਇਸ ਦਾ ਉਤਰ ਵੀ ਉਹਨਾਂ ਨੇ ਆਪਣੇ ਸੁਭਾ ਅਨੁਸਾਰ ਦਿੰਦਿਆ ਹੋਇਆਂ, ਕੁਝ ਦੋਸ਼ ਪ੍ਰਕਾਸ਼ਕਾਂ ਦੀ ਜਿਦ ਅਤੇ ਕੁਝ ਆਪਣੀ ਕਾਹਲ਼ੀ ਨੂੰ ਦਿੰਦੇ ਹੋਏ, ਇਹ ਕਹਾਣੀ ਸੁਣਾ ਦਿਤੀ:

ਇਕ ਕਾਹਲ਼ੇ ਸੁਭਾ ਵਾਲ਼ਾ ਨੌਜਵਾਨ ਸਹੁਰੀਂ ਚਲਾ ਗਿਆ। ਸੱਸ ਨੇ ਥਾਲ਼ੀ ਵਿਚ ਰੋਟੀ ਪ੍ਰੋਸ ਕੇ ਅੱਗੇ ਰੱਖੀ। ਥਾਲੀ ਵਿਚ ਹੋਰ ਪਦਾਰਥਾਂ ਨੇ ਨਾਲ਼ ਨਾਲ਼ ਸੱਕਰ ਘਿਓ ਵੀ ਸੀ। ਕਾਹਲ਼ੀ ਵਿਚ ਨੌਜਵਾਨ ਨੇ ਗਰਮ ਗਰਮ ਸੱਕਰ ਘਿਓ ਦਾ ਵੱਡਾ ਚਿਮਚਾ ਭਰਕੇ ਮੂੰਹ ਵਿਚ ਪਾ ਲਿਆ। ਜਦੋਂ ਮੂੰਹ ਸੜਨ ਲੱਗਾ ਤਾਂ ਛੱਤ ਵੱਲ਼ ਮੂੰਹ ਚੁੱਕ ਕੇ ਫੂਕਾਂ ਜਿਹੀਆਂ ਮਾਰਨ ਲੱਗ ਪਿਆ ਤੇ ਬਹਾਨਾ ਬਣਾਇਆ ਕਿ ਉਹ ਵੈਸੇ ਹੀ ਛੱਤ ਵੱਲ ਵੇਖ ਰਿਹਾ ਹੈ। ਔਖੇ ਸੌਖੇ ਬੁਰਕੀ ਅੰਦਰ ਲੰਘਾ ਕੇ ਆਖਿਆ "ਮਾਂ ਜੀ, ਛੱਤ ਦੇ ਬਾਲੇ ਵਿੰਗੇ ਪਾਏ ਹੋਏ ਨੇ!" "ਪੁੱਤ, ਸਭ ਕਾਹਲ਼ੀਆਂ ਦੇ ਹੀ ਪੱਟੇ ਹੋਏ ਨੇ!" ਸੱਸ ਨੇ ਢੁਕਵਾਂ ਉਤਰ ਦਿਤਾ ਜੋ ਸਹੀ ਸਥਿਤੀ ਨੂੰ ਜਾਣਦੀ ਸੀ। ਸੋ ਗਿਆਨੀ ਜੀ ਦੀਆਂ ਕਿਤਾਬਾਂ ਦੇ ਸ਼ਬਦ-ਜੋੜ ਵੀ ਕਾਹਲ਼ੀ ਦੇ ਹੀ ਪੱਟੇ ਹੋਏ ਨੇ!

ਵੈਸੇ ਗਿਆਨੀ ਜੀ ਇਸ ਵਿਚਾਰ ਦੇ ਹਨ ਕਿ ਜੇਹੜਾ ਸ਼ਬਦ ਪੰਜਾਬੀ ਸਾਹਿਤਕ ਭਾਸ਼ਾ ਵਿਚ ਮੌਜੂਦ ਨਹੀ ਹੈ, ਉਸ ਨੂੰ ਸਭ ਤੋਂ ਪਹਿਲਾਂ ਪੰਜਾਬੀ ਦੀਆਂ ਉਪ ਭਾਸ਼ਾਵਾਂ ਵਿਚੋਂ ਲਿਆ ਜਾਵੇ। ਜੇਕਰ ਫਿਰ ਵੀ ਲੋੜ ਪਵੇ ਤਾਂ ਪ੍ਰਚੱਲਤ ਹਿੰਦੀ ਉਰਦੂ ਅੰਗ੍ਰੇਜ਼ੀ ਦੇ ਸ਼ਬਦ ਵਰਤ ਲੈਣ ਵਿਚ ਕੋਈ ਹਰਜ ਨਹੀ। ਜੇਕਰ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਵਾਂਙ ਲੋੜ ਅਨੁਸਾਰ ਨਵੇਂ ਸ਼ਬਦ ਘੜੇ ਜਾ ਸਕਣ ਤਾਂ ਸੋਨੇ 'ਤੇ ਸੁਹਾਗੇ ਵਾਲ਼ੀ ਗੱਲ ਹੈ। ਸਕੂਲ ਨੂੰ ਪਾੜ੍ਹਿਆਂ ਦਾ ਕੋਠਾ, ਟੀ.ਵੀ. ਨੂੰ ਦੂਰ ਦਰਸ਼ਨ,

ਰੇਡੀਓ ਨੂੰ ਆਕਾਸ਼ਵਾਣੀ, ਟ੍ਰੈਕਟਰ ਨੂੰ ਭੂਮੀ ਖੋਦ ਯੰਤਰ, ਲੈਟਰ ਬਕਸ ਨੂੰ ਪੱਤਰ ਘੁਸੇੜੂ ਪਾਤਰ ਬਣਾਉਣ ਵਿਚ ਕੋਈ ਤੁਕ ਨਹੀਂ ਬਣਦੀ। ਅਜਿਹੇ ਨਵੇਂ ਸ਼ਬਦ ਘੜ ਕੇ, ਪੰਜਾਬੀ ਬੋਲੀ ਨੂੰ ਹਾਸੇ ਦਾ ਪਾਤਰ ਬਣਾਉਣ ਨਾਲ਼ੋਂ ਅੰਗ੍ਰੇਜ਼ੀ ਦੇ ਸ਼ਬਦ ਨੂੰ ਹੀ ਗੁਰਮੁਖੀ ਲਿੱਪੀ ਵਿਚ ਲਿਖ ਕੇ ਅਪਣਾ ਲੈਣਾ ਕਿਤੇ ਤਰਕ ਸੰਗਤ ਲੱਗਦਾ ਹੈ। ਪੰਜਾਬੀ ਦੇ ਸ਼ਬਦ ਜੋੜਾਂ ਬਾਰੇ ਗਿਆਨੀ ਜੀ ਦਾ ਵਿਚਾਰ ਹੈ ਕਿ ਜਿਥੋਂ ਤੱਕ ਹੋ ਸਕੇ ਇਹਨਾਂ ਨੂੰ ਸਰਲ ਤੇ ਇਕਸਾਰ ਰੱਖਣ ਦਾ ਯਤਨ ਕੀਤਾ ਜਾਵੇ। ਅੰਨ੍ਹੇ ਵਾਹ ਹਿੰਦੀ ਦੀ ਨਕਲ ਕਰਕੇ ਅਸੀਂ ਕੋਈ ਪੰਜਾਬੀ ਦੀ ਸੇਵਾ ਨਹੀ ਕਰ ਰਹੇ ਸਗੋਂ ਇਸ ਦਾ ਕੁਦਰਤੀ ਸਰੂਪ ਵਿਗਾੜਨ ਵਿਚ ਹਿੱਸਾ ਪਾ ਰਹੇ ਹਾਂ।

ਗਿਆਨੀ ਜੀ ਦੀਆਂ ਧਾਰਮਿਕ, ਸਮਾਜਕ, ਸਾਹਿਤਕ, ਵਿੱਦਿਅਕ, ਕੌਮੀ ਖੇਤਰਾਂ ਵਿਚ ਕੀਤੀਆਂ ਸੇਵਾਵਾਂ ਦਾ ਮਾਣ ਕਰਦਿਆਂ ਹੋਇਆਂ, ਬਹੁਤ ਸਾਰੀਆਂ ਸੰਸਥਾਵਾਂ ਨੇ ਆਪ ਜੀ ਦਾ ਸਮੇ ਸਮੇ ਸਨਮਾਨ ਕਰਕੇ, ਇਹਨਾਂ ਦੀਆਂ ਸੇਵਾਵਾਂ ਨੂੰ ਮਾਨਤਾ ਪ੍ਰਦਾਨ ਕੀਤੀ ਹੈ।

ਉਹਨਾਂ ਮਹਾਨ ਸੰਸਥਾਵਾਂ ਵਿਚੋਂ ਕੁਝ ਕੁ ਦੇ ਨਾਂ ਇਸ ਪ੍ਰਕਾਰ ਹਨ:

੧. ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ (ਧਾਰਮਿਕ ਸੇਵਾਵਾਂ ਲਈ ਸਨਮਾਨ)

੨. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ (ਪੰਥਕ ਸੇਵਾਵਾਂ ਲਈ ਸਨਮਾਨ)

੩. ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਪੰਥਕ ਸੇਵਾਵਾਂ ਲਈ ਸਨਮਾਨ)

੪. ਪੰਜਾਬੀ ਸੰਗੀਤ ਸੈਂਟਰ, ਆਸਟ੍ਰੇਲੀਆ (ਡਿਸਟਿੰਗੁਇਸ਼ਡ ਸਿੱਖ ਸਕਾਲਰ ਐਵਾਰਡ)

੫. ਪੰਜਾਬੀ ਕੌਂਸਲ ਆਫ਼ ਆਸਟ੍ਰੇਲੀਆ (ਪੰਜਾਬੀਅਤ ਦਾ ਮਾਣ ਭਗਤ ਪੂਰਨ ਸਿੰਘ ਸੇਵਾ ਐਵਾਰਡ)

੬. ਪੰਜਾਬੀ ਸੱਥ. ਲਾਂਬੜਾ ਪੰਜਾਬ (ਪ੍ਰਿੰਸੀਪਲ ਤੇਜਾ ਸਿੰਘ ਸਾਹਿਤਕ ਐਵਾਰਡ)

੭. ਯੂਰਪੀਅਨ ਸੱਥ ਬਰਮਿੰਘਮ (ਪ੍ਰੋਫ਼ੈਸਰ ਪੂਰਨ ਸਿੰਘ ਸਾਹਿਤਕ ਐਵਾਰਡ)

੮. ਸਿੱਖ ਕਮਿਊਨਿਟੀ ਐਂਡ ਯੂਥ ਸਰਵਿਸ ਯੂ ਕੇ (ਭਗਤ ਬਾਬਾ ਧੰਨਾ ਜੱਟ ਸਾਹਿਤਕ ਸਾਲਾਨਾ ਐਵਾਰਡ)

੯. ਗੁਰੂ ਨਾਨਕ ਸੋਸਾਇਟੀ ਆਫ਼ ਆਸਟ੍ਰੇਲੀਆ (ਧਾਰਮਿਕ ਸੇਵਾ ਐਵਾਰਡ)

੧੦. ਖਾਲਸਾ ਦੀਵਾਨ ਹਾਂਗ ਕਾਂਗ (ਪ੍ਰਚਾਰ ਸੇਵਾ ਐਵਾਰਡ)

੧੧. ਅਕਾਲੀ ਸਿੰਘ ਸਿੱਖ ਸੋਸਾਇਟੀ ਵੈਨਕੂਵਰ, ਕੈਨੇਡਾ (ਪ੍ਰਚਾਰ ਸੇਵਾ ਐਵਾਰਡ)

੧੨. ਸ਼੍ਰੋਮਣੀ ਅਕਾਲੀ ਦਲ ਕੈਨੇਡਾ (ਪੰਥਕ ਸੇਵਾ ਐਵਾਰਡ)

# ਗਿਆਨਵਾਨ ਲੋਕ ਲਿਖਾਰੀ

ਸੁਰਜੀਤ ਸਿੰਘ ਕਾਲੜਾ
ਯੂ. ਕੇ.

ਗਿਆਨੀ ਸੰਤੋਖ ਸਿੰਘ ਜੀ ਛੋਟੇ ਲੇਖਾਂ ਦੇ ਵੱਡੇ ਲੇਖਕ ਹਨ। 'ਉਜਲ ਕੈਹਾਂ ਚਿਲਕਣਾ' ਆਤਮ ਕਥਾ ਦੀ ਮੱਹਤਤਾ, ਸਵੈ ਜੀਵਨੀ ਨਾਲ਼ੋਂ ਗਿਆਨੀ ਜੀ ਦੇ ਸੰਪਰਕ ਵਿਚ ਆਏ ਸੱਜਣਾਂ ਦੇ ਦੀਦਾਰੇ ਕਰਵਾਉਣ ਵਿਚ ਜ਼ਿਆਦਾ ਹੈ। ਇਸ ਪੁਸਤਕ ਵਿਚ ਕਹਾਣੀ ਵਰਗੀ ਉਤਸੁਕਤਾ, ਨਾਟਕ ਵਾਂਗੂੰ ਹਿਲਜੁਲ, ਨਾਵਲ ਦੀ ਛੂਹ, ਕਵਿਤਾ ਦੇ ਪ੍ਰਕਾਰ ਦੀ ਉਡਾਰੀ ਅਤੇ ਸਾਹਿਤ ਦੀ ਨਵੀਂ ਵੰਨਗੀ ਵਿਚ ਲੁਕਵੀਂ ਸੰਜੀਦਗੀ ਹੈ। ਚਿੱਠੀ ਪੱਤਰ ਵਿਚਲਾ ਲੇਖ ਪਰਵਾਸੀਆਂ ਬਾਰੇ ਇਕ ਬਿਰਤਾਂਤਕ ਕਲਾ ਦਾ ਅਦਭੁਤ ਖੋਜ ਪੱਤਰ ਹੈ ਜੇਹੜਾ ਕਿ ਸਮਾਜ ਵਿਗਿਆਨੀ ਨੂੰ ਵੀ ਮਾਤ ਪਾ ਦਿੰਦਾ ਹੈ। ਗਿਆਨੀ ਗੁਰਦਿਤ ਸਿੰਘ ਨੇ 'ਮੇਰਾ ਪਿੰਡ' ਪੁਸਤਕ ਓਦੋਂ ਲਿਖੀ ਸੀ ਜਦੋਂ ਪੇਂਡੂ ਦੀ ਦੁਨੀਆਂ ਉਸਦਾ ਕੇਵਲ ਪਿੰਡ ਹੀ ਸੀ। ਗਿਅਨੀ ਸੰਤੋਖ ਸਿੰਘ ਜੀ ਨੇ ਹਥਲੀ ਪੁਸਤਕ ਲਿਖ ਕੇ ਸਾਬਤ ਕਰ ਦਿਤਾ ਹੈ ਕਿ ਹਾਲਾਤ ਦੇ ਬਦਲਣ ਨਾਲ਼, ਸਾਰੀ ਦੁਨੀਆ ਹੀ ਹੁਣ ਪੇਂਡੂ ਲਈ ਪਿੰਡ ਹੋ ਗਈ ਹੈ। ਆਪ ਨੇ ਆਪਣੀ ਲਿਖਤ ਵਿਚ ਹਾਸੇ ਤੇ ਵਿਅੰਗ ਨੂੰ ਇਕੱਠਾ ਕਰਕੇ ਇਕ ਨਵੇਂ ਹੀ ਕਿਸਮ ਦੇ ਮਰੱਕਬ ਨੂੰ ਹੋਂਦ ਵਿਚ ਲਿਆਂਦਾ ਹੈ। ਮਿਸਾਲ ਹਾਜਰ ਹੈ: ਦਿਨੇ ਪੁਲਿਸ ਦੀ ਬਰਦੀ ਤੇ ਰਾਤ ਨੂੰ ਚੋਲ਼ੇ, ਗਾਹਲ਼ੀ ਗਲੋਚ ਤੋਂ ਤਰੱਕੀ ਕਰਕੇ ਦੋਵਾਂ ਪਾਸਿਆਂ ਦੇ ਸੂਰਮੇ, ਇੰਦਰਾ ਦੀ ਕਿਰਪਾ ਨਾਲ਼, ਸੰਤਾਂ ਦੇ ਪ੍ਰਵਚਨ ਮਿਸਤਰੀ ਨੇ ਸੁਣ ਲਏ, ਪੁਲਿਸ ਦੇ ਹੱਥੋਂ ਲੁੱਟ ਖਸੁੱਟ ਦਾ ਸੁਨਹਿਰੀ ਮੌਕਾ ਨਿਕਲ਼ ਗਿਆ, ਮਿਊਂਸਪੈਲਿਟੀ ਦੇ ਬਰਾਬਰ ਜਿਹੀ ਤਾਕਤ ਵਾਲੀ ਅਕਾਲੀ ਸਰਕਾਰ, ਬਾਬੂਆਂ ਦੀਆਂ ਵਹੁਟੀਆਂ ਵਿਚਾਰੀਆਂ ਇਸ ਮਹਿੰਗਾਈ ਦੇ ਜ਼ਮਾਨੇ ਵਿਚ ਆਦਿ। ਇਹ ਹੈ ਗਿਆਨੀ ਜੀ ਦੇ ਲਿਖਣ ਦੀ ਸ਼ੈਲੀ।

ਆਪ ਲੋਕ ਬੋਲੀ ਤੋਂ ਖ਼ੂਬ ਜਾਣੂ ਹਨ। ਸ਼ਾਇਦ ਵਿਦਵਾਨ ਇਸ ਨੂੰ ਬਾਜਾਰੂ ਸ਼ਬਦਾਵਲੀ ਕਹਿਣ; ਜਿਵੇਂ: ਭਿਆਂ ਬੁਲਾ ਦੇਣੀ, ਢਿਬਰੀ ਟੈਟ ਕਰਨੀ, ਆਨਾਕਾਨੀ ਕਰਕੇ, ਅਟਕਲ਼ ਪੱਚੂ, ਘੂਰ ਘੱਪ, ਕਟੜੂ ਵਛੜੂ, ਝੱਲ ਵਲੱਲੀਆਂ, ਠੂਣ ਠੂਣ ਗੋਪਾਲ, ਪੁੱਤਾਂ ਦੀ ਮੁਰੰਮਤ, ਘੀਚਮਚੋਲ਼ਾ ਆਦਿ। ਹਾਸਾ ਮਖੌਲ ਤੇ ਟਿੱਚਰ ਆਪ ਦੇ ਲੇਖਾਂ ਨੂੰ ਹਲਕਾ ਫੁਲਕਾ ਬਣਾ ਦਿੰਦਾ ਹੈ ਅਤੇ ਮਨੋਰੰਜਨ ਦਾ ਸਾਧਨ ਹੈ; ਚਾਹੇ ਇਸ ਦਾ ਕਾਰਨ ਸਥਿਤੀ, ਬੋਲੀ, ਭੋਲ਼ਾਪਣ, ਜਾਂ ਬੇਇਲਮੀ ਹੈ। ਆਪ ਜੀ ਕੋਲ਼ ਯੋਗ, ਢੁਕਵੀਂ, ਜਚਵੀਂ ਤੇ ਫੱਬਵੀਂ ਸ਼ਬਦਾਵਲੀ ਦੀ ਕਮੀ ਨਹੀ ਅਤੇ ਫਿਰ ਬਿਆਨ

ਸ਼ਕਤੀ ਦੇ ਕਿਆ ਕਹਿਣੇ! ਚਾਹੇ ਆਪ ਕਿਸੇ ਚਿੜੀਆ ਘਰ ਦਾ ਨਜ਼ਾਰਾ ਪੇਸ਼ ਕਰਨ ਜਾਂ ਸ਼ਬਦਾਂ ਨਾਲ਼ ਪਿੰਡ ਦੇ ਗ੍ਰੰਥੀ ਦੀ ਤਸਵੀਰ ਬਣਾਉਣ।

ਗਿਆਨੀ ਜੀ ਦੀ ਲਿਖਤ ਵਿਚ ਬੜੀ ਤਾਕਤ ਹੈ; ਪੈਰਿਸ ਵਿਚਲਾ ਨਖਰਾ ਹੈ; ਲੰਡਨ ਵਾਲ਼ੀ ਡੂੰਘਾਈ ਹੈ; ਵਾਸ਼ਿੰਗਟਨ ਜੇਹੀ ਵਿਸ਼ਾਲਤਾ ਹੈ ਪਰ ਦਿੱਲੀ ਵਰਗੀ ਹਫ਼ੜਾ ਦਫ਼ੜੀ ਨਹੀ।

ਗਿਆਨੀ ਜੀ ਦਾ ਲਿਖਿਆ ਗ੍ਰੰਥ ਗਿਆਨ ਦੇ ਸਾਗਰ ਹਨ। ਜੀਵਨ ਨੂੰ ਸੇਧ ਦੇਣ ਵਾਲ਼ਾ ਮੰਤਰ ਹਨ; ਬਲਕਿ ਸਾਹਿਤ ਦਾ ਵਧੀਆ ਨਮੂਨਾ ਹਨ। ਚੰਗੀ ਵਾਰਤਕ ਦਾ ਮਿਸਾਲੀ ਝੰਡਾ ਬਰਦਾਰ ਹਨ । ਅਨੰਦਮਈ ਘਟਨਾਵਾਂ ਦਾ ਸਮੂਹ ਹੈ। ਪਾਠਕ ਨੂੰ ਪ੍ਰੇਰਨਾ, ਉਤਸ਼ਾਹ, ਤੇ ਹੁਲਾਰੇ ਦੇਣ ਵਾਲ਼ਾ ਸਰੋਤ ਹੈ। ਲੋਕੋਕਤੀ, ਅਖਾਣ, ਮੁਹਾਵਰੇ, ਚੁਟਕਲਿਆਂ, ਕਥਾਵਾਂ ਦੇ ਰੰਗ ਬਰੰਗੇ ਗੁਲਦਸਤੇ ਹਨ। ਸਿੱਖ ਇਤਿਹਾਸ, ਸਿੱਖ ਲੀਡਰ, ਸਿੱਖ ਕਲਚਰ, ਗ਼ਲਤ ਰਿਵਾਜ, ਵਿਸ਼ਵਾਸ਼ ਤੇ ਰਸਮਾਂ, ਸਿੱਖ ਪਰਵਾਸ ਅਤੇ ਸਿੱਖ ਰਾਜਨੀਤੀ ਦਾ ਆਧੁਨਿਕ ਕੋਸ਼ ਹੈ। ਲੇਖਕ ਦੀ ਵਾਰਤਕ ਸ਼ੈਲੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਏ ਹੈ। ਪ੍ਰਕਰਣ ਘਰਾਣਾ ਅਤੇ ਤੋਂ ਸਕੂਲ ਸ਼ੁਰੂ ਹੁੰਦਾ ਹੈ।

ਆਪ ਪੰਜਾਬੀ ਵਾਰਤਕ ਦੇ ਚਾਨਣ ਮੁਨਾਰੇ ਹਨ, ਵਰਤਧਾਰੀ ਯੁਗ ਪੁਰਸ਼ ਹਨ। ਵਿਦਵਾਨ ਗੁਰਸਿੱਖ ਪ੍ਰਚਾਰਕ ਹਨ। ਸੱਚੇ ਸੁੱਚੇ ਅੰਤਰਰਾਸ਼ਟਰੀ ਵਿਅਕਤੀ ਹਨ। ਕਰਨੀ ਦੇ ਸੂਰੇ, ਕਥਨੀ ਦੇ ਪੂਰੇ ਅਤੇ ਬੁਰਜੀਨੁਮਾ ਸਾਹਿਤਕਾਰ ਹਨ। ਆਪ ਜੀ ਦੇ ਸੁਭਾ ਦੇ ਤਿੰਨ ਗੁਣ: ਪ੍ਰਭਾਵਸ਼ਾਲੀ ਤਕੱਲਮ, ਲਹਿਰਮਈ ਤਰੰਨਮ ਤੇ ਨਿੰਮਾ ਤਬੱਸਮ ਆਪ ਜੀ ਦੀ ਲਿਖਤ ਵਿਚੋਂ ਟਪਕਦਾ ਹੈ। ਆਪ ਦੀ ਲੇਖਣੀ ਦੇ ਸ਼ਬਦ ਇਉਂ ਗੂੰਜਦੇ ਹਨ, ਟਹਿਕਦੇ ਹਨ ਅਤੇ ਬੋਲਦੇ ਹਨ; ਜਿਵੇਂ ਤੁਸੀਂ ਗਿਆਨੀ ਜੀ ਨਾਲ ਗੱਲਾਂ ਕਰ ਰਹੇ ਹੋਵੋ। ਬਾਤਾਂ ਬੀਤੇ ਦੀਆਂ, ਉਜਲ ਕੈਹਾ ਚਿਲਕਣਾ ਨੂੰ ਅੰਗ੍ਰੇਜ਼ੀ ਵਿਚ ਸੰਖੇਪ ਢੰਗ ਨਾਲ਼, 'ਟਾਕਿੰਗ ਜਿਗਸਾ' ਕਿਹਾ ਜਾ ਸਕਦਾ ਹੈ। ਸੰਭਵ ਨਹੀ ਕਿ ਗਿਆਨੀ ਜੀ ਵਰਗਾ ਪੰਜਾਬੀ ਬੋਲੀ ਦਾ ਕੋਈ ਨਿਆਰਾ ਲੇਖਕ ਹੋਰ ਹੋਵੇ ਜੇਹੜਾ ਸਕੂਲੀ ਵਿਦਿਆ ਤੋਂ ਕੋਰਾ ਹੋਵੇ; ਜਿਸ ਨੇ ਚਾਰ ਮਹਾਂਦੀਪਾਂ ਦੀ ਸੈਰ ਕੀਤੀ ਹੋਵੇ; ਢੇਰ ਸਾਰੇ ਸਿੱਖ ਨੇਤਾਵਾਂ ਦੀ ਸੰਗਤ ਕੀਤੀ ਹੋਵੇ ਅਤੇ ਪੰਜਾਬੀ ਦੀਆਂ ਅਖ਼ਬਾਰਾਂ ਅਤੇ ਪੁਸਤਕਾਂ ਪੜ੍ਹਨ ਦਾ ਮੱਸ ਰੱਖਦਾ ਹੋਵੇ। ਆਪ ਦੀ ਲਿਖਤ ਬੜੀ ਸਾਦਾ, ਸਪੱਸ਼ਟ, ਸਾਫ਼, ਸੁੰਦਰ, ਸਰਲ, ਸੰਜਮੀ, ਸੱਚੀ, ਸੁੱਚੀ, ਸੁਸ਼ੀਲ, ਸੁਘੜ ਤੇ ਸੰਗਾਊ ਹੁੰਦੀ ਹੈ। ਵਾਧੂ ਵਿਸਥਾਰ ਨਹੀ, ਅਕੇਵਾਂ ਨਹੀ, ਥਕੇਵਾਂ ਨਹੀ, ਜਟਿਲ ਨਹੀ, ਬੋਧਿਕ ਨਹੀ, ਤੇ ਭਾਰੂ ਨਹੀ। ਆਮ ਲੋਕਾਂ ਨੂੰ ਸਮਝ ਆਉਣ ਵਾਲ਼ੀ ਬੋਲੀ ਵਿਚ, ਜਨ ਸਾਧਾਰਨ ਲਈ ਸਹਿਜੇ ਹੀ, ਯੋਗ ਤੇ ਆਮ ਵਰਤੋਂ ਵਾਲੀ ਸ਼ਬਦਾਵਲੀ ਵਰਤ ਕੇ, ਗਿਆਨੀ ਜੀ ਆਪਣੇ ਵਿਚਾਰਾਂ ਨੂੰ ਪ੍ਰਭਾਵਸ਼ਾਲੀ, ਅਸਰਦਾਇਕ, ਪ੍ਰਮਾਣਿਕ ਤੇ ਨਾ ਭੁੱਲਣ ਵਾਲ਼ੇ ਬਣਾ ਦਿੰਦੇ ਹਨ। ਆਪ ਕੋਲ਼ ਹਾਸ ਰਸ ਹੈ ਪਰ ਕਿਸੇ ਨੂੰ ਨਾ ਨੀਵਾਂ ਵਿਖਾਉਂਦੇ ਹਨ ਤੇ ਨਾ ਹੀ ਲੱਗਦੀ ਵਾਹ ਕਿਸੇ ਨੂੰ ਨਾਰਾਜ਼ ਹੀ ਕਰਦੇ ਹਨ। ਲਿਖਤ ਵਿਚ ਵਿਅੰਗ ਹੈ ਪਰ ਕਿਸੇ ਦਾ ਮੌਜੂ ਨਹੀਂ ਉਡਾਉਂਦੇ।

# ਗਿਆਨੀ ਜੀ ਦੀ ਲਿਖਤ ਬਾਰੇ ਮੇਰੇ ਵਿਚਾਰ

ਡਾ. ਅਜੀਤ ਸਿੰਘ ਔਲਖ

ਗਿਆਨੀ ਸੰਤੋਖ ਸਿੰਘ ਜੀ ਇਕ ਐਸੇ ਲਿਖਾਰੀ ਹਨ ਜਿਹੜੇ ਥੋਹੜੇ ਸ਼ਬਦਾਂ ਵਿਚ ਹੀ ਬੜੀ ਵੱਡੀ ਗੱਲ ਕਹਿ ਜਾਂਦੇ ਹਨ। ਇਸ ਪੁਸਤਕ ਵਿਚ ਉਹਨਾਂ ਨੇ ਗਾਗਰ ਵਿਚ ਸਾਗਰ ਪਾਉਣ ਵਾਲੀ ਗੱਲ ਕੀਤੀ ਹੈ। ਇਸ ਪੁਸਤਕ ਵਿਚਲੇ ਸਾਰੇ ਲੇਖ ਬਹੁਤ ਛੋਟੇ ਛੋਟੇ ਹਨ, ਪਰ ਉਹਨਾਂ ਵਿਚਲਾ ਸੰਦੇਸ਼ ਖੁਲ੍ਹਾ ਹੈ। ਇਸ ਵਿਚ ਉਹਨਾਂ ਨੇ ਕੁਝ ਧਾਰਮਿਕ ਜੀਵਨ ਵੀ ਦਿਤੇ ਹਨ; ਜਿਵੇਂ ਕਿ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਵੀ ਧਾਰਮਿਕ ਲੇਖ ਹਨ; ਪਰ ਜੋ ਉਹਨਾਂ ਨੇ ਸਿੱਖ ਜਗਤ ਨਾਲ ਸਬੰਧਤ ਮਸਲਿਆਂ ਬਾਰੇ ਵੀ ਲੇਖ ਦਿਤੇ ਹਨ, ਉਹਨਾਂ ਵਿਚ ਕਮਾਲ ਦੀਆਂ ਦਲੀਲਾਂ ਪੇਸ਼ ਕਰਕੇ, ਮਸਲਿਆਂ ਦੇ ਹੱਲ ਬਾਰੇ ਆਪਣੀ ਦੁਰਲਭ ਰਾਏ ਵੀ ਪੇਸ਼ ਕੀਤੀ ਹੈ। ਕੁਝ ਐਸੇ ਲੇਖ ਵੀ ਦਿਤੇ ਹਨ, ਜਿਨ੍ਹਾਂ ਬਾਰੇ ਲਿਖਣ ਦੀ ਕਿਸੇ ਲਿਖਾਰੀ ਨੇ ਪਹਿਲੀ ਵਾਰ ਦਲੇਰੀ ਕੀਤੀ ਹੈ। ਜਦ ਕਿਸੇ ਨੂੰ ਸਿਰੋਪਾ ਦਿਤਾ ਜਾਂਦਾ ਹੈ ਤਾਂ ਆਮ ਤੌਰ ਤੇ ਪ੍ਰਬੰਧਕ, ਗ੍ਰੰਥੀ ਸਿੰਘ ਅਤੇ ਅਖਬਾਰਾਂ ਵਾਲੇ ਇਹੋ ਹੀ ਲਿਖਦੇ ਜਾਂ ਕਹਿੰਦੇ ਹਨ ਕਿ ਫਲਾਣੇ ਨੂੰ ਸਿਰੋਪਾ ਭੇਟ ਕੀਤਾ ਗਿਆ। ਇਸ ਬਾਰੇ ਆਪ ਜੀ ਨੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ ਕੋਈ ਚੀਜ ਜਦ ਕਿਸੇ ਨੂੰ ਭੇਟ ਕੀਤੀ ਜਾਂਦੀ ਹੈ ਤਾਂ ਉਹ ਇਕ ਸੇਵਕ ਵਲੋਂ ਗੁਰੂ ਜੀ ਨੂੰ ਭੇਟ ਕੀਤੀ ਜਾਂਦੀ ਹੈ, ਪਰ ਜੋ ਕੁਝ ਗੁਰੂ ਜੀ ਵਲੋਂ ਦਿਤਾ ਜਾਂਦਾ ਹੈ, ਉਹ ਗੁਰੂ ਜੀ ਵਲੋਂ ਬਖਸ਼ਿਸ਼ ਹੁੰਦੀ ਹੈ।

ਇਕ ਹੋਰ ਲੇਖ ਵਿਚ, ਗੁਰੂ ਘਰਾਂ ਵਿਚ ਫਾਲਤੂ ਰੁਮਾਲਿਆਂ ਦੀ ਸਮੱਸਿਆ ਨੂੰ ਉਹਨਾਂ ਨੇ ਵਿਸਥਾਰ ਪੂਰਬਕ ਵਰਨਣ ਕਰਕੇ, ਉਸ ਦਾ ਸਾਰਥਕ ਹੱਲ ਵੀ ਸੁਝਾਇਆ ਹੈ। ਅਸੀਂ ਰੋਜ ਦਰਬਾਰ ਸਾਹਿਬ ਵੇਖਦੇ ਹਾਂ ਕਿ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਰੁਮਾਲੇ ਚੜ੍ਹਾਉਂਦੀਆਂ ਹਨ। ਇਹ ਸਾਰੇ ਰੁਮਾਲੇ ਕਿਥੇ ਜਾਂਦੇ ਹਨ! ਜੇ ਇਹ ਕਿਸੇ ਸਟੋਰ ਵਿਚ ਰੱਖੇ ਵੀ ਜਾਣਗੇ ਤਾਂ ਇਹ ਚੂਹਿਆਂ ਦੇ ਬਿਸਤਰੇ ਹੀ ਬਣਨਗੇ! ਲੇਖਕ ਨੇ ਇਸ ਦੇ ਹੱਲ ਵਾਸਤੇ ਬਹੁਤ ਦਲੀਲਾਂ ਦਿੱਤੀਆਂ ਹਨ, ਜਿਨ੍ਹਾਂ ਉੱਤੇ ਜ਼ਰੂਰ ਵਿਚਾਰ ਹੋਣੀ ਚਾਹੀਦੀ ਹੈ। ਅਸਲ ਵਿਚ ਤਾਂ ਇਹ ਚਾਹੀਦਾ ਹੈ ਕਿ ਜੇਹੜਾ ਸਿੱਖ ਵੀ ਇਕ ਨਵਾਂ ਰੁਮਾਲਾ ਚੜ੍ਹਾਵੇ, ਉਸ ਨੂੰ ਸਿਰੋਪੇ ਵਜੋਂ ਇਕ ਪੁਰਾਣਾ ਰੁਮਾਲਾ ਦਿੱਤਾ ਜਾਵੇ, ਜਿਸ ਨੂੰ ਉਹ ਮਾਣ ਨਾਲ ਆਪਣੇ ਘਰ ਵਿਚ ਲੈ ਜਾਵੇ ਤੇ

ਸਤਿਗੁਰਾਂ ਵੱਲੋਂ ਬਖ਼ਸ਼ੀ ਸੂਝ ਸਹਿਤ ਇਸਦੀ ਯੋਗ ਵਰਤੋਂ ਕਰੇ।

'ਗੋਤਕਨਾ.ਲਾ' ਲੇਖ ਵਿਚ ਉਹਨਾਂ ਨੇ ਆਪਣੇ ਨਾਮ ਨਾਲ ਗੋਤ ਲਾਉਣ ਦੀ ਸਮੱਸਿਆ ਨੂੰ ਸਾਡੇ ਨਾਲ ਇਸ ਪ੍ਰਕਾਰ ਸਾਂਝਿਆਂ ਕੀਤਾ ਹੈ ਕਿ ਜਿਸ ਨੂੰ ਪੜ੍ਹ ਕੇ ਕੁਝ ਹਾਸਾ ਵੀ ਆਉਂਦਾ ਹੈ ਤੇ ਕੁਝ ਤਰਕ ਵੀ ਉਤਪਨ ਹੁੰਦਾ ਹੈ। ਉਹ ਲਿਖਦੇ ਹਨ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਹ ਸੁਝਾ ਦਿਤਾ ਜਾਂਦਾ ਹੈ ਕਿ ਉਹ ਆਪਣੇ ਨਾਂ ਨਾਲ ਗੋਤ ਨਾ ਵਰਤਣ, ਪਰ ਹੁਣ ਤਕ ਹੋਏ ਜਥੇਦਾਰ ਸਾਹਿਬਾਨਾਂ ਵਿਚੋਂ ਵੀ ਕੁਝ ਜਥੇਦਾਰ, ਆਪਣੇ ਨਾਂਵਾਂ ਨਾਲ, ਕੋਈ ਨਾ ਕੋਈ ਉਪਨਾਮ ਲਗਾਉਂਦੇ ਰਹੇ ਹਨ।

ਸਿੱਖ ਰੈਫ਼ਰੈਂਸ ਲਾਇਬ੍ਰੇਰੀ ਬਾਰੇ ਵੀ ਉਹਨਾਂ ਨੇ ਕਈ ਨਵੇਂ ਤੱਥ ਸਾਹਮਣੇ ਲਿਆਂਦੇ ਹਨ। ਅਨੰਦ ਮੈਰਿਜ ਐਕਟ, ਜਿਹੜਾ ੧੯੦੯ ਤੋਂ ਪਾਸ ਹੋਕੇ ਲਾਗੂ ਹੋਇਆ ਹੈ, ਤੇ ਉਸ ਸਮੇ ਤੋਂ ਸਿੱਖਾਂ ਦੇ ਵਿਆਹ ਅਨੰਦ ਰੀਤੀ ਅਨੁਸਾਰ ਹੀ ਹੁੰਦੇ ਹਨ ਅਤੇ ਇਸ ਰੀਤੀ ਅਨੁਸਾਰ ਕੀਤੇ ਗਏ ਵਿਆਹ ਉਪਰ ਦੁਨੀਆਂ ਭਰ ਵਿਚ ਕਿਸੇ ਵੀ ਦੇਸ਼ ਵਿਚ 'ਕਿੰਤੂ ਪ੍ਰੰਤੂ' ਨਹੀ ਕੀਤਾ ਜਾਂਦਾ, ਪਰ ਇਸ ਵਿਆਹ ਦੇ ਸਰਟੀਫਿਕੇਟ ਉਤੇ ਹਾਲੇ ਵੀ ਹਿੰਦੂ ਰੀਤੀ ਨਾਲ ਵਿਆਹ ਹੋਇਆ ਲਿਖਿਆ ਜਾਂਦਾ ਹੈ। ਲੇਖਕ ਨੇ ਇਸ ਬਾਰੇ ਵੀ ਵਿਸਥਾਰ ਭਰਪੂਰ ਜਾਣਕਾਰੀ ਦਿਤੀ ਹੈ। ਲੇਖਕ ਵੱਲੋਂ ਕਹੀਆਂ ਸੱਚੀਆਂ ਗੱਲਾਂ ਤੇ ਕੌਣ ਇਤਰਾਜ ਕਰ ਸਕਦਾ ਹੈ! ਇਹਨਾਂ ਵਿਚਲੀ ਸਚਾਈ ਨੂੰ ਝੁਠਲਾਇਆ ਨਹੀ ਜਾ ਸਕਦਾ। ਇਹ ਇਕ ਐਸੀ ਪੁਸਤਕ ਹੈ ਜਿਹੜੀ ਹਰ ਸਿਆਣੇ ਵਿਅਕਤੀ ਨੂੰ ਪੜ੍ਹਨੀ ਚਾਹੀਦੀ ਹੈ।



# ਪੰਜਾਬੀ ਸੂਬੇ ਦਾ ਜੀਂਦਾ ਜਾਗਦਾ ਇਤਿਹਾਸ

ਨਿਰਮਲ ਸਿੰਘ ਨੋਕਵਾਲ
ਸਿਡਨੀ, ਆਸਟ੍ਰੇਲੀਆ

"ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ।" ਵਾਲ਼ੀ ਕਹਾਵਤ ਅਨੁਸਾਰ, ਹਰ ਸਮੇ ਦੀ ਤਸਵੀਰ ਸਾਹਿੱਤ ਵਿਚੋਂ ਵੇਖੀ ਜਾ ਸਕਦੀ ਹੈ। ਇਸ ਲਈ ਲੇਖਕ ਨੂੰ ਚਾਹੀਦਾ ਹੈ ਕਿ ਸਮੇ ਦੇ ਸੱਚ ਨੂੰ ਹੀ ਕਲਮਬੰਦ ਕਰੇ ਪਰ ਮਨੁੱਖਤਾ ਦਾ ਬਹੁਤ ਵੱਡਾ ਦੁਖਾਂਤ ਹੈ ਕਿ ਲੇਖਕ ਜਦੋਂ ਸੱਚ ਤੋਂ ਲਾਂਭੇ ਜਾਂਦਾ ਹੈ ਅਤੇ ਸਮਾ ਬੀਤ ਜਾਣ ਤੋਂ ਬਾਅਦ ਜਦੋਂ ਉਸ ਸ਼ੀਸ਼ੇ ਨੂੰ ਵੇਖਿਆ ਜਾਂਦਾ ਹੈ ਤਾਂ ਉਸ ਦਾ ਮਤਲਬ ਵੀ ਕੁਝ ਹੋਰ ਕੱਢਿਆ ਜਾਂਦਾ ਹੈ ਤੇ ਕੱਢੇ ਹੋਏ ਮਤਲਬ ਨੂੰ ਇਤਿਹਾਸ ਬਣਾ ਕੇ, ਉਸ ਉਪਰ ਜਦੋਂ ਜੀਵਨ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਉਹ ਭੀ ਗ਼ਲਤ ਹੋ ਜਾਂਦੀ ਹੈ ਤੇ ਜੀਵਨ ਔਝੜ ਰਾਹਾਂ ਤੇ ਪੈ ਕੇ, ਗ਼ਲਤ ਧਾਰਾ ਫੜ ਲੈਂਦਾ ਹੈ। ਸਿੱਖੀ ਦੇ ਬਾਨੀ ਗੁਰੂਆਂ ਦੇ ਜੀਵਨ ਨੂੰ ਜਦੋਂ ਪੜ੍ਹਿਆ ਜਾਂਦਾ ਹੈ ਤਾਂ ਇਸ ਵਿਚੋਂ, ਆਪਣੇ ਸਵਾਰਥ ਦੇ ਅਧੀਨ ਵੱਖ ਵੱਖ ਵਿਦਵਾਨ, ਉਹਨਾਂ ਦੀ ਸਿੱਖਿਆ ਦੇ ਵੱਖੋ ਵੱਖਰੇ ਕਿਸਮ ਦੇ ਤਰਜਮੇ ਕਰਦੇ ਆਮ ਹੀ ਦਿਸਦੇ ਹਨ।

ਬੇਸ਼ੱਕ ਗਿਆਨੀ ਸੰਤੋਖ ਸਿੰਘ ਦਾ ਨਾਂ ਉਹਨਾਂ ਪ੍ਰਸਿਧ ਲੇਖਕਾਂ ਵਿਚ ਨਹੀਂ ਆਉਂਦਾ ਜਿਨ੍ਹਾਂ ਨੇ ਪੂਰੇ ਜੀਵਨ ਦੀ ਅਗਵਾਈ ਕੀਤੀ ਹੋਵੇ ਪਰ ਜੋ ਵੀ ਲਿਖਿਆ ਹੈ ਉਹ ਸੋਲ਼ਾਂ ਆਨੇ ਸੱਚ ਲਿਖਿਆ ਹੈ। ਸਾਹਿੱਤ 'ਸੱਤਿਅਮ, ਸ਼ਿਵਮ ਤੇ ਸੁੰਦਰਮ' ਦੀ ਕਸੌਟੀ ਤੇ ਪੂਰਾ ਉਤਰਨਾ ਚਾਹੀਦਾ ਹੈ। ਗਿਆਨੀ ਸੰਤੋਖ ਸਿੰਘ ਦਾ ਜੀਵਨ ਪੰਜਾਬ ਦੇ ਇਕ ਨਿੱਕੇ ਪਿੰਡ ਦੇ ਥੋੜਾਂ ਮਾਰੇ ਜੀਵਨ ਤੋਂ ਚੱਲ ਕੇ, ਸਿੱਖ ਸੰਸਥਾਵਾਂ ਵਿਚਦੀ ਗੁਜਰਦਾ ਹੋਇਆ ਦੁਨੀਆਂ ਦੇ ਭਾਰੀ ਗਿਣਤੀ ਮੁਲਕਾਂ ਵਿਚਦੀ ਹੁੰਦਾ ਹੋਇਆ, ਅੱਜ ਇਕ ਚੰਗੇ ਖੁਸਹਾਲ ਦੇਸ਼ ਆਸਟ੍ਰੇਲੀਆ ਅੰਦਰ ਟਿਕਿਆ ਹੋਇਆ ਹੈ।

ਜੋ ਦੇਣ ਗਿਆਨੀ ਜੀ ਨੇ ਅਪਣੇ ਸਾਹਿੱਤ ਰਾਹੀਂ ਲੋਕਾਂ ਨੂੰ ਦਿੱਤੀ ਹੈ ਉਸ ਨੂੰ ਘਟਾ ਕੇ ਵੇਖਣਾ ਸ਼ਾਇਦ ਸਾਡੀ ਬਹੁਤ ਵੱਡੀ ਭੁੱਲ ਹੋਵੇਗੀ। ਵੱਡੇ ਲੋਕਾਂ ਦੀਆਂ ਜੀਵਨੀਆਂ ਪੜ੍ਹ ਕੇ ਉਹਨਾਂ ਦੀਆਂ ਗਾਥਾਵਾਂ ਜਾਂ ਵੀਰ ਗਾਥਾਵਾਂ ਗਾਈਆਂ ਜਾਂਦੀਆਂ ਹਨ ਅਤੇ ਉਹਨਾਂ ਤੋਂ ਜੀਵਨ ਦੀ ਸੇਧ ਲੈ ਕੇ, ਜੀਵਨ ਅੰਦਰ ਅੱਗੇ ਵਧਣ ਦੇ ਯਤਨ

ਕੀਤੇ ਜਾਂਦੇ ਹਨ ਪਰ ਗਿਆਨੀ ਸੰਤੋਖ ਸਿੰਘ ਦੇ ਜੀਵਨ ਵਿਚੋਂ ਉਹਨਾਂ ਦੀਆਂ ਲਿਖਤਾਂ ਰਾਹੀਂ ਜੋ ਕੁਝ ਮਿਲਦਾ ਹੈ ਅਤੇ ਜਿੰਨੀ ਵੱਡੀ ਗਿਣਤੀ ਨੂੰ ਮਿਲਦਾ ਹੈ, ਇਹ ਸਭ ਤੋਂ ਉਚੀ ਗੱਲ ਹੈ।

ਵੱਡੇ ਜੀਵਨ ਬਾਰੇ ਕਿਹਾ ਜਾਂਦਾ ਹੈ, "ਹੋਣਹਾਰ ਬਿਰਵਾ ਕੇ ਹੋਤ ਚਿਕਨੇ ਪਾਤ।" ਜੋ ਕਿ ਹਰ ਇਨਸਾਨ ਵਿਚ ਨਹੀਂ ਹੁੰਦੇ ਜਿਸ ਦੀ ਵਜਾਹ ਕਰਕੇ ਉਹਨਾਂ ਦੇ ਜੀਵਨ ਨੂੰ ਵੇਖਣ ਤੇ ਸੁਣਨ ਵਾਲੇ ਬਹੁ ਗਿਣਤੀ ਲੋਕ ਉਹਨਾਂ ਤੋਂ ਦੂਰ ਚਲੇ ਜਾਂਦੇ ਹਨ। ਗਿਆਨੀ ਸੰਤੋਖ ਸਿੰਘ ਦਾ ਜੀਵਨ ਪੰਜਾਬ ਦੇ ਬਹੁ ਗਿਣਤੀ ਲੋਕਾਂ ਦਾ ਜੀਵਨ ਹੈ; ਇਸ ਲਈ ਇਹ ਉਹਨਾਂ ਦੇ ਨਾਲ ਹੈ। ਬਾਕੀ ਲਿਖਤਾਂ ਤੋਂ ਇਲਾਵਾ ਗਿਆਨੀ ਜੀ ਵੱਲੋਂ, ਸ. ਬਲਵੰਤ ਸਿੰਘ ਰਾਮੂਵਾਲੀਏ ਨੂੰ ਲਿਖੀ ਚਿੱਠੀ ਉਹਨਾਂ ਦੇ ਜੀਵਨ ਦੀ ਮੂੰਹ ਬੋਲਦੀ ਤਸਵੀਰ ਹੈ। ਬੀਤ ਰਹੀ ਦੁਨੀਆਂਦਾਰੀ ਅੰਦਰ ਕੌਣ ਆਪਣੇ ਆਪ ਨੂੰ ਮਾੜਾ ਤੇ ਨੀਵਾਂ ਕਹਾਉਣ ਨੂੰ ਤਿਆਰ ਹੈ? ਇਹ ਗਿਆਨੀ ਸੰਤੋਖ ਸਿੰਘ ਹੈ ਜਿਸ ਨੇ ਆਪਣੇ ਆਪ ਨੂੰ 'ਘੀਚਮਚੋਲ਼ਾ ਸ਼ਖ਼ਸੀਅਤ' ਲਿਖ ਕੇ ਅੱਜ ਦੇ ਮਨੁੱਖ ਦੀ ਹਉਮੈ ਨੂੰ ਚੋਟ ਮਾਰੀ ਹੈ।

ਗਿਆਨੀ ਜੀ ਦਾ ਜੀਵਨ ਪੰਜਾਬ ਦੇ ਇਕ ਸਾਧਾਰਣ ਕਿਸਾਨ ਪਰਵਾਰ ਵਿਚੋਂ ਨਿਕਲ਼ ਕੇ, ਸ਼੍ਰੋਮਣੀ ਕਮੇਟੀ ਦੀ ਪਿਤਾ ਵੱਲੋਂ ਕੀਤੀ ਨੌਕਰੀ ਸਮੇ, ਮੁਢਲੇ ਦਸ ਕੁ ਸਾਲਾਂ ਤੋਂ ਬਾਅਦ, ਸਿੱਖ ਸੰਸਾਰ ਦੇ ਚੌਗਿਰਦੇ ਵਿਚ ਹੀ ਬੀਤਿਆ। ਬਚਪਨ ਦੇ ਮੁਢਲੇ ਸਾਲ ਵੀ ਦਾਦੀ ਮਾਂ ਜੀ ਦੀ ਸੁਚੱਜੀ ਤੇ ਸਿੱਖੀ ਨੂੰ ਸਮੱਰਪਤ ਸਰਪ੍ਰਸਤੀ ਹੇਠ ਹੀ ਬੀਤੇ। ਕੁਦਰਤੀ ਹੈ ਕਿ ਉਹਨਾਂ ਨੂੰ ਜੀਵਨ ਗੁੜ੍ਹਤੀ ਹੀ ਸਿੱਖੀ ਦੀ ਮਿਲ਼ੀ ਤੇ ਸਾਰਾ ਜੀਵਨ ਸਿੱਖੀ ਦੇ ਚੌਗਿਰਦੇ ਵਿਚ ਹੀ ਗੁਜਾਰਿਆ। ਸਿੱਖੀ ਦਾ ਘੇਰਾ ਸਿੱਖ ਗੁਰੂਆਂ ਤੋਂ ਲੈ ਕੇ ਅੱਜ ਤੱਕ ਦੇ ਜੀਵਨ ਤੱਕ ਚੱਲ ਰਿਹਾ ਹੈ ਜੋ ਆਪਣੇ ਆਪ ਵਿਚ ਕੋਈ ਛੋਟੀ ਗੱਲ ਨਹੀਂ ਹੈ। ਸਿੱਖ ਗੁਰੂਆਂ ਦੇ ਜੀਵਨ ਅਤੇ ਉਹਨਾਂ ਦੁਆਰਾ ਰਚੀ ਗਈ ਬਾਣੀ ਦੇ ਨਾਲ, ਗਿਆਨੀ ਸੰਤੋਖ ਸਿੰਘ ਓਤ ਪੋਤ ਹਨ। ਸਿੱਖੀ ਪ੍ਰਚਾਰ ਦੇ ਰੂਪ ਵਿਚ ਬਾਣੀ ਦੀ ਵਿਆਖਿਆ ਏਨੀ ਸੱਚੀ ਤੇ ਸਰਲ ਢੰਗ ਨਾਲ ਕਰਦੇ ਹਨ ਕਿ ਸੁਣਨ ਵਾਲ਼ਿਆਂ ਤੇ ਗੰਭੀਰ ਅਸਰ ਪੈਂਦਾ ਹੈ। ਸਿੱਖੀ ਸਰੂਪ ਨਾਲ ਚੱਲਦੇ ਮਾਮਲਿਆਂ, ਅਕਾਲੀ ਮੋਰਚਿਆਂ ਦੇ ਇਤਿਹਾਸ ਤੋਂ ਲੈ ਕੇ ਅਕਾਲੀ ਸਿਆਸਤ ਵਿਚ ਵਿਚਰ ਰਹੀਆਂ ਘਟਨਾਵਾਂ, ਅਛੋਪਲੇ ਹੀ ਉਹਨਾਂ ਦੇ ਮੂੰਹ ਤੇ ਆ ਜਾਂਦੀਆਂ ਹਨ। ਉਹਨਾਂ ਦੇ ਜੀਵਨ ਦੀ ਹੋਂਦ ਭਾਰਤ ਦੀ ਆਜ਼ਾਦੀ ਤੋਂ ਬਾਅਦ ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ ਤੇ ਸੰਤ ਚੰਨਣ ਸਿੰਘ ਤੋਂ ਲੈ ਕੇ ਗੁਰਚਰਨ ਸਿੰਘ ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਤੱਕ ਦੇ ਜੀਵਨ ਦੀ ਹੈ।

ਗਿਆਨੀ ਸੰਤੋਖ ਸਿੰਘ ਦੇ, ਉਸ ਸਮੇ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਲਿਖਤਾਂ ਤੇ ਪ੍ਰਕਾਸ਼ਨਾਵਾਂ ਨਾਲ਼, ਨਜ਼ਦੀਕੀ ਸਬੰਧ ਹੋਣ ਕਰਕੇ ਅਤੇ

ਸੰਤ ਫਤਿਹ ਸਿੰਘ ਤੇ ਸੰਤ ਚੰਨਣ ਸਿੰਘ ਦੇ ਨਿੱਜੀ ਸਕੱਤਰ ਰਹੇ ਹੋਣ ਕਰਕੇ, ਪੰਥਕ ਸਰਗਰਮੀਆਂ ਦੀ ਜਿੰਨੀ ਜਾਣਕਾਰੀ ਰੱਖਦੇ ਹਨ, ਉਹ ਸ਼ਾਇਦ ਅੱਜ ਦੇ ਕਿਸੇ ਵਿਰਲੇ ਵਿਅਕਤੀ ਕੋਲ਼ ਹੀ ਹੋਵੇ! ਉਹਨਾਂ ਰਾਹੀਂ ਲਿਖੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਸੂਬੇ ਦੀ ਮੰਗ ਦੇ ਕੀ ਕਾਰਨ ਸਨ! ਸਾਧਾਰਣ ਤੌਰ ਤੇ ਗੱਲ ਸਮਝ ਵਿਚ ਆਉਂਦੀ ਹੈ ਕਿ ਸਿੱਖੀ ਜੀਵਨ ਨੂੰ ਗੁਰੂਆਂ ਦੇ ਦੱਸੇ ਰਾਹ ਤੇ ਚੱਲਣ ਲਈ ਜੀਵਨ ਹੋਵੇ ਤੇ ਜੇਹੜੇ ਇਲਾਕਿਆਂ ਵਿਚ ਗੁਰੂਆਂ ਵਿਚ ਆਸਥਾ ਰੱਖਣ ਵਾਲੇ ਲੋਕਾਂ ਦੀ ਬਹੁ ਗਿਣਤੀ ਹੋਵੇ, ਉਸ ਨੂੰ ਪੰਜਾਬੀ ਸੂਬੇ ਦੇ ਨਾਂ ਦਾ ਵੱਖਰਾ ਸੂਬਾ ਬਨਾਉਣ ਦੀ ਮੰਗ ਕੀਤੀ ਗਈ ਸੀ ਪ੍ਰੰਤੂ ਸਮੇ ਦੀ ਕੁਟਲ ਕਾਂਗਰਸ ਸਰਕਾਰ ਤੇ ਅਕਾਲੀ ਆਗੂਆਂ ਦੀਆਂ ਸਵਾਰਥੀ ਬਿਰਤੀਆਂ ਨੇ ਇਸ ਮੰਗ ਨੂੰ ਏਨਾ ਗੁੰਝਲਦਾਰ ਬਣਾ ਦਿੱਤਾ ਕਿ ਜਿਸ ਤਰ੍ਹਾਂ ਦਾ ਪੰਜਾਬੀ ਸੂਬਾ ਬਣਿਆ ਹੈ, ਉਸ ਅੰਦਰ ਕੁਝ ਵੀ ਅਜਿਹਾ ਨਹੀਂ ਹੋ ਸਕਿਆ। ਕਾਂਗਰਸ ਸਰਕਾਰ ਨੇ ਪੈਪਸੂ ਸਟੇਟ ਤੋੜ ਕੇ, ਜਿਸ ਵਿਚ ਸਿੱਖ ਅਬਾਦੀ ਦੀ ਥੋਹੜੀ ਜਿਹੀ ਬਹੁ ਗਿਣਤੀ ਸੀ, ਨੂੰ ਹਿੰਦੂ ਬਹੁ ਸੰਮਤੀ ਵਾਲ਼ੇ ਇਲਾਕੇ ਨਾਲ ਮਿਲਾ ਕੇ, ਸਿੱਖ ਆਬਾਦੀ ਨੂੰ ਘੱਟ ਗਿਣਤੀ ਵਿਚ ਲਿਆਉਣ ਦੀ ਕੋਝੀ ਹਰਕਤ ਨੂੰ ਚੰਗੀ ਤਰਾਂ ਉਘੇੜਿਆ ਹੈ। ਇਸ ਤੋਂ ਬਾਅਦ ਪੰਜਾਬੀ ਸੂਬੇ ਲਈ ਲਗਦੇ ਮੋਰਚਿਆਂ ਦੀ ਜਿੰਨੀ ਨੇੜਿਉਂ ਦੀ ਜਾਣਕਾਰੀ ਦਿੱਤੀ ਹੈ, ਇਹ ਕਾਬਲੇ ਤਾਰੀਫ਼ ਹੈ।

ਅਕਾਲੀ ਲੀਡਰਾਂ ਤੇ ਵਜੀਰਾਂ ਦੇ ਅੰਦਰਲੇ ਇਖ਼ਲਾਕ ਦੀ ਤਸਵੀਰ ਜਿਸ ਤਰ੍ਹਾਂ ਗਿਆਨੀ ਜੀ ਨੇ ਆਪਣੀਆਂ ਸਾਹਿਤਕ ਲਿਖਤਾਂ ਅੰਦਰ ਦਿਖਾਈ ਹੈ ਇਹ ਅਪਣੇ ਆਪ ਵਿਚ ਮਿਸਾਲ ਹੈ। ਮੁਖ ਮੰਤਰੀ ਦੇ ਸਵਾਲ ਉਪਰ ਜਦੋਂ ਸੰਤ ਫਤਿਹ ਸਿੰਘ ਨੇ ਅੰਦਰ ਸੱਦ ਕੇ ਇਕੱਲੇ ਇਕੱਲੇ ਐਮ.ਐਲ.ਏ. ਨੂੰ ਪੁੱਛਿਆ ਤਾਂ ਸਾਰਿਆਂ ਨੇ ਪਹਿਲਾਂ ਤਾਂ ਕਿਹਾ ਜਿਸ ਨੂੰ ਮਰਜੀ ਬਣਾ ਦਿਉ ਤੇ ਫਿਰ ਕਹਿਣਾ ਕਿ ਮੈਨੂੰ ਬਣਾ ਦਿਉ। ਕਿੰਨੇ ਘਿਨਾਉਣੇ ਢੰਗ ਨਾਲ ਲਛਮਣ ਸਿੰਘ ਗਿੱਲ ਗੁਰਨਾਮ ਸਿੰਘ ਨੂੰ ਲਾਹ ਕੇ ਖ਼ੁਦ ਕਾਂਗਰਸ ਦੀ ਮਦਦ ਨਾਲ ਮੁਖ ਮੰਤਰੀ ਬਣ ਗਿਆ! ਜਿਸ ਤਰ੍ਹਾਂ ਦੇ ਵਜੀਰ ਇਸ ਅਕਾਲੀ ਵਜਾਰਤ ਵਿਚ ਸਨ ਉਹਨਾਂ ਬਾਰੇ ਦੱਸਣਾ ਕਿ ਇਕ ਵਜੀਰ ਦੂਜੇ ਵਜੀਰ ਨੂੰ ਪੁੱਛਦਾ ਹੈ, "ਓਇ ਫਲਾਣਾ ਸਿਆਂ, ਤੇਰੇ ਘਰ ਬਿਨਾ ਬਰਫ ਤੋਂ ਸੋਢਾ ਕਿਵੇਂ ਠੰਡਾ ਹੋ ਜਾਂਦੈ ਓਇ?" ਦੂਜੇ ਵਜੀਰ ਨੇ ਦੱਸਿਆ, "ਸੋਢੇ ਨੂੰ ਠੰਡਾ ਕਰਨ ਵਾਲੀ ਇਕ ਪੇਟੀ ਹੁੰਦੀ ਆ ਤੇ ਇਹ ਹਰੇਕ ਵਜੀਰ ਨੂੰ ਮਿਲਦੀ ਆ ਭਾਊ!" ਫਿਰ ਪਤਾ ਕਰਨ ਤੇ ਪਤਾ ਲੱਗਾ ਕਿ ਉਹ ਪੇਟੀ ਉਸ ਵਜੀਰ ਦੇ ਨਾਂ ਤੇ ਵੀ ਇਸ਼ੂ ਹੋਈ ਹੋਈ ਹੈ ਪਰ ਉਸ ਦੀ ਕੋਠੀ ਤੇ ਜਾ ਕੇ ਵੇਖਿਆ ਤਾਂ ਉਸ ਵਿਚ ਪਰਵਾਰ ਦੇ ਜੋੜੇ ਸਜ ਰਹੇ ਸਨ। ਇਕ ਛੋਟਾ ਵਜੀਰ ਸਟੇਜ ਤੋਂ ਭਾਸ਼ਨ ਦਿੰਦਾ ਕਹਿ ਰਿਹਾ ਹੈ, "ਇਹ ਜਿਹੜਾ ਪ੍ਰਕਾਹ ਹੋਂ ਆ ਨਾ, ਪ੍ਰਕਾਹ ਹੋਂ (ਸ. ਪ੍ਰਕਾਸ ਸਿੰਘ ਮਜੀਠੀਆ)

ਇਹ ਸਿਰਫ ਮਨਿਸਟਰ ਈ ਆ, ਮੈਂ ਨਾਲ ਡਿਪਟੀ ਵੀ ਆਂ। ਇਹ ਸੁਣ ਕੇ ਜਲਸੇ ਵਿਚਲੇ ਲੋਕ ਖਿੜ ਖਿੜਾ ਕੇ ਹੱਸ ਪਏ। ਇਕ ਵਜੀਰ ਦਾ ਪਰਵਾਰ ਵਜੀਰੀ ਵਾਲੀ ਕੋਠੀ ਆਇਆ ਤੇ ਬੱਚੇ ਟਾਇਲਟ ਨਾ ਜਾਣ ਤੇ ਕਹਿਣ, "ਬੀਬੀ ਓਥੇ ਤਾਂ ਚੁਲ੍ਹੇ ਜਿਹੇ ਬਣੇ ਹੋਏ ਆ।"

ਅਕਾਲੀ ਨੇਤਾਵਾਂ ਦਾ ਕਿੰਨਾ ਨੇੜਿਉਂ ਹੋ ਕੇ ਚਰਿੱਤਰ ਵਰਨਣ ਕੀਤਾ ਹੈ। ਕਿਤਾਬ 'ਉਜਲ ਕੈਹਾਂ ਚਿਲਕਣਾ' ਅੰਦਰ ਲੇਖ 'ਟਰੰਕ ਕਾਲ ਕਿ ਪੈਗ ਕਾਲ?' ਵਿਚ ਖਾਣਾ ਖਾਣ ਤੋਂ ਪਹਿਲਾਂ ਕੁਝ ਐਮ.ਐਲ.ਏ., ਸ਼ਰਾਬ ਪੀਂਦੇ ਹਨ ਤੇ ਮਖੌਲ ਵਿਚ ਇਸ ਨੂੰ ਦੰਦ ਤਿੱਖੇ ਕਰਨੇ ਆਖਦੇ ਹਨ। ਆਜ਼ਾਦੀ ਤੋਂ ਬਾਅਦ ਸਿੱਖ ਸਿਆਸਤ ਦੇ ਪੂਰੇ ਇਤਿਹਾਸ ਦੀ ਰੂਪ ਰੇਖਾ ਏਨੇ ਸਾਧਾਰਣ ਢੰਗ ਨਾਲ ਬਿਆਨ ਕੀਤੀ ਹੈ ਜੋ ਕਿ ਆਪਣੇ ਆਪ ਵਿਚ ਲਿਸ਼ਕਾਂ ਮਾਰਦੀ ਤਸਵੀਰ ਹੈ। ਪਹਿਲਾਂ ਪਹਿਲ ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ ਤੇ ਸੰਤ ਚੰਨਣ ਸਿੰਘ ਲੀਡਰ ਸਨ ਤੇ ਫਿਰ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਸੰਤਾਂ ਦੇ ਅਕਾਲ ਚਲਾਣੇ ਪਿੱਛੋਂ ਸਰਦਾਰਾਂ ਪਾਸ ਆ ਗਈ। ਇਹਨਾਂ ਵਿਚੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸ. ਗੁਰਚਰਨ ਸਿੰਘ ਟੌਹੜਾ ਤੇ ਸ. ਜਗਦੇਵ ਸਿੰਘ ਤਲਵੰਡੀ ਦੇ ਨਾਂ ਉਪਰ ਰਹੇ। ਮੁਢਲੇ ਦਿਨੀਂ ਕਿਸ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਨੇ ਸੰਤ ਫਤਿਹ ਸਿੰਘ ਤੇ ਦਬਾ ਪਾ ਕੇ, ਜਸਵਿੰਦਰ ਸਿੰਘ ਬਰਾੜ ਨੂੰ ਪਾਰਟੀ ਲੀਡਰੀ ਤੋਂ ਲਾਹ ਕੇ, ਆਪਣੇ ਆਪ ਨੂੰ ਅੱਗੇ ਲੈ ਕੇ ਆਂਦਾ। ਅੱਜ ਦੀ ਅਕਾਲੀ ਰਾਜ ਵਾਲੀ ਸਰਕਾਰ ਤੋਂ ਗਿਆਨੀ ਜੀ ਨਿਰਾਸ ਹਨ ਤੇ ਕਹਿ ਰਹੇ ਹਨ ਕਿ ਸਰਕਾਰ ਭਾਵੇਂ ਅਕਾਲੀਆਂ ਦੀ ਹੋਵੇ ਤੇ ਭਾਵੇਂ ਕਾਂਗਰਸ ਦੀ ਪਰ ਪਟਵਾਰੀਆਂ ਤੇ ਪੁਲਿਸ ਵਾਲਿਆਂ ਨੇ ਤਾਂ ਲੋਕਾਂ ਨੂੰ ਲੁੱਟਣਾ ਤੇ ਕੁੱਟਣਾ ਓਸੇ ਤਰ੍ਹਾਂ ਹੈ। ਕੰਮ ਤਾਂ ਲੋਕਾਂ ਦੇ ਚਾਂਦੀ ਦੇ ਛਿੱਤਰ ਨਾਲ਼ ਹੀ ਹੋਣੇ ਨੇ; ਵਜ਼ਾਰਤ ਦੀਆਂ ਕੁਰਸੀਆਂ ਉਪਰ ਚਾਹੇ ਨੀਲੇ ਬੈਠੇ ਹੋਣ ਚਾਹੇ ਚਿੱਟੇ। ਕੁਝ ਲੋਕਾਂ ਨੇ ਤਾਂ ਇਉਂ ਇਕ ਲੋਕੋਕਤੀ ਹੀ ਬਣਾ ਧਰੀ ਹੈ:

ਚਿੱਟੇ ਬਗਲੇ ਨੀਲੇ ਮੋਰ।
ਉਹ ਵੀ ਚੋਰ ਤੇ ਉਹ ਵੀ ਚੋਰ।

ਬਹੁਤ ਹੀ ਖ਼ੂਬਸੂਰਤ ਗਿਆਨੀ ਜੀ ਦੀ ਲੇਖਣੀ ਧਾਰਮਿਕ ਮਾਮਲਿਆਂ ਵਿਚ ਹੈ। ਜਿੰਦਗੀ ਦਾ ਸਾਰਾ ਸਮਾ ਹੀ ਧਾਰਮਿਕ ਪ੍ਰਚਾਰ ਦੇ ਦਾਇਰੇ ਅੰਦਰ ਰਹਿਣ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਟੂਕਾਂ ਲੈ ਕੇ ਉਹਨਾਂ ਨੂੰ ਜੀਵਨ ਜਿਉਣ ਦੇ ਅਮਲ ਅੰਦਰ ਪ੍ਰੇਰਨਾ ਦੇਣੀ, ਗਿਆਨੀ ਜੀ ਦੀ ਉਚੀ ਸ਼ਖ਼ਸੀਅਤ ਨੂੰ ਦਰਸਾਉਂਦਾ ਹੈ। ਆਪਣੀ ਕਿਤਾਬ 'ਸਚੇ ਦਾ ਸਚਾ ਢੋਆ' ਅੰਦਰ ਦਰਜਣ ਤੋਂ ਵੱਧ ਲੇਖ ਧਾਰਮਿਕ ਅਤੇ ਸਿੱਖ ਗੁਰੂਆਂ ਨਾਲ ਸਬੰਧਤ ਹਨ। ਗਿਆਨੀ ਜੀ ਦੀ ਪਹਿਲੀ ਪੁਸਤਕ 'ਸਚੇ ਦਾ ਸਚਾ ਢੋਆ' ਵਿਚਲੇ ਲੇਖ ਆਪਣੇ ਆਪ ਵਿਚ ਗੁਰੂ ਗ੍ਰੰਥ ਸਾਹਿਬ

ਦੀ ਬਾਣੀ ਬੋਲਦੇ ਅਤੇ ਮਨ ਨੂੰ ਟੁੰਬਦੇ ਹਨ। ਬਾਣੀ ਅਨੁਸਾਰ ਰਾਜ, ਮਾਲ, ਰੂਪ, ਜਾਤਿ, ਜੋਬਨ ਪੰਜੇ ਠੱਗਾਂ ਨੂੰ ਜਿੰਨੀ ਸਹਿਜ ਸਰਲਤਾ ਨਾਲ ਬਿਆਨਿਆ ਹੈ, ਇਹ ਆਪਣੇ ਆਪ ਅੰਦਰ ਮਹਾਨ ਗੱਲ ਹੈ। ਇਸ ਕਿਤਾਬ ਵਿਚ ਦਸਾਂ ਗੁਰੂਆਂ ਦੇ ਜੀਵਨ ਨੂੰ ਲਿਖ ਕੇ ਇਕ ਲੜੀ ਵਿਚ ਪਰੋਇਆ ਹੈ ਜਿਸ ਨੂੰ ਪੜ੍ਹਨ ਤੋਂ ਬਾਅਦ ਗੁਰੂਆਂ ਦੇ ਆਪਸ ਵਿਚ ਪਰਵਾਰਕ ਜੀਵਨ ਦੀ ਸਾਂਝ ਤੇ ਉਹਨਾਂ ਦੇ ਗੁਰਗੱਦੀ ਦੇ ਸਮੇ ਦੀ ਤਾਰੀਖਬੱਧ ਲੇਖਣੀ ਬਹੁਤ ਸਹਿਜਤਾ ਨਾਲ਼ ਆ ਜਾਂਦੀ ਹੈ। ਗੁਰੂਆਂ ਦੇ ਜੀਵਨ ਦੇ ਮੋਟੇ ਮੋਟੇ ਪੱਖ ਸਹਿਜ ਹੀ ਮਨ ਅਤੇ ਦਿਮਾਗ ਅੰਦਰ ਬੈਠ ਜਾਂਦੇ ਹਨ।

'ਸਰਬ ਸਾਂਝਾ ਸਤਿਗੁਰੂ' ਲੇਖ ਲਿਖ ਕੇ ਗੁਰਗੱਦੀ ਤੇ ਗੁਰੂਆਂ ਦੇ ਜੀਵਨ ਬਾਰੇ ਉਚ ਪੱਧਰੀ ਗਿਆਨ ਦਾ ਸਬੂਤ ਦਿਤਾ ਹੈ। ਅੱਜ ਦੇ ਜੀਵਨ ਦਾ ਇਹ ਇਕ ਵੱਡਾ ਦੁਖਾਂਤ ਹੈ ਕਿ ਗੁਰੂਆਂ ਦੇ ਜੀਵਨ ਅਤੇ ਬਾਣੀ ਦੇ ਅਰਥਾਂ ਦੇ ਆਪੋ ਆਪਣੇ ਮੁਤਾਬਿਕ ਤਰਜਮੇ ਕੀਤੇ ਜਾ ਰਹੇ ਹਨ ਪ੍ਰੰਤੂ ਜੋ ਤਰਜਮਾ ਗਿਆਨੀ ਸੰਤੋਖ ਸਿੰਘ ਨੇ ਕੀਤਾ ਹੈ ਉਸ ਨੂੰ ਪੜ੍ਹਨ ਨਾਲ ਗੁਰੂਆਂ ਦੇ ਜੀਵਨ ਦੀ ਸੱਚੀ ਤਸਵੀਰ ਸਾਹਮਣੇ ਆ ਜਾਂਦੀ ਹੈ। ਗਿਆਨੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਘਟਨਾਵਾਂ ਨੂੰ ਯਾਦ ਕਰਵਾ ਕੇ, ਸਿੱਧ ਕੀਤਾ ਹੈ ਕਿ ਉਹ ਮਾਨਵਤਾ ਦੇ ਆਜ਼ਾਦੀ ਨਾਲ ਜਿਉਣ ਦੇ ਧਰਮ ਦੀ ਹੀ ਮਾਨਤਾ ਕਰਦੇ ਸਨ। ਉਹਨਾਂ ਨੇ ਲੜਾਈ ਹਮੇਸ਼ਾਂ ਜਬਰ ਅਤੇ ਜ਼ੁਲਮ ਦੇ ਖ਼ਿਲਾਫ਼ ਹੀ ਲੜੀ; ਕਿਸੇ ਖਾਸ ਮਜ਼ਹਬ ਲਈ ਨਹੀਂ। ਏਸੇ ਕਰਕੇ ਕਿੰਨੇ ਹੀ ਮੁਸਲਮਾਨ ਲੋਕ ਉਹਨਾਂ ਦੇ ਪ੍ਰਸੰਸਕ ਅਤੇ ਸਹਾਇਕ ਸਨ। ਕਈ ਹਿੰਦੂ ਰਾਜੇ ਉਹਨਾਂ ਦੇ ਵਿਰੋਧੀ ਸਨ ਅਤੇ ਗੁਰੂ ਜੀ ਦੇ ਖ਼ਿਲਾਫ਼ ਲੜਦੇ ਸੀ ਜਿਨ੍ਹਾਂ ਵਿਚ ਰਾਜਾ ਕਹਿਲੂਰੀਆ, ਰਾਜਾ ਕਟੋਚੀਆ ਆਦਿ ਮੁਖੀ ਸਨ। ਔਰੰਗਜ਼ੇਬ ਦੀ ਮੌਤ ਪਿੱਛੋਂ ਉਸ ਦੇ ਪੁੱਤਰਾਂ ਦੀ ਲੜਾਈ ਸਮੇ, ਸਹਿਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਨੂੰ ਦੂਜਿਆਂ ਨਾਲ਼ੋਂ ਵਧੇਰੇ ਯੋਗ ਜਾਣ ਕੇ ਅਤੇ ਉਸ ਪਾਸੋਂ ਜਨਤਾ ਨਾਲ਼ ਇਨਸਾਫ਼ ਕਰਨ ਦੇ ਬਚਨ ਲੈ ਕੇ ਉਸ ਦੀ ਸਹਾਇਤਾ ਕੀਤੀ ਸੀ। ਇਕ ਸਯਦ ਵੱਲੋਂ ਇਹ ਪੁੱਛੇ ਜਾਣ ਤੇ, "ਮਜ਼ਹਬ ਤੁਮਾਰਾ ਖੂਬ ਕਿ ਹਮਾਰਾ ਕਿ ਹਮਾਰਾ ਖੂਬ?" ਗੁਰੂ ਸਾਹਿਬ ਵੱਲੋਂ ਇਹ ਜਵਾਬ ਮਿਲਣਾ, "ਤੁਮ ਕੋ ਤੁਮਾਰਾ ਖ਼ੂਬ, ਹਮ ਕੋ ਹਮਾਰਾ ਖ਼ੂਬ।" ਗਿਆਨੀ ਜੀ ਨੇ ਇਹ ਵਾਰਤਾ ਆਪਣੇ ਇਕ ਲੇਖ ਰਾਹੀਂ ਬਹੁਤ ਹੀ ਵਧੀਆ ਢੰਗ ਨਾਲ ਉਜਾਗਰ ਕੀਤੀ ਹੈ। "ਕੋਈ ਭਇਓ ਮੁੰਡੀਆ ਸੰਨਿਆਸੀ " ਵਾਲ਼ਾ ਕਬਿਤ ਲਿਖ ਕੇ ਦਸਮ ਪਾਤਿਸ਼ਾਹ ਜੀ ਦੇ ਚਰਿੱਤਰ ਨੂੰ ਉਜਾਗਰ ਕੀਤਾ ਹੈ।

ਭਾਈ ਜੈਤਾ ਦੀ ਜਬਾਨੀ ਵੈਸਾਖੀ ਵਾਲੀ ਸਾਖੀ ਲਿਖ ਕੇ ਇਤਿਹਾਸ ਦੇ ਡੂੰਘੇਪਣ ਨੂੰ ਫਰੋਲਿਆ ਹੈ ਜੋ ਕਿ ਅਜਿਹਾ ਕਦੀ ਨਾ ਪੜ੍ਹਿਆ ਸੀ ਤੇ ਨਾ ਹੀ ਕਦੇ ਸੁਣਿਆ ਸੀ। ਇਸ ਵਿਚ ਦੱਸਿਆ ਗਿਆ ਹੈ ਕਿ ਗੁਰੂ ਤੇਗ ਬਹਾਦਰ ਦੇ ਸਿਰ ਤੇ ਧੜ ਨੂੰ ਉਠਾਉਣਾ ਅਪਣੀ ਜਾਨ ਤੋਂ ਹੱਥ ਧੋਣਾ ਸੀ ਜਿਸ ਕਰਕੇ ਭਾਈ ਜੈਤੇ ਨੇ

ਆਪਣੇ ਬਾਪ ਦਾ ਸਿਰ ਵੱਢ ਕੇ ਗੁਰੂ ਤੇਗ ਬਹਾਦਰ ਦੇ ਸੀਸ ਦੀ ਥਾਵੇਂ ਰੱਖਿਆ ਅਤੇ ਇਸ ਤਰ੍ਹਾਂ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਪਹੁੰਚਿਆ।

ਗਿਆਨੀ ਜੀ ਨੇ ਸਾਹਿੱਤ ਰਾਹੀਂ ਗੁਰਦੁਆਰਿਆਂ ਵਿਚਲੇ ਕਈ ਮਸਲੇ ਉਠਾਏ ਹਨ ਤੇ ਸੁਝਾਉ ਦਿਤੇ ਹਨ ਜਿਵੇਂ ਕਿ ਗੁਰਦੁਆਰਿਆਂ ਅੰਦਰ ਭੇਟ ਕੀਤੇ ਰੁਮਾਲਿਆਂ ਬਾਰੇ, ਲਾਊਡ ਸਪੀਕਰਾਂ ਦੀ ਆਵਾਜ ਬਾਰੇ, ਗੁਰੂ ਘਰ ਬਣਾਉਣ ਵੇਲੇ ਹਾਲ ਅੰਦਰ ਆਵਾਜ਼ ਗੂੰਜਣ ਬਾਰੇ, ਪ੍ਰਬੰਧਕਾਂ ਦੀਆਂ ਚੋਣਾਂ ਬਾਰੇ ਅਤੇ ਅੰਧ ਵਿਸ਼ਵਾਸ਼ ਬਾਰੇ।

ਧਿਆਨ ਦੇਣ ਯੋਗ: ਇਸ ਸਭ ਕੁਝ ਦੇ ਬਾਵਜੂਦ ਗਿਆਨੀ ਜੀ ਜਿੰਨੀ ਵਿਸ਼ਾਲ ਦੁਨੀਆਂ ਵਿਚ ਵਿਚਰੇ ਹਨ ਅਤੇ ਕਿੰਨੀ ਦੁਨੀਆਂ ਦੇ ਲੋਕ ਆਚਰਣ ਪੱਖੋਂ, ਸਿੱਖੀ ਜੀਵਨ ਤੋਂ ਅੱਗੇ ਨਿਕਲ ਗਏ ਹਨ! ਇਸ ਬਾਰੇ ਆਪਣੇ ਸਾਹਿੱਤ ਅੰਦਰ ਉਹਨਾਂ ਨੇ ਵਿਆਖਿਆ ਨਹੀਂ ਕੀਤੀ ਸਗੋਂ ਇਕ ਪਾਸੜ ਹੀ ਜੀਵਨ ਦੀ ਗੱਲ ਕਰਦੇ ਹਨ। ਜੂਨ ੧੯੮੪ ਵਿਚਲਾ ਨੀਲਾ ਤਾਰਾ ਆਪ੍ਰੇਸ਼ਨ ਦਾ ਗਿਆਨੀ ਜੀ ਦੇ ਮਨ ਤੇ ਬਹੁਤ ਡੂੰਘਾ ਅਸਰ ਹੈ ਜੋ ਮੈਂ ਸਮਝਦਾ ਹਾਂ ਕਿ ਹੋਣਾ ਭੀ ਚਾਹੀਦਾ ਹੈ ਕਿਉਂਕਿ ਉਹ ਬਹੁਤ ਹੀ ਘਿਨਾਉਣਾ ਕਾਰਾ ਸੀ ਪ੍ਰੰਤੂ ਉਹ ਇਸ ਗੱਲ ਤੋਂ ਭੀ ਚੁੱਪੀ ਧਾਰੀ ਬੈਠੇ ਹਨ ਕਿ ਉਹ ਕੇਹੜੇ ਕਾਰਨ ਸਨ ਜਿਨ੍ਹਾਂ ਦੇ ਬਹਾਨੇ ਨਾਲ ਇਹ ਕਾਰਾ ਵਾਪਰਿਆ! ਪੰਜਾਬ ਅੰਦਰ ਉਹ ਦਹਿਸ਼ਤਗਰਦੀ ਦਾ ਮਾਹੌਲ, ਜਿਸ ਅੰਦਰ ਆਪਣੇ ਘਰਾਂ ਵਿਚ ਬੈਠੇ ਟੀ.ਵੀ. ਦੇਖ ਰਹੇ ਬੰਦਿਆਂ ਨੂੰ ਗੋਲੀਆਂ ਨਾਲ ਭੁੰਨਣਾ ਅਤੇ ਬੱਸਾਂ ਵਿਚੋਂ ਉਤਾਰ ਕੇ ਲੋਕਾਂ ਨੂੰ ਗੋਲੀਆਂ ਨਾਲ਼ ਮਾਰਨਾ, ਹਰਿਮੰਦਰ ਸਾਹਿਬ ਅੰਦਰ ਮੱਥਾ ਟੇਕਣ ਗਏ ਬੰਦੇ ਨੂੰ ਗੋਲੀ ਮਾਰਨੀ ਅਤੇ ਖਾਲਿਸਤਾਨ ਦੀ ਮੁਹਿੰਮ ਨੂੰ ਹਰਿਮੰਦਰ ਸਾਹਿਬ ਦੇ ਅੰਦਰੋਂ ਚਲਾਉਣਾ ਆਦਿ।

ਚੰਗਾ ਹੋਵੇ ਜੇ ਗਿਆਨੀ ਜੀ ਆਪਣੀ ਸਾਧਾਰਣ ਬੋਲੀ ਤੇ ਵਿਆਖਿਆ ਰਾਹੀਂ ਬਾਹਰ ਘੁੰਮੀ ਹੋਈ ਦੁਨੀਆਂ ਦਾ ਵੀ ਨਿਰਨਾ ਕਰਨ ਤੇ ਉਸ ਤੋਂ ਅੱਗੇ ਸੇਧ ਦੇਣ। ਇਸ ਗੱਲ ਨੂੰ ਵਿਸ਼ਾ ਬਣਾਉਣ ਕਿ ਧਾਰਮਿਕ ਵਲ਼ਗਣ ਤੋਂ ਦੂਰ ਰਹਿ ਕੇ ਵੀ ਅੱਗੇ ਵਧੇ ਹੋਏ ਦੇਸਾਂ ਦੀ ਤਰ੍ਹਾਂ, ਪੰਜਾਬ ਨੂੰ ਚੰਗੇ ਚਰਿਤਰ, ਚੰਗੇ ਕਾਨੂੰਨ ਅਤੇ ਚੰਗੇ ਪ੍ਰਬੰਧ ਰਾਹੀਂ ਚੰਗਾ ਬਣਾਇਆ ਜਾ ਸਕਦਾ ਹੈ ਜਦੋਂ ਕਿ ਅਸੀਂ ਧਾਰਮਿਕ ਸਿੱਖਿਆ ਦੇ ਧਾਰਨੀ ਹੋਣ ਦੇ ਬਾਵਜੂਦ ਵੀ ਮਾੜਾ ਪ੍ਰਦਰਸ਼ਨ ਕਰ ਰਹੇ ਹਾਂ। ਸਾਡੇ ਸਮਾਜ ਵਿਚ ਬੇਅੰਤ ਧਾਰਮਿਕ ਪ੍ਰਚਾਰ ਹੁੰਦਿਆਂ ਹੋਇਆਂ ਵੀ ਸਾਡਾ ਜੀਵਨ ਚਰਿੱਤਰ ਕਿਉਂ ਨਿਘਰਦਾ ਜਾ ਰਿਹਾ ਹੈ? ਪੂਰੇ ਦਾ ਪੂਰਾ ਜੀਵਨ ਬਾਣੀ ਪੜ੍ਹ ਅਤੇ ਸੁਣ ਕੇ ਵੀ ਜਿੰਦਗੀ ਬਿਤਾਉਣ ਦੇ ਮਾਮਲੇ ਵਿਚ ਬਾਣੀ ਦੇ ਅਰਥਾਂ ਦੇ ਨੇੜੇ ਤੇੜੇ ਵੀ ਅਸੀਂ ਨਹੀਂ ਹੁੰਦੇ। ਇਸ ਤਰ੍ਹਾਂ ਦੇ ਕਿੰਨੇ ਹੀ ਸਵਾਲ ਗਿਆਨੀ ਜੀ ਦੇ ਪ੍ਰਤੀ ਉਠਦੇ ਹਨ।

ਇਸ ਸਭ ਕੁਝ ਦੇ ਬਾਵਜੂਦ ਵੀ ਗਿਆਨੀ ਜੀ ਨੇ ਪੰਜਾਬੀ ਸਾਹਿਤ ਨੂੰ ਜੋ ਦੇਣ ਦਿਤੀ ਹੈ ਉਹ ਇਕ ਵੱਡਮੁੱਲੀ ਦੇਣ ਹੈ।

# ਸਿਰੜੀ ਮਨੁੱਖ

ਪ੍ਰੋ. ਸੁਖਦੇਵ ਸਿੰਘ
ਸ੍ਰੀ ਅੰਮ੍ਰਿਤਸਰ

ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦਾ ਗੁਰਮਤਿ ਦੇ ਪ੍ਰਚਾਰਕ, ਰਾਗੀ ਅਤੇ ਤਬਲਾ ਵਾਦਕ ਤਿਆਰ ਕਰਨ ਵਿਚ ਵੱਡਾ ਨਾਂ ਹੈ। ਇਸ ਦੀਆਂ ਇਸ ਖੇਤਰ ਵਿਚ ਪ੍ਰਾਪਤੀਆਂ ਕਾਬਲ-ਏ-ਤਾਰੀਫ ਹਨ। ਇਸ ਵਲੋਂ ਪੈਦਾ ਕੀਤੇ ਵੱਡੇ ਵੱਡੇ ਪ੍ਰਚਾਰਕ, ਮਸ਼ਹੂਰ ਕੀਰਤਨੀਏ ਅਤੇ ਪ੍ਰਪੱਕ ਤਬਲਾ ਵਾਦਕਾਂ ਦੀ ਸੂਚੀ ਬੜੀ ਲੰਮੀ ਹੈ। ਇਸ ਦੇ ਨਾਲ ਹੀ ਏਥੋਂ ਪੜ੍ਹਨ ਵਾਲੇ ਕਈ ਵਿਦਿਆਰਥੀ ਆਪਣੇ ਖੇਤਰ ਦੇ ਨਾਲ ਨਾਲ ਹੀ ਸਾਹਿਤਕ ਖੇਤਰ ਵਿਚ ਵੀ ਮਕਬੂਲ ਹੋਏ ਹਨ, ਜਿਨ੍ਹਾਂ ਵਿਚ ਗਿਆਨੀ ਸੰਤੋਖ ਸਿੰਘ ਦਾ ਨਾਂ ਵੀ ਸਤਿਕਾਰ ਨਾਲ ਲਿਆ ਜਾਂਦਾ ਹੈ। ਗਿਆਨੀ ਸੰਤੋਖ ਸਿੰਘ ਜੀ ਨੇ ਸਿੱਖੀ ਦੀ ਕਈ ਰੂਪਾਂ ਵਿਚ ਸੇਵਾ ਕੀਤੀ ਹੈ: ਇੱਕ ਕੀਰਤਨੀਏ ਵਜੋਂ, ਸਫਲ ਪ੍ਰਚਾਰਕ ਬਣ ਕੇ ਅਤੇ ਹੁਣ ਇੱਕ ਲੇਖਕ ਦੇ ਰੂਪ ਵਿਚ। ਗਿਆਨੀ ਜੀ ਜਿਸ ਕਿਸੇ ਵੀ ਰੂਪ ਵਿਚ ਕਾਰਜਸ਼ੀਲ ਰਹੇ, ਉਹਨਾਂ ਨੇ ਦਿਲੋਂ ਕੰਮ ਕੀਤਾ ਹੈ ਅਤੇ ਪ੍ਰਾਪਤੀਆਂ ਵੀ ਕੀਤੀਆਂ ਹਨ। ਉਹਨਾਂ ਦਾ ਰਾਬਤਾ ਮੇਰੇ ਨਾਲ ਉਸ ਸਮੇ ਤੋਂ ਹੀ ਹੈ ਜਦੋਂ ਮੈ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਅਧਿਆਪਕ ਵਜੋਂ ਸੇਵਾ ਵਿਚ ਸਾਂ ਅਤੇ ਗਿਆਨੀ ਜੀ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਇਕ ਦਿਨ ਓਥੇ ਆਏ ਸਨ। ਉਸ ਸਮੇ ਤੋਂ ਲੈ ਕੇ ਇਹ ਰਾਬਤਾ ਹੁਣ ਤੱਕ ਬਾਦਸਤੂਰ ਜਾਰੀ ਹੈ। ਉਹਨਾਂ ਦੀ ਇੱਕ ਖਾਸੀਅਤ, ਜਿਸ ਦਾ ਜ਼ਿਕਰ ਮੈਂ ਜਰੂਰ ਕਰਾਂਗਾ, ਉਹ ਇਹ ਹੈ ਕਿ ਜਿਥੇ ਉਹ ਪੁਰਾਣਿਆਂ ਨਾਲ ਜੁੜੇ ਰਹਿੰਦੇ ਹਨ, ਓਥੇ ਨਵਿਆਂ ਨਾਲ ਵੀ ਉਹਨਾਂ ਦਾ ਖਾਸਾ ਮੇਲ ਜੋਲ ਹੈ। ਵੈਸੇ ਇਹ ਪੀਹੜੀ ਦਾ ਫਰਕ ਕਿਸੇ ਵਿਰਲੇ ਨੂੰ ਹੀ ਮਿਟਾਉਣਾ ਆਉਂਦਾ ਹੈ। ਅਕਸਰ ਪੁਰਾਣੇ ਆਪਣੇ ਆਪ ਨੂੰ ਨਵਿਆਂ ਦੇ ਮੁਕਾਬਲੇ ਜ਼ਿਆਦਾ ਸੂਝਵਾਨ ਹੋਣ ਦਾ ਭਰਮ ਪਾਲ ਬੈਠਦੇ ਹਨ ਪਰ ਗਿਆਨੀ ਸੰਤੋਖ ਸਿੰਘ ਜੀ ਅਜਿਹੇ ਨਹੀਂ ਹਨ। ਉਹਨਾਂ ਦੇ ਮੇਲ ਮਿਲਾਪ ਦੇ ਘੇਰੇ ਵਿਚ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ, ਸਭ ਦਾ ਬੋਲਬਾਲਾ ਹੈ। ਮੈਂ ਉਹਨਾਂ ਨੂੰ ਕਦੇ ਵੀ ਕਾਹਲੇ ਪੈਂਦੇ ਨਹੀਂ ਵੇਖਿਆ। ਬੜੇ ਸਹਿਜ ਵਿਚ ਵਿਚਰਦੇ ਹਨ ਗਿਆਨੀ ਸੰਤੋਖ ਸਿੰਘ।

ਉਹਨਾਂ ਦੀ ਜਦੋਂ ਵੀ ਕੋਈ ਨਵੀਂ ਕਿਤਾਬ ਆਈ, ਬੜੇ ਹੀ ਸਤਿਕਾਰ ਨਾਲ

ਉਹਨਾਂ ਮੇਰੇ ਤੱਕ ਪੁੱਜਦੀ ਕੀਤੀ ਅਤੇ ਮੈਂ ਬੜੇ ਹੀ ਚਾ ਨਾਲ ਪੜ੍ਹੀ ਹੈ। ਉਹਨਾਂ ਦੀਆਂ ਲਿਖਤਾਂ ਦੀ ਖਾਸੀਅਤ ਇਹ ਹੈ ਕਿ ਉਹ ਪਾਠਕਾਂ ਨੂੰ ਸ਼ਬਦ ਜਾਲ ਵਿਚ ਨਹੀਂ ਉਲਝਾਉਂਦੀਆਂ, ਸਗੋਂ ਆਪਣੀ ਗੱਲ ਬੜੀ ਸਰਲਤਾ ਨਾਲ ਕਹਿ ਜਾਂਦੀਆਂ ਹਨ। ਅਜਿਹੇ ਲੇਖਕ ਬਹੁਤ ਘੱਟ ਹੀ ਨਜ਼ਰ ਅਉਂਦੇ ਹਨ, ਜਿਹੜੇ ਆਪਣੀ ਗੱਲ ਨੂੰ ਬੋਲ ਚਾਲ ਦੀ ਸ਼ੈਲੀ ਵਿਚ ਪੇਸ਼ ਕਰਦੇ ਹਨ। ਆਮ ਤੌਰ ਤੇ ਲੇਖਕ ਵਰਗ ਔਖੇ ਔਖੇ ਸ਼ਬਦ ਵਰਤ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਪਾਠਕ ਉਸ ਨੂੰ ਵੱਡਾ ਵਿਦਵਾਨ ਸਮਝਣ ਪਰ ਗਿਆਨੀ ਸੰਤੋਖ ਸਿੰਘ ਜੀ ਅਜਿਹੇ ਨਹੀਂ ਹਨ। ਉਹਨਾਂ ਦੀ ਲੇਖਣੀ ਦੀ ਸ਼ੈਲੀ ਬੋਲ ਚਾਲ ਵਾਲੀ ਹੋਣ ਦਾ ਕਾਰਨ ਸ਼ਾਇਦ ਇਹ ਮੰਨਿਆ ਜਾ ਸਕਦਾ ਹੈ ਕਿ ਉਹ ਇੱਕ ਵਿਦਵਾਨ ਬੁਲਾਰੇ ਹਨ ਅਤੇ ਉਹਨਾਂ ਨੇ ਲੰਮਾ ਸਮਾ ਪ੍ਰਚਾਰ ਖੇਤਰ ਵਿਚ ਲੈਕਚਰ ਕਰਦਿਆਂ ਗੁਜ਼ਾਰਿਆ ਹੈ। ਸ਼ਾਇਦ ਏਸੇ ਕਰਕੇ ਹੀ ਉਹਨਾਂ ਦੀ ਇਹ ਬੋਲ ਚਾਲ ਵਾਲੀ ਸ਼ੈਲੀ ਉਹਨਾਂ ਦੀਆਂ ਲਿਖਤਾਂ ਵਿਚ ਵੀ ਆ ਗਈ ਹੋਵੇ।

ਗਿਆਨੀ ਜੀ ਇੱਕ ਪ੍ਰਚਾਰਕ ਵਜੋਂ ਵਿਚਰ ਕੇ ਸਿੱਖੀ ਦੀ ਮਹਿਕ ਦੇਸ਼-ਵਿਦੇਸ਼ ਵਿਚ ਫੈਲਾ ਰਹੇ ਹਨ। ਉਹ ਬਿਨਾ ਕਿਸੇ ਲਾਲਚ ਦੇ ਹਰ ਉਸ ਥਾਂ ਪਹੁੰਚ ਜਾਂਦੇ ਹਨ, ਜਿਥੇ ਕਿਧਰੇ ਵੀ ਸਿੱਖ ਵੱਸਦੇ ਹਨ। ਉਹਨਾਂ ਦਾ ਜੀਵਨ ਪ੍ਰਚਾਰ ਮਾਰਗ ਤੇ ਤੁਰਨ ਵਾਲਿਆਂ ਲਈ ਹੌਸਲਾ ਅਫ਼ਜ਼ਾਈ ਦਾ ਕੰਮ ਕਰਦਾ ਹੈ ਅਤੇ ਉਹਨਾਂ ਲਈ ਇਸ ਖੇਤਰ ਵਿਚ ਆਉਣ ਵਾਲੀਆਂ ਸਮੱਸਿਆਵਾਂ ਅਤੇ ਹੋਣ ਵਾਲੀਆਂ ਪ੍ਰਾਪਤੀਆਂ ਬਾਰੇ ਵੀ ਵਧੀਆ ਜਾਣਕਾਰੀ ਦਾ ਸਾਧਨ ਬਣਦਾ ਹੈ। ਅੰਤ ਵਿਚ ਗਿਆਨੀ ਜੀ ਦੇ ਸਿਰੜ ਨੂੰ ਸਿਜਦਾ ਕਰਦਾ ਹਾਂ।



## ਰੌਚਕ ਤਜਰਬਿਆਂ ਦੇ ਪੇਸ਼ਕਾਰ

ਹਰਭਜਨ ਸਿੰਘ ਵਕਤਾ,
ਸ੍ਰੀ ਅੰਮ੍ਰਿਤਸਰ

ਗੁਰਮਤਿ ਪ੍ਰਚਾਰ ਦੇ ਖੇਤਰ ਵਿਚ ਆਉਣਾ ਕੋਈ ਸੌਖਾ ਕੰਮ ਨਹੀਂ ਹੈ। ਇਸ ਮਾਰਗ ਤੇ ਚੱਲਦਿਆਂ ਕਈ ਕਿਸਮ ਦੀਆਂ ਔਕੜਾਂ/ਕਠਿਨਾਈਆਂ ਦਾ ਸਾਹਮਣਾ ਅਕਸਰ ਕਰਨਾ ਪੈਂਦਾ ਹੈ। ਜਿੱਥੇ ਇੱਕ ਪਾਸੇ ਆਪਣੇ ਪਰਵਾਰ ਤੋਂ ਦੂਰ ਰਹਿ ਕੇ ਪੰਥਕ ਜ਼ੁੰਮੇਵਾਰੀਆਂ ਦੇ ਨਾਲ ਨਾਲ ਘਰੇਲੂ/ਪਰਵਾਰਕ ਜ਼ੁੰਮੇਵਾਰੀਆਂ ਨੂੰ ਵੀ ਨਿਭਾਉਣਾ ਪੈਂਦਾ ਹੈ, ਓਥੇ ਘਰੋਂ ਬਾਹਰ ਰਹਿਣ ਸਮੇ ਆਉਂਦੀਆਂ ਮੁਸ਼ਕਲਾਂ ਨੂੰ ਵੀ ਆਪਣੇ ਪਿੰਡੇ ਤੇ ਝੱਲਣਾ ਪੈਂਦਾ ਹੈ। ਇਸ ਦੇ ਨਾਲ ਹੀ ਸੰਗਤਾਂ ਦੇ ਸ਼ੰਕੇ ਨਵਿਰਤ ਕਰਨ ਲਈ ਆਪਣੇ ਆਪ ਨੂੰ ਇਸ ਹਾਣ ਦਾ ਬਣਾਉਣਾ ਕਿ ਹਰੇਕ ਪ੍ਰਸ਼ਨ ਕਰਤਾ ਨੂੰ ਸ਼ੁੱਧ ਜਾਣਕਾਰੀ ਮਿਲ ਸਕੇ, ਇਹ ਵੀ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਗਿਆਨੀ ਸੰਤੋਖ ਸਿੰਘ ਹੁਣੀ ਵੀ ਉਹਨਾਂ ਪ੍ਰਚਾਰਕਾਂ ਵਿੱਚੋਂ ਹੀ ਇੱਕ ਹਨ, ਜਿਨ੍ਹਾਂ ਤੇ ਉਪ੍ਰੋਕਤ ਸਾਰੀਆਂ ਗੱਲਾਂ ਇਨ ਬਿਨ ਢੁਕਦੀਆਂ ਹਨ। ਉਹਨਾਂ ਨੇ ਜਿੱਥੇ ਰਾਗੀ ਵਜੋਂ ਸੇਵਾ ਨਿਭਾਈ ਹੈ, ਓਥੇ ਪ੍ਰਚਾਰਕ ਦੇ ਤੌਰ ਤੇ ਵਿਚਰ ਕੇ ਵੀ ਦੂਰ ਦੂਰ ਤਕ ਧਰਤੀ ਗਾਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਲੋਂ ਪ੍ਰਵਾਨਤ ਰਹਿਤ ਮਰਯਾਦਾ ਨੂੰ ਸਮਰਪਤ ਰਹਿੰਦਿਆਂ ਗਿਆਨੀ ਜੀ ਨੇ ਸਦਾ ਸੰਗਤਾਂ ਦੇ ਮਨ ਵਿਚ ਆਏ ਸਵਾਲਾਂ ਦੇ ਉਤਰ ਬੜੇ ਭਾਵਪੂਰਤ ਢੰਗ ਨਾਲ ਦਿੱਤੇ ਹਨ।

ਗਿਆਨੀ ਸੰਤੋਖ ਸਿੰਘ ਦੇ ਸਾਹਿਤਕ ਖੇਤਰ ਵਿਚ ਪਾਏ ਨਿੱਗਰ ਯੋਗਦਾਨ ਬਾਰੇ ਵੀ ਕਿਸੇ ਤਰ੍ਹਾਂ ਦਾ ਕੋਈ ਲੁਕਾ ਨਹੀਂ ਹੈ। ਉਹਨਾਂ ਦੀਆਂ ਬਹੁਤੀਆਂ ਲਿਖਤਾਂ ਵੀ ਗੁਰਮਤਿ ਜਾਂ ਪੰਥ ਨਾਲ ਸਿੱਧਾ ਸੰਬੰਧ ਰੱਖਦੀਆਂ ਹਨ। ਗੱਲ ਕੀ, ਉਹਨਾਂ ਦੀ ਸਮੁੱਚੀ ਸ਼ਖ਼ਸੀਅਤ ਗੁਰਮਤਿ ਦੇ ਰੰਗ ਵਿਚ ਰੰਗੀ ਹੋਈ ਕਹੀ ਜਾ ਸਕਦੀ ਹੈ। ਗਿਆਨੀ ਜੀ ਨਾਲ ਮੇਰਾ ਰਾਬਤਾ ਪੰਜਾਬੀ ਸੁਖਨ ਨਾਂ ਦੀ ਵੈੱਬਸਾਈਟ ਰਾਹੀਂ ਬਣਿਆ, ਜੋ ਹੁਣ ਤਕ ਮੁਸੱਲਸਲ ਜਾਰੀ ਹੈ। ਅੱਜ ਇਹ ਸਾਂਝ ਦੋਸਤਾਨਾ ਬਣ ਚੁੱਕੀ ਹੈ।

ਜੇਕਰ ਗਿਆਨੀ ਸੰਤੋਖ ਸਿੰਘ ਦੇ ਜੀਵਨ ਵਿਚ ਝਾਤ ਮਾਰੀਏ ਤਾਂ ਬੇਸ਼ੱਕ ਮੁਢਲੇ ਦੌਰ ਵਿਚ ਸਕੂਲੀ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਤਾਂ ਨਹੀਂ ਮਿਲਿਆ

ਪਰ ਉਹਨਾਂ ਨੇ ਆਪਣੇ ਪਿਤਾ ਭਾਈ ਗਿਆਨ ਸਿੰਘ ਜੀ ਪਾਸੋਂ ਗੁਰਮੁਖੀ ਵਿਚ ਪ੍ਰਪੱਕਤਾ ਹਾਸਲ ਕਰ ਲਈ ਸੀ। ਪਿਤਾ ਜੀ ਕਿਉਂਕਿ ਗੁਰਬਾਣੀ ਦੇ ਗਿਆਤਾ ਸਨ, ਇਸ ਲਈ ਗਿਆਨੀ ਜੀ ਹੁਰਾਂ ਤੇ ਉਹਨਾਂ ਦਾ ਪ੍ਰਭਾਵ ਪੈਣਾ ਕੁਦਰਤੀ ਸੀ। ਗਿਆਨੀ ਜੀ ਦੇ ਪਿਤਾ ਭਾਈ ਗਿਆਨ ਸਿੰਘ ਉਹਨਾਂ ਨੂੰ ਜਿੱਥੇ ਗੁਰਮੁਖੀ ਸਿਖਾਉਂਦੇ ਰਹੇ, ਓਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸੰਥਿਆ ਵੀ ਨਿਰੰਤਰ ਕਰਾਉਂਦੇ ਰਹੇ। ਗੁਰਬਾਣੀ ਦੀ ਸੰਥਿਆ ਦੌਰਾਨ ਗਿਆਨੀ ਜੀ ਨੇ ਆਪਣੇ ਪਿਤਾ ਜੀ ਤੋਂ ਗੁਰਬਾਣੀ ਦੇ ਗੁੱਝੇ ਭੇਦਾਂ ਨੂੰ ਸਮਝਿਆ, ਜਿਸ ਕਾਰਨ ਆਪ ਛੋਟੀ ਉਮਰ ਵਿਚ ਹੀ ਗੁਰਬਾਣੀ ਦਾ ਸ਼ੁੱਧ ਪਾਠ ਕਰਨ ਲੱਗ ਪਏ। ਉਹਨਾਂ ਦੇ ਬਚਪਨ ਸਮੇ ਪਿਤਾ ਜੀ ਤੋਂ ਗ੍ਰਹਿਣ ਕੀਤੀ ਗਈ ਗੁਰਮੁਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਜਾਣਕਾਰੀ ਨਾਲ ਹੀ ਉਹਨਾਂ ਦੀ ਸਿੱਖਿਆ ਦਾ ਮੁੱਢ ਬੱਝਦਾ ਹੈ।

ਇਸ ਵਿਚ ਦੋ ਰਾਵਾਂ ਨਹੀਂ ਹਨ ਕਿ ਜਿਸ ਮੁਕਾਮ ਤੇ ਅੱਜ ਗਿਆਨੀ ਸੰਤੋਖ ਸਿੰਘ ਜੀ ਹਨ, ਉਸ ਤੋਂ ਨਿਰਸੰਦੇਹ ਇਹ ਕਿਆਸ ਕੀਤਾ ਜਾ ਸਕਦਾ ਹੈ ਕਿ ਪਿਤਾ ਜੀ ਪਾਸੋਂ ਲਈ ਮੁੱਢਲੀ ਸਿਖਿਆ ਅੱਜ ਦੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਕਾਗਜ਼ੀ ਡਿਗਰੀਆਂ ਤੋਂ ਕਈ ਦਰਜੇ ਉਚੇਰੀ ਹੈ। ਉਹਨਾਂ ਦੇ ਗਿਆਨ ਦਾ ਭੰਡਾਰ ਬੜਾ ਵਿਸ਼ਾਲ ਹੈ। ਗਿਆਨੀ ਜੀ ਆਪਣੀ ਸਮੁੱਚੀ ਤਾਲੀਮ ਦੇ ਬੀਜ ਆਪਣੇ ਪਿਤਾ ਜੀ ਪਾਸੋਂ ਪ੍ਰਾਪਤ ਕੀਤੀ ਗਈ ਮੁੱਢਲੀ ਪੜ੍ਹਾਈ ਵਿਚੋਂ ਹੀ ਨਿਹਾਰਦੇ ਹਨ।

ਗੁਰਮਤਿ ਦੀ ਤਾਲੀਮ ਗਿਆਨੀ ਜੀ ਨੇ ਸਿੱਖ ਸੰਸਥਾ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਪ੍ਰਾਪਤ ਕੀਤੀ। ੧੯੫੮ ਈਸਵੀ ਵਿਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਚੱਲਦੀ, ਪੰਥ ਦੀ ਇਸ ਮਹਾਨ ਸਿੱਖ ਸੰਸਥਾ ਵਿਚ ਆਣ ਦਾਖਲ ਹੋਏ। ਇਹ ਸਿੱਖ ਧਰਮ ਦੀ ਉਹ ਮਹਾਨ ਸਿੱਖ ਸੰਸਥਾ, ਹੈ ਜੋ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਖੋਲ੍ਹੀ ਗਈ ਸੀ। ਇਸ ਨੂੰ ਖੋਲ੍ਹਣ ਦਾ ਮਕਸਦ ਕੇਵਲ ਇਹ ਸੀ ਕਿ ਪੰਥ ਵਿਚ ਚੰਗੇ ਸਿੱਖ ਮਿਸ਼ਨਰੀ ਅਤੇ ਕੀਰਤਨੀਏ ਪੈਦਾ ਕੀਤੇ ਜਾਣ ਜੋ ਲੋਕਾਂ ਨੂੰ ਗੁਰਮਤਿ ਦੀ ਸੋਝੀ ਦੇਣ ਅਤੇ ਗੁਰਦੁਆਰਿਆਂ ਦੀ ਮਹਾਨਤਾ ਬਾਰੇ ਸੁਚੇਤ ਕਰਨ ਤਾਂ ਕਿ ਅਜਿਹੇ ਹਾਲਾਤ ਫਿਰ ਤੋਂ ਪੈਦਾ ਨਾ ਹੋ ਸਕਣ। ਇਹ ਸੰਸਥਾ ਆਪਣੇ ਇਸ ਮਿਸ਼ਨ ਵਿਚ ਪੂਰੀ ਤਰ੍ਹਾਂ ਕਾਮਯਾਬ ਹੋਈ ਅਤੇ ਇਸ ਨੇ ਕੌਮ ਨੂੰ ਕਈ ਵੱਡੇ ਵਿਦਵਾਨ ਪ੍ਰਚਾਰਕ ਅਤੇ ਰਾਗੀ ਪੈਦਾ ਕਰਕੇ ਦਿੱਤੇ। ਏਥੋਂ ਸਿੱਖਿਅਤ ਹੋਏ ਸਿੱਖ ਵਿਦਵਾਨਾਂ, ਪ੍ਰਚਾਰਕਾਂ, ਕਥਾਕਾਰਾਂ, ਰਾਗੀਆਂ, ਤਬਲਾ ਵਾਦਕਾਂ ਦੀ ਲੜੀ ਬਹੁਤ ਲੰਬੀ ਹੈ, ਜੋ ਏਥੇ ਸਾਰੀ ਨਹੀਂ ਲਿਖੀ ਜਾ ਸਕਦੀ।

ਗਿਆਨੀ ਜੀ ਦਾ ਕੌਮ ਦੀ ਇਸ ਮਹਾਨ ਸੰਸਥਾ ਵਿਚ ਦਾਖਲਾ ਉਹਨਾਂ ਦੇ ਪਿਤਾ ਜੀ ਦੀ ਮਰਜੀ, ਰਸੂਖ਼ ਅਤੇ ਉਦਮ ਨਾਲ ਹੋਇਆ ਸੀ। ਏਥੇ ਉਹਨਾਂ ਦੀ

ਸਿੱਖਿਆ ਗੁਰਮਤਿ ਸੰਗੀਤ ਨਾਲ ਸੰਬੰਧਤ ਸੀ। ਉਸ ਸਮੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਤਿੰਨ ਕਲਾਸਾਂ ਲੱਗਦੀਆਂ ਸਨ। ਪ੍ਰਚਾਰਕ, ਰਾਗੀ ਅਤੇ ਤਬਲਾ ਵਾਦਕ ਦੀ ਟ੍ਰੇਨਿੰਗ ਵੱਖੋ-ਵੱਖਰੀ ਸੀ। (ਇਹ ਟ੍ਰੇਨਿੰਗ ਅੱਜ ਵੀ ਏਸੇ ਤਰ੍ਹਾਂ ਹੀ ਦਿੱਤੀ ਜਾਂਦੀ ਹੈ)। ਭਾਵੇਂ ਕਿ ਗਿਆਨੀ ਜੀ ਹੁਰਾਂ ਦਾ ਝੁਕਾ ਪ੍ਰਚਾਰਕ ਸ਼੍ਰੇਣੀ ਵੱਲ ਸੀ ਪਰ ਪਿਤਾ ਜੀ ਦੀ ਖ਼ੁਸ਼ੀ ਉਹਨਾਂ ਨੂੰ ਗੁਰੂ ਘਰ ਦਾ ਕੀਰਤਨੀਆ ਵੇਖਣ ਵਿਚ ਸੀ। ਗਿਆਨੀ ਜੀ ਨੇ ਆਪਣੇ ਪਿਤਾ ਦੀ ਇੱਛਾ ਤੇ ਫੁੱਲ ਚੜ੍ਹਾਉਂਦਿਆਂ ਹੋਇਆਂ, ਰਾਗੀ ਬਣਨ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿਤੀ। ਇਹ ਸਿੱਖਿਆ ਇਨ੍ਹਾਂ ਨੇ ਸੰਗੀਤ ਅਧਿਆਪਕ ਪ੍ਰੋ. ਰਾਜਿੰਦਰ ਸਿੰਘ ਹੁਰਾਂ ਤੋਂ ਪ੍ਰਾਪਤ ਕੀਤੀ। ਗਿਆਨੀ ਜੀ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਪੜ੍ਹਦਿਆਂ ਕਾਲਜ ਦੇ ਪ੍ਰਿੰਸੀਪਲ ਗੁਰਬਾਣੀ ਦੇ ਮਹਾਨ ਵਿਆਖਿਆਕਾਰ, ਪ੍ਰੋ. ਸਾਹਿਬ ਸਿੰਘ ਜੀ ਤੋਂ ਬੇਹੱਦ ਪ੍ਰਭਾਵਤ ਹੋਏ। ਸੰਗੀਤ ਦੀ ਸਿੱਖਿਆ ਪ੍ਰਾਪਤੀ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਗੁਰਮਤਿ ਦੀ ਜਾਣਕਾਰੀ ਅਤੇ ਸਿੱਖ ਰਹਿਤ ਮਰਯਾਦਾ ਦੀ ਪੜ੍ਹਾਈ, ਪ੍ਰਿੰਸੀਪਲ ਸਾਹਿਬ ਸਿੰਘ ਜੀ ਵਲੋਂ ਕਰਵਾਈ ਜਾਂਦੀ ਸੀ। ਇਸ ਸਮੇ ਆਪ ਦੇ ਜੀਵਨ ਤੇ ਉਹਨਾਂ ਦਾ ਪ੍ਰਭਾਵ ਪੈਣਾ ਕੁਦਰਤੀ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਆਪ ਨੇ ਪਿਛੋਂ ਰਾਗੀ ਵਜੋਂ ਕੀਤੀ ਜਾਂਦੀ ਸੇਵਾ ਨੂੰ ਛੱਡ ਕੇ ਪ੍ਰਚਾਰਕ ਵਜੋਂ ਵਿਚਰਨਾ ਆਰੰਭ ਕਰ ਦਿੱਤਾ।

ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਪੜ੍ਹਾਈ ਮੁਕੰਮਲ ਕਰ ਕੇ ਜਦੋਂ ਆਪ ਰਾਗੀ ਵਜੋਂ ਸਰਵਿਸ ਵਿਚ ਆ ਗਏ ਤਾਂ ਏਸੇ ਸਮੇ ਹੀ ਆਪ ਨੇ ਵਿਦਵਾਨੀ ਦੀ ਪ੍ਰੀਖਿਆ ਪਾਸ ਕੀਤੀ। ਵਿਦਵਾਨ ਕਰਨ ਤੋਂ ਬਾਅਦ ੧੯੬੬ ਈਸਵੀ ਵਿਚ ਆਪ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਗਿਆਨੀ ਦਾ ਕੋਰਸ ਵੀ ਕਰ ਲਿਆ। ਏਸੇ ਕਰਕੇ ਹੀ ਗਿਆਨੀ ਜੀ ਆਪਣੇ ਨਾਮ ਨਾਲ 'ਗਿਆਨੀ' ਲਗਾਉਂਦੇ ਹਨ। ਇਸ ਦੇ ਨਾਲ ਨਾਲ ਹੀ ਗਿਆਨੀ ਜੀ ਦੀ ਸਿੱਖਿਆ ਪ੍ਰਾਪਤੀ ਦਾ ਹਿੱਸਾ ਉਹ ਹਰ ਚੰਗਾ ਸਾਹਿਤ ਵੀ ਰਿਹਾ ਹੈ ਜੋ ਉਹਨਾਂ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਖੇ ਦਾਖਲੇ ਸਮੇ ਤੋਂ ਲੈ ਕੇ ਹੁਣ ਤੱਕ ਪੜ੍ਹਿਆ ਹੈ। ਸ਼ਬਦ ਦੀ ਮਹਾਨਤਾ ਨੂੰ ਬਾਖ਼ੂਬੀ ਸਮਝਣ ਵਾਲੇ ਗਿਆਨੀ ਸੰਤੋਖ ਸਿੰਘ ਨੇ ਚੰਗੀਆਂ ਕਿਤਾਬਾਂ ਨੂੰ ਨਿਰੰਤਰ ਪੜ੍ਹਦਿਆਂ ਆਪਣੇ ਗਿਆਨ ਵਿਚ ਵਾਧਾ ਕੀਤਾ ਜੋ ਉਹਨਾਂ ਦੇ ਗਿਆਨ ਦੇ ਭੰਡਾਰ ਨੂੰ ਵਿਸ਼ਾਲ ਬਣਾਉਣ ਵਿਚ ਸਹਾਇਕ ਸਾਬਤ ਹੋਇਆ।

ਗਿਆਨੀ ਸੰਤੋਖ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਰਾਗੀ ਵਜੋਂ ਸੇਵਾ ਕਰਦਿਆਂ ਅਨੇਕਾਂ ਥਾਵਾਂ ਤੇ ਜਾ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਅਨੰਦਤ ਕੀਤਾ ਹੈ। ਆਪ ਜੀ ਨੇ ੧੯੬੦ ਈਸਵੀ ਤੋਂ ਲੈ ਕੇ ੧੯੬੭ ਈਸਵੀ ਤੱਕ ਇਹ ਕੀਰਤਨ ਦੀ ਅਹਿਮ ਸੇਵਾ ਨਿਭਾਈ। ਭਾਵੇਂ ਇਸ ਸਮੇ ਦੌਰਾਨ ਕੁਝ ਕੁ ਸਮਾ ਗਿਆਨੀ ਜੀ ਨੇ ਪੰਥਕ ਹਸਤੀਆਂ ਨਾਲ ਵੀ ਜੁੰਮੇਵਾਰੀ ਭਰਪੂਰ

ਸੇਵਾਵਾਂ ਦਿੱਤੀਆਂ ਪਰ ਇਸ ਸੱਤ ਸਾਲ ਦੇ ਅਰਸੇ ਦੌਰਾਨ ਆਪ ਇੱਕ ਨਿਪੁੰਨ ਰਾਗੀ ਵਜੋਂ ਵਿਚਰੇ। ਬੇਸ਼ੱਕ ਗਿਆਨੀ ਜੀ ੧੯੬੭ ਤੋਂ ਬਾਅਦ ਵੀ ਸਮੇ ਸਮੇ ਕੀਰਤਨ ਸੇਵਾ ਨਿਭਾਉਂਦੇ ਰਹੇ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਉਹਨਾਂ ਨੇ ਇਹ ਸੇਵਾ ੧੯੬੭ ਤੱਕ ਨਿਭਾਈ ਤੇ ਫਿਰ ਗੁਰਮਤਿ ਪ੍ਰਚਾਰਕ ਬਣ ਗਏ।

ਗਿਆਨੀ ਸੰਤੋਖ ਸਿੰਘ ਜੀ ਸਿੱਖੀ ਦੇ ਉਹ ਪ੍ਰਚਾਰਕ ਹਨ ਜੋ ਸਦਾ ਹੀ ਪੰਥਕ ਵਿਚਾਰਧਾਰਾ ਦੇ ਮੁਦਈ ਰਹਿ ਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਰਹਿਨੁਮਾਈ ਹੇਠ ਸਿੱਖੀ ਪ੍ਰਚਾਰ ਲਈ ਯਤਨਸ਼ੀਲ ਰਹੇ ਹਨ। ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪ੍ਰਵਾਨਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਕੀਤੀ ਗਈ ਸਿੱਖ ਰਹਿਤ ਮਰਯਾਦਾ ਨੂੰ ਸੇਧਤ ਜੀਵਨ ਜਿਊਂਦਿਆਂ ਉਹਨਾ ਨੇ ਹਮੇਸ਼ਾਂ ਹੀ ਆਪਣੇ ਆਪ ਨੂੰ ਪੰਥਕ ਜਾਬਤੇ ਵਿਚ ਰੱਖਿਆ ਹੈ। ਅੱਜ ਜਦੋਂ ਸਿੱਖ ਧਰਮ ਨੂੰ ਦਰਪੇਸ਼ ਮੁਸ਼ਕਲਾਂ ਵਿਚ ਸਿੱਖ ਰਹਿਤ ਮਰਯਾਦਾ ਦੀ ਗੱਲ ਤੁਰਦੀ ਹੈ ਤਾਂ ਕਈ ਮਰਯਾਦਾਵਾਂ ਸਾਡੇ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਵੱਖ ਵੱਖ ਡੇਰੇਦਾਰਾਂ ਵਲੋਂ ਵੱਖ ਵੱਖ ਮਰਯਾਦਾਵਾਂ ਦੀ ਗੱਲ ਕਰਨੀ ਸਿੱਖ ਧਰਮ ਦੇ ਪ੍ਰਚਾਰਕਾਂ ਲਈ ਅਕਸਰ ਚੁਣੌਤੀ ਰਹੀ ਹੈ। ਗਿਆਨੀ ਸੰਤੋਖ ਸਿੰਘ ਨੇ ਲੰਮਾ ਸਮਾ ਸਿੱਖੀ ਪ੍ਰਚਾਰ ਕਰਦਿਆਂ ਸਿੱਖਾਂ ਦੀ ਸ਼੍ਰੋਮਣੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਨੂੰ ਅਪਣਾ ਕੇ ਦੁਨੀਆ ਭਰ ਦੀਆਂ ਸਿੱਖ ਸੰਗਤਾਂ ਵਿਚ ਪ੍ਰਚਾਰਿਆ ਹੈ। ਇਸ ਦਾ ਮਤਲਬ ਇਹ ਵੀ ਨਹੀਂ ਕਿ ਉਹਨਾ ਨੇ ਕਿਸੇ ਹੋਰ ਦੀ ਵਿਰੋਧਤਾ ਕੀਤੀ ਹੈ। ਗਿਆਨੀ ਜੀ ਨੇ ਬਣਦਾ ਸਤਿਕਾਰ ਮਾਣ ਹਰ ਸਿੱਖੀ ਪ੍ਰਚਾਰ ਕਰਨ ਵਾਲੇ ਨੂੰ ਦਿੱਤਾ ਹੈ ਪਰ ਮਰਯਾਦਾ ਦੇ ਮਾਮਲੇ ਵਿਚ ਕਦੇ ਵੀ ਕੋਈ ਸਮਝੌਤਾ ਨਹੀਂ ਕੀਤਾ।

ਇਸ ਸਬੰਧ ਵਿਚ ਗੱਲ ਕਰਦਿਆਂ ਉਹ ਆਖਦੇ ਹਨ ਕਿ ਗੁਰੂ ਨਾਨਕ ਸਾਹਿਬ ਦੇ ਸਿੱਖੀ ਰੂਪੀ ਵਿਸ਼ਾਲ ਸਮੁੰਦਰ ਨੂੰ ਅੱਜ ਆਪੋ ਆਪਣੀਆਂ ਲਾਲਸਾਵਾਂ ਖਾਤਰ ਛੋਟੇ ਛੋਟੇ ਹਿੱਸਿਆਂ ਵਿਚ ਵੰਡਣ ਦੇ ਯਤਨ ਹੋ ਰਹੇ ਹਨ। ਹਰ ਕੋਈ ਆਪਣੀ ਡੇਰੇਦਾਰੀ ਨੂੰ ਵੱਡੀ ਦੱਸਣ ਦੇ ਆਹਰ ਵਿਚ ਹੈ ਅਤੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨਾਲੋਂ ਆਪਣੇ ਆਰੰਭੇ ਡੇਰੇ ਦਾ ਮਿਸ਼ਨ ਵੱਡਾ ਸਮਝੀ ਬੈਠਾ ਹੈ। ਉਹਨਾਂ ਨੇ ਹਕੀਕਤ ਬਿਆਨਦਿਆਂ ਕਿਹਾ ਕਿ ਕੁਝ ਸਿੱਖੀ ਦਾ ਪ੍ਰਚਾਰ ਕਰਦੇ ਨਜ਼ਰੀਂ ਆਉਂਦੇ ਡੇਰੇ ਤਾਂ ਇਹ ਵੀ ਸਮਝੀ ਬੈਠੇ ਹਨ ਕਿ ਗੁਰੂ ਸਾਹਿਬਾਨ ਦੇ ਪੁਰਬ ਮਨਾਉਣੇ ਉਹਨਾਂ ਦਾ ਕੰਮ ਨਹੀਂ, ਸਗੋਂ ਉਹਨਾਂ ਦਾ ਕੰਮ ਤਾਂ ਕੇਵਲ ਆਪਣੇ ਡੇਰੇ ਦੇ ਰਹਿ ਚੁੱਕੇ ਮੁਖੀਆਂ ਦੀ ਯਾਦ ਵਿਚ ਸਮਾਗਮ ਕਰਨਾ ਹੀ ਹੈ।

ਗਿਆਨੀ ਜੀ ਮੁਤਾਬਕ ਪੰਥਕ ਵਿਚਾਰਧਾਰਾ ਦਾ ਮੁੱਖ ਸੋਮਾ ਸ੍ਰੀ ਅਕਾਲ ਤਖਤ

ਸਾਹਿਬ ਹੀ ਹੈ ਅਤੇ ਹਰੇਕ ਸਿੱਖੀ ਦੇ ਪ੍ਰਚਾਰਕ ਅਤੇ ਆਮ ਸਿੱਖ ਨੂੰ ਆਪਣਾ ਜੀਵਨ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪ੍ਰਵਾਨਤ ਮਰਯਾਦਾ ਅਨੁਸਾਰ ਹੀ ਗੁਰਦੁਆਰਾ ਸਾਹਿਬਾਨ ਵਿਖੇ ਰੋਜ਼ਾਨਾ ਦੀਆਂ ਸੇਵਾਵਾਂ ਨਿਭਾਉਣ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਕਿ ਪੰਥ ਵਿਚ ਧਾਰਮਿਕ ਵਿਖੇਵਾ ਘੱਟ ਤੋਂ ਘੱਟ ਹੋਵੇ। ਏਸੇ ਵਿਚ ਹੀ ਕੌਮ ਦਾ ਭਲਾ ਹੈ।

ਅੱਜ ਗਿਆਨੀ ਜੀ ਦੀ ਇਕ ਲੇਖਕ ਵਜੋਂ ਨਿਵੇਕਲੀ ਪਛਾਣ ਹੈ। ਉਹਨਾਂ ਵਲੋਂ ਆਪਣੇ ਜੀਵਨ ਦੇ ਖੱਟੇ ਮਿੱਠੇ ਅਨੁਭਵਾਂ ਅਤੇ ਤਜਰਬਿਆਂ ਨੂੰ ਆਪਣੀਆਂ ਲਿਖਤਾਂ ਰਾਹੀਂ ਪੇਸ਼ ਕਰਨਾ, ਪਾਠਕਾਂ ਨੇ ਕਬੂਲਿਆ ਹੈ। ਉਹਨਾਂ ਵਲੋਂ ਲਿਖੀਆਂ ਗਈਆਂ ਲਿਖਤਾਂ ਨੂੰ ਪੜ੍ਹਦਾ ਹੋਇਆ ਪਾਠਕ ਅੱਕਦਾ/ਥੱਕਦਾ ਨਹੀਂ, ਸਗੋਂ ਇੱਕ ਲੇਖ ਮੁਕਾਉਣ ਤੋਂ ਬਾਅਦ ਦੂਸਰਾ ਵੀ ਇੱਕੋ ਹੀ ਬੈਠਕ ਵਿਚ ਪੜ੍ਹ ਜਾਂਦਾ ਹੈ। ਏਸੇ ਤਰ੍ਹਾਂ ਹੀ ਫਿਰ ਤੀਸਰਾ, ਚੌਥਾ ਤੇ ਫਿਰ ਹੋਰ ਬਹੁਤ ਸਾਰੇ...। ਜਿੰਨ੍ਹਾਂ ਜਿੰਨ੍ਹਾਂ ਨੇ ਵੀ ਗਿਆਨੀ ਜੀ ਹੁਣਾਂ ਦੀਆਂ ਰਚਨਾਵਾਂ ਪੜ੍ਹੀਆਂ ਉਹਨਾਂ ਸਭਨਾਂ ਦੇ ਵਿਚਾਰ ਇਹੋ ਜਿਹੇ ਹੀ ਹਨ। ਹਰੇਕ ਦਾ ਇਹ ਮੰਨਣਾ ਹੈ ਕਿ ਗਿਆਨੀ ਜੀ ਦੀਆਂ ਲਿਖਤਾਂ ਪੜ੍ਹਦਿਆਂ ਸੁਆਦ ਆਉਂਦਾ ਹੈ ਅਤੇ ਪੜ੍ਹਦੇ ਪੜ੍ਹਦੇ ਕਿਤਾਬ ਛੱਡਣ ਨੂੰ ਜੀ ਹੀ ਨਹੀਂ ਕਰਦਾ। ਇਹ ਕੋਈ ਝੂਠ ਨਹੀਂ ਹੈ। ਜੇਕਰ ਯਕੀਨ ਨਹੀਂ ਆਉਂਦਾ ਤਾਂ ਖ਼ੁਦ ਪੜ੍ਹ ਕੇ ਵੇਖ ਲਵੋ। ਮੇਰੇ ਨਾਲ ਵੀ ਠੀਕ ਏਸੇ ਹੀ ਤਰ੍ਹਾਂ ਹੋਇਆ। ਗਿਆਨੀ ਜੀ ਦੀਆਂ ਰਚਨਾਵਾਂ ਇੰਟਰਨੈਟ ਦੁਆਰਾ ਪੰਜਾਬੀ ਦੀਆਂ ਵੈਬਸਾਈਟਾਂ ਤੋਂ ਪੜ੍ਹਨੀਆਂ ਆਰੰਭ ਕੀਤੀਆਂ ਤੇ ਅਜਿਹਾ ਸੁਆਦ ਪਿਆ ਕਿ ਹਰੇਕ ਪੰਜਾਬੀ ਸਾਈਟ ਤੋਂ ਗਿਆਨੀ ਜੀ ਦੀਆਂ ਲਿਖਤਾਂ ਲੱਭਣੀਆਂ। ਨੀਲੇ ਰੰਗ ਦੀ ਦਸਤਾਰ ਸਜਾਈ ਰਵਾਇਤੀ ਜਿਹੇ ਅਕਾਲੀ ਲੱਗਦੇ ਗਿਆਨੀ ਸੰਤੋਖ ਸਿੰਘ ਜੀ ਲਗਭਗ ਹਰੇਕ ਪੰਜਾਬੀ ਵੈੱਬਸਾਈਟ ਤੇ ਹੀ ਛਾਏ ਰਹਿੰਦੇ ਹਨ।

ਚੱਲਦੇ-ਚੱਲਦੇ ਗਿਆਨੀ ਜੀ ਦੀਆਂ ਲਿਖਤਾਂ ਵਿੱਚੋਂ ਉਨ੍ਹਾਂ ਦੀਆਂ ਕੁਝ ਯਾਦਾਂ ਪਾਠਕਾਂ ਲਈ ਪੇਸ਼ ਹਨ।

ਪਹਿਲੀ ਕਿਤਾਬ ਖਰੀਦਣੀ:

ਖ਼ਾਲਸਾ ਰਾਜ ਸਮੇ ਦੌਰਾਨ ਅੰਮ੍ਰਿਤਸਰ ਦੇ ਰਹਿ ਚੁੱਕੇ ਗਿਆਨੀ ਚੀਫ਼ਾਂ ਦੀ ਰਿਹਾਇਸ਼, ਬੁਰਜ ਗਿਆਨੀਆਂ ਤੇ ਘੰਟਾ ਘਰ ਦੇ ਦਰਮਿਆਨ ਜਿਹੇ ਵਿਚ, ਖੱਬੇ ਹੱਥ ਸੁਸ਼ੋਭਤ ਅਖਾੜਾ ਸੰਗਲ਼ਵਾਲ਼ਾ ਦੇ ਬੂਹੇ ਤੋਂ ਇਕ ਦੋ ਦੁਕਾਨਾਂ ਪਹਿਲਾਂ, ਸੱਜੇ ਹੱਥ 'ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ' ਦੀ ਕਿਤਾਬਾਂ ਦੀ ਦੁਕਾਨ ਹੁੰਦੀ ਸੀ। ਉਸ ਦੁਕਾਨ ਦੇ ਥੜ੍ਹੇ ਉਪਰ ਸਜਾਏ, ਹੋਰ ਕਿਤਾਬਾਂ, ਕਿੱਸਿਆਂ ਆਦਿ ਦੇ ਨਾਲ਼ ਇਕ ਕਿੱਸਾ ਸੀ ਜਿਸ ਦੇ ਸਰਵਰਕ ਉਪਰ ਸਾਹਿਬਜ਼ਾਦਾ ਅਜੀਤ ਸਿੰਘ ਦੀ

ਚਮਕੌਰ ਦਾ ਯੁਧ ਕਰਦੇ ਦੀ ਤਸਵੀਰ ਸੀ। ਉਸ ਤਸਵੀਰ ਨੇ ਮੈਨੂੰ ਬੜਾ ਪ੍ਰਭਾਵਤ ਕੀਤਾ। ਮੋਟੇ ਅੱਖਰਾਂ ਵਿਚ ਸਰਵਰਕ ਤੇ ਲਿਖਿਆ ਸੀ 'ਜੰਗ ਚਮਕੌਰ'; ਕੀਮਤ ਲਿਖੀ ਸੀ ਚਾਰ ਆਨੇ। ਕਈ ਦਿਨ ਮੈ ਏਥੋਂ ਦੀ ਲੰਘਦੇ ਨੇ ਉਸ ਵੱਲ ਲਲਚਾਈ ਜਿਹੀ ਨਜ਼ਰ ਨਾਲ਼ ਵੇਖਦੇ ਲੰਘ ਜਾਣਾ। ਇਕ ਦਿਨ ਮੇਰਾ ਮਨ ਬਹੁਤਾ ਹੀ ਉਤਸ਼ਾਹੀ ਹੋ ਗਿਆ ਤੇ ਮੈ ਉਸ ਦੁਕਾਨ ਅੱਗੇ ਕੁਝ ਜ਼ਿਆਦਾ ਚਿਰ ਰੁਕ ਗਿਆ। ਮੇਰੇ ਕੋਲ਼ ਸਨ ਸਿਰਫ ਦੋ ਆਨੇ। ਬੜਾ ਹੀ ਚਿਰ ਮੈ ਲਲਚਾਈਆਂ ਜਿਹੀਆਂ ਨਜ਼ਰਾਂ ਨਾਲ਼ ਉਸ ਕਿੱਸੇ ਵੱਲ ਵੇਖਦਾ ਰਿਹਾ। ਕਦੀ ਦੁਕਾਨ ਤੋਂ ਅੱਗੇ ਲੰਘ ਜਾਵਾਂ ਤੇ ਕਦੀ ਫਿਰ ਵਾਪਸ ਮੁੜ ਆਵਾਂ। ਸੋਚਾਂ ਕਿ ਮੇਰੇ ਕੋਲ਼ ਸਿਰਫ ਦੋ ਆਨੇ ਨੇ, ਤੇ ਇਸ ਦਾ ਮੁੱਲ ਚਾਰ ਆਨੇ ਲਿਖਿਆ ਹੋਇਆ ਹੈ। ਕੀ ਕਰਾਂ! ਝਕਦੇ ਝਕਦੇ ਨੇ, ਆਪਣੇ ਸੰਗਾਊ ਸੁਭਾ ਤੋਂ ਉਲ਼ਟ, ਦੁਕਾਨਦਾਰ ਸਰਦਾਰ ਜੀ, ਜਿਨ੍ਹਾਂ ਨੇ ਫਿਕਸੋ ਲਾ ਕੇ ਚੰਗੀ ਸਵਾਰ ਕੇ ਆਪਣੀ ਦਾਹੜੀ ਬੰਨ੍ਹ ਕੇ ਸਜਾਈ ਹੋਈ ਸੀ, ਨੂੰ ਮੈ ਅਧੀਨਗੀ ਜਿਹੀ ਨਾਲ਼ ਪੁੱਛ ਹੀ ਲਿਆ, "ਮੈ ਅਹੁ ਕਿੱਸਾ ਪੜ੍ਹਨਾ ਚਾਹੁੰਦਾਂ ਪਰ ਮੇਰੇ ਕੋਲ਼ ਸਿਰਫ ਦੋ ਹੀ ਆਨੇ ਨੇ!" ਦੋ ਆਨੇ ਮੇਰੇ ਹੱਥੋਂ ਫੜ ਕੇ ਤਿਜੌਰੀ ਵਿਚ ਰੱਖਦਿਆਂ ਤੇ ਕਿੱਸਾ ਚੁੱਕ ਕੇ ਮੈਨੂੰ ਫੜਾਉਂਦਿਆਂ, ਬੜੇ ਅੰਦਾਜ਼ ਜਿਹੇ ਨਾਲ਼, ਜਿਵੇਂ ਕਿ ਬੜਾ ਭਾਰੀ ਅਹਿਸਾਨ ਜਤਾ ਰਹੇ ਹੋਣ, ਆਖਿਆ, "ਲੈ ਪੜ੍ਹ ਜਾ ਕੇ!" ਇਹ ਤਾਂ ਹੁਣ ਹੀ ਪਤਾ ਲੱਗਾ ਹੈ ਕਿ ਪੰਜਾਬੀ ਦੀਆਂ ਕਿਤਾਬਾਂ ਉਪਰ ਕੀਮਤ ਬੜੀ ਵਧਾ ਕੇ ਲਿਖੀ ਹੁੰਦੀ ਏ ਪਰ ਮਿਲ਼ ਸਸਤੀਆਂ ਜਾਂਦੀਆਂ ਹਨ। ਇਹ ਸੀ ਮੇਰਾ ਜੀਵਨ ਵਿਚ ਸਭ ਤੋਂ ਪਹਿਲਾ ਮੌਕਾ ਆਪਣੀ ਜੇਬ ਵਿਚੋਂ ਕੁਝ ਖ਼ਰੀਦ ਕੇ ਪੜ੍ਹਨ ਦਾ। ਓਦੋਂ ਮੇਰੀ ਉਮਰ ਦਸ ਕੁ ਸਾਲ ਦੀ ਹੋ ਗਈ ਜਾਂ ਹੋਣ ਵਾਲ਼ੀ ਸੀ।

ਦੁਨੀਆਂ ਦੀ ਸੈਰ:

ਇਹ ਮਾਰਚ ੧੯੯੦ ਦੀ ਗੱਲ ਹੈ ਕਿ ਮੈਨੂੰ ਦੇਸ ਦਾ ਚੱਕਰ ਲਾਏ ਨੂੰ ਚਾਰ ਸਾਲ ਤੋਂ ਵਧ ਸਮਾ ਹੋ ਗਿਆ ਸੀ। ਸੋਚਿਆ ਕਿ ਸੱਜਣਾਂ ਮਿੱਤਰਾਂ ਨੂੰ ਮੂੰਹ ਵਿਖਾ ਹੀ ਆਈਏ। ਕੋਲ਼ ਤਾਂ ਕੁਝ ਨਹੀ ਸੀ। ਬੱਚਿਆਂ ਦੀ ਮਾਂ ਨੌਕਰੀ ਕਰਦੀ ਸੀ ਤੇ ਉਸ ਦੀ ਤਨਖਾਹ ਨਾਲ਼ ਹੀ ਘਰ ਦੇ ਕਰਜ਼ੇ ਦੀ ਬੈਂਕ ਨੂੰ ਜਾਂਦੀ ਕਿਸ਼ਤ ਸਮੇਤ ਬਾਕੀ ਖ਼ਰਚ ਵੀ ਚੱਲਦਾ ਸੀ। ਮੇਰੀ ਕੋਈ ਆਮਦਨ ਨਹੀ ਸੀ ਪਰ ਮੇਰੇ ਕੋਲ਼ ਕਿਸੇ ਦੀ ਅਮਾਨਤ ਕੁਝ ਪੈਸੇ ਪਏ ਹੋਏ ਸਨ। ਉਹਨਾਂ ਵਿਚੋਂ ਹੁਦਾਰ, ਢਾਈ ਹਜਾਰ ਡਾਲਰ ਲੈ ਲਿਆ। ਸੋਚਿਆ ਕਿ ਜਾਣਾ ਤਾਂ ਹੈ ਹੀ ਚੱਲੋ ਦੁਨੀਆ ਦੇ ਥੱਲੜੇ ਪਾਸੇ ਤੋਂ ਦੀ ਹੋ ਕੇ ਜਾਂਦਾ ਹਾਂ ਤੇ ਜਾ ਕੇ ਬੀਬੀ ਜੀ ਨੂੰ ਦੱਸਾਂਗਾ ਕਿ ਮੈ ਦੁਨੀਆ ਦੇ ਥੱਲਿਉਂ ਦੀ ਚੱਕਰ ਲਾ ਕੇ ਆਇਆ ਹਾਂ। ਇਹ ਦੱਸ ਕੇ ਉਹਨਾਂ ਨੂੰ ਹੈਰਾਨ ਕਰਾਂਗਾ। ਬੀਬੀ ਜੀ ਆਖਣਗੇ, "ਇਹ ਕਿਵੇਂ ਹੋ ਸਕਦਾ ਹੈ?" ਤੇ ਮੈ ਆਖਾਂਗਾ, "ਮੈ ਇਹ ਕਰ ਲਿਆ ਹੈ।" ਨਾਲ਼ੇ ਸੱਤਰਵਿਆਂ ਦੇ ਦੌਰਿਆਂ ਸਮੇ ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਬਣੇ ਸੱਜਣਾਂ ਦੇ

ਦਰਸ਼ਨ ਮੇਲੇ ਹੋ ਜਾਣਗੇ। "ਇਕ ਪੰਥ ਦੋ ਕਾਜ।" ਇਹ ਸੋਚ ਕੇ ਢਾਈ ਹਜਾਰ ਡਾਲਰ ਦੀ ਟਿਕਟ ਲੈ ਕੇ, ਚੌਦਾਂ ਥਾਂਵਾਂ ਦੀ ਸਟੇ ਪੁਆ ਕੇ, ਸਿਡਨੀ ਤੋਂ ਤੁਰ ਪਿਆ। ਪੁਰਾਣੇ ਸਮੇ ਨੂੰ ਯਾਦ ਕਰਦਿਆਂ:

ਪੁਰਾਣੇ ਪੰਜਾਬ ਵਿਚ ਰੋਟੀ ਵੇਲ਼ਾ, ਲੌਢਾ ਵੇਲ਼ਾ, ਰਾਤ ਵੇਲ਼ਾ ਤੋਂ ਇਲਾਵਾ ਸਭ ਤੋਂ ਪਹਿਲਾਂ ਸਵੇਰ ਵੇਲ਼ੇ ਨੂੰ 'ਛਾਹ ਵੇਲ਼ਾ' ਆਖਿਆ ਜਾਂਦਾ ਸੀ/ਹੈ। ਛਾਹ ਦਾ ਮਤਲਬ ਹੈ ਲੱਸੀ। ਲੱਸੀ ਦੇ ਨਾਲ਼ ਘਰੋਗੀ ਸਮਰੱਥਾ ਤੇ ਰੁਚੀ ਅਨੁਸਾਰ ਕੋਈ ਰਾਤ ਦੀ ਬਚੀ ਰੋਟੀ, ਕੋਈ ਤਾਜੀ ਰੋਟੀ, ਕੋਈ ਪ੍ਰਾਉਂਠੇ ਆਦਿ ਨਾਲ਼ ਛਾਹ ਵੇਲ਼ਾ ਕਰਿਆ ਕਰਦੇ ਸਨ। ਵੱਡੇ ਅਮੀਰ ਲੋਕ ਆਮਲੇਟ, ਡਬਲ ਰੋਟੀ ਆਦਿ ਨਾਲ ਦਿਨ ਦਾ ਖਾਣਾ ਆਰੰਭ ਕਰਦੇ ਸਨ/ਹਨ। ਉਹ ਬਿਸਤਰੇ ਤੋਂ ਉਠਣ ਤੋਂ ਪਹਿਲਾਂ ਚਾਹ ਦਾ ਕੱਪ ਵੀ ਪੀਂਦੇ ਹਨ। ਹੁਣ ਛਾਹ ਦੇ ਥਾਂ ਚਾਹ ਹੋ ਗਈ ਹੈ। ਤਕਰੀਬਨ ਹਰੇਕ ਘਰ ਵਿਚ ਚਾਹ ਜਰੂਰ ਬਣਦੀ ਹੈ ਤੇ ਉਸ ਦੇ ਨਾਲ਼ ਘਰੋਗੀ ਸਮਰੱਥਾ ਅਨੁਸਾਰ ਕੁਝ ਵੀ ਪਸੰਦ ਜਾਂ ਪਹੁੰਚ ਅਨੁਸਾਰ ਖਾਧਾ ਜਾਂਦਾ ਹੈ।

"ਪੋਤਰੇ ਨੂੰ ਕੰਪਿਊਟਰ ਤੇ ਮਾਊਸ ਵਰਤ ਕੇ ਏ.ਬੀ.ਸੀ. ਪੇਂਟ ਕਰਦਿਆਂ ਵੇਖ ਕੇ ਮੈ ਉਸ ਸਮੇ ਆਪਣੇ ਪੁੱਤਰ ਨੂੰ ਆਪਣਾ ਵੇਲਾ ਦੱਸਿਆ: ਮੈ ਪਿੰਡ ਦੇ ਗੁਰਦੁਆਰੇ ਦੇ ਵੇਹੜੇ ਅੰਦਰ ਘੱਟੇ ਵਿਚ ਉਂਗਲ਼ ਨਾਲ ੳ ਅ ੲ ਲਿਖਣਾ ਸਿੱਖਿਆ ਸੀ। ਫਿਰ ੧੯੫੪ ਵਿਚ, ਮੁਕਤਸਰ ਵਿਚਲੇ ਸੰਤ ਮਸਤਾਨ ਸਿੰਘ ਜੀ ਦੇ ਡੇਰੇ ਅੰਦਰ, ਇਕ ਨਿਰਮਲੇ ਸੰਤ ਜੀ ਕੋਲ਼ੋਂ, ਹਿੰਦੀ ਦਾ ਕ ਖ ਗ, ਡੇਰੇ ਦੇ ਵੇਹੜੇ ਵਿਚ ਸਵਾਹ ਖਿਲਾਰ ਕੇ, ਉਸ ਉਪਰ ਉਂਗਲ਼ ਨਾਲ਼ ਲਿਖਣਾ ਸਿੱਖਿਆ ਸੀ। ਤੁਸੀਂ ਪੁੱਤਰ ਜੀ, ਭੈਣ ਭਰਾ ਨੇ ਕੁਰਸੀ ਉਪਰ ਬੈਠ ਕੇ, ਟੇਬਲ ਉਪਰ ਕਾਪੀ ਰੱਖ ਕੇ, ਪੈਨ ਨਾਲ਼ ਲਿਖਣਾ ਸਿੱਖਿਆ ਸੀ। ਇਹ ਤੇਰਾ ਪੁੱਤਰ ਜੋਸ਼ ਸਿੰਘ ਸਿਧਾ ਹੀ ਕੰਪਿਊਟਰ ਦੇ ਸਕਰੀਨ ਉਪਰ ਏ.ਬੀ.ਸੀ. ਪੇਂਟ ਕਰ ਰਿਹਾ ਹੈ। ਅਗੋਂ ਇਸ ਦੇ ਬੱਚਿਆਂ ਵੇਲੇ, ਲਗਦਾ ਹੈ ਹਰੇਕ ਸਬਜੈਕਟ ਦੀਆਂ ਚਿੱਪਾਂ ਹੀ ਬਣ ਜਾਣਗੀਆਂ। ਜੇਹੜੇ ਵੀ ਸਬਜੈਕਟ ਦੀ ਲੋੜ ਹੋਈ ਓਸੇ ਦੀ ਚਿੱਪ ਹੀ ਸਿਰ ਵਿਚ ਜੜ ਲਈ ਜਾਇਆ ਕਰੇਗੀ। ਪੜ੍ਹਨ ਪੜ੍ਹਨ ਦੇ ਸਾਰੇ ਯਭ ਹੀ ਸ਼ਾਇਦ ਮੁੱਕ ਜਾਣ। ਸਕੂਲੀ ਮੁਣਸ਼ੀਆਂ ਦੇ ਡੰਡੇ ਤੇ ਝਿੜਕਾਂ ਵਾਲ਼ੀਆਂ ਸ਼ਾਇਦ ਕਿਤੇ ਦੁਰਾਡੇ ਯੁਗ ਦੀਆਂ, ਨਵੀਆਂ ਪੀਹੜੀਆਂ ਦੇ ਨਾ ਮੰਨਣ ਯੋਗ, ਬਾਤਾਂ ਹੀ ਰਹਿ ਜਾਣ! "ਨਾ ਰਹੇ ਵਾਂਸ ਤੇ ਨਾ ਵਜੇ ਵੰਝਲ਼ੀ।"

ਦੇਖੋ, ਕਿ ਜ਼ਮਾਨਾ ਚਾਲ ਕਿਆਮਤ ਕੀ ਚੱਲ ਗਇਆ!

# ਸਮਰੱਥ ਗਦਕਾਰ

ਡਾ. ਗੁਰਮੁਖ ਸਿੰਘ
ਪਟਿਆਲਾ

ਜੀਵਨ ਦੀਆਂ ਸ਼ਾਮਾਂ ਪੈ ਰਹੀਆਂ ਹਨ ਜਦੋਂ ਮੇਰੇ ਮਿੱਤਰ ਗਿਆਨੀ ਸੰਤੋਖ ਸਿੰਘ ਨੇ ਵਾਰਤਕ ਲਿਖਣ ਦਾ ਇਰਾਦਾ ਕੀਤਾ ਤੇ ਫਿਰ ਨਿਰੰਤਰ ਇਸ ਦੀ ਸਿਰਜਣ ਧਾਰਾ ਵਹਿਣ ਲੱਗੀ ਹੈ। ਇਹ ਇੱਕ ਸੱਚ ਹੈ ਕਿ ਅੱਜ ਵਾਰਤਕ ਲਿਖਣ ਵਾਲੇ ਉਂਗਲਾਂ ਤੇ ਗਿਣੇ ਜਾ ਸਕਦੇ ਹਨ, ਜਦੋਂ ਕਿ ਕਵੀ ਜਨ ਟਿੱਡੀ ਦਲ ਵਾਂਙ ਕਾਵਿ ਖੇਤਰ ਵਿਚ ਵਿਚਰ ਰਹੇ ਹਨ ਤੇ ਉਹਨਾਂ ਵਿੱਚੋਂ ਵਿਰਲੇ ਹਨ ਜਿਹਨਾਂ ਨੂੰ ਪਛਾਣ ਮਿਲੀ ਹੈ, ਬਾਕੀ ਤਾਂ ਬੱਸ ਐਵੇਂ ਲਿਖੀ ਜਾਂਦੇ ਨੇ। ਸਾਡੇ ਮਿੱਤਰ ਸੰਤੋਖ ਸਿੰਘ ਦੀ ਪਹਿਲੀ ਕਿਤਾਬ 'ਸਚੇ ਦਾ ਸਚਾ ਢੋਆ' ਨੇ ਹੀ ਪੰਜਾਬੀ ਪਾਠਕਾਂ ਦਾ ਧਿਆਨ ਖਿੱਚਿਆ ਤੇ ਪੰਜਾਬ ਵਿੱਚ ਹੀ ਨਹੀਂ ਪੱਛਮ ਵਿੱਚ ਵੀ ਉਸ ਨੂੰ ਪਾਠਕਾਂ ਨੇ ਸਲਾਹਿਆ ਤੇ ਹੋਰ ਲਿਖਣ ਦੀ ਮੰਗ ਕੀਤੀ।

'ਉਜਲ ਕੈਹਾ ਚਿਲਕਣਾ' ਗਿਆਨੀ ਸੰਤੋਖ ਸਿੰਘ ਦੀ ਜੀਵਨ ਕਥਾ ਹੈ। ਆਮ ਬੰਦੇ ਦੀ ਖਾਸ ਕਥਾ। ਸਾਧਾਰਨ ਬੰਦੇ ਦੀ ਅਸਾਧਾਰਣ ਕਥਾ। ਇਕ ਜ਼ਮਾਨੇ ਵਿੱਚ ਰਾਜਿਆਂ ਮਹਾਰਾਜਿਆਂ, ਅਮੀਰਾਂ ਵਜ਼ੀਰਾਂ, ਜਰਨੈਲਾਂ, ਸਾਧੂ ਸੰਤਾਂ ਦੀਆਂ ਜੀਵਨੀਆਂ ਹੀ ਸਾਹਿਤ ਵਿੱਚ ਮਾਣ ਪ੍ਰਾਪਤ ਕਰਦੀਆਂ ਸਨ ਪਰ ਹੁਣ ਤਾਂ ਆਮ ਬੰਦੇ ਦੀ ਜੀਵਨ ਕਹਾਣੀ ਆਮ ਬੰਦੇ ਨੂੰ ਪਸੰਦ ਆਉਂਦੀ ਹੈ, ਕਿਉਂਕਿ ਉਸ ਨੂੰ ਜਾਪਦਾ ਹੈ ਇਹ ਤਾਂ ਉਸ ਵਰਗਾ ਹੀ ਬੰਦਾ ਹੈ ਜੋ ਏਨਾ ਵਧੀਆ ਲਿਖ ਰਿਹਾ ਹੈ। ਮੈਂ ਕਿਉ ਨਾ ਲਿਖਾਂ? ਮੈਂ ਕਿਉਂ ਨਾ ਇਸ ਵਰਗਾ ਬਣ ਕੇ ਜੀਵਨ ਵਿੱਚ ਦੁੱਖ ਸੁੱਖ ਭੋਗਦਾ ਕਿਸੇ ਤਣ ਪੱਤਣ ਲੱਗਾਂ? ਇਹ ਪ੍ਰੇਰਨਾ ਕੋਈ ਛੋਟੀ ਗੱਲ ਨਹੀਂ ਹੈ। ਮੈਂ ਕਹਿੰਦਾ ਹੁੰਦਾ ਹਾਂ ਕਿ ਹਰ ਬੰਦਾ ਆਪਣੇ ਆਪ ਵਿੱਚ ਇਕ ਸ੍ਰਿਸ਼ਟੀ ਹੈ। ਸੰਤੋਖ ਸਿੰਘ ਤਾਂ ਵਿਦਵਾਨ ਹੈ। ਦੁਨੀਆਂ ਘੁੰਮਿਆ ਹੋਇਆ ਹੈ। ਜੀਵਨ ਦੇ ਟੇਢੇ ਮੇਢੇ ਰਾਹਾਂ ਤੇ ਚੱਲਦਿਆਂ ਦੁੱਖ ਸੁੱਖ ਤੇ ਚਿੰਤਾ, ਸੰਤੁਸ਼ਟੀ, ਸੰਤੋਖ ਦਾ ਆਨੰਦ ਮਾਣਦਿਆਂ, ਸਾਹਸੀ ਬਣ ਕੇ ਕਾਰਜਸ਼ੀਲ ਰਿਹਾ ਹੈ। ਕੀ ਇਹ ਛੋਟੀ ਗੱਲ ਹੈ? ਕੀ ਇਹ ਆਮ ਬੰਦੇ ਨੂੰ ਪ੍ਰੇਰਨਾ ਦੇਣ ਵਾਲੀ ਗੱਲ ਨਹੀਂ ਹੈ ? ਇਹ ਜੀਵਨੀ ਪੰਜਾਬੀ ਜੀਵਨੀ ਸਾਹਿਤ ਵਿੱਚ ਮਹੱਤਵਪੂਰਨ ਸਥਾਨ ਦਾ ਅਧਿਕਾਰ ਰੱਖਦੀ ਹੈ।

ਏਸੇ ਤਰ੍ਹਾਂ 'ਯਾਦਾਂ ਭਰੀ ਚੰਗੇਰ' ਸੰਤੋਖ ਸਿੰਘ ਦੀ ਬੜੀ ਮੁੱਲਵਾਨ ਰਚਨਾ ਹੈ, ਜਿਸ ਵਿੱਚ ਉਸ ਨੇ ਜੀਵਨ ਵਿੱਚ ਜੋ ਦੇਖਿਆ, ਭੋਗਿਆ ਤੇ ਪਿੰਡੇ ਤੇ ਹੰਢਾਇਆ ਉਸ ਨੂੰ ਜ਼ੁਬਾਨ ਦਿੱਤੀ ਹੈ। ਇਹ ਯਾਦਾਂ ਨਿੱਜੀ ਜੀਵਨ ਤੇ ਅਨੁਭਵ ਤੱਕ ਸੀਮਤ ਨਹੀਂ ਹਨ। ਉਸ ਨੇ ਸਮਾਜਕ, ਰਾਜਨੀਤਕ, ਧਾਰਮਿਕ ਤੇ ਸਭਿਆਚਾਰਕ ਖੇਤਰ ਵਿੱਚ ਜੋ ਕੁਝ ਦੇਖਿਆ, ਸੁਣਿਆ, ਮਹਿਸੂਸ ਕੀਤਾ, ਉਸ ਨੂੰ ਪੂਰੀ ਸੁਹਿਰਦਤਾ ਨਾਲ ਅੰਕਤ ਕਰਕੇ, ਪੰਜਾਬੀ ਸੰਸਮਰਣ ਸਾਹਿਤ ਨੂੰ ਅਮੀਰ ਬਣਾਇਆ ਹੈ।

ਇਹਨਾਂ ਸੰਸਮਰਣਾਂ ਦੀ ਵਿਸ਼ੇਸ਼ਤਾ ਹੈ ਕਿ ਪਾਠਕ ਪੜ੍ਹਦਿਆਂ ਮਹਿਸੂਸ ਕਰਦਾ ਹੈ ਕਿ ਲੇਖਕ ਉਸ ਨੂੰ ਉਂਗਲ ਫੜ ਕੇ ਆਪਣੇ ਨਾ਼ਲ ਨਾਲ ਤੋਰੀ ਲੈ ਜਾ ਰਿਹਾ ਹੈ, ਨਾ਼ਲੇ ਹੋਈਆਂ ਬੀਤੀਆਂ ਬਾਰੇ ਪੂਰੀ ਸੁਹਿਰਦਤਾ ਨਾਲ ਦੱਸੀ ਜਾ ਰਿਹਾ ਹੈ। ਉਹ ਨਿੱਕੀਆਂ ਨਿੱਕੀਆਂ ਘਟਨਾਵਾਂ ਨੂੰ ਰੰਗੀਨ ਲਹਿਜ਼ੇ ਵਿੱਚ ਪੇਸ਼ ਕਰਨ ਵਿੱਚ ਸਿਧ ਹਸਤ ਹੈ। ਉਸ ਦਾ ਜੀਵਨ ਅਨੁਭਵ ਬੜਾ ਅਮੀਰ ਹੈ। ਉਹ ਆਪਣੀ ਗੰਭੀਰ ਤੋਂ ਗੰਭੀਰ ਗੱਲ ਨੂੰ ਸੁਣਾਉਂਦਿਆਂ ਵਿੱਚੇ ਹੀ ਕੋਈ ਚੁੱਟਕਲਾ ਛੱਡ ਦਿੰਦਾ ਹੈ ਤੇ ਪਾਠਕ ਦਾ ਹਾਸਾ ਆਪੇ ਹੀ ਨਿਕਲ ਜਾਂਦਾ ਹੈ। ਦੋ ਅਕਾਲੀ ਵਿਦਵਾਨਾਂ ਦਾ ਮਿਲਾਪ ਪੜ੍ਹੋ ਤਾਂ ਮੇਰੀ ਗੱਲ ਤੇ ਤੁਹਾਨੂੰ ਯਕੀਨ ਆ ਜਾਵੇਗਾ। ਇਹ ਸੰਤੋਖ ਸਿੰਘੀ ਰੰਗ ਸਾਰੀਆਂ ਰਚਨਾਵਾਂ ਵਿੱਚ ਬੜਾ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ।

ਸੰਤੋਖ ਸਿੰਘ ਜਮਾਂਦਰੂ ਘੁਮੱਕੜ ਹੈ ਤੇ ਇਸ ਬਿਰਤੀ ਕਾਰਨ ਉਸ ਨੇ ਅੱਧੀ ਤੋਂ ਵੱਧ ਦੁਨੀਆ ਗਾਹੀ ਹੈ ਤੇ ਅਜੇ ਵੀ ਮੌਕਾ ਮਿਲਦਿਆਂ ਹੀ ਦੌਰੇ ਤੇ ਨਿਕਲ ਤੁਰਦਾ ਹੈ। ਵਿਭਿੰਨ ਰੰਗ ਰੂਪਾਂ ਵਾਲੇ ਲੋਕਾਂ ਦਾ ਮੇਲ ਮਿਲਾਪ ਉਸ ਦੇ ਅਨੁਭਵ ਨੂੰ ਅਮੀਰ ਬਣਾਉਂਦਾ ਹੈ। ਉਹ ਇਹਨਾਂ ਅਨੁਭਵਾਂ ਨੂੰ ਪੂਰੀ ਸੁਹਿਰਦਤਾ ਨਾਲ ਪੇਸ਼ ਕਰਦਾ ਹੈ ਤੇ ਪਾਠਕ ਇਹਨਾਂ ਤੋਂ ਪੂਰਾ ਪ੍ਰਭਾਵਤ ਹੁੰਦਾ ਹੈ, ਇਹਨਾਂ ਦਾ ਆਨੰਦ ਮਾਣਦਾ ਹੈ। ਇਸ ਦਾ ਪ੍ਰਮੁੱਖ ਕਾਰਨ ਹੈ ਕਿ ਉਸ ਨੇ ਸੱਚੋ ਸੱਚ ਕਹਿਣ ਦਾ ਜੇਰਾ ਕੀਤਾ ਹੈ। ਜੇ ਕਿਧਰੇ ਉਸ ਨਾ਼ਲ ਕੁਪੱਤ ਹੋਇਆ ਹੈ ਤਾਂ ਉਸ ਘਟਨਾ ਨੂੰ ਵੀ ਪੂਰੀ ਦਲੇਰੀ ਨਾਲ ਸਾਫ ਸਾਫ ਲਿਖ ਦਿੱਤਾ ਹੈ। ਇਹ ਛੋਟੀ ਗੱਲ ਨਹੀ ਹੈ। ਉਹ ਆਦਰਸ਼ਕ ਵਿਅਕਤੀ ਬਣਨ ਦੀ ਬਜਾਏ ਇਕ ਆਮ ਸਧਾਰਨ ਮਨੁੱਖ ਬਣ ਕੇ ਹੀ ਪੇਸ਼ ਆਉਂਦਾ ਹੈ; ਇਹ ਉਸ ਦੀ ਵਡਿਆਈ ਹੈ ਤੇ ਵਾਰਤਕ ਦੀ ਲੋਕ ਪ੍ਰਿਯਤਾ ਦੀ ਕੁੰਜੀ ਹੈ।

ਚਾਰ ਕੁ ਦਹਾਕੇ ਪਹਿਲਾਂ ਸੰਤੋਖ ਸਿੰਘ ਪੰਜਾਬ ਜਾਂ ਕੁਝ ਹੱਦ ਤੱਕ ਭਾਰਤ ਦੀ ਰਾਜਨੀਤੀ ਨਾਲ ਜੁੜਿਆ ਰਿਹਾ ਹੈ ਤੇ ਉਸ ਨੇ ਇਹਨਾਂ ਖੇਤਰਾਂ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਬੜੀ ਸੁਹਿਰਦਤਾ ਨਾਲ ਪੇਸ਼ ਕੀਤਾ ਹੈ। ਮਸਲਾ ਭਾਵੇਂ ਪੰਜਾਬੀ ਸੂਬੇ ਦਾ ਹੋਵੇ ਜਾਂ ਖਾੜਕੂਵਾਦ ਦਾ ਜਾਂ ਬਲਿਊ ਸਟਾਰ ਦਾ, ਉਸ ਨੇ ਪੂਰੀ ਬੇਬਾਕੀ ਨਾਲ ਆਪਣੇ ਮੱਤ ਨੂੰ ਪੇਸ਼ ਕੀਤਾ ਹੈ ਤੇ ਸੱਚ ਦਾ ਨਿਤਾਰਾ ਕਰਨ ਦਾ ਯਤਨ ਕੀਤਾ ਹੈ। ਸੰਤੋਖ ਸਿੰਘ ਜਦੋਂ ਪੰਜਾਬ ਵਿੱਚ ਰਹਿੰਦਾ ਸੀ ਤਾਂ ਇਹ ਪੰਜਾਬ ਦੀ

ਰਾਜਨੀਤੀ ਨਾਲ ਜੁੜਿਆ ਹੋਇਆ ਸੀ, ਜਿਸ ਦਾ ਕਾਰਨ ਹੈ ਕਿ ਇਹ ਮੁਖੀ ਸਿੱਖ ਸਿਆਸਤਦਾਨਾਂ ਤੇ ਧਾਰਮਿਕ ਵਿਦਵਾਨਾਂ ਦੇ ਨਿਕਟਵਰਤੀਆਂ ਵਿੱਚ ਸੀ। ਇਸ ਨੇ ਸਿੱਖ ਸਿਆਸਤਦਾਨਾਂ ਅਤੇ ਸੰਤ ਪੁਰਸ਼ਾਂ ਬਾਰੇ ਕਈ ਅਜਿਹੀਆਂ ਗੱਲਾਂ ਲਿਖੀਆਂ ਹਨ ਜੋ ਨਵੀਆਂ ਹਨ ਤੇ ਉਹਨਾਂ ਦੀ ਸ਼ਖਸ਼ੀਅਤ ਨੂੰ ਬੜਾ ਸਪੱਸ਼ਟ ਰੰਗ ਦਿੰਦੀਆਂ ਹਨ।

ਪੰਜਾਬ ਦੇ ਉਜਾੜੇ ਵਿੱਚ ਕਾਂਗਰਸ ਦੀ ਭੂਮਿਕਾ ਬਾਰੇ ਸੰਤੋਖ ਸਿੰਘ ਨੇ ਬੜੀਆਂ ਸਖ਼ਤ ਟਿਪਣੀਆਂ ਕੀਤੀਆਂ ਹਨ। ਉਹ ਕੇਵਲ ਪੰਜਾਬ ਤੇ ਕਾਬਜ਼ ਰਹਿਣ ਨੂੰ ਹੀ ਆਪਣੀ ਰਾਜਨੀਤੀ ਦਾ ਧੁਰਾ ਬਣਾ ਕੇ ਅਜਿਹੇ ਚਾਲਬਾਜ ਬਣੇ ਕਿ ਅਕਾਲੀ ਰਾਜਨੀਤੀ ਨੂੰ ਤਬਾਹ ਕਰਨ ਦੀ ਸਾਜਸ਼ ਕਰਦਿਆਂ, ਉਹਨਾਂ ਨੇ ਪੰਜਾਬ ਨੂੰ ਤਬਾਹ ਕਰਨ ਵਿਚ ਵੀ ਗੁਰੇਜ਼ ਨਹੀ ਕੀਤਾ। ਇੱਕ ਰਾਜ ਭਾਗ ਦੀ ਲਾਲਸਾ ਕਿੰਨੀ ਖਤਰਨਾਕ ਹੋ ਸਕਦੀ ਹੈ, ਇਸ ਦਾ ਬਿਆਨ ਲੇਖਾਂ ਵਿੱਚ ਦੇਖਿਆ ਜਾ ਸਕਦਾ ਹੈ।

ਸਿੱਖਾਂ ਬਾਰੇ ਮਸ਼ਹੂਰ ਹੈ:
ਜਾਤ ਗੋਤ ਸਿੰਘ ਕੀ ਦੰਗਾ॥
ਦੰਗਾ ਹੀ ਇਨ ਗੁਰ ਤੇ ਮੰਗਾ॥
ਅੰਨ ਨ ਪਚੈ ਕੀਏ ਬਿਨ ਦੰਗਾ॥

ਸਿੱਖਾਂ ਦਾ ਦੁਖਾਂਤ ਹੈ ਕਿ ਇਹ ਨਿੱਕੀਆਂ ਨਿੱਕੀਆਂ ਸਮੱਸਿਆਵਾਂ ਨੂੰ ਲੜ ਝਗੜ ਕੇ ਹੋਰ ਪੇਚੀਦਾ ਬਣਾਉਣ ਲਈ ਸ਼ੇਰ ਹਨ। ਗਿਆਨੀ ਸੰਤੋਖ ਸਿੰਘ ਨੇ ਸਿੰਘਾਂ ਦੀ ਇਸ ਬਿਰਤੀ ਬਾਰੇ ਕਈ ਘਟਨਾਵਾਂ ਨੂੰ ਬੜੇ ਸੁਚੱਜੇ ਰੰਗ ਵਿੱਚ ਪੇਸ਼ ਕੀਤਾ ਹੈ।

ਅਪ੍ਰੈਲ ੨੦੧੦ ਵਿਚ ਛਪੀ ਤਕਰੀਬਨ ਸਾਢੇ ਚਾਰ ਸੌ ਪੰਨਿਆਂ ਦੀ ਵੱਡੀ ਪੁਸਤਕ 'ਬਾਤਾਂ ਬੀਤੇ ਦੀਆਂ', ਗਿਆਨੀ ਜੀ ਦੀ ਉਹ ਪੁਸਤਕ ਹੈ, ਜਿਸ ਵਿੱਚ ਪਹਿਲੀਆਂ ਦੋ ਕਿਤਾਬਾਂ ਵਿਚੋਂ ਵੀ ਲੜੀ ਜੋੜਨ ਲਈ ਕੁਝ ਖਾਸ ਲੇਖ ਸ਼ਾਮਲ ਕੀਤੇ ਗਏ ਹਨ ਤਾਂ ਕਿ ੧੯੪੭ ਤੋਂ ਲੈ ਕੇ, ੨੦੦੯ ਤੱਕ ਦੇ, ਪੰਜਾਬ ਦੇ ਇਤਿਹਾਸ ਨੂੰ ਇਕ ਲੜੀ ਵਿਚ ਪਰੋ ਕੇ, ਪਾਠਕਾਂ ਸਾਹਮਣੇ ਪਰੋਸਿਆ ਜਾ ਸਕੇ। ਇਹਨਾਂ ਲੇਖਾਂ ਵਿੱਚ ਕਈ ਵਾਧੇ ਘਾਟੇ ਵੀ ਕੀਤੇ ਗਏ ਹਨ, ਜਿਸ ਕਾਰਨ ਇਹ ਰਚਨਾ ਹੋਰ ਵੀ ਮੁੱਲਵਾਨ ਬਣ ਗਈ ਹੈ। ਨਾਲੇ ਪਾਠਕਾਂ ਨੂੰ ਪੜ੍ਹਨ ਲਈ ਹੋਰ ਸਮੱਗਰੀ ਮੁਹੱਈਆ ਕਰਵਾਈ ਗਈ ਹੈ।

ਗਿਆਨੀ ਸੰਤੋਖ ਸਿੰਘ ਬੜਾ ਤਕੜਾ ਪਾਠਕ ਹੈ ਤੇ ਉਹ ਹਰ ਵੇਲੇ ਕਿਤਾਬਾਂ, ਅਖ਼ਬਾਰਾਂ, ਰਸਾਲਿਆਂ ਆਦਿ ਨਾਲ ਜੂਝਦਾ ਨਜ਼ਰੀਂ ਆਉਂਦਾ ਹੈ। ਇਹੀ ਕਾਰਨ ਹੈ ਕਿ ਉਸ ਦੀ ਆਪਣੀ ਭਾਸ਼ਾ ਦੀ ਸ਼ਬਦਾਵਲੀ ਬੜੀ ਅਮੀਰ ਬਣ ਗਈ ਹੈ। ਉਹ ਆਪਣੀ ਗੱਲ ਬੜੇ ਸਰਲ ਤੇ ਸਹਿਜ ਢੰਗ ਨਾਲ ਆਖ ਜਾਂਦਾ ਹੈ ਤੇ ਪਾਠਕ ਨੂੰ ਕਿਸੇ ਸ਼ਬਦ ਦੇ ਅਰਥ ਵੇਖਣ ਲਈ ਕਿਸੇ ਕੋਸ਼ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ। ਉਸ

ਦੀ ਸ਼ੈਲੀ ਵਿੱਚ ਪਹਾੜੀ ਨਦੀ ਵਰਗਾ ਵਹਾਓ ਹੈ। ਮਨੋਰੰਜਨ ਕਰਨਾ ਇਸ ਵਾਰਤਕ ਦਾ ਮਨੋਰਥ ਨਹੀਂ ਹੈ ਪਰ ਪਾਠਕ ਪੜ੍ਹਦਿਆਂ ਕਈ ਵਾਰੀ ਖਿੜ ਖਿੜਾ ਕੇ ਹੱਸ ਪੈਂਦਾ ਹੈ। ਇਹ ਰਚਨਾ ਦੀ ਪ੍ਰਾਪਤੀ ਹੈ। ਅਜਿਹੀ ਵਾਰਤਾ ਪੰਜਾਬੀ ਵਿੱਚ ਬੜੀ ਘੱਟ ਲਿਖੀ ਜਾ ਰਹੀ ਹੈ, ਜਿਸ ਵਿੱਚ ਸਾਹਿਤਕ ਰਸ ਹੋਵੇ ਤੇ ਵਿਸ਼ੇ ਨਿੱਜੀ ਜੀਵਨ ਤੋਂ ਲੈ ਕੇ ਵਿਸ਼ਵ ਵਿਆਪੀ ਸਮੱਸਿਆਵਾਂ ਤੱਕ ਫੈਲੇ ਹੋਏ ਹੋਣ। ਰੰਗ ਬਰੰਗੀ ਸ਼ੈਲੀ ਇਸ ਨੂੰ ਲੋਕ ਪ੍ਰਿਯ ਬਣਾਉਂਦੀ ਹੈ।

ਭਵਿੱਖ ਵਿੱਚ ਹੋਰ ਅਜਿਹੀਆਂ ਸਾਰਥਕ ਰਚਨਾਵਾਂ ਦੀ ਆਸ ਕਰਨੀ ਸਾਡਾ ਅਧਿਕਾਰ ਹੈ ਤੇ ਸਾਡੀ ਆਸ ਨੂੰ ਫੁੱਲ ਚੜਾਉਣੇ ਸੰਤੋਖ ਸਿੰਘ ਫਰਜ਼ ਏ।



# ਪਾਖੰਡ ਤੋਂ ਕੋਹਾਂ ਦੂਰ ਸ਼ਖਸ

ਆਦਰਸ਼ਪਾਲ ਸਿੰਘ ਘੋਤੜਾ
ਜਰਮਨੀ

ਗਿਆਨੀ ਜੀ ਅੱਲ ਦੇ ਹੀ ਗਿਆਨੀ ਜੀ ਨਹੀਂ ਇਹ ਅਸਲੀ ਗਿਆਨੀ ਜੀ ਹਨ। ਇਹ ਮੇਰੀ ਖੁਸ਼ਕਿਸਮਤੀ ਹੈ ਕਿ ੨੦੦੮ ਵਿਚ ੫ ਨਵੰਬਰ ਨੂੰ ਮੇਰੀ ਗਿਆਨੀ ਜੀ ਨਾਲ ਅਚਾਨਕ ਨਹੀਂ, ਪਰਮਾਤਮਾ ਦੀ ਖਾਸ ਕਿਰਪਾ ਨਾਲ ਕੋਈ ਵੀਹ ਕੁ ਮਿੰਟ ਮਿਲਨੀ ਹੋਈ।

ਗੱਲ ਇਸ ਤਰ੍ਹਾਂ ਹੋਈ ਕਿ ਮੈਂ ੪ ਨਵੰਬਰ ਨੂੰ, ਪਾਕਿਸਤਾਨ ਵਿਚ ਜਿਲ੍ਹਾ ਗੁਜਰਾਤ ਤੋਂ ਆਪਣੇ ਬਜ਼ੁਰਗਾਂ ਦੇ ਜੱਦੀ ਪਿੰਡ, ਬੁਢਨ ਤੋਂ ਰਾਤ ਰਹਿ ਕੇ ਵਾਪਸ ਆ ਰਿਹਾ ਸਾਂ। ਸਮੇ ਦੀ ਘਾਟ ਅਤੇ ਕੁਝ ਜਰੂਰੀ ਕੰਮਾਂ ਕਰਕੇ ਮੈਂ ਭਾਰਤ ੪ ਨਵੰਬਰ ਨੂੰ ਵਾਪਸ ਪਹੁੰਚਣਾ ਚਾਹੁੰਦਾ ਸੀ ਪਰ ਜਦ ਮੈਂ ਲਾਹੌਰ ਲਾਰੀ ਅੱਡੇ ਤੇ ਪਹੁੰਚਿਆ ਤਾਂ ਸ਼ਾਮ ਦੇ ੪ ਵੱਜ ਚੁਕੇ ਸਨ। ਪੁਲੀਸ ਦੇ ਕਹਿਣ ਅਨੁਸਾਰ ਕਿ ਵਾਹਗਾ ਬਾਰਡਰ ਬੰਦ ਹੋ ਗਿਆ ਹੋਣਾ ਹੈ, ਇਸ ਕਰਕੇ ਉਸ ਰਾਤ ਮੈਨੂੰ ਲਾਹੌਰ ਹੀ ਠਹਿਰਨਾ ਪਿਆ। ਮੈਂ ਘੁੰਮਦਾ ਘੁੰਮਾਉਂਦਾ ਫਿਰ ਨਮਸਕਾਰ ਕਰਨ ਗੁਰਦੁਆਰੇ ਡੇਹਰਾ ਸਾਹਿਬ ਚਲਾ ਗਿਆ। ਮੈਨੂੰ ਓਥੇ ਇਕ ਅਮ੍ਰੀਕਾ ਤੋਂ ਆਏ ਹੋਏ ਡਾਕਟਰ ਸਾਹਿਬ ਮਿਲ ਪਏ ਜੋ ਕਾਫੀ ਡਿਪਰੈਸ਼ਨ ਵਿਚ ਸਨ। ਪੁੱਛਣ ਤੇ ਪਤਾ ਲੱਗਾ ਕਿ ਉਹ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਦੇਖ ਕੇ ਬਹੁਤ ਨਿਰਾਸ਼ ਹੋਏ ਹਨ। ਉਹਨਾਂ ਨੇ ਮੈਨੂੰ ਕਿਹਾ, "ਸਰਦਾਰ ਜੀ, ਅੱਜ ਮੇਰੇ ਕੋਲ ਹੀ ਠਹਿਰੋ। ਸਵੇਰੇ ਮੈਨੂੰ ਆਪਣੇ ਨਾਲ ਹੀ ਭਾਰਤ ਲੈ ਚੱਲੋ। ਮੈਂ ਕਿਹਾ, "ਸਰਦਾਰ ਜੀ, ਗੁਰੂ ਤੇ ਵਿਸ਼ਵਾਸ਼ ਰਖੋ। ਜਿਸ ਨੇ ਤੁਹਾਨੂੰ ਅਮ੍ਰੀਕਾ ਤੋਂ ਏਥੇ ਲਿਆਂਦਾ ਹੈ ਉਹ ਤੁਹਾਡੀਆਂ ਦਰਸ਼ਨਾਂ ਦੀਆਂ ਕਾਮਨਾਵਾਂ ਵੀ ਪੂਰੀਆਂ ਕਰੇਗਾ।" ਪਰ ਉਹ ਬਜਿਦ ਸਨ ਕਿ ਮੈਂ ਉਹਨਾਂ ਨੂੰ ਆਪਣੇ ਨਾਲ ਹੀ ਵਾਪਸ ਭਾਰਤ ਲੈ ਕੇ ਚੱਲਾਂ। ਮੈਂ ਬੇਨਤੀ ਕੀਤੀ, "ਠੀਕ ਹੈ; ਸਵੇਰੇ ਦਿਨ ਚੜ੍ਹਨ ਤੇ ਦੇਖਾਂਗੇ।" ਰਾਤ ਮੈਂ ਉਹਨਾਂ ਨਾਲ ਗੁਰੂ ਦੀਆਂ ਗੱਲਾਂ ਕਰਦਾ ਰਿਹਾ। ਉਹ ਹੀ ਗੱਲ ਹੋਈ ਜਿਸ ਦਾ ਮੈਨੂੰ ਵਿਸ਼ਵਾਸ਼ ਸੀ। ਸਵੇਰੇ ਜਦੋਂ ਅਸੀ ਨਮਸਕਾਰ ਲਈ ਨਿਕਲੇ ਤਾਂ ਓਥੇ ਇੱਕ ਜਥੇ

ਨਾਲ ਗੱਲ ਹੋਈ ਜੋ ਕਿ ਪਹਿਲੇ ਲਾਹੌਰ ਦੇ ਗੁਰਦੁਆਰੇ ਅਤੇ ਫਿਰ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਦਰਸ਼ਨਾਂ ਨੂੰ ਜਾ ਰਹੇ ਸਨ। ਡਾਕਟਰ ਸਾਹਿਬ ਬਹੁਤ ਖੁਸ਼ ਹੋਏ। ਗੁਰੂ ਪਾਤਿਸ਼ਾਹ ਨੇ ਉਹਨਾਂ ਦੀ ਮੁਰਾਦ ਪੂਰੀ ਕੀਤੀ। ਜਦੋਂ ਮੈਂ ਉਹਨਾਂ ਤੋਂ ਵਿਦਾਇਗੀ ਦੀ ਇਜਾਜਤ ਮੰਗੀ ਤਾਂ ਉਹ ਕਹਿੰਦੇ ਕਿ ਜਰਾ ਠਹਿਰੋ; ਮੈਂ ਆਪਣੀ ਡਾਇਰੀ ਲੈ ਕੇ ਆਇਆ। ਮੈਂ ਉਹਨਾਂ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਇਤਨੇ ਨੂੰ ਗਿਆਨੀ ਸੰਤੋਖ ਸਿੰਘ ਜੀ ਵੀ ਓਥੇ ਆ ਗਏ। ਜਦ ਉਹਨਾਂ ਨੇ ਮੇਰੇ ਬਾਰੇ ਜਾਣਿਆ ਤਾਂ ਉਹ ਆਪਣੇ ਦਿਆਲੂ ਸੁਭਾ ਮੁਤਾਬਕ ਕਹਿੰਦੇ, "ਠਹਿਰੋ ਮੈਂ ਹੁਣੇ ਹੀ ਆਇਆ।" ਉਹ ਆਪਣੇ ਕਮਰੇ ਵਿੱਚੋਂ ਦੋ ਕਿਤਾਬਾਂ ਲੈ ਆਏ, ਜੋ ਉਹਨਾਂ ਦੀਆਂ ਆਪਣੀਆਂ ਲਿਖੀਆਂ ਹੋਈਆਂ ਸਨ। ਜਿਨ੍ਹਾਂ ਦੇ ਨਾਂ ਸਨ, ਸਚੇ ਦਾ ਸਚਾ ਢੋਆ ਅਤੇ ਉਜਲ ਕੈਹਾਂ ਚਿਲਕਣਾ। ਉਸ ਸਮੇ ਮੇਰੇ ਪਾਸ ਸਮੇ ਦੀ ਘਾਟ ਕਾਰਨ ਸਾਡੇ ਦਰਮਿਆਨ ਜ਼ਿਆਦਾ ਗੱਲਬਾਤ ਨਾ ਹੋ ਸਕੀ ਪਰ ਇਸ ਮਿਲਣੀ ਤੋਂ ਬਾਅਦ ਮੇਰੀ ਗਿਆਨੀ ਜੀ ਨਾਲ ਨੇੜੇ ਦੀ ਸਾਂਝ ਬਣ ਗਈ।

ਉਹਨਾਂ ਵਲੋਂ ਦਿੱਤੀਆਂ ਕਿਤਾਬਾਂ ਪੜ੍ਹ ਕੇ ਮੈਂ ਇਸ ਨਤੀਜੇ ਤੇ ਪਹੁੰਚਿਆ ਕਿ ਗਿਆਨੀ ਜੀ ਨਾਂ ਦੇ ਹੀ ਗਿਆਨੀ ਜੀ ਨਹੀ ਹਨ ਸਗੋਂ ਸੱਚਮੁੱਚ ਹੀ ਗਿਆਨ ਦਾ ਭਰਿਆ ਹੋਇਆ ਸਮੁੰਦਰ ਹਨ, ਜਿਨ੍ਹਾਂ ਵਿਚ ਸੱਚ ਕਹਿਣ ਦਾ ਹੌਸਲਾ ਹੈ। ਗਿਆਨੀ ਜੀ ਸਮੇ ਦੀ ਰਮਜ਼ ਨੂੰ ਪਛਾਣ ਕੇ ਅੱਖਰਾਂ ਦੁਆਰਾ ਪੇਸ਼ ਕਰ ਦਿੰਦੇ ਹਨ। ਗਿਆਨੀ ਜੀ ਗੁਰੂ ਦੇ ਅੰਧ ਵਿਸ਼ਵਾਸੀ ਸਿੱਖ ਨਹੀ ਹਨ, ਅਮਲੀ ਸਿੱਖ ਹਨ। ਦੁਨਿਆਵੀ ਤੌਰ ਤੇ ਉਹ ਪੰਜਾਬ ਅਤੇ ਪੈਪਸੂ ਰਾਜ ਦੇ ਚਲਦੇ ਫਿਰਦੇ ਕੰਪਿਊਟਰ ਹਨ। ਜਿਤਨੀ ਉਹਨਾਂ ਨੂੰ ਸਿੱਖ ਸਿਆਸਤ, ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਸਮਝ ਹੈ ਇਸ ਤਰ੍ਹਾਂ ਦੀ ਕਿਰਪਾ ਬਹੁਤ ਘੱਟ ਵਿਅਕਤੀਆਂ ਤੇ ਹੁੰਦੀ ਹੈ। ਉਹ ਪਖੰਡ ਤੋਂ ਕਈ ਜੁਗਾਂ ਦੂਰ ਹਨ। ਮੈਂ ਤਾਂ ਇਹ ਹੀ ਕਹਾਂਗਾ ਕਿ ਉਹ ਸੱਚ ਬੋਲਦੇ ਜਾਂ ਲਿਖਦੇ ਹੀ ਨਹੀ ਹਨ, ਸਗੋਂ ਖੁਦ ਸੱਚ ਹਨ। "ਸੱਚ ਬੋਲਿਆ ਨਹੀ ਹੋਇਆ ਜਾਂਦਾ ਹੈ।" ਇਹ ਵਾਕ ਗਿਆਨੀ ਸੰਤੋਖ ਸਿੰਘ ਜੀ ਤੇ ਢੁੱਕਦਾ ਹੈ।

ਇਹ ਹਕੀਕਤ ਹੈ ਕਿ ਗਿਆਨੀ ਜੀ ਅਕਾਲ ਪੁਰਖ ਤੋਂ ਬਿਨਾ ਕਿਸੇ ਤੋਂ ਨਹੀਂ ਡਰਦੇ। ਉਹਨਾਂ ਨੇ ਸਚਾਈ ਲਿਖ ਦਿਤੀ ਹੈ। ਸਾਨੂੰ ਇਸ ਤਰ੍ਹਾਂ ਦੇ ਵਿਦਵਾਨਾਂ ਦਾ ਫਾਇਦਾ ਉਠਾਣਾ ਚਾਹੀਦਾ ਹੈ।

## ਖ਼ਤਾਂ ਵਰਗੀਆਂ ਰਚਨਾਵਾਂ ਦਾ ਰਚਨਹਾਰ

ਯਾਦਵਿੰਦਰ ਸਿੰਘ ਸਤਕੋਹਾ
ਵਾਰਸਾ, ਪੋਲੈਂਡ

ਸਾਹਿਤ ਰਚਨਾ ਇੱਕ ਅਨੂਠੀ ਵਿਧਾ ਹੈ ਅਤੇ ਹਰ ਪ੍ਰਪੱਕ ਤੇ ਤਜਰਬੇਕਾਰ ਲੇਖਕ ਦੀ ਲੇਖਣੀ ਦੇ ਨਾਲ ਇਸ ਦੇ ਨਵੇਂ ਤੋਂ ਨਵੇਂ ਪਹਿਲੂ ਪ੍ਰੀਭਾਸ਼ਤ ਹੋ ਕੇ ਸਾਹਮਣੇ ਆਉਂਦੇ ਹਨ। "ਲੇਖਣੀ ਦਾ ਸੰਬੰਧ ਜ਼ਿੰਦਗੀ ਦੇ ਡੂੰਘੇ ਤਜ਼ਰਬਿਆਂ ਤੋਂ ਉਪਜੇ ਗਿਆਨ ਨਾਲ ਹੈ।" ਜੇਕਰ ਲੇਖਣੀ ਦੀ ਉਪ੍ਰੋਕਤ ਪ੍ਰੀਭਾਸ਼ਾ ਨੂੰ ਵਿਚਾਰਿਆ ਜਾਵੇ ਤਾਂ ਦਿਮਾਗ ਵਿਚ ਸਭ ਤੋਂ ਪਹਿਲਾਂ ਦਸਤਕ ਦੇਣ ਵਾਲੇ ਨਾਵਾਂ ਵਿਚੋਂ ਇੱਕ ਨਾਂ ਹੈ 'ਗਿਆਨੀ ਸੰਤੋਖ ਸਿੰਘ'।

ਗਿਆਨੀ ਜੀ ਦੀਆਂ ਜੇਹੜੀਆਂ ਲਿਖਤਾਂ ਪੜ੍ਹਨ ਦਾ ਮੌਕਾ ਮੈਨੂੰ ਮਿਲਿਆ ਉਹ 'ਗਿਆਨੀ ਸੰਤੋਖ ਸਿੰਘ' ਦੇ ਨਾਮ ਹੇਠ ਕਲਮਬੰਦ ਸਨ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਗਿਆਨੀ ਸੰਤੋਖ ਸਿੰਘ ਜੀ ਆਸਟ੍ਰੇਲੀਆ ਵਿਚ ਪੱਕੇ ਤੌਰ ਤੇ ਰਹਿ ਰਹੇ ਹਨ ਤਾਂ ਮੇਰਾ ਉਹਨਾਂ ਦੀਆਂ ਲਿਖਤਾਂ ਪੜ੍ਹਨ ਅਤੇ ਵਾਚਣ ਦਾ ਨਜ਼ਰੀਆ ਬਿਲਕੁਲ ਹੀ ਬਦਲ ਗਿਆ। ਏਨੇ ਸਰਲ ਢੰਗ ਨਾਲ ਅਤੇ ਬਿਲਕੁਲ ਸਿੱਧੀ ਭਾਸ਼ਾ ਵਿਚ ਗੱਲ ਕਰਨੀ, ਜਿਹੜੀ ਦਿਮਾਗ ਤੇ ਨਹੀਂ ਸਗੋਂ ਦਿਲ ਤੇ ਅਸਰ ਕਰਦੀ ਹੋਵੇ, ਇਹ ਵਿਧਾ ਹਰੇਕ ਪਰਵਾਸੀ ਪੰਜਾਬੀ ਲੇਖਕ ਦੇ ਵੱਸ ਦੀ ਗੱਲ ਨਹੀਂ ਹੈ। ਕਈ ਲੇਖਕਾਂ ਦੀ ਲਿਖਣ ਸ਼ੈਲੀ ਏਨੀ ਰਸਮੀ ਹੁੰਦੀ ਹੈ ਕਿ ਇਸ ਨਾਲ ਕਈ ਵਾਰੀ ਲਿਖਣ ਦਾ ਵਿਸ਼ਾ ਤਾਂ ਵਿਚਾਰਾ ਸ਼ਬਦ ਜਾਲ ਦੇ ਕਿਸੇ ਨਾ ਕਿਸੇ ਤੰਦ ਵਿਚ ਫਸ ਕੇ ਹੀ ਰਹਿ ਜਾਂਦਾ ਹੈ ਪਰ ਗਿਆਨੀ ਸੰਤੋਖ ਸਿੰਘ ਦੀ ਏਨੀ ਸਰਲ ਅਤੇ ਪ੍ਰਪੱਕ ਲਿਖਣ ਸ਼ੈਲੀ ਕਾਰਨ ਕਈ ਵਾਰੀ ਲੱਗਦਾ ਹੈ ਕਿ ਅਸੀਂ ਗਿਆਨੀ ਜੀ ਦੀ ਕੋਈ ਸਾਹਿਤ ਰਚਨਾ ਨਹੀਂ ਪੜ੍ਹ ਰਹੇ ਸਗੋਂ ਉਹਨਾਂ ਨੇ ਸਾਨੂੰ ਨਿਜੀ ਤੌਰ ਤੇ ਕੋਈ ਖਤ ਲਿਖਿਆ ਹੈ।

ਉਹਨਾਂ ਦੀਆਂ ਰਚਨਾਵਾਂ ਉਹਨਾਂ ਦੇ ਆਪਣੇ ਪਾਠਕਾਂ ਨੂੰ ਲਿਖੇ ਹੋਏ ਖ਼ਤ ਹੀ ਤਾਂ ਹਨ।

ਪੰਜਾਬੀ ਵਾਰਤਕ ਨੂੰ ਉਹਨਾਂ ਨੇ ਆਪਣੀਆਂ ਰਚਨਾਵਾਂ ਨਾਲ ਹੋਰ ਅਮੀਰ ਕਰ ਦਿੱਤਾ ਹੈ। ਵਾਰਤਕ ਲਿਖਣੀ ਹਾਰੀ ਸਾਰੀ ਦੇ ਵੱਸ ਦੀ ਗੱਲ ਵੀ ਨਹੀਂ ਹੈ ਅਤੇ ਪੰਜਾਬੀ ਸਾਹਿਤ ਕੋਲ ਉਚ ਮਿਆਰੀ ਵਾਰਤਕ ਲਿਖਣ ਵਾਲੇ ਲੇਖਕਾਂ ਦੀ ਕੋਈ

ਬਹੁਤ ਲੰਬੀ ਸੂਚੀ ਵੀ ਨਹੀਂ ਹੈ। ਗਿਆਨੀ ਜੀ ਨੇ ਇਸ ਵਿਸ਼ੇ ਤੇ ਡੂੰਘਾ ਯੋਗਦਾਨ ਪਾਇਆ ਹੈ ਅਤੇ ਆਪਣੇ ਜੀਵਨ ਦੇ ਤਜਰਬਿਆਂ ਨੂੰ ਬਿਆਨ ਕਰਦੀਆਂ ਉਹਨਾਂ ਦੀਆਂ ਰਚਨਾਵਾਂ ਇੱਕ ਵਿਲੱਖਣ ਪੱਖ ਵੀ ਪੇਸ਼ ਕਰਦੀਆਂ ਹਨ। ਉਹ ਆਪਣੇ ਆਪ ਨੂੰ ਇਤਿਹਾਸਕ ਦਸਤਾਵੇਜ਼ ਦੇ ਤੌਰ ਤੇ ਵੀ ਰੂਪਮਾਨ ਕਰਦੀਆਂ ਜਾਂਦੀਆਂ ਹਨ। ਉਹਨਾਂ ਨੇ ਆਪਣੇ ਸਮਕਾਲੀ ਹਾਲਾਤ ਨੂੰ ਆਪਣੀਆਂ ਲਿਖਤਾਂ ਵਿਚ ਏਨੇ ਹੁਨਰ ਨਾਲ ਬੰਨ੍ਹਿਆ ਹੈ ਕਿ ਉਹ ਲਿਖਤਾਂ ਆਉਣ ਵਾਲੇ ਸਮੇ ਵਿਚ ਲੇਖਕਾਂ ਲਈ ਪ੍ਰਮਾਣਿਕ ਹਵਾਲਿਆਂ ਦਾ ਕੰਮ ਕਰਨਗੀਆਂ। ਸਾਦਗੀ ਉਹਨਾਂ ਦੀਆਂ ਲਿਖਤਾਂ ਦਾ ਵਿਸ਼ੇਸ਼ ਗੁਣ ਹੈ। ਉਹਨਾਂ ਨੇ ਆਪਣੀ ਕਿਸੇ ਵੀ ਲਿਖਤ ਵਿਚ ਨਾ ਤਾਂ ਕਿਤੇ ਨਿੱਜ ਨੂੰ ਵਡਿਆ ਕੇ ਲਿਖਿਆ ਹੈ ਅਤੇ ਨਾ ਹੀ ਕਿਸੇ ਹੋਰ ਨੂੰ ਛੁਟਿਆ ਕੇ। ਉਹਨਾਂ ਦੀ ਲਿਖਣ ਸ਼ੈਲੀ ਆਪਣੇ ਆਪ ਤੋਂ ਹੀ ਰੂਪਮਾਨ ਹੋਈ ਲੱਗਦੀ ਹੈ, ਜਿਸ ਉਤੇ ਕਿਸੇ ਦਾ ਵੀ ਪ੍ਰਭਾਵ ਨਹੀਂ ਹੈ। ਇਹ ਆਪਣੀ ਮਸਤ ਚਾਲੇ ਚਲਦੀ ਹੋਈ ਪਾਠਕਾਂ ਨੂੰ ਉਹਨਾਂ ਭਲੇ ਸਮਿਆਂ ਦੇ ਵਿਚ ਜਾ ਖੜ੍ਹਾ ਕਰਦੀ ਹੈ ਜੋ ਉਹਨਾਂ ਨੇ ਹੰਡਾਏ ਅਤੇ ਜੋ ਸਾਡੇ ਵਰਗੇ ਨਵੀਂ ਪੀਹੜੀ ਦੇ ਲੋਕਾਂ ਲਈ ਸੁਪਨੇ ਸਮਾਨ ਹਨ। ਸਭ ਤੋਂ ਖਾਸ ਗੱਲ ਇਹ ਕਿ ਉਹਨਾਂ ਦੀ ਸ਼ਖ਼ਸੀਅਤ ਉਹਨਾਂ ਦੀ ਲੇਖਣੀ ਨਾਲ ਇੱਕ-ਮਿਕ ਹੈ। ਉਹਨਾਂ ਦਾ ਖੁਲਾਸਾਪਣ ਉਹਨਾਂ ਦੀ ਲੇਖਣੀ ਦੇ ਨਾਲ ਪਰਗਟ ਹੁੰਦਾ ਰਹਿੰਦਾ ਹੈ ਅਤੇ ਉਹਨਾਂ ਦੀ ਲੇਖਣੀ ਉਹਨਾਂ ਦੇ ਖੁਲਾਸੇਪਣ ਨਾਲ ਹੋਰ ਕੂਲ਼ੀ ਹੁੰਦੀ ਰਹਿੰਦੀ ਹੈ। ਉਹਨਾਂ ਦੀਆਂ ਲਿਖਤਾਂ ਪੜ੍ਹਦਿਆਂ ਹੋਇਆਂ ਇੰਜ ਲੱਗਦਾ ਹੈ ਜਿਵੇਂ ਪੰਜਾਬ ਦੇ ਕਿਸੇ ਪਿੰਡ ਵਿਚ ਕਿਸੇ ਛੱਪੜ ਕੰਢੇ ਖਲੋਤੇ ਬੋਹੜ ਦੇ ਰੁੱਖ ਹੇਠ ਤਖਤਪੋਸ਼ ਤੇ ਬੈਠੇ ਤਾਸ਼ ਖੇਡ ਰਹੇ ਹਾਂ ਅਤੇ ਕੋਈ ਹੰਢਿਆ ਵਰਤਿਆ ਬਜ਼ੁਰਗ ਆਪਣੇ ਜੀਵਨ ਦੇ ਤਜਰਬਿਆਂ ਨੂੰ, ਮਸਤੀ ਵਿਚ ਆਇਆ, ਨਸ਼ਰ ਕਰ ਰਿਹਾ ਹੈ। ਬਿਲਕੁਲ ਇਹੋ ਜਿਹਾ ਹੈ ਗਿਆਨੀ ਜੀ ਦੀਆਂ ਰਚਨਾਵਾਂ ਦਾ ਸੁਭਾ।

ਸਾਡੇ ਵਰਗੇ ਪਰਦੇਸੀਆਂ ਨੂੰ ਏਨੇ ਅਮੀਰ ਅਨੁਭਵ ਸਾਂਝੇ ਕਰਾਉਣ ਵਾਲੇ ਗਿਆਨੀ ਸੰਤੋਖ ਸਿੰਘ ਜੀ ਆਪਣੇ ਮੋਹ ਭਿੱਜੇ ਖਤਾਂ ਵਰਗੀਆਂ ਰਚਨਾਵਾਂ ਨਾਲ ਸਾਡੀਆਂ ਰੂਹਾਂ ਨੂੰ ਸਦਾ ਸਰਸ਼ਾਰ ਕਰਦੇ ਰਹਿਣ। ਸਾਡੀ ਪਰਮਾਤਮਾ ਅੱਗੇ ਅਰਦਾਸ ਹੈ ਕਿ ਉਹ ਗਿਆਨੀ ਜੀ ਨੂੰ ਅਤੇ ਉਹਨਾਂ ਦੀ ਕੀਮਤੀ ਲਿਖਣ ਸ਼ੈਲੀ ਨੂੰ ਕਾਇਮ ਦਾਇਮ ਰੱਖੇ।

# ਤੁਰਦਾ ਫਿਰਦਾ ਵਿਸ਼ਵਕੋਸ਼

ਪ੍ਰੋ. ਇੰਦਰਜੀਤ ਸਿੰਘ
ਅੰਗ੍ਰੇਜ਼ੀ ਵਿਭਾਗ
ਮਾਈ ਭਾਗੋ ਸਰਕਾਰੀ ਬਹੁਤਕਨੀਕੀ ਕਾਲਜ (ਲੜਕੀਆਂ)
ਮਜੀਠਾ ਰੋਡ, ਅੰਮ੍ਰਿਤਸਰ।

ਦੁਨੀਆ ਦੇ ਨਕਸ਼ੇ ਤੇ ਕੁਝ ਲੋਕ ਅਜਿਹੇ ਹੁੰਦੇ ਹਨ, ਪਰਮ ਪੁਰਖ ਪਰਮਾਤਮਾ ਜਿਨ੍ਹਾਂ ਦੀ ਝੋਲੀ ਬੇਅੰਤ ਦਾਤਾਂ ਨਾਲ ਭਰਪੂਰ ਕਰਕੇ ਇਸ ਸੰਸਾਰ ਵਿਚ ਭੇਜਦਾ ਹੈ। ਅਜਿਹੀਆਂ ਦਾਤਾਂ ਤੇ ਬਖਸ਼ਿਸ਼ਾਂ ਸਮੇ ਸਮੇ ਤੇ ਉਸ ਇਨਸਾਨ ਦੀ ਸ਼ਖ਼ਸੀਅਤ ਨੂੰ ਚਾਰ ਚੰਦ ਲਾਉਂਦੀਆਂ ਰਹਿੰਦੀਆਂ ਹਨ। ਅਜਿਹੀ ਹੀ ਇੱਕ ਫ਼ਕੀਰਾਨਾ ਸ਼ਖ਼ਸੀਅਤ ਹੈ, ਗਿਆਨੀ ਸੰਤੋਖ ਸਿੰਘ, ਆਸਟ੍ਰੇਲੀਆ ਦਾ ਵਾਸੀ। ਸਾਬਤ ਸੂਰਤ ਗੁਰਸਿੱਖ ਦੇ ਲਿਬਾਸ ਵਿਚ ਇਹ ਮਹਾਨ ਵਿਦਵਾਨ ਆਪਣੀਆਂ ਬਹੁਮੁੱਲੀਆਂ ਲਿਖਤਾਂ ਨਾਲ ਪੰਜਾਬੀ ਦੇ ਹਰ ਮੈਗ਼ਜ਼ੀਨ ਤੇ ਅਖਬਾਰ ਵਿਚ ਆਪਣੀ ਹਾਜ਼ਰੀ ਲਵਾਉਂਦਿਆਂ ਪਾਠਕਾਂ ਨੂੰ ਨਵੀਂ ਜਾਣਕਾਰੀ ਆਪਣੇ ਜੀਵਨ ਤਜ਼ਰਬੇ ਵਿਚੋਂ ਦਿੰਦੇ ਰਹਿੰਦੇ ਹਨ। ਨੀਲੀ ਦਸਤਾਰ ਤੇ ਚਿੱਟੇ ਖੁੱਲੇ ਦਾਹੜੇ ਵਾਲੀ ਪਛਾਣ ਦੇ ਧਾਰਨੀ ਹਰਫ਼ਨ ਮੌਲਾ ਗਿਆਨੀ ਸੰਤੋਖ ਸਿੰਘ ਕਿਸੇ ਰਸਮੀ ਜਾਣ ਪਛਾਣ ਦੇ ਮੁਥਾਜ ਨਹੀਂ ਹਨ, ਕਿਉਂਕਿ ਉਹਨਾਂ ਦੇ ਜਾਣਕਾਰਾਂ ਦਾ ਘੇਰਾ ਉਹਨਾਂ ਦੇ ਮੇਲ ਮਿਲਾਪ ਵਾਲੇ ਸੁਭਾ ਕਾਰਨ ਅਸੀਮ ਹੈ। ਸੰਸਾਰਕ ਮੁਸ਼ਕਲਾਂ ਤੇ ਦੁਸ਼ਵਾਰੀਆਂ ਦੀ ਅੱਗ ਵਿਚੋਂ ਕੁੰਦਨ ਬਣ ਕੇ ਨਿਕਲੇ ਗਿਆਨੀ ਜੀ ਡਾਢੇ ਮਾਣ ਤੇ ਫ਼ਖਰ ਦੇ ਬਾਇਸ ਹਨ।

ਸਮੇ ਦੇ ਹਾਲਾਤ ਕਰਨ ਗਿਆਨੀ ਜੀ ਮੁਢਲੀ ਸਕੂਲੀ ਸਿਖਿਆ ਤੋਂ ਲਾਂਭੇ ਹੀ ਰਹੇ ਪਰ ਆਪ ਨੇ ਹਿੰਮਤ ਨਹੀਂ ਹਾਰੀ। ਬਾਅਦ ਵਿਚ ਆਪ ਗੁਰਮਤਿ ਸੰਗੀਤ ਵਿਚ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਤੋਂ ਡਿਪਲੋਮਾ ਕਰਨ ਉਪ੍ਰੰਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਵਿਚ ਸ਼ਾਮਲ ਹੋ ਗਏ ਅਤੇ ਵੱਖ ਵੱਖ ਅਹੁਦਿਆਂ ਤੇ ਆਪਣੀਆਂ ਸੇਵਾਵਾਂ ਦਿੱਤੀਆਂ। ਇਕ ਦਰਜ਼ਨ ਸਾਲਾਂ ਤੋਂ ਵੱਧ ਸਮਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਨੌਕਰੀ ਕਰਨ ਉਪ੍ਰੰਤ ਆਪ ਜੀ ਪ੍ਰਵਾਸੀ ਬਣ ਗਏ ਅਤੇ ਪੱਕੇ ਤੌਰ ਤੇ ਆਸਟ੍ਰੇਲੀਆ ਵੱਸ ਗਏ, ਜਿਥੇ ਉਹ ਅੱਜ ਤੱਕ ਗੁਰੂ ਘਰਾਂ, ਸਾਹਿਤਕ ਅਤੇ ਭਾਈਚਾਰਕ ਸਮਾਗਮਾਂ ਵਿਚ ਧਰਮ, ਇਤਿਹਾਸ, ਸਾਹਿਤ, ਸਮਾਜ ਅਤੇ ਸਿੱਖ ਸਭਿਆਚਾਰ ਦੇ ਸੰਬੰਧ ਵਿਚ, ਪਾਠਕਾਂ ਅਤੇ ਸਰੋਤਿਆਂ

ਨਾਲ ਆਪਣਾ ਗਿਆਨ ਸਾਂਝਾ ਕਰਦੇ ਰਹਿੰਦੇ ਹਨ। ਗਿਆਨ ਹਾਸਲ ਕਰਨ ਤੇ ਉਸ ਨੂੰ ਵੰਡਣ ਦਾ ਜਨੂੰਨ ਗਿਆਨੀ ਜੀ ਦੇ ਸਿਰ ਚੜ੍ਹ ਕੇ ਬੋਲਦਾ ਹੈ। ਸਿੱਖ ਇਤਿਹਾਸ, ਸਿੱਖ ਰਾਜਨੀਤੀ ਤੇ ਧਾਰਮਿਕ ਗ੍ਰੰਥਾਂ ਤੇ ਉਹਨਾਂ ਦੀ ਖਾਸੀ ਪਕੜ ਹੈ। ਜੇਕਰ ਉਹਨਾਂ ਨੂੰ ਤੁਰਦਾ ਫਿਰਦਾ ਵਿਸ਼ਵਕੋਸ਼ ਕਹਿ ਲਿਆ ਜਾਏ ਤਾਂ ਇਹ ਗ਼ਲਤ ਬਿਆਨੀ ਨਹੀਂ ਹੋਏਗੀ। ਗਿਆਨੀ ਜੀ ਸੱਚ ਦੀ ਬੁਲੰਦ ਤੇ ਬੇਬਾਕ ਆਵਾਜ਼ ਹਨ, ਏਸੇ ਕਰਕੇ ਹੀ ਉਹ ਸਮੇ ਸਮੇ ਤੇ ਕਈ ਵਾਰ ਆਪਣੀਆਂ ਬੇਬਾਕ ਟਿਪਣੀਆਂ ਕਾਰਨ, ਕਈ ਤਰ੍ਹਾਂ ਦੀਆਂ ਮੁਸ਼ਕਲਾਂ ਸਹੇੜ ਲੈਂਦੇ ਹਨ ਪਰ ਆਪਣੀ ਕਹੀ ਗੱਲ ਤੇ ਸਦਾ ਕਾਇਮ ਰਹਿੰਦੇ ਹਨ। ਇਸ ਦੀ ਉਦਾਹਰਨ ੧੯੮੪ ਦੇ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਤੋਂ ਬਾਅਦ, ਉਹਨਾਂ ਵੱਲੋਂ ਵਿਦੇਸ਼ੀ ਸਟੇਜਾਂ 'ਤੇ ਬੋਲਣ ਦੀ ਦਿੱਤੀ ਜਾ ਸਕਦੀ ਹੈ, ਜਿਸ ਦੇ ਨਤੀਜੇ ਵਜੋਂ ਗਿਆਨੀ ਜੀ ਨੂੰ ਸਟੇਜਾਂ 'ਤੇ, ਪ੍ਰਬੰਧਕਾਂ ਵੱਲੋਂ ਸਮਾ ਦੇਣ ਤੋਂ ਰੋਕ ਦਿੱਤਾ ਗਿਆ ਸੀ। ਇਸ ਤੇ ਵੀ ਗਿਆਨੀ ਜੀ ਦੀ ਆਵਾਜ਼ ਬੰਦ ਨਹੀਂ ਹੋਈ, ਸਗੋਂ ਉਹਨਾਂ ਨੇ ਆਪਣਾ ਅਖ਼ਬਾਰ ਸ਼ੁਰੂ ਕਰ ਕੇ ਆਪਣੀ ਆਵਾਜ਼ ਅਵਾਮ ਤੱਕ ਪਹੁੰਚਾਉਣ ਵਿਚ ਕਾਮਯਾਬੀ ਹਾਸਲ ਕੀਤੀ।

ਰਸਮੀ ਸਕੂਲੀ ਵਿੱਦਿਆ ਤੋਂ ਵਿਰਵੇ ਆਪ ਜੀ ਪੰਜਾਬੀ, ਹਿੰਦੀ, ਅੰਗ੍ਰੇਜ਼ੀ ਭਾਸ਼ਾਵਾਂ ਵਿਚ ਆਪਣਾ ਭਾਸ਼ਣ ਦੇ ਕੇ ਆਪਣੀ ਵਿਦਵਤਾ ਦਾ ਪਰੀਚੈ ਦਿੰਦੇ ਹਨ। ਏਥੋਂ ਤਕ ਕਿ ਗੋਰੇ ਲੋਕ ਵੀ ਆਪ ਦੀ ਭਾਸ਼ਣ ਸ਼ੈਲੀ ਤੋਂ ਮੁਤਾਸਰ ਹਨ। ਚੁੰਬਕੀ ਸ਼ਖ਼ਸੀਅਤ ਦੇ ਮਾਲਕ ਗਿਆਨੀ ਜੀ ਹਰ ਛੋਟੇ ਵੱਡੇ ਦੇ ਦਿਲ ਵਿਚ ਘਰ ਕਰ ਜਾਂਦੇ ਹਨ। ਹਰ ਉਮਰ ਦੇ ਲੋਕ ਉਹਨਾਂ ਦੇ ਪ੍ਰਸੰਸਕ ਹਨ ਜੋ ਹਮੇਸ਼ਾ ਉਹਨਾਂ ਦੀ ਸੰਗਤ ਮਾਨਣ ਕਈ ਉਤਸੁਕ ਰਹਿੰਦੇ ਹਨ।

ਏਨੀ ਇਜ਼ਤ ਮਾਣ ਤੇ ਸਤਿਕਾਰ ਮਿਲਣ ਦੇ ਬਾਵਜੂਦ ਗਿਆਨੀ ਜੀ ਬੇਹੱਦ ਸਾਦਾ ਤੇ ਮਿਲਣਸਾਰ ਹਨ। ਉਹਨਾਂ ਨਾਲ ਕੀਤੀ ਚੰਦ ਮਿੰਟਾਂ ਦੀ ਸੰਗਤ ਉਹਨਾਂ ਨਾਲ ਵਰ੍ਹਿਆਂ ਤੋਂ ਜਾਣੂ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਉਹਨਾਂ ਦੇ ਬੋਲ ਕੰਨਾਂ ਵਿਚ ਮਿਸ਼ਰੀ ਘੋਲਦੇ ਹਨ ਅਤੇ ਗਿਆਨ ਵਿਚ ਭਰਪੂਰ ਵਾਧਾ ਕਰਦੇ ਹਨ। ਉਹਨਾਂ ਦੇ ਚਿਹਰੇ ਤੇ ਇੱਕ ਨੂਰਾਨੀ ਝਲਕ ਹੁੰਦੀ ਹੈ ਜੋ ਹਮੇਸ਼ਾ ਹੀ ਮਿਲਣ ਵਾਲੇ ਨੂੰ ਨਿੱਘੀ 'ਜੀ ਆਇਆਂ' ਆਖਦੀ ਹੈ। ਗਿਆਨੀ ਜੀ ਦੇ ਵਿਚਾਰ ਬਹੁਤ ਉਚੇ ਤੇ ਅਗਾਂਹ ਵਧੂ ਹਨ। ਬਜ਼ੁਰਗ ਹੋਣ ਦੇ ਬਾਵਜੂਦ ਉਹਨਾਂ ਦੇ ਵਿਚਾਰ ਨਵੇਂ, ਤਾਜ਼ਾ ਤੇ ਸਮੇ ਦੇ ਹਾਣੀ ਹਨ। ਨਿੱਤ ਕੁਝ ਨਾ ਕੁਝ ਨਵਾਂ ਕਰਦੇ ਰਹਿਣਾ ਅਤੇ ਰਾਹ ਵਿਚ ਆਉਂਦੀਆਂ ਮੁਸ਼ਕਲਾਂ ਤੇ ਦੁਸ਼ਵਾਰੀਆਂ ਨੂੰ ਮਜਾਕ ਕਰਕੇ ਆਪਣੀ ਮੰਜ਼ਲੇ ਮਕਸੂਦ ਵੱਲ ਨਿਰੰਤਰ ਵਧਦੇ ਰਹਿਣਾ, ਉਹਨਾਂ ਦੀ ਫ਼ਿਤਰਤ ਦਾ ਅਹਿਮ ਹਿੱਸਾ ਹੈ। ਦੁਨੀਆ ਦੀ ਕੋਈ ਵੀ ਮੁਸ਼ਕਲ ਉਹਨਾਂ ਦੇ ਬੇਰੋਕ ਕਦਮਾਂ ਨੂੰ ਨਹੀਂ ਰੋਕ ਸਕੀ।

ਉਹਨਾਂ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਉਹ ਜਦੋਂ ਵੀ ਪੰਜਾਬ

ਆਉਂਦੇ ਹਨ ਤਾਂ ਵੱਧ ਤੋਂ ਵੱਧ ਲੋਕਾਂ ਨੂੰ ਮਿਲ ਕੇ ਖੁਸ਼ੀ ਮਹਿਸੂਸ ਕਰਦੇ ਹਨ। ਪੰਜਾਬ ਰਹਿਣ ਵਾਲੇ ਦਿਨਾਂ ਵਿਚ ਉਹ ਕਦੇ ਕਿਸੇ ਸ਼ਹਿਰ ਅਤੇ ਕਦੇ ਕਿਸੇ ਸ਼ਹਿਰ, ਕਦੇ ਪੇਂਡੂ ਫ਼ਿਜ਼ਾਵਾਂ ਵਿਚ ਅਤੇ ਕਦੀ ਸਾਹਿਤਕ ਸਮਾਗਮਾਂ ਵਿਚ ਹੁੰਦੇ ਹਨ। ਮੇਰੇ ਕਹਿਣ ਦਾ ਭਾਵ ਕਿ ਏਥੇ ਰਹਿੰਦਿਆਂ ਗਿਆਨੀ ਜੀ ਦੂਰ ਦੂਰ ਤੱਕ ਫੈਲੇ ਹੁੰਦੇ ਹਨ। ਇਸ ਉਮਰ ਵਿਚ ਵੀ ਗਿਆਨੀ ਜੀ ਦੀ ਏਨੀ ਨੱਠ ਭੱਜ ਕਰ ਲੈਣ ਦੀ ਹਿੰਮਤ ਅੱਗੇ ਮੇਰਾ ਸਿਰ ਝੁਕਦਾ ਹੈ।



# ਸਾਦਗੀ ਤੇ ਗੁਣਾਂ ਭਰਪੂਰ ਸ਼ਖਸੀਅਤ

ਸਤਿੰਦਰ ਸਿੰਘ ਓਠੀ

ਪਹਿਲੀ ਨਜ਼ਰੇ ਹੀ ਗਿਆਨੀ ਸੰਤੋਖ ਸਿੰਘ ਦੀ ਸਾਦਗੀ ਪਿੱਛੇ ਲੁਕੀ ਉਹਨਾਂ ਦੀ ਆਦਮ ਕੱਦ ਸ਼ਖਸੀਅਤ ਦੇ ਦਰਸ਼ਨ ਨਹੀਂ ਹੁੰਦੇ। ਸਾਦਗੀ ਦੀ ਮੂਰਤ ਦੇ ਪਿੱਛੇ ਇੱਕ ਮਹਾਨ ਲੇਖਕ, ਕਥਾਕਾਰ ਤੇ ਕੀਰਤਨੀਏ ਗੱਲ ਕੀ, ਬਹੁ ਪੱਖੀ ਕਲਾਵਾਂ ਦਾ ਸੁਮੇਲ ਛੁਪਿਆ ਹੋਇਆ ਮਿਲਦਾ ਹੈ। ਸਿਆਣੇ ਕਹਿੰਦੇ ਨੇ, "ਸਾਦਾ ਜੀਵਨ ਤੇ ਉਚੀ ਸੋਚ" ਦੀ ਦਾਤ ਦਾਤਾ ਕੇਵਲ ਵਿਰਲੇ ਟਾਵੇਂ ਨੂੰ ਹੀ ਦਿੰਦਾ ਹੈ, ਨਹੀਂ ਤਾਂ ਇਸ ਪਦਾਰਥਵਾਦੀ ਦੌੜ ਵਿਚ ਵਿੱਤ ਤੋਂ ਵੱਧ ਵਿਖਾਵਾ ਕਰਨਾ ਆਮ ਜਿਹੀ ਗੱਲ ਹੈ।

ਗੱਲ ਕਰ ਰਹੇ ਹਾਂ ਗਿਆਨੀ ਸੰਤੋਖ ਸਿੰਘ ਜੀ ਦੀ ਸਾਦਗੀ ਤੇ ਨਿਮਰ ਸੁਭਾ ਦੀ। ਅੰਮ੍ਰਿਤਸਰ ਦੇ ਵਿਰਸਾ ਵਿਹਾਰ ਵਿਚ ੨੦੧੦ ਦੇ ਵਿਰਾਸਤੀ ਮੇਲੇ ਦੌਰਾਨ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ, ਪ੍ਰੋ: ਗੁਰਭਜਨ ਸਿੰਘ ਗਿੱਲ ਜੀ ਨਾਲ ਜਦੋਂ ਮੈਂ ਗਰਾਂਈਂ ਸਾਂਝ ਦੀ ਗੱਲ ਕਰ ਰਿਹਾ ਸਾਂ ਤਾਂ ਓਥੇ ਕੁੜਤੇ ਪਜਾਮੇ ਵਿਚ ਮੌਜੂਦ ਇੱਕ ਬਜ਼ੁਰਗ ਦੀਆਂ ਗੱਲਾਂ ਗਹੁ ਨਾਲ ਸੁਣਦਿਆਂ ਮੈਂ ਮਹਿਸੂਸ ਕੀਤਾ ਕਿ ਇਹ ਵੀ ਕੋਈ ਲੇਖਕ ਜਨ ਲੱਗਦੇ ਹਨ। ਬੇਸ਼ੱਕ ਉਹਨਾਂ ਦਾ ਚੇਹਰਾ ਮੇਰੇ ਲਈ ਕਿਤੇ ਵੇਖਿਆ ਵੇਖਿਆ ਲੱਗ ਰਿਹਾ ਸੀ ਪਰ ਸਪੱਸ਼ਟ ਨਹੀਂ ਸੀ ਹੋ ਰਿਹਾ ਕਿ ਇਹ ਕੌਣ ਹਨ। ਪ੍ਰੋ: ਗਿੱਲ ਤਾਂ ਓਥੋਂ ਜਲਦੀ ਚਲੇ ਗਏ ਪਰ ਉਹ ਬਜ਼ੁਰਗ ਸਾਹਿਬ ਮੇਰੇ ਨਾਲ ਗੱਲਬਾਤ ਕਰਨ ਲੱਗ ਪਏ। ਇਸ ਦੌਰਾਨ ਪੰਜਾਬੀ ਭਾਸ਼ਾ ਵਿਚ ਵੱਧ ਰਹੀ ਲਿਖਤੀ ਅਸ਼ੁੱਧਤਾ ਪ੍ਰਤੀ ਉਹਨਾਂ ਦੀ ਚਿੰਤਾ ਨੂੰ ਮਹਿਸੂਸ ਕਰਦਿਆਂ ਮੈਂ ਉਹਨਾਂ ਨੂੰ ਕਿਹਾ, "ਤੁਸੀਂ ਕਿਤੇ ਪੰਜਾਬੀ ਲੇਖਕ ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ ਵਾਲੇ ਤਾਂ ਨਹੀਂ ਜਿੰਨ੍ਹਾਂ ਦੇ ਲੇਖ ਪੰਜਾਬੀ ਦੀਆਂ ਵੈਬਸਾਈਟਾਂ ਤੇ ਅਕਸਰ ਲੱਗਦੇ ਰਹਿੰਦੇ ਹਨ?" ਏਸੇ ਦੌਰਾਨ ਹੀ ਮੈਂ ਆਪਣੇ ਨਿੱਘੇ ਦੋਸਤ ਹਰਭਜਨ ਸਿੰਘ ਦਾ ਵੀ ਜ਼ਿਕਰ ਕੀਤਾ, ਜਿਨ੍ਹਾਂ ਨਾਲ ਗਿਆਨੀ ਜੀ ਹੁਣਾਂ ਦੀ 'ਪੰਜਾਬੀ ਸੁਖਨ" ਵੈਬਸਾਈਟ ਦੁਆਰਾ ਸਾਂਝ ਸੀ। ਇਹ ਸੁਣ ਕੇ ਉਹਨਾਂ ਮੈਨੂੰ ਗ਼ਲਵਕੜੀ ਵਿਚ ਲੈ ਲਿਆ ਤੇ ਮੇਰੇ ਬਾਰੇ ਪੁੱਛਣ ਲੱਗ ਪਏ। ਜਦੋਂ ਮੈਂ ਉਹਨਾਂ ਨੂੰ ਆਪਣੇ ਪੰਜਾਬੀ ਅਧਿਆਪਕ ਹੋਣ ਬਾਰੇ ਦੱਸਦਿਆਂ ਕਿਹਾ ਕਿ ਮੈਂ ਵੀ ਪੰਜਾਬੀ ਭਾਸ਼ਾ ਉਤੇ ਹਿੰਦੀ ਦੇ ਪ੍ਰਭਾਵ ਤੇ ਸ਼ਬਦ ਜੋੜਾਂ ਦੀਆਂ ਗ਼ਲਤੀਆਂ (ਅਸ਼ੁਧੀਆਂ) ਬਾਰੇ ਉਹਨਾਂ ਦੀ ਹੀ ਵਿਚਾਰਧਾਰਾ ਦਾ ਮਾਲਕ ਹਾਂ ਤਾਂ

ਪੰਜਾਬੀ ਮਾਂ ਬੋਲੀ ਦੇ ਪੁੱਤ ਹੋਣ ਕਾਰਨ ਸਾਡੀ ਗੱਲਬਾਤ ਇੱਕ ਡੂੰਘੀ ਸਾਂਝ ਵਿਚ ਤਬਦੀਲ ਹੋ ਗਈ। ਇੱਕ ਸਥਾਪਤ ਲੇਖਕ ਦੀ ਮੇਰੇ ਵਰਗੇ ਪ੍ਰਸੰਸਕ ਨਾਲ ਚੰਦ ਕੁ ਪਲਾਂ ਦੀ ਗੱਲਬਾਤ ਉਹਨਾਂ ਦੇ ਵਿਚਾਰਾਂ ਦੀ ਸਾਦਗੀ ਤੇ ਖੁੱਲ੍ਹੇ ਸੁਭਾ ਦੀ ਜਾਮਨੀ ਭਰ ਰਹੀ ਸੀ। ਜੇਹੜੀ ਗੱਲ ਨੇ ਮੈਨੂੰ ਵਧ ਪ੍ਰਭਾਵਤ ਕੀਤਾ ਉਹ ਪਹਿਲਾਂ ਕੀਤੇ ਜ਼ਿਕਰ ਵਾਂਙ, ਉਹਨਾਂ ਦੇ ਪਹਿਰਾਵੇ ਤੇ ਵਿਚਾਰਾਂ ਦੇ ਸਿੱਧੇ/ਸਪਸ਼ਟ ਇਜ਼ਹਾਰ ਵਿਚ ਕਿਸੇ ਵੀ ਅਖੌਤੀ ਵਿਦਵਾਨੀ ਮੜਕ ਦਾ ਨਾ ਹੋਣਾ ਸੀ। ਉਹ ਛੋਟੀ ਜਿਹੀ ਮੁਲਾਕਾਤ ਅਜੇ ਤਾਜ਼ਾ ਹੋਈ ਗੱਲ ਵਾਂਗ ਭਾਸਦੀ ਹੈ। ਪਿਛਲੇ ਚਾਲੀ ਸਾਲਾਂ ਵਿਚ ਦੇਸ਼ਾਂ ਵਿਦੇਸ਼ਾਂ ਦੀ ਯਾਤਰਾ ਅਤੇ ਆਪਣੇ ਵਰਗੇ ਅਜ਼ੀਮ ਲੇਖਕਾਂ ਨਾਲ ਸੰਬੰਧ, ਗਿਆਨੀ ਸੰਤੋਖ ਸਿੰਘ ਦੀ ਸਿੱਧੀ ਸਾਦੀ ਸ਼ਖਸੀਅਤ ਤੇ ਰਤਾ ਭਰ ਵੀ ਭਾਰੂ ਨਹੀਂ ਹੁੰਦੇ। ਹਾਲ ਹੀ ਵਿਚ ਰਿਲੀਜ਼ ਹੋਈ ਉਹਨਾਂ ਦੀਆਂ ਆਪਣੀਆਂ ਯਾਦਾਂ ਨਾਲ ਭਰਪੂਰ ਕਿਤਾਬ 'ਬਾਤਾਂ ਬੀਤੇ ਦੀਆਂ' ਵਿੱਚੋਂ ਵੀ ਉਹਨਾਂ ਦੀ ਨਿਰਮਾਣਤਾ ਦੇ ਬਾਖੂਬੀ ਦਰਸ਼ਨ ਹੁੰਦੇ ਹਨ। ਇੱਕ ਥਾਂ ਉਹ ਲਿਖਦੇ ਹਨ:

ਇਸ ਗੱਲ ਵਿਚ ਜ਼ਰਾ ਵੀ ਫਰਕ ਨਹੀਂ ਕਿ ਜੀਵਨੀਆਂ ਜਾਂ ਸਵੈ-ਜੀਵਨੀਆਂ ਵੱਡੇ ਵਿਅਕਤੀਆਂ ਦੀਆਂ ਲਿਖੀਆਂ/ਲਿਖਵਾਈਆਂ ਜਾਂਦੀਆਂ ਹਨ ਤਾਂ ਕਿ ਦੂਸਰੇ ਉਹਨਾਂ ਤੋਂ ਕੁਝ ਪ੍ਰੇਰਨਾ ਲੈ ਸਕਣ। ਇਸ ਦੇ ਉਲਟ ਮੈਂ ਕੋਈ ਇਸ ਸੰਸਾਰ ਵਿਚ ਵਰਨਣਯੋਗ ਕਾਰਜ ਨਹੀਂ ਕੀਤਾ, ਜਿਸ ਕਰਕੇ ਮੇਰੀਆਂ ਘਟਨਾਵਾਂ ਹੋਰਨਾਂ ਲਈ ਪ੍ਰੇਰਨਾ ਦਾ ਸ੍ਰੋਤ ਬਣ ਸਕਣ।

ਸਿੱਧੇ ਸਾਦੇ ਜੀਵਨ ਦੀ ਪ੍ਰੋੜ੍ਹਤਾ ਕਰਦਿਆਂ ਉਹ ਆਪਣੇ ਬਚਪਨ ਬਾਰੇ, ਏਸੇ ਪੁਸਤਕ ਵਿਚ ਜਿਕਰ ਕਰਦੇ ਹਨ:

ਬਚਪਨ ਤਾਂ ਮੇਰਾ ਵੀ ਆਮ ਵਾਂਗ ਹੀ, ਜਿਵੇਂ ਕਿ ਇੱਕ ਨਿੱਕੇ ਜਿਹੇ ਪਿੰਡ ਦੇ ਆਮ ਕਿਸਾਨਾਂ ਦੇ ਮੁੰਡਿਆਂ ਦਾ ਹੁੰਦਾ ਹੈ, ਉਹੋ ਜਿਹਾ ਹੀ ਸੀ, ਜਿਵੇਂ ਕਿ; ਪਹਿਲਾਂ ਹਾਣੀਆਂ ਨਾਲ ਖੇਡਣਾ, ਫਿਰ ਡੰਗਰ ਚਾਰਨੇ, ਹਲ਼ ਵਾਹੁਣ ਤੋਂ ਉਰੇ-ਉਰੇ ਨਿਕੇ ਮੋਟੇ ਕੰਮ, ਜਿਹਾ ਕਿ ਪੱਠੇ ਵੱਢਣੇ, ਰੁੱਗ ਲਾਉਣੇ, ਕਿਆਰੇ ਮੋੜਨੇ, ਖੂਹ ਹਿੱਕਣਾ, ਹਲ਼ ਮਗਰ ਬੀ ਕੇਰਨਾ ਆਦਿ ਕੀਤੇ ਜਾਂਦੇ ਹਨ।

ਉਪ੍ਰੋਕਤ ਹਵਾਲੇ ਦੇਣ ਦਾ ਮੇਰਾ ਮਕਸਦ ਗਿਆਨੀ ਜੀ ਦੇ ਜੀਵਨ ਦੇ ਅਹਿਮ ਅੰਗ ਭਾਵ ਸਾਦਾ ਜੀਵਨ ਨਾਲ ਪਾਠਕਾਂ ਦਾ ਤੁਆਰਫ ਕਰਾਉਣਾ ਹੈ। ਗਿਆਨੀ ਜੀ ਵਰਗੇ ਲੇਖਕ ਅਸਲ ਵਿਚ ਪੰਜਾਬੀ ਮਾਂ ਬੋਲੀ ਦੀ ਸੰਪਤੀ ਹਨ, ਜਿਹੜੇ ਆਪਣੀ ਭਾਸ਼ਾ ਵਾਂਗ ਨਿੱਜੀ ਜ਼ਿੰਦਗੀ ਵਿਚ ਵੀ ਸਾਦਗੀ ਤੇ ਸਪਸ਼ਟ ਵਿਚਾਰਾਂ ਦੇ ਮਾਲਕ ਹਨ। ਵਿਦੇਸ਼ ਵਿਚ ਰਹਿ ਕੇ ਵੀ ਆਪਣੀ ਮਿੱਟੀ ਤੇ ਆਪਣੇ ਲੋਕਾਂ ਨਾਲ ਜੁੜੇ ਰਹਿਣਾ ਉਹਨਾਂ ਦੀ ਸਾਂਵੀਂ ਪੱਧਰੀ ਸ਼ਖਸੀਅਤ ਦਾ ਨਿਵੇਕਲਾ ਰੰਗ ਹੈ। ਅਜੋਕੇ ਸਮੇਂ ਅੰਦਰ ਅਜਿਹੇ ਲੋਕ ਘੱਟ ਹੀ ਨਜ਼ਰ ਆਉਂਦੇ ਹਨ।

# ਬਿਖੜੇ ਪੈਂਡਿਆਂ ਦਾ ਰਾਹੀ

ਲਖਵਿੰਦਰ ਸਿੰਘ
ਹਵੇਲੀਆਣਾ, ਰਈਆ

ਜੰਮਣ ਤੋਂ ਹੀ ਮਨੁੱਖ ਭਾਵੇਂ ਮਾਂ ਦੀ ਗੋਦ ਵਿਚ, ਬਿਸਤਰ ਤੇ ਜਾਂ ਫਿਰ ਪੰਘੂੜੇ ਵਿਚ ਲੇਟਿਆ ਹੋਵੇ, ਜਦ ਉਹ ਆਲੇ ਦੁਆਲੇ ਦੀ ਕੁਦਰਤ ਨੂੰ ਨਿਹਾਰਦਾ ਹੈ ਤਾਂ ਉਹ ਖੁਸ਼ੀ ਗ਼ਮੀ ਦੇ ਆਪਣੇ ਵੱਖ ਵੱਖ ਹਾਵ ਭਾਵ ਪਰਗਟ ਕਰਦਾ ਵੇਖਿਆ ਜਾ ਸਕਦਾ ਹੈ। ਕਦੇ ਕਦੇ ਹੱਸਣ ਰੋਣ ਦੀਆਂ ਕਿਲਕਾਰੀਆਂ ਵੀ ਮਾਰ ਉਠਦਾ ਹੈ। ਥੋਹੜੀ ਜਿਹੀ ਹੋਸ਼ ਸੰਭਾਲਣ ਤੇ ਉਹ ਰਿੜ੍ਹ ਕੇ ਵੇਹੜੇ ਦੇ ਅੰਦਰ ਬਾਹਰ ਦਾ ਜਾਣੂ ਹੋਣ ਲਈ ਉਤਾਵਲਾ ਹੋ ਜਾਂਦਾ ਹੈ। ਫਿਰ ਜਦ ਨਿੱਕੇ ਨਿੱਕੇ ਕਦਮ ਉਠਾਲਣ ਦੇ ਯੋਗ ਹੁੰਦਾ ਹੈ ਤਾਂ ਉਹ ਘਰ ਦੇ ਬਾਹਰ ਕੀ ਹੈ? ਜਾਨਣ ਲਈ ਕਦੇ ਖ਼ੁਦ ਲੜਖੜਾਉਂਦੇ ਹੋਇਆਂ, ਕਦੇ ਕਿਸੇ ਵਡੇਰੇ ਦੀ ਉਂਗਲ ਫੜ ਜਾਂ ਫਿਰ ਕਿਸੇ ਦੇ ਢਾਕੇ ਚੜ੍ਹ, ਬੂਹੇ ਦੀ ਸਰਦਲ ਟੱਪ ਜਾਂਦਾ ਹੈ ਤਾਂ ਰੰਗਲੀ ਦੁਨੀਆਂ ਦੇ ਰੰਗ ਤਮਾਸ਼ੇ ਉਸ ਦੇ ਅੰਦਰ ਹੋਰ ਵੀ ਭਰਮਣ ਲਈ ਉਕਸਾਹਟ ਪੈਦਾ ਕਰ ਦਿੰਦੇ ਹਨ ਪਰ ਹੋਸ਼ ਸੰਭਾਲਣ ਦੇ ਨਾਲ ਨਾਲ ਜਦ ਜੁੰਮੇਵਾਰੀਆਂ ਦਾ ਜੂਲ਼ਾ ਭਾਰੀ ਹੋ ਜਾਂਦਾ ਹੈ ਤਾਂ ਮਨੁੱਖਾਂ ਦੀ ਬਹੁ ਗਿਣਤੀ ਕੋਹਲੂ ਦਾ ਬੈਲ਼ ਬਣ ਕੇ, ਨਿੱਕੇ ਜਿਹੇ ਦਾਇਰੇ ਵਿਚ ਹੀ ਆਪਣਾ ਜੀਵਨ ਗੁਜ਼ਾਰਨ ਲਈ ਮਜ਼ਬੂਰ ਹੋ ਜਾਂਦੀ ਹੈ। ਦੂਸਰੇ ਪਾਸੇ ਕੁਝ ਉਦਮੀ ਲੋਕ, ਭਾਈ ਵੀਰ ਸਿੰਘ ਦੇ ਕਥਨ, "ਸੀਨੇ ਖਿੱਚ ਜਿੰਨ੍ਹਾ ਨੇ ਖਾਧੀ, ਉਹ ਕਰ ਆਰਾਮ ਨਹੀ ਬਹਿੰਦੇ" ਅਨੁਸਾਰ, "ਦੁਨੀ ਸੁਹਾਵਾ ਬਾਗ" ਵੇਖਣ ਲਈ ਨਿਕਲ਼ ਹੀ ਤੁਰਦੇ ਹਨ। ਅਜਿਹੇ ਹਿੰਮਤੀ ਲੋਕਾਂ ਨੂੰ ਕੁਦਰਤ ਦਾ ਵੀ ਭਾਰੀ ਸਾਥ ਮਿਲਦਾ ਹੈ, ਜਿਸ ਨਾਲ ਉਹਨਾਂ ਦੇ ਅੰਦਰ, ਰਾਹ ਵਿਚ ਆਏ ਹਰ ਰੋੜੇ ਨੂੰ ਹਟਾ ਸਕਣ ਦੀ ਅਥਾਹ ਸ਼ਕਤੀ ਭਰ ਜਾਂਦੀ ਹੈ ਅਤੇ ਉਹ ਥਲ, ਜਲ ਤੇ ਆਕਾਸ਼ ਨੂੰ ਗਾਹ ਮਾਰਦੇ ਹਨ।

ਹਿਊਨ ਸਾਂਗ, ਫਾਹੀਯਾਨ, ਕੋਲੰਬਸ, ਵਾਸਕੋ-ਡੇ-ਗਾਮਾ ਆਦਿ ਨੂੰ ਦੁਨੀਆਂ ਦੀ ਝਾਤ ਦੇ ਜਨੂੰਨ ਨੇ ਹੀ ਇਤਿਹਾਸਕ ਜਗਤ ਪ੍ਰਸਿੱਧ ਯਾਤਰੀ ਹੋਣ ਦਾ ਮਾਣ ਹਾਸਲ ਕਰਨ ਵਿਚ ਪੂਰੀ ਮਦਦ ਕੀਤੀ। ਏਸੇ ਤਰ੍ਹਾਂ ਹੀ, ਮੇਰੀ ਜੀਵਨ ਸਾਥਣ ਦੇ ਮਾਮਾ ਜੀ, ਗਿਆਨੀ ਸੰਤੋਖ ਸਿੰਘ ਅੰਦਰ ਫੇਰੇ ਤੋਰੇ ਦੇ ਜਨੂੰਨ ਦਾ ਲਾਵਾ ਉਸ ਵੇਲੇ ਫੁੱਟਿਆ ਜਦ ਉਹ ਪਟਿਆਲੇ ਦੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ,

ਕੀਰਤਨ ਦੀ ਸੇਵਾ ਨਿਭਾ ਰਹੇ ਸਨ। ਉਹਨਾਂ ਦੇ ਦੋਸਤ ਦੇ ਕਮਰੇ ਵਿਚ ਲੱਗੇ, ਸੰਸਾਰ ਦੇ ਨਕਸ਼ੇ ਵਿਚ, ਧਰਤੀ ਦੇ ਹੇਠਲੇ ਪਾਸੇ, ਜਾਣੀ ਆਸਟ੍ਰੇਲੀਆ ਦੇ ਹਰੇ ਭਰੇ ਭਾਗ ਨੇ ਦਿਲ ਨੂੰ ਧੂਹ ਪਾਈ:

ਉਡ ਕੇ ਸੱਤ ਸਮੁੰਦਰ ਪਾਰ ਕਰ ਜਾਵਾਂ,
ਜੇ ਖੰਭ ਵਿਕਦੇ ਹੋਣ ਬਾਜ਼ਾਰੀਂ।

ਮਨ ਦੀ ਇਸ ਅਵਸਥਾ ਨੂੰ ਉਸ ਵੇਲੇ ਬੂਰ ਪਿਆ ਜਦ ਗਿਆਨੀ ਜੀ ਨੂੰ ਅਫ਼੍ਰੀਕਾ ਦੇ ਦੇਸ਼, ਮਲਾਵੀ ਵਿਚ ਜਾਣ ਦਾ ਮੌਕਾ ਮਿਲਿਆ ਅਤੇ ਕੁਝ ਜਦੋ ਜਹਿਦ ਤੇ ਹੋਰ ਦੇਸ਼ਾਂ ਦੇ ਭਰਮਣ ਕਰਨ ਮਗਰੋਂ, ਸੰਨ ੧੯੭੯ ਤੋਂ, ਆਸਟ੍ਰੇਲੀਆ ਦੇ ਸਭ ਤੋਂ ਵੱਡੇ ਸ਼ਹਿਰ, ਸਿਡਨੀ ਨੂੰ ਆਪਣਾ ਪੱਕਾ ਰੈਣ ਬਸੇਰਾ ਬਣਾ ਲਿਆ। ਆਸਟ੍ਰੇਲੀਆ ਆ ਕੇ ਗਿਆਨੀ ਜੀ ਨੇ ਆਪਣੀ ਅਤੇ ਪਰਵਾਰਕ ਜੀਵਕਾ ਲਈ ਕਈ ਪਾਪੜ ਵੇਲੇ ਅਤੇ ਤਰ੍ਹਾਂ ਤਰ੍ਹਾਂ ਦੇ ਕੰਮਾਂ ਤੇ ਹੱਥ ਅਜਮਾਇਆ।

ਤਾਲੋ ਘੁੱਥੀ ਡੂੰਮਣੀ ਗਾਵੇ ਆਲ ਬੇਤਾਲ ।

ਗਿਆਨੀ ਜੀ ਆਪਣੇ ਜੀਵਨ ਵਿਚ ਪਰਵਾਰਕ, ਸਮਾਜਕ ਅਤੇ ਹੋਰ ਜੁੰਮੇਵਾਰੀਆਂ ਨਿਭਾਉਂਦੇ ਹੋਏ, ਵਿੱਚੇ ਵਿਚ ਸਮਾ ਕੱਢ ਕੇ, "ਦੁਨੀ ਸੁਹਾਵਾ ਬਾਗ" ਨੂੰ ਨੀਝ ਨਾਲ ਨਿਹਾਰਨ ਤੇ ਮਾਨਣ ਦੀ ਆਪਣੀ ਰੀਝ ਨੂੰ ਪੂਰਾ ਕਰਦੇ ਆ ਰਹੇ ਹਨ। ਗਿਆਨੀ ਜੀ ਨੇ ਹੁਣ ਤੱਕ ਧਰਤੀ ਦੇ ਉਤਰੀ ਤੇ ਦੱਖਣੀ ਭਾਗਾਂ ਦੇ ਬਹੁਤ ਸਾਰੇ ਦੇਸ਼ਾਂ/ਸ਼ਹਿਰਾਂ ਦੀਆਂ ਵੱਖ ਵੱਖ ਸਮੇ ਯਾਤਰਾਵਾਂ ਕਰਕੇ, ਓਥੋਂ ਦੇ ਸਭਿਆਚਾਰ, ਰਹਿਣ ਸਹਿਣ, ਵਤੀਰੇ ਆਦਿ ਦੇ ਰੰਗ ਤਮਾਸ਼ਿਆਂ ਨੂੰ ਮਾਣਿਆ। ਇਹਨਾਂ ਯਾਤਰਾਵਾਂ ਦੌਰਾਨ ਉਹਨਾਂ ਨੂੰ ਜੋ ਵੀ ਖੱਟੇ ਮਿੱਠੇ ਅਨੁਭਵ ਹੋਏ, ਉਹਨਾਂ ਨੂੰ ਉਹ ਆਪਣੇ ਭਾਸ਼ਣਾਂ ਤੇ ਲਿਖਤਾਂ ਵਿਚ, ਇਸ ਸ਼ੈਲੀ ਨਾਲ ਵਰਨਣ/ਚਿਤਰਣ ਕਰਦੇ ਹਨ ਕਿ ਸਰੋਤੇ ਤੇ ਪਾਠਕ ਦੇ ਰੂਪ ਵਿਚ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਖ਼ੁਦ 'ਧਰਤਿ ਸੁਹਾਵੀ' ਦੇ ਚੱਕਰ ਕੱਢਦੇ ਹੋਏ, ਇਸ ਨੂੰ ਮਾਣ ਰਹੇ ਹੋਈਏ। ਉਹਨਾਂ ਵਲੋਂ ਪੇਸ਼ ਕੀਤੇ ਜਾਂਦੇ ਦ੍ਰਿਸ਼/ਘਟਨਾਵਾਂ ਸਾਡੇ ਆਪਣੇ ਹੰਢਾਏ ਹੋਏ ਲੱਗਦੇ ਹਨ। ਏਥੇ ਵਰਨਣਯੋਗ ਯਾਤਰਾਵਾਂ ਦੌਰਾਨ ਗਿਆਨੀ ਜੀ ਕੋਲ ਨਾ ਕੋਈ ਕੈਮਰਾ ਨਾ ਕੋਈ ਨੋਟ ਬੁੱਕ/ਡਾਇਰੀ ਹੁੰਦੀ ਹੈ ਪਰ ਉਹ ਜਿੱਥੇ ਵੀ ਜਾਂਦੇ ਆਪਣੀ ਦਿੱਬ ਦ੍ਰਿਸ਼ਟੀ ਨਾਲ ਓਥੋਂ ਦੇ ਮਾਹੌਲ, ਚਾਲ, ਵਾਤਾਵਰਣ ਨੂੰ ਖਿਆਲਾਂ ਵਿਚ ਸੋਖ ਕੇ ਆਪਣੀ ਯਾਦਦਾਸ਼ਤ ਦੇ ਖਜ਼ਾਨੇ ਨੂੰ ਭਰਪੂਰ ਕਰਦੇ ਹਨ। ਫਿਰ ਆਪਣੇ ਖੱਟੇ ਮਿੱਠੇ ਅਨੁਭਵ ਨੂੰ ਭਾਸ਼ਣਾਂ/ਲਿਖਤਾਂ ਵਿਚ, ਹਾਸਰਸ ਦੀ ਚਾਸ਼ਣੀ ਵਿਚ ਡੋਬ ਕੇ, ਪੇਸ਼ ਕਰਕੇ, ਸਰੋਤੇ/ਪਾਠਕਾਂ ਨੂੰ ਨਿਹਾਲ ਕਰਦੇ ਆ ਰਹੇ ਹਨ। ਅਫ਼੍ਰੀਕਾ ਦੇ ਘਣੇ ਤੇ ਖ਼ਤਰਨਾਕ ਜੰਗਲਾਂ ਵਿਚ ਵਿਚਰਦਿਆਂ, ਸਾਂਝੇ ਮਿੱਤਰ, ਡਾ. ਪ੍ਰੀਤਮ ਸਿੰਘ ਰਤਨ ਦੇ ਘਰ ਵਿਚ, ਇਕ ਸ਼ਾਮ ਨੂੰ ਬੈਠਿਆਂ, ਸਕਾਟਲੈਂਡ ਦੀ ਗੋਰੀ ਟੀਚਰ, ਜੋ ਆਪਣੇ ਪਰਵਾਰ ਸਮੇਤ ਉਸ ਦੇਸ ਵਿਚ ਟੀਚਰ ਸੀ, ਨੇ ਗਿਆਨੀ

ਜੀ ਨੂੰ ਸਵਾਲ ਕੀਤਾ:

"ਤੂੰ ਇੰਡੀਅਨ, ਰਹਿੰਦਾਂ ਆਸਟ੍ਰੇਲੀਆ ਵਿਚ, ਫਿਰਦਾਂ ਅਫ਼ਰੀਕਾ ਦੇ ਜੰਗਲਾਂ ਵਿਚ ਹੈਂ। ਨਾ ਤੇਰੇ ਕੋਲ ਕੋਈ ਕੈਮਰਾ, ਨਾ ਕੋਈ ਨੋਟ ਬੁੱਕ, ਤੇਰਾ ਮਕਸਦ ਕੀ ਹੈ ਇਉਂ ਘੁੰਮਣ ਫਿਰਨ ਦਾ?"

ਗਿਆਨੀ ਜੀ ਦੀ ਵਿਅੰਗਾਤਮਿਕ ਹਾਜ਼ਰ ਜਵਾਬੀ ਸੀ:

"ਘਰ ਮੈਨੂੰ ਰੋਟੀ ਤਾਂ ਮਿਲ ਜਾਂਦੀ ਹੈ ਤੇ ਧੋਤੇ ਕੱਪੜੇ ਵੀ ਮਿਲ ਜਾਂਦੇ ਹਨ ਪਰ ਮੇਰੀਆਂ ਗੱਪਾਂ ਸੁਣਨ ਨੂੰ ਸਰੋਤੇ ਨਹੀਂ ਮਿਲਦੇ। ਇਸ ਲਈ ਸਰੋਤਿਆਂ ਦੀ ਭਾਲ ਵਿਚ ਘੁੰਮ ਰਿਹਾ ਹਾਂ।"

ਗਿਆਨੀ ਜੀ ਆਪਣਾ ਇਹ ਸ਼ੌਕ ਪੂਰਾ ਕਰਨ ਲਈ ਨਾ ਰਾਤ ਵੇਖਦੇ ਨਾ ਦਿਨ ਅਤੇ ਨਾ ਹੀ ਵੇਲਾ ਕੁਵੇਲਾ। ਜਦੋਂ ਵੀ ਮੌਕਾ ਮਿਲਦਾ ਹੈ ਛੋਟਾ ਜਿਹਾ ਬੈਗ ਮੋਢੇ ਤੇ ਟੰਗਿਆ ਤੇ "ਅਹੁ ਗਏ, ਅਹੁ ਗਏ!" ਹੋ ਜਾਂਦੀ ਹੈ। ਕਈ ਵਾਰ ਘਰ ਪਰਵਾਰ ਨੂੰ ਵੀ ਈ-ਮੇਲ ਸੁਨੇਹੇ ਰਾਹੀਂ ਹੀ ਪਤਾ ਲਗਦਾ ਹੈ ਕਿ ਉਹ ਕੇਹੜੇ ਪੈਂਡੇ ਦੇ ਰਾਹੀ ਬਣ ਚੁੱਕੇ ਹਨ। ਇਸ ਅਣਕਿਆਸੇ ਪੈਂਡੇ ਨੂੰ ਤਹਿ ਕਰਨ ਲਈ ਉਹਨਾਂ ਨੂੰ ਕੋਈ ਝਿਜਕ ਨਹੀਂ ਹੁੰਦੀ। ਜੇਹੜਾ ਵੀ ਸਾਧਨ ਸਾਈਕਲ, ਰਿਕਸ਼ਾ, ਟਾਂਗਾ, ਖੋਤਾ ਰੇਹੜਾ, ਟੈਂਪੂ, ਟੈਕਸੀ, ਕਾਰ, ਬੱਸ, ਟਰੱਕ, ਵਾਟਰ ਬੋਟ, ਸ਼ਿੱਪ, ਹਵਾਈ ਜਹਾਜ਼ ਆਦਿ ਲੋੜ ਮੁਤਾਬਕ ਮਿਲ਼ ਜਾਵੇ, ਉਸ ਉਤੇ ਹੀ ਸਵਾਰ ਹੋ ਜਾਂਦੇ ਹਨ। ਛੋਟਾ ਮੋਟਾ ਪੈਂਡਾ ਤਾਂ ਮਿਲੇ ਕੁਦਰਤੀ ਸਾਧਨ ਜਾਣੀ ਆਪਣੀਆਂ ਲੱਤਾਂ ਦੇ ਸਹਾਰੇ ਕਰਕੇ ਵੀ ਬੜੇ ਖ਼ੁਸ਼ ਹੁੰਦੇ ਹਨ।

"ਉਹ ਕਿਹੜੀ ਗਲੀ, ਜਿੱਥੇ ਭਾਗੋ ਨਹੀਂ ਖਲ੍ਹੀ" ਅਨੁਸਾਰ, ਦੁਨੀਆਂ ਦਾ ਕੋਈ ਅਜਿਹਾ ਕੋਨਾ ਨਹੀਂ ਜਿੱਥੇ ਕੋਈ ਨਾ ਕੋਈ ਸਮਾਜਕ ਬੁਰਾਈ ਸਮਾਜ ਦਾ ਮੂੰਹ ਨਾ ਚਿੜਾ ਰਹੀ ਹੋਵੇ ਅਤੇ ਰਿਸ਼ਵਤਖੋਰੀ, ਭ੍ਰਿਸ਼ਟਾਚਾਰੀ, ਬੇਈਮਾਨੀ, ਠੱਗੀ ਠੋਰੀ, ਲੁੱਟ ਖਸੁੱਟ ਆਦਿ ਦਾ ਪਸਾਰਾ ਨਾ ਹੋਵੇ। ਹਾਂ, ਏਨਾ ਜ਼ਰੂਰ ਹੈ ਕਿ ਇਹ ਸਭ ਕਿਤੇ ਵੱਧ ਕਿਤੇ ਘੱਟ, ਕਿਤੇ ਸ਼ਰੇਆਮ ਕਿਤੇ ਲੁੱਕ ਛਿਪ ਕੇ ਤੇ ਕਿਤੇ ਧਿੰਙੋ-ਜ਼ੋਰੀ ਨਾਲ ਆਪਣਾ ਜਲਵਾ ਵਿਖਾ ਰਹੀਆਂ ਹਨ। ਗਿਆਨੀ ਜੀ ਨੂੰ ਵੀ ਆਪਣੇ ਇਸ ਘੁਮੱਕੜ ਜੀਵਨ ਦੌਰਾਨ ਅਜਿਹੀਆਂ ਕਈ ਉਲਝਣਾਂ ਤੇ ਖੇਤਰੀ ਭਾਸ਼ਾਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਪਰ ਗਿਆਨੀ ਜੀ ਇਹਨਾਂ ਦੁਸ਼ਵਾਰੀਆਂ ਵਿਚੋਂ, ਆਪਣੇ ਬੇਬਾਕ ਸੁਭਾ ਅਤੇ ਦਲੇਰੀ ਭਰੀ ਜੁਰਅਤ ਕਰਕੇ, ਬਚਾ ਕਰ ਜਾਂਦੇ ਹਨ। ਇਉਂ ਬਚ ਬਚਾ ਕੇ, ਅਣਜਾਣੀ ਦੁਨੀਆਂ ਵਿਚ ਵਿਚਰਦਿਆਂ ਆਪਣੀ ਵਿਦਵਤਾ ਦੇ ਭਰ ਭਰ ਬੁੱਕ ਵੰਡਦੇ ਆ ਰਹੇ ਹਨ। ਗਿਆਨ ਗ੍ਰਹਿਣ ਕਰਨ ਦੀ ਪਿਆਸ ਦੀ ਕੋਈ ਹੱਦ ਨਹੀਂ ਹੁੰਦੀ। ਜਿੰਨਾ ਵੀ ਗਿਆਨ ਰਸ ਪੀਤਾ ਜਾਵੇ ਓਨਾ ਹੀ ਥੋਹੜਾ ਜਾਪਦਾ ਹੈ। ਇਹੋ ਨਿਮਰਤਾ ਦੀ ਨਿਸ਼ਾਨੀ ਹੁੰਦੀ ਹੈ। ਗਿਆਨੀ ਜੀ ਵਿਚਲੇ ਬਹੁਤ ਸਾਰੇ ਗੁਣਾਂ

ਵਿਚੋਂ ਇਹ ਵੀ ਇਕ ਗੁਣ ਹੈ ਕਿ ਉਹ ਗਿਆਨ ਦਾ ਵਿਸ਼ਾਲ ਭੰਡਾਰ ਹੋਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਅਧੂਰਾ/ਊਣਾ ਹੀ ਸਮਝਦੇ ਹਨ। ਇਸ ਲਈ ਉਹ ਬਿਖੜੇ ਪੈਂਡਿਆਂ ਦਾ ਰਾਹੀ ਬਣ ਕੇ ਆਪਣੇ ਆਪ ਨੂੰ ਹੋਰ ਭਰਨਾ ਚਾਹੁੰਦੇ ਹਨ। ਸ਼ਾਇਦ ਏਸੇ ਲਈ ਜੀਵਨ ਦੇ ਕਈ ਦਹਾਕੇ ਮਾਨਣ ਦੇ ਬਾਵਜੂਦ ਵੀ ਉਹਨਾਂ ਨੂੰ ਪੈਂਡੇ ਦਾ ਕੋਈ ਅਕੇਵਾਂ ਥਕੇਵਾਂ ਨਹੀਂ ਮਹਿਸੂਸ ਹੁੰਦਾ, ਸਗੋਂ ਕਿਸੇ ਸਫ਼ਰ ਦੀ ਕਨਸੋ ਮਿਲਣ ਤੇ ਉਹਨਾਂ ਵਿਚਲਾ ਜਵਾਨੀ ਵਾਲਾ ਗੁਲਾਬ ਫਿਰ ਤੋਂ ਮਹਿਕਣ ਲੱਗ ਪੈਂਦਾ ਹੈ ਤੇ ਆਪਣੀ 'ਟਿੰਡ ਫਹੁੜੀ' ਚੁੱਕ ਕੇ ਅਗਲੇ ਪੈਂਡੇ ਦੇ ਰਾਹੀ ਬਣ ਕੇ ਇਸ ਗੱਲ ਦਾ ਪ੍ਰਤੀਕ ਬਣੇ ਨਜ਼ਰ ਆਉਂਦੇ ਹਨ:

ਭਾਵੇਂ ਰਾਹ ਵਿਚ ਮੁਸੀਬਤਾਂ ਹੋਣ ਬੇਸ਼ੁਮਾਰ।
ਮੁਸਾਫਰਾ! ਤੁਰਿਆ ਚੱਲ ਇੱਕ ਸਾਰ।
ਪਿਛੇ ਮੁੜ ਨਾ ਵੇਖੀਂ ਭਾਵੇਂ ਆਵਾਜ਼ਾਂ ਵੱਜਣ ਹਜ਼ਾਰ।
ਮੁਸਾਫ਼ਰਾ! ਤੁਰਿਆ ਚੱਲ ਇੱਕ ਸਾਰ।
ਪਿੱਛੇ ਮੁੜ ਮੁੜ ਜੋ ਦੇਖਦੇ ਲੱਗਣ ਕਦੇ ਨਾ ਪਾਰ।
ਮੁਸਾਫ਼ਰਾ! ਤੁਰਿਆ ਚੱਲ ਇੱਕ ਸਾਰ।
'ਭਲ' ਖੱਟਦੇ ਨੇ ਪੱਕੀ ਧੁਨ ਦੇ ਸਵਾਰ।
ਮੁਸਾਫ਼ਰਾ! ਤੁਰਿਆ ਚੱਲ ਇੱਕ ਸਾਰ।



# ਨਿਆਣਿਆਂ, ਸਿਆਣਿਆਂ ਤੇ ਗੱਭਰੂਆਂ ਦਾ ਹਾਣੀ

ਪ੍ਰਭਜੋਤ ਸਿੰਘ ਸੰਧੂ
ਸਿਡਨੀ, ਆਸਟ੍ਰੇਲੀਆ

੧੯੯੭ ਵਿਚ ਜਦੋਂ ਪੰਜਾਬ ਤੋਂ, ਆਸਟ੍ਰੇਲੀਆ ਦੇ ਸ਼ਹਿਰ ਸਿਡਨੀ 'ਚ ਪਰਵਾਸ ਕੀਤਾ ਸੀ ਤਾਂ ਜਿੰਨਾ ਦੁੱਖ ਆਪਣੇ ਸੋਹਣੇ ਦੇਸ਼ ਪੰਜਾਬ ਦੀ ਮਿੱਟੀ ਨੂੰ ਛੱਡਣ ਦਾ ਸੀ ਓਨਾ ਹੀ ਦੁੱਖ ਉਹਨਾਂ ਮਿੱਤਰਾਂ ਨੂੰ ਛੱਡ ਕੇ ਆਉਣ ਦਾ ਸੀ ਜਿਨ੍ਹਾਂ ਨਾ਼ਲ ਰ਼ਲ ਮਿ਼ਲ, ਆਪਣੇ ਪੰਜਾਬ ਦੀਆਂ ਧੁੱਪਾਂ ਛਾਂਵਾਂ ਮਾਣੀਆਂ ਸਨ। ਆਸਟ੍ਰੇਲੀਆ ਪਹੁੰਚ ਕੇ ਜਿਥੇ ਕਾਰੋਬਾਰੀ ਤੌਰ ਤੇ ਸਥਾਪਤ ਹੋਣ ਦਾ ਫਿਕਰ ਸੀ ਓਥੇ ਆਪਣੀ ਰੂਹ ਦੇ ਹਾਣੀ ਲੱਭਣ ਦੀ ਵੀ ਕਾਹਲ ਸੀ। ਵੱਖ ਵੱਖ ਉਮਰ ਦੇ, ਵੱਖ ਵੱਖ ਰੰਗਾਂ ਦੇ ਸਾਥੀਆਂ 'ਚ ਬਹਿ ਬਹਿ ਕੇ ਵੇਖ ਲਿਆ ਸੀ ਪਰ ਗੱਲ ਨਹੀਂ ਸੀ ਬਣ ਰਹੀ। ਕੁਝ ਕੁ ਰਸਮੀ ਮੁਲਾਕਾਤਾਂ ਤੋਂ ਬਾਅਦ ਜਦੋਂ ਸੋਚ ਮੇਚ ਨਾ ਆਉਣੀ ਤਾਂ ਫਿਰ ਨਵੇਂ ਮਿੱਤਰ ਲੱਭਣ ਤੁਰ ਪੈਣਾ। ਮੇਰੀ ਆਸ ਨੂੰ ਓਦੋਂ ਬੂਰ ਪਿਆ ਜਦੋਂ ਬੈਲਮੋਰ ਦੇ ਗੁਰਦੁਆਰਾ ਸਾਹਿਬ ਵਿਖੇ, ਹਫਤਾਵਾਰੀ ਦੀਵਾਨ, ਵਿੱਚ ਗਿਆਨੀ ਸੰਤੋਖ ਸਿੰਘ ਹੋਰੀਂ, ਪਾਰਕਲੀ ਗੁਰੂ ਘਰ ਦੀ ਨਵੀਂ ਇਮਾਰਤ ਦੇ ਉਦਘਾਟਨੀ ਸਮਾਰੋਹ ਲਈ, ਸੰਗਤਾਂ ਨੂੰ ਸੱਦਾ ਦੇਣ ਲਈ ਆਏ। ਪੰਜਾਬੋਂ ਖਾਂਦੇ ਪੀਂਦੇ ਆਏ ਸਾਂ ਅਤੇ ਸਰੀਰ ਵੀ ਸੁੱਖ ਨਾਲ ਖੁਲ੍ਹਾ ਖੁਲਾਸਾ ਸੀ। ਇਸ ਕਰਕੇ ਗੁਰੂ ਘਰ ਵਿਚ ਜਾ ਕੇ, ਬਹੁਤਾ ਚਿਰ ਚੌਂਕੜਾ ਮਾਰ ਕੇ ਬੈਠ ਨਹੀਂ ਸੀ ਹੁੰਦਾ। ਮਨ ਵਿਚ ਸਦਾ ਕਾਹ਼ਲ ਹੋਣੀ ਕਿ ਕੇਹੜਾ ਵੇ਼ਲਾ ਹੋਵੇ, ਭੋਗ ਪਵੇ ਤੇ ਪ੍ਰਸ਼ਾਦ ਲੈ ਕੇ ਘਰ ਨੂੰ ਜਾਈਏ। ਉਤੋਂ ਜੇ ਕੋਈ ਕੀਰਤਨ ਦੀ ਸਮਾਪਤੀ ਤੋਂ ਬਾਅਦ ਲੈਕਚਰ ਦੇਣ ਲਈ ਖਲੋ ਜਾਵੇ ਤਾਂ ਮੇਰੇ ਵਰਗਿਆਂ ਨੂੰ ਚੜ੍ਹ ਲਾਲੀਆਂ ਜਾਂਦੀਆਂ ਸਨ ਕਿ ਇਹ ਹੁਣ ਬੋਰ ਕਰੂਗਾ ਪਰ ਗਿਆਨੀ ਜੀ ਹੋਰਾਂ ਜਦੋਂ ਉਠ ਕੇ ਫ਼ਤਿਹ ਬੁਲਾਈ ਅਤੇ ਪੈਂਦੀ ਸੱਟੇ ਹੀ ਸਾਡੇ ਜਿਹਿਆਂ ਦੇ ਮਨ 'ਚ ਚੱਲਦੀ ਗੱਲ ਆਖ ਦਿੱਤੀ, "ਤੁਸੀਂ ਸੋਚਦੇ ਹੋਵੋਗੇ ਕਿ ਇਹ ਭਾਈ ਹੁਣ ਬੋਰ ਕਰੇਗਾ ਪਰ ਮੈਂ ਤੁਹਾਡਾ ਬਹੁਤਾ ਸਮਾ ਨਹੀਂ ਜੇ ਲੈਣਾ। ਇਹ ਵੀ ਮੈਨੂੰ ਪਤਾ ਹੈ ਕਿ ਤੁਸੀਂ ਮੈਨੂੰ ਸੁਣਿਆਂ ਤੋਂ ਬਿਨਾ ਜਾਣਾ ਵੀ ਨਹੀ, ਕਿਉਂਕਿ ਤੁਸੀਂ ਜਾਣਦੇ ਹੋ ਕਿ ਜੇ ਮੈਨੂੰ ਏਥੇ ਨਾ ਸੁਣ ਕੇ ਗਏ ਤਾਂ ਮੈ ਤੁਹਾਡੇ ਘਰੀਂ ਸੁਣਾਉਣ ਆ ਜਾਣਾ।" ਇਹ ਸੁਣ ਚਾਰ

ਚੁਫੇਰੇ ਹਾਸੜ ਮੱਚ ਗਈ।

ਗਿਆਨੀ ਜੀ ਦੇ ਉਪ੍ਰੋਕਤ ਬੋਲ ਸੁਣ ਸਾਡੇ ਜਿਹੇ, ਜੇਹੜੇ ਉਠਣ ਨੂੰ ਤਿਆਰ ਬੈਠੇ ਸਨ, ਨੇ ਗੋਡੇ ਸਿੱਧੇ ਕਰ ਲਏ। ਮਾਝੇ ਦੀ ਚਾਸ਼ਣੀ ਵਿਚ ਡੁੱਬੀ, ਸ਼ੁੱਧ ਪੰਜਾਬੀ ਬੋਲੀ ਵਿਚ ਜਦੋਂ ਗਿਆਨੀ ਜੀ ਨੇ ਆਪਣਾ ਸੁਨੇਹਾ ਦਿੱਤਾ ਤਾਂ ਸਭਨਾਂ ਦੇ ਮਨਾਂ ਤੇ ਜਾਦੂ ਜਿਹਾ ਕਰ ਗਿਆ। ਗਿਆਨੀ ਜੀ ਦੇ ਹੱਥ 'ਚ ਫੜਿਆ ਤਣੀਆਂ ਵਾਲ਼ਾ ਝੋਲ਼ਾ ਭੁਲੇਖਾ ਪਾ ਰਿਹਾ ਸੀ ਕਿ ਸ਼ਾਇਦ 'ਅੰਬਰਸਰੋਂ' ਕੋਈ ਸਾਧਾਰਣ ਜਿਹਾ ਪ੍ਰਚਾਰਕ ਆਇਆ ਹੋਣਾ। ਪਰ ਉਹਨਾਂ ਦੇ ਬੋਲਾਂ ਵਿਚਲਾ ਭਰੋਸਾ ਦੱਸਦਾ ਸੀ ਕਿ ਇਹ ਕੋਈ ਸਾਧਾਰਨ ਪ੍ਰਚਾਰਕ ਨਹੀਂ ਸਗੋਂ ਗੁੜ੍ਹਿਆ ਹੋਇਆ ਸੂਝਵਾਨ ਇਨਸਾਨ ਹੈ। ੩੦ ਕੁ ਮਿੰਟਾਂ ਦੇ ਸਮੇ ਵਿਚ ਉਹਨਾਂ ਐਸੇ ਢੰਗ ਨਾਲ ਆਪਣੀ ਬਾਤ ਪਾਈ ਕਿ ਹਰ ਪੰਜ ਮਿੰਟ ਬਾਅਦ ਹਾਸੇ ਦੀ ਫ਼ੁਹਾਰ ਛਿੜ ਪਿਆ ਕਰੇ। ਨਿਆਣੇ ਸਿਆਣੇ ਸਭ ਹੀ ਗਿਆਨੀ ਜੀ ਦੇ ਬੋਲਾਂ ਵਿਚਲੀ ਮਿਠਾਸ ਅਤੇ ਨਿੱਘ ਨੂੰ ਮਾਣਦੇ ਰਹੇ। ਮੈਨੂੰ ਉਹਨਾਂ ਦੀ ਸ਼ਖ਼ਸ਼ੀਅਤ ਨੇ ਬਹੁਤ ਪ੍ਰਭਾਵਤ ਕੀਤਾ। ਮੇਰਾ ਉਹਨਾਂ ਦੇ ਸਰੂਪ, ਉਹਨਾਂ ਦੀ ਉਮਰ ਜਾਂ ਪਹਿਰਾਵੇ ਨਾਲ ਕੋਈ ਮੇਲ ਨਹੀਂ ਸੀ ਪਰ ਮੈਨੂੰ ਉਹ ਮੇਰੀ ਸੋਚ ਦੇ ਹਾਣੀ ਲੱਗੇ। ਖ਼ੁਦ ਮਝੈਲ ਹੋਣ ਕਾਰਨ, ਮਾਝੇ ਵਾਲ਼ੀ ਬੋਲੀ ਦੀ ਸਾਂਝ ਮੈਨੂੰ ਧੂਹ ਕੇ ਉਹਨਾਂ ਦੇ ਕੋਲ਼ ਲੈ ਗਈ। ਮੈ ਉਮਰ ਦੀਆਂ ਹੱਦਾਂ ਉਲੰਘ ਕੇ, 'ਭਾ ਜੀ' ਆਖ ਜਾ ਫ਼ਤਿਹ ਬੁਲਾਈ। ਉਹਨਾਂ ਦਾ ਬੀਬਾ ਚਿੱਟਾ ਦਾਹੜਾ ਵੇਖ ਕੇ ਹਰ ਕੋਈ ਉਹਨਾਂ ਨੂੰ 'ਗਿਆਨੀ ਜੀ' ਅਤੇ ਨਿਆਣੇ 'ਬਾਬਾ ਜੀ' ਆਖ ਕੇ ਸੰਬੋਧਨ ਕਰਦੇ ਸਨ ਤੇ ਜਦੋਂ ਇੱਕ ਨੌਜਵਾਨ ਨੇ ਉਹਨਾਂ ਨੂੰ 'ਭਾ ਜੀ' ਆਖ ਕੇ ਬੁਲਾਇਆ ਤਾਂ ਉਹਨਾਂ ਨੇ ਝੱਟ ਪੱਟ ਬੁਝ ਲਿਆ ਕਿ ਇਹ ਜਰੂਰ ਮੇਰੀ ਸੋਚ ਦਾ ਹਾਣੀ ਹੋਵੇਗਾ ਤਾਂ ਹੀ ਤਾਂ ਮੈਨੂੰ 'ਗਿਆਨੀ ਜੀ' ਕਹਿਣ ਦੀ ਬਜਾਏ 'ਭਾ ਜੀ' ਜਹੇ ਅਪਣੱਤ ਭਰੇ ਲਹਿਜੇ ਵਿੱਚ ਬੁਲਾ ਰਿਹਾ ਹੈ। ਉਸ ਦਿਨ ਦੀ ਪਈ ਇਹ ਸਾਂਝ ਅੱਜ ਤੱਕ ਨਿਰੰਤਰ ਜਾਰੀ ਹੈ। ਹਰ ਦਿਨ ਇਹ ਰਿਸ਼ਤਾ ਹੋਰ ਗੂਹੜਾ ਹੀ ਹੋਇਆ ਹੈ।

ਜਗਿਆਸੂ ਹੋਣ ਕਾਰਨ ਗਿਆਨੀ ਜੀ ਸਬੰਧੀ ਹੋਰ ਜਾਣਕਾਰੀ ਲੈਣ ਦੀ ਇੱਛਾ ਹੋਈ ਤਾਂ ਪਤਾ ਲੱਗਾ ਕਿ ਗਿਆਨੀ ਜੀ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਤੋਂ ਸਿਖਿਅਤ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਭਰਤੀ ਹੋ ਗਏ ਸਨ। ਜਿਥੇ ਇਹਨਾਂ ਦੀ ਸੂਝ ਬੂਝ ਸਦਕਾ, ਉਸ ਸਮੇ ਦੇ ਸ਼੍ਰੋਮਣੀ ਸਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਨੇ ਇਹਨਾਂ ਨੂੰ ਆਪਣਾ ਨਿੱਜੀ ਸਹਾਇਕ ਨਿਯੁਕਤ ਕਰ ਲਿਆ। ਸੰਨ ੧੯੬੦ ਤੋਂ ਲੈ ਹੁਣ ਤੱਕ ਦੀ ਪਰਦੇ ਦੇ ਸਾਹਮਣੇ ਵਾਲ਼ੀ ਅਤੇ ਪਰਦੇ ਪਿਛਲੀ ਅਕਾਲੀ ਰਾਜਨੀਤੀ ਆਪ ਆਪਣੀ ਯਾਦਾਂ ਦੀ ਚੰਗੇਰ 'ਚ ਚੁੱਕੀ ਫਿਰਦੇ ਹਨ। ੧੯੬੦ ਤੋਂ ੧੯੭੩ ਤੱਕ ਸ਼੍ਰੋਮਣੀ ਕਮੇਟੀ ਦੀ ਨੌਕਰੀ ਕਰਨ ਤੋਂ ਬਾਅਦ ੧੯੭੩ 'ਚ ਗਿਆਨੀ ਜੀ ਅਫ਼੍ਰੀਕਾ ਦੇ ਮੁਲਕ ਮਲਾਵੀ ਵਿਚ ਕੁਝ ਸਮਾ

ਨੌਕਰੀ ਕਰ, ਲੋੜੀਂਦਾ ਖ਼ਰਚ ਪੱਲੇ ਬੰਨ੍ਹ ਕੇ ਦੁਨੀਆਂ ਦਾ ਭਰਮਣ ਕਰਨ ਤੁਰ ਪਏ। ੧੯੭੯ ਦੇ ਅਕਤੂਬਰ ਮਹੀਨੇ ਦੀ ੨੫ ਤਰੀਕ ਨੂੰ ਗਿਆਨੀ ਜੀ ਨੇ ਆਸਟ੍ਰੇਲੀਆ ਦੀ ਧਰਤੀ ਤੇ ਪਹਿਲਾ ਕਦਮ ਰੱਖਿਆ। ਪਰਵਾਰਕ ਗੁਜ਼ਾਰੇ ਲਈ ਸਰਕਾਰੀ ਤੇ ਅਰਧ ਸਰਕਾਰੀ ਸੰਸਥਾਵਾਂ ਵਿਚ ਨੌਕਰੀ ਕਰਨ ਦੇ ਨਾ.ਲ ਨਾ.ਲ, ਗੁਰੂ ਘਰਾਂ ਵਿੱਚ ਧਰਮ ਪ੍ਰਚਾਰ ਦੀ ਸੇਵਾ ਵੀ ਆਨਰੇਰੀ ਤੌਰ 'ਤੇ ਹੁਣ ਤੱਕ ਨਿਭਾਉਂਦੇ ਆ ਰਹੇ ਹਨ।

ਅਪ੍ਰੈਲ ੧੯੮੫ ਵਿੱਚ 'ਸਿੱਖ ਸਮਾਚਾਰ' ਨਾਮ ਦਾ ਆਸਟ੍ਰੇਲੀਆ ਦਾ ਪਹਿਲਾ ਪੰਜਾਬੀ ਅਖ਼ਬਾਰ ਕੱਢ ਕੇ, ਆਪ ਨੇ ਪੰਜਾਬੀ ਮੀਡੀਏ ਦਾ, ਧਰਤੀ ਦੇ ਦੱਖਣੀ ਅਰਧ ਗੋ.ਲੇ ਉਪਰ ਪਹੁ ਫੁਟਾਲਾ ਕੀਤਾ। ਪਹਿਲਾਂ ਡੇਢ ਸਾਲ ਹਫਤਾਵਾਰੀ ਅਤੇ ਫੇਰ ਮਹੀਨਾਵਾਰ, ਇਹ ਅਖਬਾਰ ੧੯੯੦ ਤੱਕ ਆਪ ਚਲਾਉਂਦੇ ਰਹੇ। ਗੁਰੂ ਘਰਾਂ ਅਤੇ ਗੁਰਸਿੱਖਾਂ ਦੇ ਘਰਾਂ ਵਿਚ ਕੀਰਤਨ ਜਾਂ ਕਥਾ ਕਰਦਿਆਂ ਜੋ ਭੇਟਾ ਸੰਗਤਾਂ ਵੱਲੋਂ ਭੇਟ ਕੀਤੀ ਜਾਂਦੀ ਸੀ ਉਸ ਵਿੱਚ ਆਪਣੀ ਨਿੱਜੀ ਕਮਾਈ ਜੋੜ ਕੇ ਅਖ਼ਬਾਰ ਦੀ ਪ੍ਰਿੰਟਿੰਗ ਅਤੇ ਵੰਡਣ ਦਾ ਖ਼ਰਚਾ ਕਰਕੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਰਹੇ। ਜਿਉਂ ਜਿਉਂ ਮੈਨੂੰ ਗਿਆਨੀ ਜੀ ਬਾਰੇ ਹੋਰ ਜਾਣਕਾਰੀ ਮਿ.ਲਦੀ ਰਹੀ, ਮੇਰਾ ਉਹਨਾਂ ਪ੍ਰਤੀ ਸਤਿਕਾਰ ਹੋਰ ਵੀ ਵਧਦਾ ਗਿਆ। ਗਿਆਨੀ ਜੀ ਸੱਚ ਮੁੱਚ ਗਿਆਨੀ ਕਹਾਉਣ ਦੇ ਯੋਗ ਹਨ ਕਿਉਂ ਜੋ ਉਹਨਾਂ ਕੋਲ ਗਿਆਨ ਦਾ ਭੰਡਾਰ ਹੈ। ਧਾਰਮਿਕ ਗ੍ਰੰਥਾਂ ਬਾਰੇ, ਸਿੱਖ ਇਤਿਹਾਸ, ਸਿੱਖ ਰਾਜਨੀਤੀ, ਆਸਟ੍ਰੇਲੀਅਨ ਸਿੱਖ ਸਮਾਜ, ਗੁਰੂ ਘਰਾਂ ਦੇ ਪ੍ਰਬੰਧਾਂ ਵਿਚ ਸਵਾਰਥੀ ਬਿਰਤੀ ਬਾਰੇ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਆਸਟ੍ਰੇਲੀਆ ਦੀ ਸਿਆਸੀ ਸਥਿਤੀ ਬਾਰੇ, ਗੱਲ ਕੀ ਕੋਈ ਵੀ ਅਜਿਹਾ ਵਿਸ਼ਾ ਨਹੀਂ ਜਿਸ ਬਾਰੇ ਗਿਆਨੀ ਜੀ ਡੂੰਘੀ ਜਾਣਕਾਰੀ ਨਾ ਰੱਖਦੇ ਹੋਣ। ਏਸੇ ਕਰਕੇ ਮੈਂ ਉਹਨਾਂ ਦਾ ਨਾਂ 'ਤੁਰਦਾ ਫਿਰਦਾ ਇਨਸਾਈਕਲੋਪੀਡੀਆ' ਪਾਇਆ ਹੋਇਆ ਹੈ। ਗਿਆਨ ਸਾਗਰ ਵਿੱਚ ਡੁੱਬਕੀਆਂ ਲਗਾਉਣ ਦਾ ਆਪ ਨੂੰ ਇਸ ਹੱਦ ਤੱਕ ਜਨੂੰਨ ਹੈ ਕਿ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਗਿਆਨ ਵੰਡੀਦਾ ਹੋਵੇ, ਸਭ ਔਕੜਾਂ ਨੂੰ ਪਾਰ ਕਰ ਕੇ ਓਥੇ ਪਹੁੰਚ ਜਾਂਦੇ ਹਨ। ਭਾਵੇਂ ਇਸ ਜਨੂੰਨ ਦੀ ਕੀਮਤ ਉਹਨਾਂ ਨੂੰ ਪਰਵਾਰਕ ਨਾਰਾਜ਼ਗੀ ਸਹੇੜਨ ਦੇ ਰੂਪ ਵਿਚ ਦੇਣੀ ਪੈਂਦੀ ਹੋਵੇ ਤਾਂ ਵੀ ਗਿਆਨੀ ਜੀ ਨਹੀਂ ਟਲਦੇ। ਹਾਲਾਂ ਕਿ ਪਰਵਾਰਕ ਜੁੰਮੇਵਾਰੀਆਂ ਨੂੰ ਬਾਖੂਬੀ ਨਿਭਾਉਂਦੇ ਹੋਏ, ਉਹਨਾਂ ਨੇ ਚਾਰੇ ਬੱਚਿਆਂ ਨੂੰ ਉਚ ਵਿਦਿਆ ਦੁਆ ਕੇ, ਸੰਸਾਰਕ ਤੌਰ ਤੇ ਕਾਮਯਾਬ ਇਨਸਾਨ ਬਣਾਇਆ ਹੋਇਆ ਹੈ।

ਜਿਸ ਹੱਦ ਤੱਕ ਗਿਆਨੀ ਜੀ ਗਿਆਨ ਚੁੱਕੀ ਫਿਰਦੇ ਹਨ ਜੇ ਕਿਤੇ ਉਹਨਾਂ ਨੇ ਆਪਣੇ ਆਪ ਨੂੰ ਨਿਮਾਣੇ ਜਿਹੇ ਸਿੱਖ ਦੀ ਥਾਂ ਅੱਜ ਕਲ੍ਹ ਦੇ ਅਖੌਤੀ ਬਾਬਿਆਂ ਅਤੇ ਸੰਤਾਂ ਵਾਂਗ ਪ੍ਰਚਾਰਿਆ ਹੁੰਦਾ ਤਾਂ ਸ਼ਾਇਦ ਲੋਕਾਂ ਦੀਆਂ ਭੀੜਾਂ ਅੱਜ ਉਹਨਾਂ ਅਖੌਤੀ ਸੰਤਾਂ ਤੇ ਬਾਬਿਆਂ ਵਾਂਙ ਇਹਨਾਂ ਦੇ ਮਗਰ ਵੀ ਫਿਰਦੀਆਂ ਹੁੰਦੀਆਂ। ਸੰਗਮਰਮਰੀ

ਡੇਰਾ, ਦੁਨਿਆਵੀ ਸੁੱਖ ਸਹੂਲਤਾਂ, ਚਿੱਟੇ ਪ੍ਰੈਸ ਕੀਤੇ ਹੋਏ ਚੋਲ਼ੇ ਅਤੇ ਵੱਡੀਆਂ ਵੱਡੀਆਂ ਕਾਰਾਂ ਆਪ ਦੇ ਅੱਗੇ ਪਿੱਛੇ ਘੁੰਮਦੀਆਂ ਹੁੰਦੀਆਂ।

ਆਮ ਗੁਰੂ ਘਰਾਂ ਦੇ ਪ੍ਰਬੰਧਕ ਧਾਰਮਿਕ ਵਿਦਵਾਨ, ਭਾਵੇਂ ਤਨਖਾਹਦਾਰ ਹੋਵੇ ਤੇ ਭਾਵੇਂ ਵਾਲੰਟੀਅਰ, ਨੂੰ ਪ੍ਰਬੰਧਨ ਕਾਰਜਾਂ ਵਿੱਚ ਨਹੀਂ ਵੇਖਣਾ ਚਾਹੁੰਦੀਆਂ ਅਤੇ ਗੁਰਦੁਆਰਾ ਪ੍ਰਬੰਧਨ 'ਚ ਦਿੱਤੇ ਉਹਨਾਂ ਦੇ ਸਹੀ ਸੁਝਾਵਾਂ ਨੂੰ ਵੀ ਪ੍ਰਬੰਧ ਵਿਚਲੀ ਦਖਲ ਅੰਦਾਜੀ ਹੀ ਸਮਝਦੀਆਂ ਹਨ। ਗੁਰਮਤਿ ਬਾਰੇ ਜਾਂ ਗੁਰੂ ਘਰ ਦੇ ਪ੍ਰਬੰਧ ਬਾਰੇ ਆਪ ਦੀਆਂ ਬੇਖ਼ੌਫ਼ ਅਤੇ ਬੇਬਾਕ ਸਹੀ ਟਿੱਪਣੀਆਂ ਕਾਰਨ ਕਈ ਵਾਰ ਆਪ ਕਮੇਟੀਆਂ ਦੇ ਆਗੂਆਂ ਦੀ ਨਾਰਾਜ਼ਗੀ ਵੀ ਸਹੇੜ ਲੈਂਦੇ ਹਨ। ਪ੍ਰਬੰਧਕ ਕਮੇਟੀਆਂ ਦਾ ਗੁਰੂ ਘਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਇੱਕ ਸੰਕੀਰਣ ਜਿਹਾ ਨਜ਼ਰੀਆ ਹੈ। ਉਹ ਗ੍ਰੰਥੀ ਸਿੰਘ ਨੂੰ ਸਿਰਫ਼ ਪਾਠ ਕਰਨ, ਪ੍ਰਸ਼ਾਦ ਬਣਾਉਣ ਅਤੇ ਵਰਤਾਉਣ ਤੱਕ ਹੀ ਸੀਮਤ ਰੱਖਣਾ ਚਾਹੁੰਦੀਆਂ ਹਨ ਤੇ ਉਹਨਾਂ ਦੀ ਸ਼ਖ਼ਸ਼ੀਅਤ ਵਿਚਲੇ ਬਾਕੀ ਪਹਿਲੂਆਂ ਨੂੰ ਅਣਗੌਲਿਆਂ ਕਰਕੇ, ਬਾਕੀ ਸਿੱਖ ਅਤੇ ਧਾਰਮਿਕ ਮਸਲਿਆਂ ਤੇ ਰਾਇ ਦੇਣ ਦੇ ਅਯੋਗ ਸਮਝਦੀਆਂ ਹਨ। ਗੁਰੂ ਘਰਾਂ ਦੇ ਪ੍ਰਬੰਧਕਾਂ ਦੀ ਨਾਰਾਜ਼ਗੀ ਕਈ ਵਾਰ ਇਸ ਹੱਦ ਤੱਕ ਵਧ ਜਾਂਦੀ ਹੈ ਕਿ ਉਹ ਗਿ. ਸੰਤੋਖ ਸਿੰਘ ਜੀ ਦੇ ਖ਼ਿਲਾਫ਼ ਕੂੜ ਪ੍ਰਚਾਰ ਕਰਨ ਤੋਂ ਵੀ ਬਾਜ ਨਹੀਂ ਆਉਂਦੇ।

ਗਿਆਨੀ ਜੀ ਗੁਰੂ ਘਰਾਂ ਦੇ ਧਾਰਮਿਕ ਦੀਵਾਨਾਂ, ਸਭਿਆਚਾਰਕ ਸਮਾਗਮਾਂ, ਸਾਹਿਤਕ ਸੰਮੇਲਨਾਂ ਜਾਂ ਸਮਾਜਕ ਇਕੱਠਾਂ ਵਿੱਚ ਵਿਚਰਦਿਆਂ ਹੋਇਆਂ, ਬੱਚਿਆਂ ਨਾਲ ਬੱਚੇ, ਗੱਭਰੂਆਂ ਨਾਲ ਗੱਭਰੂ, ਵਿਚਾਰਵਾਨਾਂ ਨਾਲ ਵਿਚਾਰਵਾਨ ਅਤੇ ਸਿਆਣਿਆਂ ਵਿੱਚ ਸਿਆਣੇ ਬਣ ਜਾਂਦੇ ਹਨ। ਜਿਥੇ ਵੀ ਗਿਆਨੀ ਜੀ ਹੋਣ ਇਹਨਾਂ ਦੁਆਲੇ ਮਨੁੱਖੀ ਝੁੰਡ ਹਮੇਸ਼ਾਂ ਵੇਖਿਆ ਜਾ ਸਕਦਾ ਹੈ। ਕੋਈ ਆਪ ਦੇ ਗਿਆਨ ਸਾਗਰ 'ਚੋਂ ਗਿਆਨ ਦਾ ਚੁਲ਼ਾ ਲੈਣ ਦਾ ਇੱਛਾਵਾਨ ਹੁੰਦਾ ਹੈ, ਕੋਈ ਆਪ ਦੇ ਚੁਟਕਲਿਆਂ ਦਾ ਆਨੰਦ ਲੈ ਰਿਹਾ ਹੁੰਦਾ ਹੈ ਅਤੇ ਕੋਈ ਜੀਵਨ ਜਾਚ ਦੇ ਸਬਕ ਲੈ ਰਿਹਾ ਹੁੰਦਾ ਹੈ। ਗਿਆਨੀ ਜੀ ਦੀ ਪਕੜ ਹਰ ਭਾਸ਼ਾ ਤੇ ਬੇਹੱਦ ਮਜਬੂਤ ਹੁੰਦੀ ਹੈ। ਭਾਸ਼ਾ ਭਾਵੇਂ ਅੰਗ੍ਰੇਜ਼ੀ ਹੋਵੇ ਜਾਂ ਪੰਜਾਬੀ ਜਾਂ ਹਿੰਦੀ, ਆਪ ਜਗਿਆਸੂ ਹੋਣ ਕਾਰਨ ਉਸ ਦੇ ਉਚਾਰਣ, ਉਸ ਦੇ ਵਿਕਾਸ ਅਤੇ ਉਸ ਦੀਆਂ ਅੰਦਰੂਨੀ ਪਰਤਾਂ ਤੱਕ ਜਾਣਕਾਰੀ ਰੱਖਦੇ ਹਨ। ਅੰਗ੍ਰੇਜ਼ੀ ਦੀ ਸਕੂਲੀ ਵਿਦਿਆ ਨਾ ਲਈ ਹੋਣ ਦੇ ਬਾਵਜੂਦ ਵੀ ਆਪ ਨੂੰ ਆਸਟ੍ਰੇਲੀਆਈ ਸਮਾਗਮਾਂ, ਸੈਮੀਨਾਰਾਂ ਵਿੱਚ ਲੈਕਚਰ ਦੇਣ ਲਈ ਉਚੇਚੇ ਤੌਰ ਤੇ ਬੁਲਾਇਆ ਜਾਂਦਾ ਹੈ, ਜਿੱਥੇ ਆਪ ਅੰਗ੍ਰੇਜ਼ੀ ਵਿੱਚ ਭਾਸ਼ਨ ਦੇ ਕੇ ਗੋਰਿਆਂ ਦੀ ਵੀ ਵਾਹ ਵਾਹ ਖੱਟਦੇ ਰਹਿੰਦੇ ਹਨ। ਆਸਟ੍ਰੇਲੀਆ ਦੇ ਸਭ ਤੋਂ ਵੱਧ ਹਰਮਨ ਪਿਆਰੇ ਪੰਜਾਬੀ ਅਖ਼ਬਾਰ 'ਪੰਜਾਬ ਐਕਸਪ੍ਰੈਸ' ਦੇ ਆਪ ਸਥਾਪਤ ਕਾਲਮ ਨਵੀਸ ਹਨ। ਵੱਖ ਵੱਖ ਧਾਰਮਿਕ, ਸਮਾਜਕ ਅਤੇ ਰਾਜਨੀਤਕ ਮਸਲਿਆਂ ਤੇ ਆਪ ਲਗਾਤਾਰ

ਲੇਖ ਲਿਖਦੇ ਰਹਿੰਦੇ ਹਨ। ਆਪ ਦੇ ਲੇਖ 'ਪੰਜਾਬ ਐਕਸਪ੍ਰੈਸ" ਤੋਂ ਇਲਾਵਾ ਆਸਟ੍ਰੇਲੀਆ ਦੀਆਂ ਸਾਰੀਆਂ ਪੰਜਾਬੀ ਅਖ਼ਬਾਰਾਂ ਅਤੇ ਦੁਨੀਆਂ ਭਰ ਦੀਆਂ ਅਖ਼ਬਾਰਾਂ ਵਿੱਚ ਛਪਦੇ ਹਨ। ਆਪ ਨੇ ਆਪਣੇ ਹੁਣ ਤੱਕ ਦੇ ਲਿਖੇ ਅਤੇ ਛਪੇ ਹੋਏ ਲੇਖਾਂ ਨੂੰ ਕਿਤਾਬੀ ਰੂਪ ਵਿੱਚ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਇਆ ਹੈ। ਇਹਨਾਂ ਲੇਖਾਂ ਨੂੰ ਪੰਜ ਕਿਤਾਬਾਂ 'ਸਚੇ ਦਾ ਸਚਾ ਢੋਆ, ਉਜਲ ਕੈਹਾਂ ਚਿਲਕਣਾ, ਯਾਦਾਂ ਭਰੀ ਚੰਗੇਰ, ਬਾਤਾਂ ਬੀਤੇ ਦੀਆਂ ਅਤੇ ਜੋ ਵੇਖਿਆ ਸੋ ਆਖਿਆ' ਵਿੱਚ ਪ੍ਰੋਇਆ ਗਿਆ ਹੈ। ਪੰਜਾਬ ਤੋਂ ਆਸਟ੍ਰੇਲੀਆ ਆਇਆ ਕੋਈ ਵੀ ਵਿਦਵਾਨ, ਸਾਹਿਤਕਾਰ, ਧਰਮ ਸ਼ਾਸਤਰੀ ਗਿਆਨੀ ਜੀ ਨੂੰ ਮਿਲੇ ਬਿਨਾ ਆਪਣੀ ਯਾਤਰਾ ਸਫ਼ਲ ਹੋਈ ਨਹੀਂ ਸਮਝਦਾ। ਦੁਨੀਆਂ ਭਰ ਦੀਆਂ ਸਮਾਜਕ, ਧਾਰਮਿਕ ਅਤੇ ਸਭਿਆਚਾਰਕ ਸੰਸਥਾਵਾਂ, ਆਪ ਦੇ ਪੰਜਾਬੀ ਪ੍ਰਤੀ ਡੂੰਘੇ ਮੋਹ ਕਾਰਨ ਵੱਖ ਵੱਖ ਸਨਮਾਨਾਂ ਨਾਲ ਨਿਵਾਜਦੀਆਂ ਰਹਿੰਦੀਆਂ ਹਨ। ੨੦੦੪ ਵਿੱਚ ਆਸਟ੍ਰੇਲੀਆ ਦੀ ਸਿਰਮੌਰ ਪੰਜਾਬੀ ਸੰਸਥਾ 'ਪੰਜਾਬੀ ਕੌਂਸਲ ਆਫ਼ ਆਸਟ੍ਰੇਲੀਆ' ਨੇ ਆਪ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ 'ਭਗਤ ਪੂਰਨ ਸਿੰਘ ਯਾਦਗਾਰੀ ਐਵਾਰਡ, ਪੰਜਾਬੀਅਤ ਦਾ ਮਾਣ' ਨਾਲ ਨਿਵਾਜਿਆ ਸੀ। ਗਿਆਨੀ ਜੀ ਦੀਆਂ ਸੰਸਾਰਕ ਯਾਤਰਾਵਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ੨੦੦੮ ਵਿਚ ਪੰਜਾਬੀ ਸੱਥ ਸਾਂਬੜਾ ਨੇ 'ਪ੍ਰਿੰਸੀਪਲ ਤੇਜਾ ਸਿੰਘ ਸਾਹਿਤਕ ਐਵਾਰਡ' ਵਜੋਂ ਸਿਰੋਪਾ, ਲੋਈ, ਗੋਲਡ ਮੈਡਲ ਆਦਿ ਨਾਲ, ਸਿਡਨੀ ਵਿਚ ਆ ਕੇ ਸਨਮਾਨਿਆ।

ਕਈ ਸਦੀਆਂ ਦਾ ਇਤਿਹਾਸ ਆਪਣੀ ਯਾਦ ਵਿਚ ਸਾਂਭੀ ਬੈਠਾ ਇਹ ਅਨਮੋਲ ਹੀਰਾ ਸਾਂਭਣ ਯੋਗ ਹੈ। ਉਮਰ ਦੇ ਪਿਛਲੇ ਅੱਧ 'ਚ ਵਿਚਰ ਰਿਹਾ ਇਹ ਸਿੱਖ ਕੌਮ ਦਾ ਇਨਸਾਈਕਲੋਪੀਡੀਆ, ਕਿਤੇ ਸਾਰਾ ਇਤਿਹਾਸ ਅਤੇ ਗਿਆਨ ਨਾਲ ਹੀ ਲੈ ਕੇ ਨਾ ਤੁਰ ਜਾਵੇ। ਇਸ ਲਈ ਲੋੜ ਹੈ ਕਿਸੇ ਸਮਰੱਥ ਅਤੇ ਉਦਮੀ ਸੰਸਥਾ ਦੀ, ਜੇਹੜੀ ਗਿਆਨੀ ਜੀ ਕੋਲ਼ੋਂ ਇਹ ਅਨਮੋਲ ਖ਼ਜ਼ਾਨਾ ਲਿਖਵਾ ਕੇ ਸਾਂਭ ਲਵੇ।



# ਗਿਆਨੀ ਸੰਤੋਖ ਸਿੰਘ ਦੀ ਕੁਝ ਲੇਖਣੀ ਬਾਰੇ

ਮਾਸਟਰ ਅਮਰਜੀਤ ਸਿੰਘ ਗੋਰਾਇਆ
ਗ੍ਰਿਫ਼ਿਥ, ਆਸਟ੍ਰੇਲੀਆ

ਗਿਆਨੀ ਸੰਤੋਖ ਸਿੰਘ ਸਾਡੇ ਪਰਮ ਮਿੱਤਰ ਹਨ। ਸਾਡਾ ਸਾਰਾ ਪਰਵਾਰ ਇਹਨਾਂ ਦੀ ਵਿਦਵਤਾ ਅਤੇ ਨਿਜੀ ਗੁਣਾਂ ਦਾ ਪ੍ਰਸੰਸਕ ਹੈ। ਕੇਵਲ ਆਸਟ੍ਰੇਲੀਆ ਵਿਚ ਹੀ ਨਹੀ ਬਲਕਿ ਸੰਸਾਰ ਭਰ ਦੇ ਸਿੱਖਾਂ ਵਿਚ ਉਹਨਾਂ ਨੇ ਆਪਣੀ ਪਛਾਣ ਬਣਾਈ ਹੋਈ ਹੈ। ਉਹ ਇਕ ਮਹਾਨ ਵਿਦਵਾਨ ਹਨ ਤੇ ਅਫ਼ਰੀਕਾ ਤੋਂ ਲੈ ਕੇ ਨਾਰਵੇ ਤੱਕ ਘੁੰਮੇ ਹੋਏ ਹਨ। ਇਸ ਲਈ ਉਹ ਵਿਸ਼ਾਲ ਤਜਰਬੇ ਅਤੇ ਅਨੁਭਵ ਦੇ ਮਾਲਕ ਹਨ। ਉਹਨਾਂ ਬਾਰੇ ਸਭ ਤੋਂ ਮਹੱਤਵਪੂਰਨ ਗੱਲ ਇੱਕ ਇਹ ਵੀ ਹੈ ਕਿ ਉਹ ਦੂਜੇ ਦੀ ਗੱਲ ਵੀ ਬੜੇ ਧਿਆਨ ਨਾਲ਼ ਸੁਣ ਲੈਂਦੇ ਹਨ ਤੇ ਜੇ ਕੋਈ ਉਹਨਾਂ ਦੇ ਵਿਚਾਰਾਂ ਨਾਲ਼ ਸਹਿਮਤ ਨਾ ਵੀ ਹੋਵੇ ਤਾਂ ਵੀ ਗਿਆਨੀ ਜੀ ਇਸ ਗੱਲ ਦਾ ਬੁਰਾ ਨਹੀ ਮਨਾਉਂਦੇ ਤੇ ਇਸ ਗੱਲ ਨੂੰ ਸਹਿਜ ਅਵੱਸਥਾ ਵਿਚ ਹੀ ਲੈ ਲੈਂਦੇ ਹਨ।

ਜਦੋਂ ਦਾ ਮੈ ਨਿਊਜ਼ੀਲੈਂਡ ਤੋਂ ਆਸਟ੍ਰੇਲੀਆ ਆਇਆ ਹਾਂ ਗਿਆਨੀ ਜੀ ਦੇ ਲੇਖਾਂ ਤੇ ਲੈਕਚਰਾਂ ਨੂੰ ਬੜੀ ਦਿਲਚਸਪੀ ਨਾਲ਼ ਸੁਣਦਾ ਹਾਂ। ਇਹਨਾਂ ਵਿਚ ਪ੍ਰਗਟਾਏ ਗਏ ਵਿਚਾਰਾਂ ਨੂੰ ਗਹੁ ਨਾਲ਼ ਵਿਚਾਰਦਾ ਵੀ ਹਾਂ। ਇਸ ਤੋਂ ਇਲਾਵਾ ਗਿਆਨੀ ਜੀ ਨਾਲ਼, ਸੈਰਾਂ ਕਰਦਿਆਂ ਸਮੇ ਅਤੇ ਬੈਠ ਕੇ ਵਿਚਾਰਾਂ ਕਰਦਿਆਂ ਸਮੇ, ਕੁਝ ਨੁਕਤਿਆਂ ਤੇ ਸਾਡਾ ਮੱਤ ਭੇਦ ਵੀ ਹੋ ਜਾਂਦਾ ਹੈ ਪਰ ਜਿਥੋਂ ਤੱਕ ਗਿਆਨੀ ਜੀ ਦੀ ਵਿਦਵਤਾ ਅਤੇ ਸੁਹਿਰਦਤਾ ਦਾ ਸਬੰਧ ਹੈ, ਇਸ ਬਾਰੇ ਦੋ ਰਾਵਾਂ ਨਹੀ। ਇਸ ਸਮੇ ਗਿਆਨੀ ਜੀ ਵੱਲੋਂ ਲਿਖੀਆਂ ਗਈਆਂ ਪੰਜ ਪੁਸਤਕਾਂ ਵਿਚੋਂ ਇੱਕ ਪੁਸਤਕ 'ਬਾਤਾਂ ਬੀਤੇ ਦੀਆਂ' ਮੇਰੇ ਹੱਥ ਵਿਚ ਹੈ। ਇਸ ਵਿਚ ਗਿਆਨੀ ਜੀ ਨੇ ੧੯੪੭ ਤੋਂ ਲੈ ਕੇ ੨੦੦੯ ਤੱਕ ਦੀਆਂ ਪੰਥਕ ਘਟਨਾਵਾਂ ਦੀ ਅੱਖੀਂ ਵੇਖੀ ਜਾਣਕਾਰੀ ਬਿਆਨੀ ਹੈ। ਇਹ ਪੁਸਤਕ ਇਸ ਕਰਕੇ ਵੀ ਮਹੱਤਵਪੂਰਨ ਹੈ ਕਿ ਇਸ ਵਿਚ ਦਰਜ ਸਾਰੇ ਘਟਨਾ ਕ੍ਰਮ ਨੂੰ ਗਿਆਨੀ ਜੀ ਨੇ, ਸਿੱਖ ਆਗੂਆਂ ਦੇ ਨਾਲ਼ ਰਹਿ ਕੇ ਅੱਖੀਂ ਵੇਖੀ ਗਵਾਹੀ ਵਜੋਂ ਬਿਆਨ ਕੀਤਾ ਹੈ।

ਜਦੋਂ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਜੋਰ ਫੜ ਰਹੀ ਸੀ ਤਾਂ ਸਿੱਖ

ਲੀਡਰਾਂ ਨੂੰ ਆਜ਼ਾਦ ਹਿੰਦਸਤਾਨ ਵਿਚ ਸਿੱਖਾਂ ਦਾ ਭਵਿਖ ਧੁੰਦਲਾ ਦਿਸਣ ਲੱਗਾ ਕਿਉਂਕਿ ਹੁਣ ਸਿਰਾਂ ਦਾ ਮੁੱਲ ਪੈਣਾ ਸੀ। ਸਿੱਖ ਬਹੁਤ ਹੀ ਛੋਟੀ ਘੱਟ ਗਿਣਤੀ ਸਨ। ਕੇਵਲ ਦੋ ਤਸੀਲਾਂ ਮੋਗਾ ਤੇ ਤਰਨ ਤਾਰਨ ਵਿਚ ਹੀ ਉਹਨਾਂ ਦੀ ਬਹੁ ਸੰਮਤੀ ਸੀ ਪਰ ਇਹ ਦੋਵੇਂ ਤਸੀਲਾਂ ਵੀ ਮੁਸਲਿਮ ਬਹੁ ਗਿਣਤੀ ਵਾਲ਼ੀ ਤਸੀਲ਼, ਜ਼ੀਰਾ ਤਸੀਲ ਨੇ ਵੱਖ ਵੱਖ ਕੀਤੀਆਂ ਹੋਈਆਂ ਸਨ। ਦੂਜੇ ਪਾਸੇ ਨਾ ਕਾਂਗਰਸ ਤੇ ਨਾ ਹੀ ਅੰਗ੍ਰੇਜ਼ ਸਰਕਾਰ ਸਿੱਖਾਂ ਦੇ ਹਿਤਾਂ ਵੱਲ ਕੋਈ ਧਿਆਨ ਦੇ ਰਹੇ ਸਨ। ੧੯੨੮ ਵਾਲ਼ੀ ਪੰਡਿਤ ਮੋਤੀ ਲਾਲ ਨਹਿਰੂ ਦੀ ਰੀਪੋਰਟ ਨੇ ਸਿੱਖਾਂ ਨਾਲ਼ ਇਨਸਾਫ਼ ਨਹੀਂ ਸੀ ਕੀਤਾ। ਸਿੱਖਾਂ ਨੇ ੧੯੨੯ ਵਾਲ਼ੀ ਲਾਹੌਰ ਵਿਚਲੀ ਕਾਂਗਰਸ ਦੀ ਸਾਲਾਨਾ ਕਾਨਫ਼੍ਰੰਸ ਦਾ ਬਾਈਕਾਟ ਕਰ ਦਿਤਾ। ਮਹਾਤਮਾ ਗਾਂਧੀ ਦੀ ਆਗਵਾਈ ਵਿਚ ਸਾਰੇ ਮੁਖੀ ਕਾਂਗਰਸੀ ਲੀਡਰ, ਸਿੱਖ ਆਗੂ ਬਾਬਾ ਖੜਕ ਸਿੰਘ ਕੋਲ਼ ਉਹਨਾਂ ਨੂੰ ਆਪਣੇ ਨਾਲ਼ ਕਾਂਗਰਸ ਦੀ ਸਟੇਜ ਤੇ ਸ਼ਾਮਲ ਹੋਣ ਵਾਸਤੇ ਮੰਨਾਉਣ ਲਈ ਅਕਾਲੀਆਂ ਦੇ ਕੈਂਪ ਵਿਚ ਗਏ ਅਤੇ ਵਾਹਦਾ ਕੀਤਾ ਕਿ ਆਜ਼ਾਦ ਭਾਰਤ ਦੀ ਕੋਈ ਅਜਿਹੀ ਨਵੀ ਰਾਜ ਬਣਤਰ ਨਹੀਂ ਬਣਾਈ ਜਾਵੇਗੀ ਜੋ ਸਿੱਖਾਂ ਨੂੰ ਮਨਜ਼ੂਰ ਨਾ ਹੋਵੇ।

ਫਿਰ ੨੩ ਮਾਰਚ ੧੯੩੦ ਨੂੰ ਗਾਂਧੀ ਨੇ ਸਿੱਖਾਂ ਨੂੰ ਭਰੋਸਾ ਦਿਤਾ ਤੇ ਇਹ ਵੀ ਆਖਿਆ ਕਿ ਜੇ ਸਿੱਖਾਂ ਨਾਲ਼ ਕਾਂਗਰਸ ਇਨਸਾਫ਼ ਨਹੀ ਕਰੂਗੀ ਤਾਂ ਸਿੱਖ ਤਲਵਾਰ ਨਾਲ਼ ਆਪਣੇ ਹੱਕ ਲੈਣੇ ਜਾਣਦੇ ਹਨ। ਜੁਲਾਈ ੧੯੪੬ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਅਜਿਹਾ ਭਰੋਸਾ ਦਿਵਾਇਆ। ਦੂਜੇ ਪਾਸੇ ਅੰਗ੍ਰੇਜ਼ ਸਰਕਾਰ ਵੀ ਸਿੱਖਾਂ ਵੱਲ ਧਿਆਨ ਨਹੀ ਸੀ ਦੇ ਰਹੀ। ਅੰਗ੍ਰੇਜ਼ ਸਰਕਾਰ ਤਾਂ ਇੱਕ ਘੱਟ ਗਿਣਤੀ ਵਜੋਂ ਸਿੱਖਾਂ ਨੂੰ ਪੰਜਾਬ ਵਿਚ ਉਹ ਰਿਆਇਤਾਂ ਵੀ ਨਹੀ ਸੀ ਦੇ ਰਹੀ ਜੋ ਸਾਰੇ ਹਿੰਦੁਸਤਾਨ ਵਿਚ, ਮੁਸਲਮਾਨਾਂ ਨੂੰ ਇੱਕ ਘੱਟ ਗਿਣਤੀ ਵਜੋਂ ਦੇ ਰਹੀ ਸੀ। ਸੋ ਸਿੱਖਾਂ ਦੀ ਹਾਲਤ ਬਹੁਤ ਚਿੰਤਾਜਨਕ ਸੀ।

ਆਪਣਾ ਸਭ ਕੁਝ ਖੁਹਾ ਕੇ ਸਿੱਖ ਜਦੋਂ ਹਿੰਦੁਸਤਾਨ ਵਿਚ ਆਏ ਤਾਂ ਏਥੋਂ ਦੀ ਨਵੀ ਕਾਂਗਰਸ ਸਰਕਾਰ ਉਹਨਾਂ ਨੂੰ ਇਨਸਾਫ਼ ਦੇਣ ਲਈ ਤਿਆਰ ਨਹੀ ਸੀ। ਇਸ ਤੋਂ ਉਲ਼ਟ ਸਗੋਂ ਉਸ ਸਮੇ ਦੇ ਗ੍ਰਿਹ ਮੰਤਰੀ ਸਰਦਾਰ ਪਟੇਲ ਨੇ ਇਕ ਸਰਕੂਲਰ ਜਾਰੀ ਕਰਕੇ ਸਾਰੇ ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦੇ ਦਿਤਾ। ਜਦੋਂ ਮਾਸਟਰ ਤਾਰਾ ਸਿੰਘ ਨੇ ਪੰਡਿਤ ਨਹਿਰੂ ਨੂੰ ਸਿੱਖਾਂ ਨਾਲ਼ ਕੀਤੇ ਗਏ ਇਕਰਾਰਾਂ ਦਾ ਚੇਤਾ ਕਰਵਾਇਆ ਤਾਂ ਪੰਡਿਤ ਜੀ ਨੇ, "ਅਬ ਜ਼ਮਾਨਾ ਬਦਲ ਗਇਆ ਹੈ" ਆਖ ਕੇ ਠੁੱਠ ਵਿਖਾ ਦਿਤਾ। ਕਾਂਗਰਸੀ ਲੀਡਰਸ਼ਿਪ ਸਿੱਖਾਂ ਨੂੰ ਪਾੜ ਰਹੀ ਸੀ ਤਾਂ ਕਿ ਉਹ ਸਿੱਖਾਂ ਲਈ ਇਨਸਾਫ਼ ਨਾ ਮੰਗ ਸਕਣ। ਕਾਂਗਰਸ ਆਪਣੇ ਪਿੱਠੂਆਂ ਦਾ ਗੁਰਦੁਆਰਿਆਂ

ਉਪਰ ਕਬਜ਼ਾ ਕਰਵਾ ਦਿੰਦੀ ਸੀ ਤਾਂ ਕਿ ਅਕਾਲੀ ਸਿੱਖਾਂ ਲਈ ਇਨਸਾਫ਼ ਮੰਗਣ ਵਾਸਤੇ ਗੁਰਦੁਆਰਿਆਂ ਦੀਆਂ ਸਟੇਜਾਂ ਨਾ ਵਰਤ ਸਕਣ।

ਸਿੱਖਾਂ ਨੂੰ ਇਨਸਾਫ਼ ਦਿਵਾਉਣ ਲਈ ਅਕਾਲੀਆਂ ਨੇ, ਬੋਲੀ ਦੇ ਆਧਾਰ ਤੇ ਪੰਜਾਬੀ ਸੂਬੇ ਦੀ ਮੰਗ ਰੱਖ ਕੇ, ਇਸ ਦੀ ਪਰਾਪਤੀ ਲਈ ਜਦੋ ਜਹਿਦ ਸ਼ੁਰੂ ਕਰ ਦਿਤੀ ਪਰ ਸਰਕਾਰ ਇਹ ਗੱਲ ਸੁਣਨ ਲਈ ਤਿਆਰ ਨਹੀ ਸੀ। ੧੯੨੦ ਵਿਚ ਆਪਣੇ ਹੀ ਪਾਸ ਕੀਤੇ ਮਤੇ, ਕਿ ਦੇਸ਼ ਦੀ ਵੰਡ ਸੂਬਿਆਂ ਦੇ ਰੂਪ ਵਿਚ ਭਾਸ਼ਾ ਦੇ ਆਧਾਰ ਤੇ ਮੁੜ ਕੀਤੀ ਜਾਵੇਗੀ ਦੇ ਅਨੁਸਾਰ, ਬਾਕੀ ਭਾਰਤ ਤੇ ਤਾਂ ਇਹ ਲਾਗੂ ਕਰ ਦਿਤੀ ਪਰ ਜਦੋਂ ਪੰਜਾਬ ਦਾ ਮਸਲਾ ਆਇਆ ਤਾਂ ਇਸ ਪਾਸੇ ਕੰਨ ਨਾ ਧਰਿਆ। ੧੯੫੫ ਵਾਲ਼ੇ ਪੰਜਾਬੀ ਸੂਬਾ ਮੋਰਚੇ ਵਿਚ ਅਕਾਲੀਆਂ ਨੇ ਜਿੱਤ ਪਰਾਪਤ ਕੀਤੀ ਸੀ। ੧੯੫੬ ਵਿਚ, ਅੰਮ੍ਰਿਤਸਰ ਵਿਚ ਕਾਂਗਰਸ ਦਾ ਸਾਲਾਨਾ ਇਜਲਾਸ ਸੀ ਤੇ ਅਕਾਲੀਆਂ ਦਾ ਵੀ ਓਸੇ ਸਮੇ ਅਤੇ ਨਾਲ਼ ਲੱਗਵੇਂ ਸਥਾਨ ਤੇ ਹੀ ਸਾਲਾਨਾ ਇਜਲਾਸ ਸੀ। ਅਕਾਲੀਆਂ ਦੇ ਬੇਮਿਸਾਲ ਜਲੂਸ ਤੋਂ ਪ੍ਰਭਾਵਤ ਹੋ ਕੇ ਸਰਕਾਰ ਨੇ ਅਕਾਲੀਆਂ ਨਾਲ਼ ਗੱਲ ਬਾਤ ਆਰੰਭੀ। ਉਸ ਵਿਚੋਂ ਰੀਜਨਲ ਫ਼ਾਰਮੂਲਾ ਨਿਕਲ਼ਿਆ ਪਰ ਇਹ ਚੱਲ ਨਾ ਸਕਿਆ। ੧੯੬੦ ਵਿਚ ਅਕਾਲੀਆਂ ਨੇ ਪੰਜਾਬੀ ਸੂਬੇ ਦੀ ਪਰਾਪਤੀ ਲਈ ਫਿਰ ਮੋਰਚਾ ਲਾ ਦਿਤਾ। ਬਹੁਤ ਲੰਮੀ ਜਦੋ ਜਹਿਦ ਸਿੱਖਾਂ ਨੇ ਅਕਾਲੀਆਂ ਦੀ ਅਗਵਾਈ ਹੇਠ ਕੀਤੀ। ਅਖੀਰ ਭਾਰੀ ਕੁਰਬਾਨੀਆਂ ਪਿੱਛੋਂ, ਮਜਬੂਰੀ ਵੱਸ, ਇੱਕ ਲੰਗੜਾ ਜਿਹਾ ਸੂਬਾ ਸਰਕਾਰ ਨੇ ਬਣਾ ਦਿਤਾ। ਇਸ ਸਾਰੇ ਇਤਿਹਾਸ ਨੂੰ ਗਿਆਨੀ ਜੀ ਨੇ ਭਾਵੇਂ ਸੰਖੇਪ ਵਿਚ ਹੀ ਪਰ ਬੜੀ ਦਿਆਨਦਾਰੀ ਨਾਲ਼ ਲਿਖਤ ਵਿਚ ਲਿਆਂਦਾ ਹੈ।

ਇੱਕ ਚੰਗੇ ਲੇਖਕ ਹੋਣ ਦੇ ਨਾਲ ਨਾਲ ਗਿਆਨੀ ਜੀ ਚੰਗੇ ਪ੍ਰਚਾਰਕ ਵੀ ਹਨ। ਉਹ ਤਰਕ ਨਾਲ਼ ਪ੍ਰਚਾਰ ਕਰਦੇ ਹਨ। ਬੜੀ ਖੋਜ ਨਾਲ਼ ਗੁਰਬਾਣੀ ਦੀ ਸਿੱਖਿਆ ਅਤੇ ਸਿੱਖ ਇਤਿਹਾਸ ਨੂੰ ਲਿਖ ਕੇ ਤੇ ਬੋਲ ਕੇ, ਦੋਵੇਂ ਤਰ੍ਹਾਂ ਹੀ, ਦਿਲਚਸਪ ਤਰੀਕੇ ਨਾਲ਼ ਬਿਆਨ ਕਰਦੇ ਹਨ।

ਅਖੀਰ ਤੇ ਮੈਂ ਗਿਆਨੀ ਜੀ ਨੂੰ ਉਹਨਾਂ ਦੇ ਗਿਆਨ ਤੇ ਬਿਆਨ ਦਾ ਪ੍ਰਸੰਸਕ ਹੋਣ ਕਰਕੇ ਇਸ ਸਫ਼ਲਤਾ ਤੇ ਵਧਾਈ ਦਿੰਦਾ ਹਾਂ ਅਤੇ ਸਿੱਖੀ ਤੇ ਸਿੱਖ ਇਤਿਹਾਸ ਦੇ ਵਿਦਿਆਰਥੀਆਂ ਨੂੰ ਗਿਆਨੀ ਜੀ ਦੇ ਲੇਖਾਂ ਤੇ ਲੈਕਚਰਾਂ ਤੋਂ ਲਾਭ ਉਠਾਉਣ ਦੀ ਜੋਰਦਾਰ ਪ੍ਰੇਰਨਾ ਕਰਦਾ ਹਾਂ।

# ਕਲਮ ਚੱਲਦੀ ਰਹੇ

ਕਵੀ ਕਿਸ਼ਨ ਸਿੰਘ
ਮੈਲਬਰਨ, ਆਸਟ੍ਰੇਲੀਆ

ਕਿਸੇ ਮਨ ਦੀ ਹਉਮੈ ਨੂੰ ਉਤੇਜਤ ਕਰਨ ਜਾਂ ਹੇਠੀ ਕਰਨ ਲਈ, ਖ਼ੁਸ਼ਾਮਦੀ ਜਾਂ ਕਟਾਕਸ਼ੀ ਲਫ਼ਜ਼ਾਂ ਦੀ ਵਰਤੋਂ ਕਰਨੀ, ਸਿੱਖ ਸਿਧਾਂਤ ਦੀ ਉਲੰਘਣਾ ਹੈ ਪਰ ਕੀਤੀ ਮੇਹਨਤ ਬਾਰੇ ਉਤਸ਼ਾਹਤ ਕਰਨਾ ਇਕ ਫ਼ਰਜ਼ ਹੈ। ਲੇਖਕਾਂ ਜਾਂ ਪਾਠਕਾਂ ਦੇ ਆਪਸੀ ਵਿਚਾਰ ਭੇਦ ਹੋਣ, ਇਹ ਵੀ ਕੋਈ ਅਣਹੋਣੀ ਗੱਲ ਨਹੀਂ ਹੈ। ਕਿਉਂਕਿ ਵਿਚਾਰ, ਵਿਚਾਰਨ ਵਾਲ਼ੇ ਦੀ ਵਿਚਾਰਕ ਦ੍ਰਿਸ਼ਟੀ ਉਪਰ ਆਪਣਾ ਪ੍ਰਭਾਵ ਬਣਾਉਂਦੇ ਹਨ। ਜਿਵੇਂ ਜਪੁ ਬਾਣੀ ਦੀ ਪਹਿਲੀ ਪਉੜੀ ਦੀ ਪਹਿਲੀ ਪੰਗਤੀ ਹੈ, "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ" ਬਾਣੀ ਦੀ ਇਸ ਪਹਿਲੀ ਪੰਗਤੀ ਦੇ ਅਰਥਾਂ ਬਾਰੇ ਪੰਥ ਇਕ ਮੱਤ ਨਹੀ ਹੋ ਸਕਿਆ। ਜਿਸ ਵੇਲ਼ੇ ਵਿਚਾਰਮਈ ਸਿਧਾਂਤ ਨੂੰ ਛੱਡ ਕੇ ਹਉਮੈ ਅਤੇ ਅੜੀ ਵਾਲ਼ਾ ਰਵਈਆ ਅਮਲ ਵਿਚ ਲਿਆਂਦਾ ਜਾਂਦਾ ਹੈ ਤਾਂ ਫਿਰ ਵਿਚਾਰਾਂ ਦੀ ਏਕਤਾ ਹੋਣੀ ਅਸੰਭਵ ਹੋ ਜਾਂਦੀ ਹੈ। ਅੱਜ ਸਿੱਖ ਪੰਥ ਦਾ ਹਰ ਸਿਧਾਂਤਕ ਮਸਲਾ ਆਲੋਚਨਾ ਦੀ ਕਚਹਿਰੀ ਵਿਚ ਧੱਕੇ ਖਾ ਰਿਹਾ ਹੈ। ਵਿਵਾਦ ਘਟਣ ਦੀ ਥਾਂ ਦਿਨੋ ਦਿਨ ਵਧ ਰਿਹਾ ਹੈ ਪਰ ਫੈਸਲੇ ਦੀ ਆਸ ਕੋਈ ਵਿਖਾਈ ਨਹੀ ਦਿੰਦੀ। ਵਜਾਹ? ਕਿਉਂਕਿ ਸਿੱਖ ਕੌਮ ਨੇ ਸੱਚੇ ਸਤਿਗੁਰੂ ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਚਹਿਰੀ ਛੱਡ ਕੇ ਆਪਣੀ ਹਉਮੈ ਅਤੇ ਅੜੀਅਲ ਰਵਈਏ ਦੀ ਕਚਹਿਰੀ ਵਿਚ ਆਪਣੀ ਨਿਜੀ ਵਿਚਾਰਧਾਰਾ ਅਨੁਸਾਰ, ਸਿੱਖੀ ਸਿਧਾਂਤ ਨੂੰ ਮਰੋੜਨ ਅਤੇ ਦੁਬਿਧਾ ਵਿਚ ਪਾਉਣ ਵਾਲ਼ਾ ਵਤੀਰਾ ਅਖ਼ਤਿਆਰ ਕੀਤਾ ਹੋਇਆ ਹੈ। ਗੁਰਮਤਿ ਵਿਰੋਧੀ ਸੋਚ ਇਸ ਵਿਚ ਆਪਣਾ ਪੂਰਾ ਹਿੱਸਾ ਪਾ ਰਹੀ ਅਤੇ ਤਾਣ ਲਾ ਰਹੀ ਹੈ।

ਗਿਆਨੀ ਸੰਤੋਖ ਸਿੰਘ ਦੀ ਜਾਣਕਾਰੀ ਕਰਵਾਉਣ ਲਈ ਕੁਝ ਲਿਖਣਾ ਜਾਂ ਆਖਣਾ, ਇਕ ਭਾਰੀ ਭੁੱਲ ਹੋਵੇਗੀ। ਸਾਡੇ ਵਰਗੇ ਕੁਝ ਜਾਨਣਹਾਰਿਆਂ ਲਈ, ਉਹ ਹਰ ਵੇਲ਼ੇ ਜਾਣਕਾਰੀ ਦਾ ਖ਼ਜ਼ਾਨਾ ਨਾਲ਼ ਚੁੱਕੀ ਫਿਰਦੇ ਹਨ। ਅਕਾਲ ਪੁਰਖ ਨੇ ਉਹਨਾਂ ਦੀ ਯਾਦਾਂ ਦੀ ਚੰਗੇਰ ਏਨੀ ਭਰ ਰੱਖੀ ਹੈ ਕਿ ਖੁਲ੍ਹੇ ਹੱਥੀਂ ਵਰਤਾਉਂਦਿਆਂ ਲੁਟਾਉਂਦਿਆਂ ਵੀ ਤੋਟ ਨਹੀ ਆਉਂਦੀ। ਪਹਿਲਾਂ ਪਹਿਲ ਗਿਆਨੀ ਜੀ ਨੇ ਧਾਰਮਿਕ

ਸਟੇਜਾਂ ਤੋਂ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਜਾਣਕਾਰੀ ਦੇ ਗੱਫੇ ਵਰਤਾਉਣੇ ਸ਼ੁਰੂ ਕੀਤੇ। ਫਿਰ ਕਲਮ ਦਾ ਮੁਖ ਨੰਗਾ ਕਰਕੇ, ਕੁਝ ਸਾਲ ਸਿਡਨੀ ਤੋਂ 'ਸਿੱਖ ਸਮਾਚਾਰ' ਨਾਮੀ ਪਰਚਾ ਕੱਢਦੇ ਰਹੇ। ਅਨੇਕ ਪਰਚਿਆਂ ਵਿਚ ਆਪਣੀ ਕਲਮ ਰਾਹੀਂ ਉਲੀਕੀਆਂ ਉਸਾਰੂ ਰਚਨਾਵਾਂ ਭੇਜਦੇ ਰਹੇ ਅਤੇ ਭੇਜ ਰਹੇ ਹਨ। ਗਿਆਨੀ ਜੀ ਦੇ ਬੋਲਣ ਵੇਲ਼ੇ ਅਤੇ ਲਿਖਤ ਵਿਚ ਉਲੀਕੇ ਵਿਅੰਗਾਤਮਿਕ ਅੰਦਾਜ਼ ਨੂੰ ਡੂੰਘੀ ਨੀਝ ਨਾਲ਼ ਹੀ ਸਮਝਿਆ ਜਾ ਸਕਦਾ ਹੈ। ਇਹਨਾਂ ਵਿਚ ਇਕ ਵੱਡੀ ਖ਼ੂਬੀ ਇਹ ਵੀ ਹੈ ਕਿ ਇਹਨਾਂ ਨੂੰ ਸਟੇਜ ਤੇ ਬਹਾ ਕੇ ਫਿਰ ਦੱਸਿਆ ਜਾਵੇ ਕਿ ਤੁਸੀਂ ਏਨਾ ਸਮਾ ਇਸ ਮਜ਼ਬੂਨ ਤੇ ਬੋਲਣਾ ਹੈ। ਇਹ ਬਿਨਾ ਕਿਸੇ ਤਿਆਰੀ ਦੇ ਬੜੇ ਸੁਚੱਜੇ ਬੋਲਣ ਅੰਦਾਜ਼ ਨਾਲ, ਦਿਤਾ ਸਮਾ ਪੂਰਾ ਕਰ ਸਕਦੇ ਹਨ। ਐਸੇ ਗੁਣ ਦੀ ਬਖ਼ਸ਼ਿਸ਼ ਕਿਸੇ ਵਿਰਲੇ ਗੁਰੂ ਪਿਆਰੇ ਉਤੇ ਹੀ ਹੁੰਦੀ ਹੈ। ਮਾਹੌਲ ਨੂੰ ਭਾਂਪਦਿਆਂ ਢੁਕਵੀਂ ਸ਼ਬਦਾਵਲੀ ਦਾ ਪ੍ਰਯੋਗ ਕਰਨਾ ਅਤੇ ਸਮੇ ਅਨੁਸਾਰ ਤੱਤ ਵਿਚਾਰਾਂ ਅਤੇ ਨਿਮਰਤਾ ਉਤੇ ਆਪਣੀ ਪਕੜ ਬਣਾਈ ਰੱਖਣੀ ਵੀ ਇਹਨਾਂ ਦੇ ਖਾਸ ਗੁਣਾਂ ਵਿਚ ਸ਼ਾਮਲ ਹੈ। ਵੈਸੇ ਨਿਮਰਤਾ ਦਿਖਾਉਂਦੇ ਹੋਏ ਵੀ ਗੁਰਮਤਿ ਦੇ ਸਹੀ ਸਿਧਾਂਤ ਉਤੇ ਪਹਿਰਾ ਦੇਣਾ ਹੀ ਸੱਚੇ ਪ੍ਰਚਾਰਕ ਦਾ ਅਸਲੀ ਫ਼ਰਜ਼ ਹੈ। ਗੁਰੂ ਦੇ ਸੱਚੇ ਉਪਦੇਸ਼ ਨਾਲ਼ ਜੁੜੇ ਰਹਿਣ ਵਾਲ਼ੇ ਸਿਦਕੀ ਸਿੱਖ ਦਾ, ਗੁਰੂ ਦੀ ਬਖ਼ਸ਼ਿਸ਼ ਪੂਰਾ ਆਸਰਾ ਬਣ ਜਾਂਦੀ ਹੈ। ਇੱਕ ਹੋਰ ਵਰਤਾਰਾ ਵੀ ਆਮ ਵਰਤਦਾ ਹੈ ਕਿ ਗੁਰਮਤਿ ਦੀ ਸਹੀ ਵਿਚਾਰਧਾਰਾ ਦੀ ਗੱਲ ਕਰਨ ਵਾਲ਼ੇ ਲੇਖਕ ਅਤੇ ਬੁਲਾਰੇ ਨਾਲ਼ੋਂ ਗੁਰ ਉਪਦੇਸ਼ ਤੋਂ ਅਣਜਾਣ ਅਤੇ ਅੰਧ ਵਿਸ਼ਵਾਸ਼ ਦੀ ਪਕੜ ਵਿਚ ਆਈ ਲੋਕਾਈ ਦੂਰੀ ਬਣਾ ਰਹੀ ਆਮ ਵੇਖੀ ਜਾਂਦੀ ਹੈ। ਇਸ ਕਰਕੇ ਆਮ ਬੁਲਾਰੇ ਵੀ ਗੁਰੂ ਦੀ ਸਿੱਖਿਆ ਵੱਲ ਪਿੱਠ ਕਰਕੇ, ਲੋਕਾਈ ਨੂੰ ਖ਼ੁਸ਼ ਕਰਨ ਲਈ ਆਪਣੇ ਸਹੀ ਫ਼ਰਜ਼ ਤੋਂ ਅਵੇਸਲੇ ਹੋ ਜਾਂਦੇ ਹਨ। ਬਹੁ ਸੰਮਤੀ ਲੇਖਕਾਂ ਤੇ ਬੁਲਾਰਿਆਂ ਵਾਸਤੇ ਉਪਜੀਵਕਾ ਦਾ ਮਸਲਾ ਵੀ ਇਸ ਦਾ ਇਕ ਮੁਖ ਕਾਰਨ ਬਣਦਾ ਹੈ। ਨਿਤ ਗੁਰ ਉਪਦੇਸ਼ ਪੜ੍ਹਦਿਆਂ, ਸੁਣਦਿਆਂ ਤੇ ਸੁਣਾਉਂਦਿਆਂ ਵੀ, ਸਰੋਤਿਆਂ ਦੀ ਅੰਧ ਵਿਸ਼ਵਾਸ਼ੀ ਗਿਆਨਵਾਨ ਦੇ ਗਿਆਨ ਤੇ ਭਾਰੂ ਹੋ ਜਾਂਦੀ ਹੈ। ਖ਼ੁਸ਼ਾਮਦੀ ਚਾਹ ਤੇ ਖ਼ੁਸ਼ਾਮਦੀ ਸੁਭਾ ਨੂੰ ਮੁਕੰਮਲ ਤੌਰ ਤੇ ਮਨੁੱਖੀ ਕਿਰਦਾਰ ਵਿਚੋਂ ਕੱਢਿਆ ਨਹੀ ਜਾ ਸਕਦਾ। ਇਹ ਮਨੁਖੀ ਬਣਤਰ ਦਾ ਇੱਕ ਖਾਸ ਹਿੱਸਾ ਹੀ ਹੈ ਜਿਸ ਨੂੰ ਤੋੜ ਕੇ ਪਰ੍ਹੇ ਸੁੱਟਿਆਂ ਵੀ ਮਨੁੱਖ ਕੋਈ ਘਾਟ ਮਹਿਸੂਸ ਕਰਨ ਲੱਗ ਜਾਂਦਾ ਹੈ।

ਮੈਂ ਕਦੀ ਸੋਚਦਾ ਹਾਂ ਕਿ ਗਿ. ਸੰਤੋਖ ਸਿੰਘ ਜੀ ਬਚਪਨ ਤੋਂ ਹੀ ਬਾਣੀ ਨਾਲ਼ ਜੁੜੇ ਹੋਣ ਕਰਕੇ, ਸਭ ਕੁਝ ਜਾਣਦੇ ਹੋਏ ਵੀ ਡਟ ਕੇ ਗੱਲ ਕਿਉਂ ਨਹੀ ਕਰਦੇ! ਫਿਰ ਵਿਚਾਰ ਆਉਂਦਾ ਹੈ ਕਿ ਇਹਨਾਂ ਦੇ ਪੈਰੀਂ ਚੱਕਰ ਹੈ ਤੇ ਸੰਸਾਰ ਵਿਚ ਵਿਚਰਨ ਸਮੇ ਇਹਨਾਂ ਨੇ ਭਾਂਪ ਲਿਆ ਹੈ ਕਿ ਸਰੋਤੇ ਖ਼ੁਸ਼ਕ ਗਿਆਨ ਨਹੀ ਸੁਣਦੇ।

ਇਹ ਸਾਹਿਤਕ ਬੋਲੀ ਵਿਚ ਵਲ੍ਹੇਟ ਕੇ ਗੱਲ ਕਰਦੇ ਹਨ; ਅਰਥਾਤ ਇਹਨਾਂ ਨੂੰ ਉਹ ਕੁਝ ਦੇਣਾ ਆਉਂਦਾ ਹੈ ਜੋ ਬਹੁ ਗਿਣਤੀ ਲੋਕ ਸੁਣਨਾ ਚਾਹੁੰਦੇ ਹਨ। ਇਹ ਇਹਨਾਂ ਦੀ ਵਿਦਵਤਾ ਅਤੇ ਕਿਰਦਾਰ ਦੀ ਇਕ ਖ਼ੂਬੀ ਹੈ।

ਯਾਦਾਂ, ਵਿਚਾਰਾਂ, ਕਿਰਦਾਰਾਂ, ਜਾਂ ਸਮੱਸਿਆਵਾਂ ਨੂੰ ਉਲੀਕਣ ਲਈ ਕਲਮ ਚੱਲਦੀ ਹੈ ਤਾਂ ਕੁਝ ਸ਼ਬਦਾਵਲੀ ਉਲੀਕਦੀ ਹੈ। ਇਹ ਉਲੀਕੀ ਹੋਈ ਸ਼ਬਦਾਵਲੀ ਕਿਤਾਬੀ ਰੂਪ ਵਿਚ ਪ੍ਰਕਾਸ਼ਤ ਹੋ ਕੇ, ਅਭੁੱਲ ਯਾਦਾਂ ਦੇ ਰੂਪ ਵਿਚ, ਬੀਤ ਚੁੱਕੇ ਸਮੇ ਨੂੰ ਵਰਤਮਾਨ ਨਾਲ਼ ਜੋੜਨ ਦਾ ਉਪਰਾਲਾ ਕਰਦੀ ਹੈ। ਲਿਖਤ ਵਿਚਾਰ ਲੇਖਕਾਂ ਤੇ ਪਾਠਕਾਂ ਵਿਚਾਲ਼ੇ ਪਰਸਪਰ ਸਾਂਝ ਪਾਉਂਦੀ ਹੈ। ਅਜਿਹੇ ਉਪਰਾਲਿਆਂ ਨੂੰ ਪੁਰਾਤਨ ਵਿਰਸੇ ਦੀ ਸੰਭਾਲ਼ ਵੀ ਕਿਹਾ ਜਾਂਦਾ ਹੈ।

ਏਸੇ ਸੁਚੱਜੀ ਸੋਚ ਅਧੀਨ ਹੀ ਗਿ. ਸੰਤੋਖ ਸਿੰਘ ਜੀ ਨੇ ਆਪਣੀਆਂ ਲਿਖਤਾਂ ਨੂੰ ਪੰਜ ਕਿਤਾਬਾਂ ਵਿਚ ਸੰਭਾਲ਼ ਕੇ ਤੇ ਪਾਠਕਾਂ ਦੇ ਹੱਥਾਂ ਤੱਕ ਪੁਚਾ ਕੇ, ਸਿੱਖ ਕੌਮ ਅਤੇ ਮਾਂ ਬੋਲੀ ਪੰਜਾਬੀ ਦੀ ਵਡਮੁੱਲੀ ਸੇਵਾ ਕੀਤੀ ਹੈ। ਇਹਨਾਂ ਦੀਆਂ ਲਿਖਤਾਂ ਸਾਨੂੰ ਸਿੱਖ ਧਰਮ, ਸਿੱਖੀ ਕਿਰਦਾਰ, ਸਿੱਖ ਨੀਤੀ, ਸਿੱਖਾਂ ਦੁਆਰਾ ਹੀ ਸਿੱਖ ਨੀਤੀ ਦੇ ਸੋਸ਼ਣ ਦੀ, ਕਈ ਪੱਖਾਂ ਤੋਂ ਜਾਣਕਾਰੀ ਦਿੰਦੀਆਂ ਹਨ। ਇਸ ਤੋਂ ਵੀ ਵਧ ਪੰਜਾਬੀ ਦੀ ਲਿੱਪੀ ਬਾਰੇ ਵੀ ਜਾਣਕਾਰੀ ਦੇਣ ਦਾ ਉਪਰਾਲਾ ਕਰਦੀਆਂ ਹਨ। ਪਰਮਾਤਮਾ ਇਹਨਾਂ ਨੂੰ ਗੁਰਬਾਣੀ ਦੀ ਹੋਰ ਵੀ ਸੁੱਚਜੀ ਵਿਚਾਰਧਾਰਾ ਨੂੰ ਸਮਝਣ, ਪ੍ਰਚਾਰਨ ਅਤੇ ਲਿਖਤਾਂ ਰਾਹੀਂ ਸੇਵਾ ਕਰਨ ਦਾ ਬਲ ਬਖ਼ਸ਼ੇ। ਕਿਸੇ ਲੇਖਕ ਵੱਲੋਂ ਬੀਤ ਚੁੱਕੇ ਦੀਆਂ ਬਾਤਾਂ ਆਉਣ ਵਾਲ਼ੇ ਸਮੇ ਲਈ ਪੁਰਾਤਨ ਵਿਰਸੇ ਦੀ ਸੰਭਾਲ਼ ਵਜੋਂ ਜਾਣੀਆਂ ਜਾਣਗੀਆਂ। ਅਕਾਲ ਪੁਰਖ ਅੱਗੇ ਬੇਨਤੀ ਹੈ ਕਿ ਗਿਆਨੀ ਸੰਤੋਖ ਸਿੰਘ ਦੀ ਕਲਮ ਚੱਲਦੀ ਰਹੇ ਅਤੇ ਉਹ ਏਸੇ ਤਰ੍ਹਾਂ ਆਪਣੀ ਕੌਮ ਅਤੇ ਮਾਂ ਬੋਲੀ ਦੀ ਸੇਵਾ ਕਰਦੇ ਰਹਿਣ।

ਕਲਮ ਫੜ ਹਰ ਕੋਈ ਲਿਖਣ ਬਹਿ ਜਾਂਦਾ,
ਫ਼ਰਜ਼ ਕਲਮ ਦਾ ਵਿਰਲਾ ਈ ਪਛਾਣਦਾ ਏ।
ਕਲਮ ਉਹ ਜੋ ਹਿਰਦੇ ਚੋਂ ਸਚ ਲਿਖਦੀ,
ਕਿੱਤਾ ਝੂਠੀ ਦਾ ਝੂਠ ਹੰਡਾਣ ਦਾ ਏ।
ਸੱਚੀ ਕਲਮ ਸਮਾਜ ਦਾ ਭਲਾ ਲੋਚੇ,
ਕੰਮ ਝੂਠੀ ਦਾ ਵੰਡੀਆਂ ਪਾਣ ਦਾ ਏ।
ਸੁੱਚੀ ਕਲਮ ਨਾ ਸ਼ੋਹਰਤ ਦੀ ਕਿਸ਼ਨ ਭੁੱਖੀ,
ਸੁਭਾ ਝੂਠੀ ਦਾ ਕੌਡੀਂ ਵਿਕ ਜਾਣਦਾ ਏ।

# ਇਕ ਸੁਹਿਰਦ ਮਨੁੱਖ

ਪ੍ਰਿੰ: ਅੰਮ੍ਰਿਤ ਲਾਲ ਮੰਨਣ
ਸੀਨੀਅਰ ਮੀਤ ਪ੍ਰਧਾਨ,

ਅੰਮ੍ਰਿਤਸਰ ਵਿਕਾਸ ਮੰਚ

ਗਿਆਨੀ ਸੰਤੋਖ ਸਿੰਘ ਜੀ ਨੂੰ ਮੈਂ ਪਹਿਲੀ ਵਾਰ ਜੇ.ਪੀ.ਐਸ. ਕੰਪਿਊਟਰ ਸੈਂਟਰ ਅੰਮ੍ਰਿਤਸਰ ਤੇ ਮਿਲਿਆ, ਜਿਥੇ ਮੈਂ ਅਕਸਰ ਅੰਮ੍ਰਿਤਸਰ ਵਿਕਾਸ ਮੰਚ ਦੇ ਚਿੱਠੀ ਪੱਤਰ ਟਾਇਪ ਕਰਵਾਉਣ ਲਈ ਜਾਂਦਾ ਰਹਿੰਦਾ ਹਾਂ। ਗਿਆਨੀ ਜੀ ਵੀ ਏਥੇ 'ਮੀਡੀਆ ਪੰਜਾਬ' ਦੇ ਅੰਮ੍ਰਿਤਸਰ ਸਬ ਦਫ਼ਤਰ ਇੰਚਾਰਜ, ਸ. ਜਸਬੀਰ ਸਿੰਘ ਸੱਗੂ ਨੂੰ ਮਿਲਣ ਆਏ ਹੋਏ ਸਨ। ਗਿਆਨੀ ਜੀ ਦਾ ਇਸ ਪਰਵਾਰ ਨਾ.ਲ, ਪਿਛਲੇ ਕੁਝ ਸਮੇ ਤੋਂ ਮੇ.ਲ ਜੋਲ ਹੈ। ਜਿਸ ਦਿਨ ਗਿਆਨੀ ਜੀ ਮਿਲੇ ਇਹਨਾਂ ਨੇ ਅੱਖਾਂ ਦਾ ਉਪਰੇਸ਼ਨ ਕਰਵਾਇਆ ਹੋਇਆ ਸੀ ਤੇ ਅੱਖਾਂ ਉਪਰ ਗੂਹੜੇ ਰੰਗ ਦਾ ਚਸ਼ਮਾ ਲੱਗਾ ਸੀ। ਜਿਸ ਅਪਣੱਤ ਅਤੇ ਸਨੇਹ ਨਾਲ ਗਿਆਨੀ ਜੀ ਮੈਨੂੰ ਮਿਲੇ ਉਹ ਨਾ ਭੁਲਣ ਯੋਗ ਹੈ। ਕੁਝ ਮਿੰਟਾਂ ਦੀ ਗੱਲ ਬਾਤ ਮਗਰੋਂ ਹੀ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਗਿਆਨੀ ਜੀ ਨਾਲ ਪੁਰਾਣੀ ਜਾਣ ਪਛਾਣ ਹੋਵੇ। ਗਿਆਨੀ ਜੀ ਨੂੰ ਅੱਖਾਂ ਦੇ ਉਪਰੇਸ਼ਨ ਦੇ ਬਾਵਜੂਦ ਵੀ ਇਸ ਤਰਾਂ ਕ੍ਰਿਆਸ਼ੀਲ ਵੇਖ ਕੇ ਮੈਂ ਬਹੁਤ ਪ੍ਰਭਾਵਤ ਹੋਇਆ ਕਿ ਇਸ ਬਜ਼ੁਰਗ ਵਿੱਚ ਕੁਝ ਕਰ ਗੁਜਰਨ ਦੀ ਕਿੰਨੀ ਪ੍ਰਬਲ ਇੱਛਾ ਹੈ, ਨਹੀਂ ਤਾਂ ਇਸ ਉਮਰੇ ਲੋਕ ਵੇਹਲੇ ਰਹਿ ਕੇ, ਆਰਾਮ ਕਰਨ ਦੇ ਬਹਾਨੇ ਲਭਦੇ ਰਹਿੰਦੇ ਹਨ ਅਤੇ ਘਰ ਵਿੱਚ ਹੀ ਕੈਦ ਹੋ ਕੇ ਰਹਿ ਜਾਂਦੇ ਹਨ। ਇਸ ਮੌਕੇ ਤੇ ਇਹਨਾਂ ਨੇ ਮੈਨੂੰ ਆਪਣੀ ਪੁਸਤਕ 'ਯਾਦਾਂ ਭਰੀ ਚੰਗੇਰ' ਭੇਂਟ ਕੀਤੀ।

ਗਿਆਨੀ ਜੀ ਨੇ ਡਾ. ਗੁਮਟਾਲਾ ਜੀ ਨੂੰ ਮਿਲਨਾ ਸੀ ਪਰ ਉਹਨਾਂ ਦੀ ਰਿਹਾਇਸ਼ ਦਾ ਪਤਾ ਨਹੀ ਸੀ। ਮੈਂ ਉਹਨਾਂ ਨੂੰ ਗੁਮਟਾਲਾ ਜੀ ਦੀ ਰਿਹਾਇਸ਼ ਬਾਰੇ ਸਮਝਾ ਦਿੱਤਾ ਅਤੇ ਆਪ ਆਪਣੇ ਕੰਮ ਵਿੱਚ ਰੁੱਝ ਗਿਆ। ਕੁਝ ਮਿੰਟਾਂ ਬਾਅਦ ਹੀ ਗਿਆਨੀ ਜੀ ਦਾ ਫ਼ੋਨ ਆਇਆ ਕਿ ਮੈਂ ਫਲਾਣੀ ਥਾਂ ਖੜ੍ਹਾ ਹਾਂ। ਏਥੋਂ ਗੁਮਟਾਲਾ ਜੀ ਦਾ ਘਰ ਕਿਧਰ ਹੈ। ਮੈਂ ਦੁਬਾਰਾ ਸਮਝਾ ਦਿੱਤਾ ਪ੍ਰੰਤੂ ਕੁਝ ਚਿਰ ਬਾਅਦ ਫਿਰ ਫ਼ੋਨ ਆਇਆ ਕਿ ਮੈਂ ਗੁਰਦੁਆਰੇ ਕੋਲ ਖੜ੍ਹਾ ਹਾਂ; ਏਥੋਂ ਕਿਧਰ ਜਾਵਾਂ। ਮੈਂ ਫਿਰ ਉਹਨਾਂ ਨੂੰ ਸਮਝਾਇਆ ਪਰ ਆਪਣੇ ਆਪ ਵਿੱਚ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਸਾਂ ਕਿ ਇੱਕ ਭੱਦਰ ਪੁਰਸ਼ ਨੂੰ ਅੱਖਾਂ ਦੀ ਪਰੇਸ਼ਾਨੀ ਵੇਲੇ ਵੀ ਖੁਦ ਟਿਕਾਣੇ

ਤੇ ਕਿਉਂ ਨਹੀਂ ਛੱਡ ਕੇ ਆਇਆ! ਸ਼ਾਇਦ ਇਹ ਸ਼ਹਿਰੀ ਸਭਿਆਚਾਰ ਦਾ ਪ੍ਰਭਾਵ ਹੈ, ਜਿਸ ਕਾਰਣ ਮੈਥੋਂ ਇਹ ਕੁਤਾਹੀ ਹੋ ਗਈ। ਇਸ ਤੋਂ ਮਗਰੋਂ ਗਿਆਨੀ ਜੀ ਨਾਲ ਮੁਲਾਕਾਤਾਂ ਦਾ ਸਿਲਸਿਲਾ ਵਧਦਾ ਗਿਆ ਤੇ ਉਹਨਾਂ ਦੇ ਵਿਅਕਤੀਤਵ ਬਾਰੇ ਕਿਤਾਬ ਵਿੱਚੋਂ ਵੀ ਕੁਝ ਪੜ੍ਹ ਲਿਆ ਸੀ। ਮੈਂ ਉਹਨਾਂ ਦੇ ਸਾਫ ਤੇ ਸਪੱਸ਼ਟ ਜੀਵਨ ਤੋਂ ਪ੍ਰਭਾਵਤ ਹਾਂ। ਉਹਨਾਂ ਨੇ ਜਿੰਨੀ ਘਾਲਣਾ ਆਪਣੇ ਜੀਵਨ ਵਿੱਚ ਘਾਲ਼ੀ ਇਹ ਉਸ ਦਾ ਹੀ ਨਤੀਜਾ ਹੈ ਕਿ ਇਹਨਾਂ ਦਾ ਵਿਅਕਤੀਤਵ ਏਨਾ ਪ੍ਰਭਾਵਸ਼ਾਲੀ ਬਣਿਆ ਹੈ। ਗਿਆਨੀ ਜੀ ਹਾਜ਼ਰ ਜਵਾਬ ਅਤੇ ਹੱਸਮੁੱਖ ਸੁਭਾ ਦੇ ਮਾਲਕ ਹਨ। ਜੀਵਨ ਵਿੱਚੋਂ ਹਵਾਲੇ ਤੇ ਟਿੱਪਣੀਆਂ ਦੇ ਕੇ ਆਪਣੀ ਗੱਲ ਨੂੰ ਪ੍ਰਮਾਣਤ ਕਰਦੇ ਹਨ। ਘੁਮੱਕੜ ਕਿਸਮ ਦਾ ਸੁਭਾ ਹੋਣ ਕਾਰਨ ਨਵੇਂ ਵਿਅਕਤੀਆਂ ਨੂੰ ਮਿਲਣਾ ਤੇ ਝੱਟ ਪੱਟ ਉਹਨਾਂ ਨਾਲ ਸਾਂਝ ਪਾ ਲੈਣ ਦਾ ਹੁਨਰ ਇਹਨਾਂ ਨੂੰ ਭਲੀ ਭਾਂਤੀ ਆਉਂਦਾ ਹੈ।

ਗਿਆਨੀ ਜੀ ਦੀ ਕਿਤਾਬ 'ਯਾਦਾਂ ਭਰੀ ਚੰਗੇਰ' ਦੇ ਪੁਸਤਕ ਰਿਲੀਜ਼ ਸਮਾਰੋਹ ਸਮੇ, ਸਟੇਜ ਸਕੱਤਰ ਦੀ ਭੂਮਿਕਾ ਨਿਭਾਉਣ ਦਾ ਮੈਨੂੰ ਮਾਣ ਹਾਸਲ ਹੈ। ਇਸ ਅਵਸਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਗਿਆਨੀ ਜੀ ਦੇ ਮਿੱਤਰ, ਰਿਸ਼ਤੇਦਾਰ ਅਤੇ ਹੋਰ ਵਾਕਫਕਾਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਇਸ ਵਿਸ਼ਾਲ ਇਕੱਤਰਤਾ ਨੂੰ ਵੇਖ ਕੇ ਮੈ ਮਹਿਸੂਸ ਕੀਤਾ ਕਿ ਭਾਵੇਂ ਗਿਆਨੀ ਜੀ ਚਾਰ ਦਹਾਕਿਆਂ ਤੋਂ ਪਰਦੇਸ ਵਿੱਚ ਰਹਿ ਰਹੇ ਹਨ ਪਰ ਇਹਨਾਂ ਦੀਆਂ ਮਿੱਤਰਤਾ ਅਤੇ ਆਪਸੀ ਪਿਆਰ ਦੀਆਂ ਜੜ੍ਹਾਂ ਡੂੰਘੀਆਂ ਹਨ; ਜਿਸ ਕਾਰਨ ਲੋਕਾਂ ਨੇ ਇਹਨਾਂ ਨੂੰ ਭੁਲਾਇਆ ਨਹੀਂ ਤੇ ਉਹਨਾਂ ਦੀ ਵੱਡੀ ਗਿਣਤੀ ਇਸ ਸਮਾਗਮ ਵਿੱਚ ਹਾਜਰ ਹੋਈ ਹੈ।

ਗਿਆਨੀ ਜੀ ਨੂੰ ਦੂਰਦਰਸ਼ਨ ਕੇਂਦਰ ਜਲੰਧਰ ਵੱਲੋਂ 'ਸਾਡੇ ਮਹਿਮਾਨ' ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਸੱਦਾ ਆਇਆ ਤਾਂ ਗਿਆਨੀ ਜੀ ਨੇ ਇਸ ਬਾਰੇ ਮੈਨੂੰ ਦੱਸਿਆ। ਮੈਂ ਝੱਟ ਆਪਣੀ ਕਾਰ ਵਿੱਚ ਇਹਨਾਂ ਨੂੰ ਨਾਲ ਲੈ ਕੇ ਜਾਣ ਦੀ ਸਹਿਮਤੀ ਪਰਗਟ ਕਰ ਦਿਤੀ ਕਿ ਏਸੇ ਬਹਾਨੇ ਇੱਕ ਸੁਹਿਰਦ ਮਨੁੱਖ ਦੀ ਸੰਗਤ ਕਰਨ ਦਾ ਮੌਕਾ ਮਿਲੇਗਾ। ਜਲੰਧਰ ਜਾਂਦਿਆਂ ਗਿਆਨੀ ਜੀ ਨੇ ਆਪਣੇ ਜੀਵਨ ਦੀਆਂ ਅਨੇਕਾਂ ਘਟਨਾਵਾਂ ਮੇਰੇ ਨਾ਼ਲ ਸਾਂਝੀਆਂ ਕੀਤੀਆਂ। ਸਿਡਨੀ ਵਿਚ ਆਪਣੀ ਬੱਸ ਕੰਡਕਟਰ ਦੀ ਨੌਕਰੀ ਕਰਨ ਸਮੇ ਦਾ ਦਿਲਚਸਪ ਕਿੱਸਾ ਵੀ ਸੁਣਾਇਆ। ਗਿਆਨੀ ਜੀ ਨਾਲ ਕੀਤਾ ਇਹ ਸਫ਼ਰ ਮੇਰੇ ਜੀਵਨ ਦੀਆਂ ਅਭੁੱਲ ਯਾਦਾਂ ਵਿੱਚ ਸ਼ਾਮਲ ਹੋ ਗਿਆ ਹੈ।

ਗਿਆਨੀ ਜੀ ਸਿੱਖ ਇਤਿਹਾਸ ਦੇ ਪਰਪੱਕ ਗਿਆਤਾ ਹਨ। ਏਸੇ ਕਰਕੇ ਤਾਂ ਬਹੁਤੇ ਸੱਜਣ ਇਹਨਾਂ ਨੂੰ ਸਿੱਖ ਇਤਿਹਾਸ ਦਾ 'ਚਲਦਾ ਫਿਰਦਾ ਇਨਸਾਇਕਲੋਪੀਡੀਆ' ਵੀ ਕਹਿੰਦੇ ਹਨ। ਗਿਆਨੀ ਜੀ ਵਿੱਚ ਕੁਝ ਕਰ ਗੁਜਰਨ ਦੀ ਤੀਬਰ ਇੱਛਾ ਹੈ ਅਤੇ ਚੰਗੇ ਕਾਰਜਾਂ ਵਿਚ ਹਮੇਸ਼ਾਂ ਕ੍ਰਿਆਸ਼ੀਲ ਰਹਿੰਦੇ ਹਨ।

ਗਿਆਨੀ ਜੀ ਦੀਆਂ ਪੁਸਤਕਾਂ ਸੱਚੇ ਦਾ ਸੱਚਾ ਢੋਆ, ਯਾਦਾਂ ਭਰੀ ਚੰਗੇਰ, ਉਜਲ ਕੈਹਾਂ ਚਿਲਕਣਾ, ਬਾਤਾਂ ਬੀਤੇ ਦੀਆਂ ਵਿੱਚ ਜਿਥੇ ਸਿੱਖ ਇਤਿਹਾਸ, ਸਿੱਖ ਰਾਜਨੀਤੀ ਅਤੇ ਸਿੱਖ ਫਲਸਫੇ ਤੇ ਭਰਪੂਰ ਚਾਨਣਾ ਪਾਇਆ ਹੈ ਓਥੇ ਪਾਠਕਾਂ ਨੂੰ ਆਪਣੇ ਜੀਵਨ ਸੰਘਰਸ਼ ਅਤੇ ਜੱਗ ਬੀਤੀਆਂ ਤੋਂ ਵੀ ਜਾਣੂ ਕਰਵਾਇਆ ਹੈ। ਮੈਂ ਭਾਵੇਂ ਹਿੰਦੂ ਪਰਵਾਰ ਵਿੱਚੋਂ ਹਾਂ ਪਰ ਸਾਹਿਤ ਵਿੱਚ ਮੱਸ ਰੱਖਣ ਕਾਰਣ, ਮੇਰੀ ਸਿੱਖ ਇਤਿਹਾਸ ਤੇ ਪ੍ਰੰਪਰਾਵਾਂ ਬਾਰੇ ਜਾਨਣ ਦੀ ਇੱਛਾ ਪ੍ਰਬਲ ਰਹੀ ਹੈ। ਇਹਨਾਂ ਦੀਆਂ ਪੁਸਤਕਾਂ ਪੜ੍ਹ ਕੇ ਮੇਰੀ ਇਹ ਇੱਛਾ ਕਾਫੀ ਹਦ ਤੱਕ ਪੂਰੀ ਹੋਈ ਹੈ। ਗੁਰੂ ਸਾਹਿਬਾਨ ਦੀਆਂ ਜੀਵਨੀਆਂ ਅਤੇ ਸਿੱਖ ਇਤਿਹਾਸ ਵਿੱਚ ਅੰਕਤ, ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ, ਸਿੱਖ ਕੌਮ ਲਈ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਲਈ ਮਾਰਗ ਦਰਸ਼ਕ ਹਨ। ਗਿਆਨੀ ਜੀ ਨੇ ਉਪ੍ਰੋਕਤ ਵਿਸ਼ਿਆਂ ਤੇ ਆਪਣੇ ਲੈਕਚਰ ਦੇ ਕੇ ਅਤੇ ਲੇਖ ਲਿਖ ਕੇ, ਸਾਹਿਤ ਦੇ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਗਿਆਨੀ ਜੀ ਨੇ ਆਪਣੀਆਂ ਪੁਸਤਕਾਂ ਵਿੱਚ ਨਾ ਕੇਵਲ ਧਾਰਮਿਕ ਸਿੱਖਿਆ ਤੇ ਆਧਾਰਤ ਜਾਣਕਾਰੀ ਦਿੱਤੀ ਹੈ, ਸਗੋਂ ਪਾਠਕਾਂ ਨੂੰ ਵਿਦੇਸ਼ਾਂ ਵਿੱਚ ਰਹਿਣ ਅਤੇ ਆਉਣ ਵਾਲੀਆਂ ਅਨੇਕਾਂ ਸਮੱਸਿਆਵਾਂ ਬਾਰੇ ਵੀ ਜਾਣੂ ਕਰਵਾਇਆ ਹੈ। ਇਸ ਮਹਾਨ ਸ਼ਖਸੀਅਤ ਬਾਰੇ ਕੁਝ ਕਹਿਣਾ ਸੂਰਜ ਨੂੰ ਦੀਵਾ ਦਿਖਾਉਣ ਵਾਲੀ ਗੱਲ ਹੈ।

ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਜੀ ਦੀ ਕਿਰਪਾ ਏਸੇ ਤਰ੍ਹਾਂ ਗਿਆਨੀ ਜੀ ਤੇ ਹਮੇਸ਼ਾ ਬਣੀ ਰਹੇ। ਇਹ ਏਸੇ ਤਰਾਂ ਕ੍ਰਿਆਸ਼ੀਲ ਰਹਿੰਦੇ ਹੋਏ ਮਨੁੱਖਤਾ ਦੀ ਸੇਵਾ ਕਰਦੇ ਰਹਿਣ ਅਤੇ ਅਸੀਂ ਇਸ ਗਿਆਨ ਦੇ ਭੰਡਾਰ, 'ਬਾਬਾ ਬੋਹੜ' ਦੀ ਹੋਰ ਛਾਂ ਮਾਣੀਏ।



# ਆਸਟ੍ਰੇਲੀਆ ਵਿਚ ਵੱਸਦਾ ਉਚ ਕੋਟੀ ਦਾ ਵਿਦਵਾਨ

ਜਸਬੀਰ ਸਿੰਘ ਸੱਗੂ
ਜਰਨਲਿਸਟ
੫੦੦੩, ਮੇਨ ਬਾਜ਼ਾਰ,

ਸੁਲਤਾਨਵਿੰਡ ਰੋਡ,

ਅੰਮ੍ਰਿਤਸਰ

ਆਸਟ੍ਰੇਲੀਆ ਵੱਸਦੇ ਪ੍ਰਚਾਰਕ, ਲੇਖਕ ਅਤੇ ਗੁਰਬਾਣੀ, ਸਾਹਿਤ, ਇਤਿਹਾਸ, ਭਾਸ਼ਾ ਤੇ ਚਲੰਤ ਮਾਮਲਿਆਂ ਬਾਰੇ ਡੂੰਘੀ ਜਾਣਕਾਰੀ ਰੱਖਣ ਵਾਲੇ ਵਿਦਵਾਨ ਗਿਆਨੀ ਸੰਤੋਖ ਸਿੰਘ ਜੀ ਕਿਸੇ ਜਾਣ ਪਛਾਣ ਦੇ ਮੁਹਤਾਜ ਨਹੀਂ। ਦੇਸ਼ ਵਿਦੇਸ਼ ਵਿੱਚ ਸਿੱਖੀ ਦੇ ਪ੍ਰਚਾਰ ਨੂੰ ਸਮਰਪਤ ਇਸ ਸ਼ਖਸੀਅਤ ਵਲੋਂ ਆਪਣੀਆਂ ਸਾਹਿਤਕ ਰਚਨਾਵਾਂ ਕਿਤਾਬਾਂ ਦੇ ਰੂਪ ਵਿੱਚ ਪੰਜਾਬੀਆਂ ਤੇ  ਸਾਹਿਤਕ ਪ੍ਰੇਮੀਆਂ ਦੀ  ਝੋਲ਼ੀ ਪਾਉਣ ਸਦਕਾ, ਜਿਥੇ ਉਹਨਾਂ ਦੀ ਗੱਲ ਮਹਿਫ਼ਲਾਂ ਵਿੱਚ ਹੁੰਦੀ ਹੈ, ਓਥੇ ਸਾਹਿਤਕ ਸੱਥਾਂ ਵਿੱਚ ਵੀ ਉਹਨਾਂ ਨੂੰ ਸਤਿਕਾਰਿਆ ਜਾਂਦਾ ਹੈ। ਕੁਝ ਸਮਾ ਪਹਿਲਾਂ ਇੰਟਰਨੈਟ ਦੇ ਜ਼ਰੀਏ ਇਸ ਮਹਾਨ ਸ਼ਖ਼ਸੀਅਤ ਨਾਲ ਮੇਲ਼ ਹੋਇਆ ਅਤੇ ਜਦ ਪਤਾ ਚੱਲਿਆ ਕਿ ਗਿਆਨੀ ਜੀ ਆਪਣੇ ਪਿਤਾ ਭਾਈ ਗਿਆਨ ਸਿੰਘ ਜੀ, ਸਾਬਕਾ ਮੁਖ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਜੀ, ਦੇ ਦੁਖਦਾਈ ਅਕਾਲ ਚਲਾਣਾ ਕਰ ਜਾਣ ਤੇ ਅੰਮ੍ਰਿਤਸਰ ਪਹੁੰਚ ਰਹੇ ਹਨ ਤਾਂ ਉਹਨਾਂ ਦੇ ਪਿਤਾ ਜੀ ਦੀ ਅੰਤਮ ਅਰਦਾਸ ਮੌਕੇ ਸਾਡੀ ਮੁਲਾਕਾਤ ਹੋਈ। ਇਸ ਛੋਟੀ ਜਿਹੀ ਮੁਲਾਕਾਤ ਵਿੱਚ ਇੰਜ ਲੱਗਿਆ ਜਿਵੇਂ ਅਸੀਂ ਲੰਮੇ ਸਮੇ ਤੋਂ ਇਕ ਦੂਸਰੇ ਨੂੰ ਜਾਣਦੇ ਹੋਈਏ। ਉਹਨਾਂ ਦੀ ਮੋਹ ਭਰੀ ਆਵਾਜ, ਪਿਆਰ ਸਤਿਕਾਰ, ਖੁੱਲ੍ਹੇ ਡੁੱਲ੍ਹੇ ਸੁਭਾ ਅਤੇ ਠੇਠ ਪੰਜਾਬੀ ਦੀ ਗੱਲ ਬਾਤ ਨੇ ਮਨ ਅੰਦਰ ਪੈਦਾ ਹੋਇਆ ਪ੍ਰੇਮ ਹੋਰ ਵਧਾ ਦਿੱਤਾ ਅਤੇ ਇਸ ਤਰ੍ਹਾਂ ਮੁਲਾਕਾਤਾਂ ਦਾ ਸਿਲਸਿਲਾ ਵਗਦੇ ਦਰਿਆ ਦੇ ਪਾਣੀ ਵਾਂਗ ਵਹਿ ਤੁਰਿਆ ਤੇ ਉਹਨਾਂ ਨਾਲ ਗੱਲਬਾਤ ਕਰਦਿਆਂ ਜੋ ਕੁਝ ਸੁਣਿਆਂ ਤੇ ਜਾਣਿਆਂ ਉਸ ਤੋਂ ਪ੍ਰਭਾਵਤ ਹੋ ਕੇ, ਸਮੁੰਦਰ ਦੇ ਗਹਿਰ ਗੰਭੀਰ ਪਾਣੀ ਵਾਂਙ ਅਥਾਹ ਗਿਆਨ ਦੇ ਮਾਲਕ ਗਿ. ਸੰਤੋਖ ਸਿੰਘ ਜੀ ਬਾਰੇ ਕੁਝ ਅੱਖਰ ਲਿਖਣ ਦਾ ਨਿਮਾਣਾ ਜਿਹਾ ਯਤਨ ਕਰ ਰਿਹਾ ਹਾਂ।

ਗਿਆਨੀ ਜੀ ਨੇ ਕਿਸੇ ਸਕੂਲ ਦੀ ਬਜਾਇ ਘਰ ਵਿੱਚ ਹੀ, ਆਪਣੇ ਪਿਤਾ ਭਾਈ ਗਿਆਨ ਸਿੰਘ ਜੀ ਪਾਸੋਂ, ਗੁਰਮੁਖੀ ਅਤੇ ਗੁਰਬਾਣੀ ਦੀ ਸਿੱਖਿਆ ਪ੍ਰਾਪਤ ਕੀਤੀ ਉਹ ਆਪਣੇ ਪਿਤਾ ਜੀ ਨੂੰ ਭਾਈਆ ਜੀ ਕਰਕੇ ਬੁਲਾਇਆ ਕਰਦੇ ਸਨ ਜੋ

ਗੁਰਬਾਣੀ ਦੇ ਗਿਆਤਾ ਸਨ ਅਤੇ ਉਹਨਾਂ ਨੇ ਦਮਦਮੀ ਟਕਸਾਲ ਦੇ ਮੁਖੀ, ਬ੍ਰਹਮ ਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਖ਼ਾਲਸਾ ਜੀ, ਪਾਸੋਂ ਗੁਰਬਾਣੀ ਦੀ ਵਿਦਿਆ ਪ੍ਰਾਪਤ ਕੀਤੀ ਸੀ। ਉਹ ਵਿਦਿਆਰਥੀਆਂ ਨੂੰ ਗੁਰਬਾਣੀ ਦਾ ਸ਼ੁਧ ਪਾਠ ਵੀ ਸਿਖਾਇਆ ਕਰਦੇ ਸਨ, ਜੋ ਕਿ ਅਖੀਰ ਤੱਕ ਉਹਨਾਂ ਨੇ ਜਾਰੀ ਰੱਖਿਆ। ਉਹਨਾਂ ਦੇ ਬਹੁਤ ਸਾਰੇ ਵਿਦਿਆਰਥੀ ਸ੍ਰੀ ਦਰਬਾਰ ਸਾਹਿਬ ਸਮੇਤ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਵਿਖੇ ਬਤੌਰ ਅਖੰਡਪਾਠੀ/ਗ੍ਰੰਥੀ ਦੀ ਸੇਵਾ ਕਰ ਰਹੇ ਹਨ। ਅਖੰਡਪਾਠੀ ਦੀ ਸੇਵਾ ਵਿਚ ਲਗਾਉਣ ਸਮੇ ਸਿੰਘ ਸਾਹਿਬਾਨ ਉਹਨਾਂ ਦਾ ਟੈਸਟ ਲੈਂਦੇ ਹਨ ਤੇ ਜੇ "ਕਿਥੋਂ ਪਾਠ ਸਿਖਿਆ?" ਪੁਛਣ ਤੇ ਕੋਈ ਆਖ ਦੇਵੇ ਕਿ ਭਾਈ ਗਿਆਨ ਸਿੰਘ ਜੀ ਤੋਂ, ਤਾਂ ਕਈ ਵਾਰੀ ਸਿੰਘ ਸਾਹਿਬਾਨ ਨੇ ਹਾਸੇ ਨਾਲ਼ ਆਖ ਦੇਣਾ ਕਿ ਇਸ ਦਾ ਕੀ ਇਮਤਿਹਾਨ ਲੈਣਾ, ਇਹ ਤਾਂ ਭਾਈ ਗਿਆਨ ਸਿੰਘ ਦਾ ਵਿਦਿਆਰਥੀ ਹੈ। ਫੇਰ ਕਈ ਵਾਰੀ ਕਿਸੇ ਢਿੱਲੇ ਪਾਠੀ ਸਿੰਘ ਨੂੰ ਸੁਝਾ ਵੀ ਦੇ ਦੇਣਾ ਕਿ ਉਹ ਭਾਈ ਗਿਆਨ ਸਿੰਘ ਤੋਂ ਸੰਥਿਆ ਲੈ ਕੇ ਫੇਰ ਆਵੇ, ਫਿਰ ਉਸ ਨੂੰ ਰੱਖ ਲਿਆ ਜਾਵੇਗਾ।

ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚੋਂ ਕੋਰਸ ਕਰਨ ਉਪ੍ਰੰਤ ਗਿਆਨੀ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਬਣੇ ਅਤੇ ਸਮੇ ਸਮੇ ਵੱਖ ਵੱਖ ਅਹੁਦਿਆਂ ਤੇ ਸੇਵਾ ਕਰਦਿਆਂ ਪੰਥ ਦੀਆਂ ਪ੍ਰਸਿੱਧ ਹਸਤੀਆਂ ਦੀ ਰਹਿਨੁਮਾਈ ਹੇਠ ਇਤਿਹਾਸ, ਗੁਰਬਾਣੀ, ਸਾਹਿਤ ਅਤੇ ਭਾਸ਼ਾ ਸਬੰਧੀ ਗਿਆਨ ਪ੍ਰਾਪਤ ਕੀਤਾ ਜਿਸ ਨਾਲ ਉਹਨਾਂ ਦੀ ਸੋਚ ਸੰਪਰਦਾਈ ਸੋਚ ਤੋਂ ਉਪਰ ਉਠ ਕੇ ਵਿਸ਼ਾਲ ਕੌਮੀ ਨਜਰੀਏ ਵਿਚ ਤਬਦੀਲ ਹੋ ਗਈ। ਏਸੇ ਸਮੇ ਦੌਰਾਨ ਹੀ ਉਹਨਾਂ ਨੂੰ ਬਹੁਤ ਸਾਰੀਆਂ ਧਾਰਮਿਕ, ਸਾਹਿਤਕ, ਸਮਾਜ ਸੇਵੀ, ਸਿਆਸਤ ਆਦਿ ਖੇਤਰਾਂ ਵਿਚ ਵਿਚਰ ਰਹੀਆਂ ਉਚ ਕੋਟੀ ਦੀਆਂ ਸ਼ਖ਼ਸੀਅਤਾਂ ਦੇ ਦਰਸ਼ਨ ਕਰਨ ਅਤੇ ਉਹਨਾਂ ਦੀ ਸੰਗਤ ਕਰਨ ਦੇ ਅਵਸਰ ਵੀ ਪ੍ਰਾਪਤ ਹੁੰਦੇ ਰਹੇ ਪ੍ਰੰਤੂ ਅਜਿਹਾ ਸਭ ਕੁਝ ਹੋਣ ਦੇ ਬਾਵਜੂਦ ਵੀ ਗਿਆਨੀ ਜੀ ਵਿੱਚ ਨਿਰਮਾਣਤਾ ਭਰੀ ਹੋਈ ਹੈ ਅਤੇ ਅਕਸਰ ਕਿਹਾ ਕਰਦੇ ਹਨ ਕਿ ਉਹਨਾਂ ਨੂੰ ਇਹ ਜੋ ਗਿਆਨ ਪ੍ਰਾਪਤ ਹੋਇਆ ਹੈ ਉਹ ਗੁਰੂ ਰਾਮਦਾਸ ਜੀ ਦੀ ਅਪਾਰ ਬਖਸ਼ਿਸ਼ ਹੀ ਹੈ। ਇਸੇ ਸੰਬੰਧ ਵਿਚ ਪੁਰਾਣੀ ਗੱਲ ਯਾਦ ਕਰਦਿਆਂ ਗਿਆਨੀ ਜੀ ਨੇ ਦੱਸਿਆ ਕਿ ਲਾਲਾ ਧਨੀ ਰਾਮ ਚਾਤ੍ਰਿਕ ਜੀ ਦੀ ਜੀਵਨੀ ਗਿਆਨੀ ਦੇ ਕੋਰਸ ਵਿਚ ਲੱਗੀ ਹੋਈ ਸੀ। ਉਸ ਵਿਚ ਇਕ ਲਾਈਨ ਇਸ ਪ੍ਰਕਾਰ ਸੀ:

ਲਾਲਾ ਜੀ ਬਹੁਤੇ ਪੜ੍ਹੇ ਲਿਖੇ ਤਾਂ ਨਹੀ ਸਨ ਪਰ ਕਿਉਂਕਿ ਆਪ ਜੀ ਅੰਮ੍ਰਿਤਸਰ ਦੇ ਵਸਨੀਕ ਸਨ, ਇਸ ਕਰਕੇ ਇਹਨਾਂ ਨੂੰ ਗਿਆਨ ਬੜਾ ਸੀ।

੧੯੭੩ ਵਿੱਚ ਜਦ ਗਿਆਨੀ ਜੀ ਨੂੰ ਮਲਾਵੀ ਜਾਣ ਦਾ ਸੱਦਾ ਮਿਲਿਆ ਤਾਂ ਉਹਨਾਂ ਨੇ ਵਿਦੇਸ਼ਾਂ ਵਿਚ ਪੰਜਾਬੀ, ਪੰਜਾਬੀਅਤ, ਗੁਰਸਿੱਖੀ, ਗੁਰਬਾਣੀ, ਗੁਰਮੁਖੀ

ਅਤੇ ਸਿੱਖ ਇਤਿਹਾਸ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਮੁੱਖ ਨਿਸ਼ਾਨਾ ਮਿਥ ਕੇ, ਦੂਰ ਦੁਰਾਡੇ ਪੈਂਦੇ ਦੇਸ਼ਾਂ ਵਿੱਚ ਪਹੁੰਚ ਕੇ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੂੰ ਗੁਰਮਤਿ ਨਾਲ਼ ਜੋੜਨ ਦੇ ਯਥਾਸ਼ਕਤਿ ਯਤਨ ਕੀਤੇ।

ਗਿਆਨੀ ਜੀ ਇਸ ਸਮੇ ਪਰਵਾਰ ਸਮੇਤ ੧੯੯੦ ਤੋਂ ਸਿਡਨੀ, ਆਸਟ੍ਰੇਲੀਆ ਵਿੱਚ ਰਹਿ ਰਹੇ ਹਨ। ਗਿਆਨੀ ਜੀ ਦੱਸਦੇ ਹਨ ਕਿ ਆਸਟ੍ਰੇਲੀਆ ਵਿੱਚ ਆਉਣ ਤੋਂ ਬਾਅਦ ਪਰਵਾਰਕ ਉਪਜੀਵਕਾ ਚਲਾਉਣ ਵਾਸਤੇ ਏਥੋਂ ਦੇ ਸਰਕਾਰੀ, ਅਰਧ ਸਰਕਾਰੀ, ਤੇ ਗ਼ੈਰ ਸਰਕਾਰੀ ਅਦਾਰਿਆਂ ਅੰਦਰ, ਵੱਖ ਵੱਖ ਹਾਲਤਾਂ ਵਿਚ ਨੌਕਰੀ ਕਰਨ ਤੋਂ ਇਲਾਵਾ ਮੈਨੂੰ ਧਰਮ ਪ੍ਰਚਾਰ ਦੇ ਨਾਲ ਨਾਲ ਸਮਾਜਕ ਵਿਸ਼ਿਆਂ ਬਾਰੇ ਵੀ ਲਿਖਣ ਅਤੇ ਬੋਲਣ ਦੇ ਮੌਕੇ ਮਿਲਦੇ ਰਹਿੰਦੇ ਹਨ। ਦੂਰ ਨੇੜੇ ਹੋਣ ਵਾਲ਼ੇ ਧਾਰਮਿਕ, ਸਭਿਆਚਾਰਕ ਅਤੇ ਸਾਹਿਤਕ ਪ੍ਰੋਗਰਾਮਾਂ ਵਿੱਚ ਵੀ ਜਾਣ ਦਾ ਮੌਕਾ ਮਿਲਦਾ ਹੈ ਜਿਥੇ ਸਮਾਜ ਵਿੱਚ ਆ ਰਹੀਆਂ ਤਬਦੀਲੀਆਂ ਸਬੰਧੀ ਗੱਲ ਚੱਲਦੀ ਹੈ ਤਾਂ ਓਥੇ ਆਪਣੀ ਸਮਝ ਮੁਤਾਬਕ ਵਿਚਾਰ ਚਰਚਾ ਵਿਚ ਹਿੱਸਾ ਲੈਣ ਦਾ ਯਤਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਆਸਟ੍ਰੇਲੀਆ ਵਿਚ ਤੇ ਹੋਰ ਦੇਸ਼ਾਂ ਵਿਚ ਵੀ ਸੰਗਤਾਂ ਦੇ ਸੱਦੇ ਤੇ ਗੁਰੂ ਦੀ ਸਿਖਿਆ ਦੀ ਸਾਂਝ ਪਾਉਣ ਲਈ ਆਮ ਤੌਰ ਤੇ ਬੁਲਾਇਆ ਜਾਂਦਾ ਹੈ। ਉਹ ਕਹਿੰਦੇ ਹਨ ਕਿ ਮੈਂ ਆਪਣੇ ਧੰਨ ਭਾਗ ਸਮਝ ਕੇ ਤੇ ਸੰਗਤ ਵੱਲੋਂ ਬਖ਼ਸ਼ੇ ਪਿਆਰ ਤੇ ਗੁਰੂ ਜੀ ਦੀ ਕਿਰਪਾ ਸਦਕਾ, ਗੁਰੂ ਸਾਹਿਬਾਨ ਦੀਆਂ ਸਾਖੀਆਂ ਸੁਣਾਉਣ ਜਾਂਦਾ ਹਾਂ। ਅੰਮ੍ਰਿਤਸਰ ਦੀ ਯਾਤਰਾ ਸਮੇ ਕਦੀ ਕਦੀ ਪ੍ਰਬੰਧਕਾਂ ਵੱਲੋਂ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਏ ਅੰਮ੍ਰਿਤ ਵੇਲ਼ੇ ਦੇ ਹੁਕਮਨਾਮੇ ਦੀ ਕਥਾ ਕਰਨ ਦੀ ਆਗਿਆ ਵੀ ਪਰਾਪਤ ਹੋ ਜਾਂਦੀ ਸੀ। (ਪਰ ਜਦੋਂ ਦੀ ਕਥਾ ਟੀ.ਵੀ. ਤੋਂ ਪ੍ਰਸਾਰਤ ਹੁੰਦੀ ਹੈ, ਓਦੋ ਤੋਂ ਮੇਰੇ ਵਰਗੇ ਦੀ ਕੀ ਵਟੀਂਦੀ ਹੈ?) ਇਸ ਤੋਂ ਇਲਾਵਾ ਟੀ.ਵੀ., ਰੇਡੀਓ ਰਾਹੀਂ ਵੀ ਸਮੇ ਸਮੇ ਵਿਚਾਰ ਪਰਗਟ ਕਰਨ ਦੇ ਮੌਕੇ ਮਿਲਦੇ ਰਹਿੰਦੇ ਹਨ।

ਬਹੁਤ ਲੰਮਾ ਸਮਾ ਦੇਸ਼ ਵਿਦੇਸ਼ ਵਿੱਚ ਵੱਖ ਵੱਖ ਖੇਤਰਾਂ ਵਿੱਚ ਵਿਚਰਦਿਆਂ ਗਿਆਨੀ ਜੀ ਇਸ ਨਤੀਜੇ ਤੇ ਪੁੱਜੇ ਹਨ ਕਿ ਸਿੱਖ ਧਰਮ ਦਾ ਪ੍ਰਚਾਰ ਕੋਈ ਸੌਖਾ ਕੰਮ ਨਹੀ ਅਤੇ ਇਹ ਕੰਮ ਬੜੀ ਮੇਹਨਤ, ਤਵੱਜੋ, ਅਧਿਐਨ, ਤਿਆਗ ਅਤੇ ਧਿਆਨ ਦੀ ਮੰਗ ਕਰਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹ ਵੀ ਫਿਕਰ ਵਾਲ਼ੀ ਗੱਲ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਦੀ ਨਿੱਕੀ ਜਿਹੀ ਫੁਲਵਾੜੀ ਅੱਜ ਵੱਖ ਵੱਖ ਡੇਰਿਆਂ, ਸੰਪਰਦਾਵਾਂ, ਟਕਸਾਲਾਂ, ਜਥਿਆਂ, ਗਰੁਪਾਂ ਆਦਿ ਵਿਚ ਵੰਡੀਦੀ ਜਾ ਰਹੀ ਹੈ ਅਤੇ ਹਰ ਕੋਈ ਆਪਣੇ ਡੇਰੇ ਦੇ ਬਾਬੇ ਨੂੰ ਹੀ ਵੱਡਾ ਮੰਨਦਾ ਹੈ ਤੇ ਬਾਬੇ ਨਾਨਕ ਦੀ ਗੱਲ ਘੱਟ ਹੀ ਕਰਨਾ ਤੇ ਸੁਣਨਾ ਪਸੰਦ ਕਰਦਾ ਹੈ। ਅਜਿਹੀ ਸੋਚ ਵਾਲ਼ੇ ਲੋਕ ਹੀ ਬਹੁਤੀ ਥਾਈਂ ਸਿੱਖ ਧਾਰਮਿਕ ਸੰਸਥਾਵਾਂ ਉਪਰ ਕਾਬਜ਼ ਹਨ ਤੇ ਉਹ ਆਪਣੇ ਬਾਬੇ ਨੂੰ ਵੱਡਾ ਦੱਸਣ ਵਾਲ਼ੇ ਸਿੱਖ ਵਿਦਵਾਨ ਨੂੰ ਹੀ ਆਮ ਤੌਰ ਤੇ ਕੀਰਤਨ/

ਕਥਾ/ਵਿਖਿਆਨ ਦਾ ਸਮਾ ਦੇਣ ਦੇ ਯਤਨ ਵਿਚ ਹੁੰਦੇ ਹਨ। ਉਹਨਾਂ ਇੱਕ ਦਿਲਚਸਪ ਵਾਰਤਾ ਸੁਣਾਉਂਦਿਆਂ ਦੱਸਿਆ ਕਿ ਕੁਝ ਸਾਲ ਪਹਿਲਾਂ ਸਿਡਨੀ ਵਿਚ ਇਕ ਕੀਰਤਨੀ ਸਿੰਘ ਆਏ ਜੋ ਉਹ ਬੜਾ ਸੁੰਦਰ ਤੇ ਸੁਰੀਲਾ ਕੀਰਤਨ ਕਰਦੇ ਸਨ ਅਤੇ ਮੈ ਵੀ ਉਹਨਾਂ ਦਾ ਰਸਭਿੰਨਾ ਕੀਰਤਨ ਸੁਣਦਾ ਸਾਂ। ਗੁਰਦੁਆਰਾ ਸਾਹਿਬ ਆਉਣ ਵਾਲੀ ਸੰਗਤ ਨੇ ਸੁਣ ਲੈਣਾ ਅਤੇ ਯਥਾਸ਼ਕਤਿ ਕੁਝ ਸ਼ਬਦ ਭੇਟ ਵੀ ਰੱਖ ਦੇਣੀ ਪਰ ਉਹਨਾਂ ਵੱਲ ਕਿਸੇ ਨੇ ਬਹੁਤਾ ਧਿਆਨ ਨਾ ਦਿਤਾ। ਇਕ ਦਿਨ ਸ਼ਾਇਦ ਅਚਾਨਕ ਹੀ ਜਾਂ ਨੀਅਤਨ ਉਹਨਾਂ ਨੇ ਕਿਸੇ ਦੁਨੀਆ ਛੱਡ ਚੁੱਕੇ ਬਾਬੇ ਦੀ ਸਾਖੀ ਸੁਣਾਈ। ਫਿਰ ਤਾਂ ਖਾਸੀ ਸੰਗਤ ਉਹਨਾਂ ਵੱਲ ਉਚੇਚਾ ਧਿਅਨ ਦੇਣ ਲੱਗ ਪਈ। ਘਰਾਂ ਵਿਚ ਪ੍ਰਸ਼ਾਦਿਆਂ ਲਈ ਸੱਦਣ ਲੱਗ ਪਈ ਤੇ ਗੁਰਦੁਆਰੇ ਵਿੱਚ ਪੱਕੇ ਤੌਰ ਤੇ ਗ੍ਰੰਥੀ ਦੀ ਸੇਵਾ ਲਈ ਵੀ ਰੱਖਣ ਲਈ ਤਿਆਰ ਹੋ ਗਏ। ਅੱਗੇ ਉਹਨਾਂ ਨੇ ਵੀ ਸੰਗਤ ਦਾ ਰੁਖ ਭਾਂਪ ਕੇ, "ਵਖਤ ਵੀਚਾਰੇ ਸੋ ਬੰਦਾ ਹੋਇ।।" ਅਨੁਸਾਰ, ਬਾਬਿਆਂ ਦੀਆਂ ਬੀਤ ਚੁੱਕੀਆਂ ਦੋ ਪੀਹੜੀਆਂ ਨਾਲ਼ ਸਬੰਧਤ ਹੀ ਕੋਈ ਨਾ ਕੋਈ ਸਾਖੀ ਸੁਣਾਉਣੀ। ਵਰਤਮਾਨ ਪੀਹੜੀ ਦਾ ਜ਼ਿਕਰ ਕਰਨ ਤੋਂ ਸੰਕੋਚ ਕਰਨਾ ਕਿਉਂਕਿ ਹੁਣ ਉਹਨਾਂ ਦੇ ਉਤਰ ਅਧਿਕਾਰੀ ਇਕ ਤੋਂ ਵਧ ਬਣ ਚੁੱਕੇ ਹੋਣ ਕਰਕੇ, ਉਹ ਕਿਸੇ ਇਕ ਬਾਬੇ ਦੇ ਸ਼ਰਧਾਲੂ ਨੂੰ ਨਾਰਾਜ਼ ਨਹੀ ਸਨ ਕਰਨਾ ਚਾਹੁੰਦੇ। ਇਸ ਤਰ੍ਹਾਂ ਅਜੋਕੇ ਸਮੇ ਡੇਰਿਆਂ ਵਾਲੇ ਬਾਬਿਆਂ ਦਾ ਬੋਲਬਾਲਾ ਹੈ।

ਪੰਜਾਬ ਵਾਂਗ ਹੀ ਭਾਵੇਂ ਵਿਦੇਸ਼ੀਂ ਵਸਦੇ ਸਿੱਖ ਪਰਵਾਰ, ਵਿਦੇਸ਼ੀ ਸਭਿਆਚਾਰ ਵਿੱਚ ਰਹਿੰਦਿਆਂ, ਆਪਣਾ ਮੂਲ ਭੁੱਲਦੇ ਜਾ ਰਹੇ ਹਨ। ਲੇਕਿਨ ਗਿਆਨੀ ਜੀ ਦਾ ਕਹਿਣਾ ਹੈ ਕਿ ਦੂਸਰਿਆਂ ਨੂੰ ਗੁਰਮਤਿ ਦੀ ਗੱਲ ਦੱਸਣ ਵਾਸਤੇ ਗਿਆਨ ਅਤੇ ਦਲੀਲ ਦੀ ਲੋੜ ਹੈ। ਗਿਆਨ ਤੇ ਦਲੀਲ ਨਾਲ ਹੀ ਦੂਸਰਿਆਂ ਦੇ ਸ਼ੰਕੇ ਨਵਿਰਤ ਕੀਤੇ ਜਾ ਸਕਦੇ ਹਨ। ਗੁਰਦੁਆਰਿਆਂ ਦੇ ਸਮਾਗਮਾਂ ਸਮੇ ਹੁੰਦੇ ਇਕੱਠਾਂ ਵਿੱਚ ਮੌਕਾ ਮਿਲਣ ਤੇ, ਉਹ ਨਿਰੰਕਾਰ ਵੱਲੋਂ ਬਖ਼ਸ਼ੀ ਸੂਝ ਅਨੁਸਾਰ ਸਿੱਖੀ ਦੀ ਗੱਲ ਕਰਨ ਸਮੇ ਗੁਰਮੁਖੀ ਤੇ ਪੰਜਾਬੀ ਦੀ ਗੱਲ ਵੀ ਕਰਦੇ ਹਨ। ਕਿਉਂਕਿ ਸਿੱਖ ਨੂੰ ਗੁਰਬਾਣੀ ਨਾਲ ਜੁੜਨ ਲਈ ਪੰਜਾਬੀ ਬੋਲੀ ਅਤੇ ਗੁਰਮੁਖੀ ਅੱਖਰਾਂ ਨਾਲ ਜੁੜਨਾ ਲਾਜ਼ਮੀ ਬਣਦਾ ਹੈ।

ਗਿਆਨੀ ਜੀ ਦਸਦੇ ਹਨ ਕਿ ਪ੍ਰਚਾਰ ਸਮੇ ਕਈ ਵਾਰ ਵਿਚਾਰਾਂ ਦੇ ਵਖਰੇਵੇਂ ਦੇਖਣ ਨੂੰ ਮਿਲਦੇ ਹਨ ਪ੍ਰੰਤੂ ਉਹ ਸੰਗਤਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਯਾਦਾ ਨਾਲ ਜੋੜਨ ਦਾ ਯਤਨ ਕਰਦੇ ਹਨ, ਕਿਉਂਕਿ ਸਿੱਖ ਰਹਿਤ ਮਰਯਾਦਾ ਵਿੱਚ ਵਖਰੇਵਾਂ, ਸ੍ਰੀ ਅਕਾਲ ਤਖਤ ਸਾਹਿਬ ਦੀ ਪੰਥ ਪ੍ਰਵਾਨਤ ਤੇ ਓਥੋਂ ਜਾਰੀ ਹੋਈ ਸਿੱਖ ਰਹਿਤ ਮਰਯਾਦਾ ਅਤੇ ਸਮੇ ਸਮੇ ਜਾਰੀ ਹੁੰਦੇ ਹੁਕਮਨਾਮਿਆਂ ਨੂੰ ਮੰਨਣ ਨਾਲ ਹੀ ਘਟ ਹੋ ਸਕਦਾ ਹੈ ਅਤੇ ਸਾਰੇ ਗੁਰਦੁਆਰਿਆਂ ਵਿੱਚ ਇਕ ਪ੍ਰਵਾਨਤ ਰਹਿਤ

ਮਰਯਾਦਾ ਲਾਗੂ ਹੋ ਸਕਦੀ ਹੈ। ਬੇਸ਼ੱਕ ਸੰਤ, ਮਹਾਂ ਪੁਰਸ਼ ਅਤੇ ਪੰਥਕ ਸੰਸਥਾਵਾਂ, ਪ੍ਰਚਾਰਕ, ਰਾਗੀ ਤੇ ਢਾਡੀ ਸਿੰਘ, ਆਪਣੇ ਆਪਣੇ ਤੌਰ ਤੇ ਧਰਮ ਪ੍ਰਚਾਰ ਵਿੱਚ ਯੋਗਦਾਨ ਪਾ ਰਹੇ ਹਨ ਪ੍ਰੰਤੂ ਜਾਣੇ ਅਣਜਾਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਤ ਮਰਯਾਦਾ ਦੀ ਬਜਾਏ ਇਹਨਾਂ ਵੱਲੋਂ ਅਪਣਾਈ ਜਾਂਦੀ ਆਪਣੀ ਆਪਣੀ ਰਹਿਤ ਮਰਯਾਦਾ ਤੇ ਢੰਗ ਤਰੀਕੇ, ਸਿੱਖ ਸੰਗਤਾਂ ਵਿਚ ਸ਼ੰਕਿਆਂ ਦਾ ਕਾਰਨ ਬਣਦੇ ਹਨ। ਵਿਦੇਸ਼ਾਂ ਵਿੱਚ ਵੀ ਪੰਜਾਬ ਦੀ ਤਰ੍ਹਾਂ ਗੁਰਦੁਆਰਿਆਂ ਉਪਰ ਕਬਜ਼ਾ ਕਰਨ ਤੇ ਇਸ ਕਬਜੇ ਨੂੰ ਕਾਇਮ ਰੱਖਣ ਲਈ ਕੀਤੇ ਜਾਣ ਵਾਲ਼ੇ ਝਗੜੇ ਮਨ ਨੂੰ ਠੇਸ ਪਹੁੰਚਾਂਦੇ ਹਨ ਤੇ ਨੌਜਵਾਨ ਪੀਹੜੀ ਨੂੰ ਗੁਰਦੁਆਰਿਆਂ ਤੋਂ ਦੂਰ ਲਿਜਾਂਦੇ ਹਨ।

ਆਪਣੀ ਸਾਹਿਤਕ ਖਿੱਚ ਅਤੇ ਲਗਨ ਬਾਰੇ ਉਹਨਾਂ ਦਾ ਕਹਿਣਾ ਹੈ:

ਸ਼ੁਰੂ ਤੋਂ ਹੀ ਲਿਖਣ ਦਾ ਸ਼ੌਕ ਹੋਣ ਕਾਰਣ ਜਦ ਵੀ ਮੌਕਾ ਮਿਲੇ ਤਾਂ ਕੰਪਿਊਟਰ ਦੇ ਕੀ ਬੋਰਡ ਤੇ ਕੁਝ ਟਾਈਪ ਕਰ ਲਈਦਾ ਹੈ। ਦੇਸੋਂ ਬਾਹਰ ਆਉਣ ਤੋਂ ਪਹਿਲਾਂ ਅਰਥਾਤ ਸਠਵਿਆਂ ਤੇ ਸੱਤਰਵਿਆਂ ਦੌਰਾਨ ਵੀ ਕੁਝ ਇਤਿਹਾਸ ਤੇ ਚਲੰਤ ਮਾਮਲਿਆਂ ਬਾਰੇ ਲੇਖ, ਅਕਾਲੀ ਪੱਤ੍ਰਕਾ, ਕੌਮੀ ਦਰਦ, ਗੁਰਮਤਿ ਪ੍ਰਕਾਸ਼, ਗੁਰਦੁਆਰਾ ਗਜ਼ਟ ਆਦਿ ਵਿਚ ਛਪਿਆ ਕਰਦੇ ਸਨ। ਫਿਰ ਬਾਹਰ ਆਉਣ ਤੇ ਅਤੇ ਇਕ ਥਾਂ ਨਾ ਬੈਠਣ ਕਰਕੇ ਕਈ ਸਾਲ ਕੇਵਲ ਬੋਲ ਕੇ ਹੀ ਗੁਜ਼ਾਰਾ ਹੁੰਦਾ ਰਿਹਾ। ਆਸਟ੍ਰੇਲੀਆ ਵਿਚ ਆਉਣ ਪਿੱਛੋਂ ਪਰਵਾਰਕ ਗੁਜ਼ਾਰੇ ਲਈ ਦਫ਼ਤਰਾਂ, ਫ਼ੈਕਟਰੀਆਂ ਆਦਿ ਵਿਚ ਨੌਕਰੀਆਂ ਕਰਨ ਕਰਕੇ ਸੁਰਤ ਭੁੱਲੀ ਰਹੀ। "ਵੇਲ਼ੇ ਦਾ ਰਾਗ ਕੁਵੇਲ਼ੇ ਦੀਆਂ ਟੱਕਰਾਂ" ਅਨੁਸਾਰ ਜਦੋਂ ਜਵਾਨੀ ਸਮੇ ਇਹ ਕੁਝ ਕਰਨ ਦਾ ਸਮਾ ਤੇ ਸ਼ਕਤੀ ਸੀ ਓਦੋਂ 'ਵਿੱਦਿਅਕ ਰੁਝੇਵਿਆਂ' ਵਿਚ ਰੁਝੇ ਰਹੇ ਤੇ ਜਦੋਂ ਇਸ ਪਾਸੇ ਆਉਣ ਦਾ ਸਮਾ ਸੀ ਓਦੋਂ ਓਧਰ ਉਪਜੀਵਕਾ ਕਮਾਉਣ ਵਾਲ਼ੇ ਪਾਸੇ ਜਾ ਪਏ। ਕਈ ਵਾਰ ਮੈ ਹਾਸੇ ਨਾਲ਼ ਆਖਦਾ ਹੁੰਦਾ ਹਾਂ ਕਿ ਕੁਦਰਤ ਵੱਲੋਂ ਮੇਰੇ ਜੀਵਨ ਦਾ ਪਹਿਲਾ ਅਧ ਪਿੱਛੇ ਤੇ ਦੂਜਾ ਅਧ ਅੱਗੇ ਲੱਗਾ ਦਿਤਾ ਗਿਆ ਹੈ। ਹੁਣ ਕੁਝ ਸਾਲਾਂ ਤੋਂ ਸਭ ਕਾਸੇ ਤੋਂ ਵੇਹਲ ਮਿਲ ਜਾਣ ਕਰਕੇ ਫਿਰ ਲਿਖਣ ਵੱਲ ਰੁਚੀ ਹੋ ਗਈ ਹੈ ਤੇ ਇਹ ਕੰਮ ਕਰਨ ਲਈ ਸੰਪਾਦਕ, ਪਾਠਕ ਤੇ ਮਿਤਰ ਸੱਜਣ ਬਹੁਤ ਹੌਸਲਾ ਅਫ਼ਜ਼ਾਈ ਕਰ ਰਹੇ ਹਨ। ਦੇਸ਼ ਵਿਦੇਸ਼ ਦੇ ਇੰਟਰਨੈਟ ਅਤੇ ਦੂਜੇ ਅਖ਼ਬਾਰਾਂ ਰਸਾਲਿਆਂ ਆਦਿ ਵਿੱਚ, ਪਾਠਕਾਂ ਦੇ ਪਿਆਰ ਤੇ ਉਹਨਾਂ ਦੇ ਸੰਪਾਦਕਾਂ ਦੀ ਉਦਾਰਤਾ ਦਾ ਸਦਕਾ ਵੱਖ ਵੱਖ ਵਿਸ਼ਿਆਂ ਬਾਰੇ ਮੇਰੇ ਲੇਖ ਆਮ ਤੌਰ ਤੇ ਛਪਦੇ ਹੀ ਰਹਿੰਦੇ ਹਨ। ਸਮਾਜ ਵਿੱਚ ਆਉਂਦੀਆਂ ਤਬਦੀਲੀਆਂ ਅਤੇ ਆਸੇ ਪਾਸੇ ਘਟਦੀਆਂ ਘਟਨਾਵਾਂ ਕਾਰਨ ਵੀ ਮਨੁੱਖ ਮਾਤਰ ਦੇ ਜੀਵਨ ਅਤੇ ਰਹਿਣ ਸਹਿਣ, ਧਾਰਮਿਕ ਤੇ ਸਮਾਜਕ ਤਾਣੇ ਬਾਣੇ ਵਿੱਚ ਜੋ ਤਬਦੀਲੀ ਆ ਰਹੀ ਹੈ, ਉਸ ਬਾਰੇ ਵੀ ਸਮੇ ਸਮੇ ਕੁਝ ਨਾ ਕੁਝ ਲਿਖਦਾ ਰਹਿੰਦਾ ਹਾਂ। ਨਵੰਬਰ ੨੦੦੬ ਵਿੱਚ 'ਸੱਚੇ ਦਾ ਸੱਚਾ ਢੋਆ' ਮੇਰੀ ਪਹਿਲੀ ਪੁਸਤਕ ਜਿਸ ਵਿੱਚ ਮੇਰੀਆਂ

ਧਾਰਮਿਕ ਤੇ ਸਮਾਜਕ ਰਚਨਾਵਾਂ ਅਤੇ ਪੰਜਾਬੀ ਭਾਸ਼ਾ ਬਾਰੇ ਲੇਖਾਂ ਤੋਂ ਇਲਾਵਾ ਆਪਣੇ ਨਾਲ ਘਟੀਆਂ ਕੁਝ ਘਟਨਾਵਾਂ ਦਾ ਵਰਨਣ ਵੀ ਹੈ। ਮੈ ਹੈਰਾਨ ਰਹਿ ਗਿਆ ਇਹ ਜਾਣ ਕੇ ਕਿ ਪਾਠਕਾਂ ਨੇ ਇਸ ਨੂੰ ਕਿਵੇਂ ਏਨਾ ਮਾਣ ਦਿਤਾ। ਬਹੁਤ ਸਾਰੇ ਪਾਠਕਾਂ ਵੱਲੋਂ ਜ਼ਬਾਨੀ ਤੇ ਲਿਖਤੀ ਵੀ ਇਸ ਦੀ ਪ੍ਰਸੰਸਾ ਹੋਈ ਹੈ।

ਸੋ ਗਿਆਨੀ ਸੰਤੋਖ ਸਿੰਘ ਜੀ ਇੱਕ ਉਹ ਸਿੱਖ ਸ਼ਖਸੀਅਤ ਹੈ ਜਿਹੜੀ ਨਿਰੰਤਰ ਗਤੀਸ਼ੀਲ ਰਹਿ ਕੇ ਆਪਣਾ ਕੌਮੀ ਫਰਜ਼ ਨਿਭਾ ਰਹੀ ਹੈ ਅਤੇ ਸਿੱਖ ਸਮਾਜ ਨੂੰ ਬਿਲਕੁਲ ਖਾਲਸ ਭਾਵ ਸ਼ੁੱਧ ਵੇਖਣ ਦੀ ਤਾਂਘ ਮਨ ਵਿਚ ਸਮੋਈ ਬੈਠੀ ਹੈ। ਅਜਿਹੇ ਸ਼ਖਸ ਦੀ ਸਾਨੂੰ ਸਭ ਨੂੰ ਹੌਸਲਾ ਅਫਜ਼ਾਈ ਕਰਨੀ ਬਣਦੀ ਹੈ।



# ਆਲ਼ੇ ਭੋਲ਼ੇ, ਘੁਗੂ ਘੋੜੇ

ਗਿਆਨੀ ਜੋਗਿੰਦਰ ਸਿੰਘ ਅਜ਼ਾਦ
੧੯੧, ਰਾਣਾ ਗਾਰਡਨ, ਮਹਿਤਾ ਰੋਡ,
ਅੰਮ੍ਰਿਤਸਰ।

"ਆਲੇ ਭੋਲੇ ਲੈ ਲਓ ਭਾਈ! ਆਲੇ ਭੋਲੇ!! ਘੁੱਗੂ ਘੋੜੇ ਲੈ ਲਓ ਭਾਈ! ਘੁੱਗੂ ਘੋੜੇ!! ਆਲੇ ਭੋਲੇ ਲੈ ਲਓ ਓ ਓ ਓ ਓ.........।"

ਮਹਿਲਾਂ ਵਿਚੋਂ ਰਾਜਕੁਮਾਰੀ ਨੇ ਆਵਾਜ਼ ਸੁਣੀ ਤੇ ਦੌੜ ਕੇ ਮਾਂ ਰਾਣੀ ਕੋਲ ਪਹੁੰਚ ਗਈ। "ਮਾਂ ਰਾਣੀ...ਮਾਂ ਰਾਣੀ...ਬਾਹਰ ਆਲੇ ਭੋਲੇ ਵਿਕਣ ਆਏ ਨੇ। ਮੈਂ ਆਲੇ ਭੋਲੇ ਲੈਣੇ ਨੇ " ਮਾਂ ਰਾਣੀ ਨੇ ਗੋਲੀ ਨੂੰ ਭੇਜ ਕੇ ਟੋਕਰੀ ਦੀ ਟੋਕਰੀ ਆਲੇ ਭੋਲੇ ਮੁੱਲ ਲੈ ਕੇ ਰਾਜਕੁਮਾਰੀ ਨੂੰ ਦੇ ਦਿੱਤੇ। ਰਾਜਕੁਮਾਰੀ ਨੇ ਆਪਣੇ ਕਮਰੇ ਵਿਚ ਖਿਡੋਲਣਿਆਂ ਅੰਦਰ ਖਿਡੌਣੇ ਸਵਾਰ ਕੇ ਰੱਖ ਦਿੱਤੇ। ਰੋਜ਼ ਦੁਪਹਿਰੇ ਰਾਜਕੁਮਾਰੀ ਇਹਨਾਂ ਆਲੇ ਭੋਲੇ ਖਿਡਾਉਣਿਆਂ ਨਾਲ ਖੇਡ ਕੇ ਮੁੜ ਥਾਉਂ ਥਾਈਂ ਰੱਖ ਦਿੰਦੀ। ਕਦੇ ਕਦੇ ਰਾਜਕੁਮਾਰੀ ਬਹੁਤ ਹੈਰਾਨ ਪ੍ਰੇਸ਼ਾਨ ਹੁੰਦੀ। ਕਿਉਂ? ਕਿਉਂਕਿ ਜਿੱਥੇ ਜਿੱਥੇ ਖਿਡਾਉਣੇ ਰੱਖਦੀ, ਅਗਲੀ ਸਵੇਰ ਉਹ ਆਪਣੇ ਆਪਣੇ ਥਾਂ ਤੇ ਨਹੀਂ ਸਨ ਰਹਿੰਦੇ। ਥਾਵਾਂ ਦੀ ਅਦਲਾ ਬਦਲੀ ਹੋਈ ਹੁੰਦੀ। ਇੱਕ ਰਾਤ ਰਾਜਕੁਮਾਰੀ ਦੀ ਅਚਾਨਕ ਨੀਂਦ ਟੁੱਟ ਗਈ। ਉਸ ਨੂੰ ਆਪਣੇ ਕਮਰੇ ਅੰਦਰ ਬੜੀਆਂ ਅਜੀਬੋ ਗਰੀਬ ਅਵਾਜ਼ਾਂ ਸੁਣਾਈ ਦਿੱਤੀਆਂ। ਕਿਸੇ ਦੇ ਏਧਰ ਓਧਰ ਨੱਸਣ ਭੱਜਣ ਦੀਆਂ ਆਵਾਜਾਂ। ਕਿਧਰੇ ਨਿੱਕੇ ਨਿੱਕੇ ਹਾਸੇ, ਕਾਨਾਫੂਸੀ ਤੇ ਸਵਾਲ ਜਵਾਬ ਸੁਣਾਈ ਦੇਣ ਲੱਗੇ। ਇਹ ਸਿਲਸਲਾ ਅਕਸਰ ਕਦੇ ਕਦੇ ਇਸ ਤਰ੍ਹਾਂ ਚੱਲਦਾ ਰਹਿੰਦਾ।

ਇੱਕ ਰਾਤ ਰਾਜਕੁਮਾਰੀ ਨੇ ਹੌਲ਼ੀ ਹੌਲ਼ੀ ਉਹਨਾਂ ਆਲੇ ਭੋਲਿਆਂ ਦੀਆਂ ਹਰਕਤਾਂ ਅੱਖੀਂ ਵੇਖ ਤੇ ਕੰਨੀਂ ਸੁਣ ਲਈਆਂ। ਸਾਰੇ ਆਲੇ ਭੋਲੇ ਗਹਿਰੀ ਰਾਤ ਨੂੰ ਆਪਣੀਆਂ ਆਪਣੀਆਂ ਥਾਵਾਂ ਛੱਡ ਕੇ, ਆਪਣੀ ਆਪਣੀ ਪਸੰਦ ਦੀਆਂ ਖੇਡਾਂ ਵਿਚ ਮਸਤ ਸਨ। ਰਾਜਕੁਮਾਰੀ ਤੋਂ ਕੋਈ ਵਸਤੂ ਹਨੇਰੇ 'ਚ ਡਿਗਣ ਕਰਕੇ ਜਦ ਖੜਾਕ ਆਇਆ ਤਾਂ ਆਲੇ ਭੋਲਿਆਂ ਨੇ ਛੇਤੀ ਛੇਤੀ ਆਪਣੀ ਆਪਣੀ ਥਾਂ ਤੇ ਜਾਣ ਦੀ ਬਜਾਏ, ਜਿਥੇ ਜਿਥੇ ਥਾਂ ਮਿਲੀ ਓਥੇ ਓਥੇ ਟਿਕ ਗਏ।

ਮੇਰੀ ਦਾਦੀ ਮਾਂ ਸਿਆਲ ਦੀਆਂ ਲੰਮੀਆਂ ਰਾਤਾਂ ਦੇ ਆਰੰਭ ਵਿਚ ਇਹੋ ਜਿਹੀਆਂ ਬਾਤਾਂ ਆਪਣੇ ਸਾਰੇ ਪੋਤੇ ਪੋਤੀਆਂ ਨੂੰ ਸੁਣਾਉਂਦੀ। ਮੇਰੀ ਸਮਝ 'ਚ ਕਦੀ

ਨਾ ਆਉਂਦਾ ਕਿ ਮਿਟੀ ਦੇ ਖਿਡਾਉਣੇ ਕਿਵੇਂ ਆਪਸ ਵਿਚ ਗੱਲਾਂ ਕਰਦੇ ਹੋਣਗੇ? ਕਿਵੇਂ ਹਿਲ ਜੁਲ ਕੇ ਖੇਡਾਂ ਖੇਡਦੇ ਹੋਣਗੇ? ਦਾਦੀ ਮਾਂ ਨੂੰ ਪੁਛਣਾ ਤਾਂ ਉਸ ਹਰ ਵਾਰੀ ਇੱਕੋ ਜਵਾਬ ਦੇਣਾ, "ਭਲਿਆਂ ਸਮਿਆਂ 'ਚ ਜਾਨਵਰ, ਕੀੜੇ ਮਕੌੜੇ, ਦਰੱਖ਼ਤ, ਬੂਟੇ ਸਭ ਸਾਡੇ ਵਾਂਗੂੰ ਗੱਲਾਂ ਬਾਤਾਂ ਵੀ ਕਰਦੇ ਹੁੰਦੇ ਸਨ ਤੇ ਇੱਕ ਦੂਜੇ ਕੋਲ ਵਾਂਢੇ ਵੀ ਜਾਂਦੇ ਸਨ।" ਬਚਪਨ ਦੀ ਹੈਰਾਨਗੀ ਰਾਤ ਦੀ ਨੀਂਦ ਵਿਚ ਕਦੋਂ ਸੁਪਨਾ ਬਣ ਜਾਂਦੀ, ਪਤਾ ਹੀ ਨਾ ਲੱਗਦਾ।

ਨਵੰਬਰ ੨੦੦੬ ਦੀ ਇੱਕ ਸਵੇਰ ਸਵ: ਡਾ: ਜਤਿੰਦਰਪਾਲ ਸਿੰਘ ਜੌਲੀ ਦਾ ਫ਼ੋਨ ਆਇਆ:

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਮੀਨਾਰ ਹਾਲ ਵਿਚ ਸਿੱਖ ਧਰਮ ਦੇ ਵਿਸ਼ੇ ਤੇ ਸੈਮੀਨਾਰ ਹੋ ਰਿਹਾ ਹੈ, ਜਿਸ ਦੀ ਸਦਾਰਤ ਸਮੇ ਦੇ ਵਿਗਿਆਨੀ ਡਾ: ਜਸਵੰਤ ਸਿੰਘ ਜੀ ਨੇਕੀ ਕਰ ਰਹੇ ਹਨ, ਜ਼ਰੂਰ ਹਾਜ਼ਰੀ ਭਰਨੀ।

ਮੈਂ ਨਿਰਧਾਰਤ ਸਮੇ ਤੇ ਯੂਨੀਵਰਸਿਟੀ ਦੇ ਸੈਮੀਨਾਰ ਹਾਲ ਵਿਚ ਮੁਨਾਸਬ ਸੀਟ ਤੇ ਬੈਠਾ ਕਿਸੇ ਗਹਿਰ ਗੰਭੀਰ ਪ੍ਰਵਕਤਾ ਵੱਲੋਂ ਪੜ੍ਹਿਆ ਜਾ ਰਿਹਾ ਪਰਚਾ ਸੁਣ ਰਿਹਾ ਸੀ ਕਿ ਅਚਾਨਕ ਇੱਕ ਜਥੇਦਾਰ ਜਿਹਾ ਲੱਗਦਾ ਸੱਜਣ ਸੈਮੀਨਾਰ ਹਾਲ ਵਿਚ ਪ੍ਰਵੇਸ਼ ਕੀਤਾ। ਸ਼ਾਤ ਤੇ ਠਹਿਰੇ ਹੋਏ ਵਾਤਾਵਰਨ ਵਿਚ ਪਾਣੀ 'ਚ ਡਿੱਗੇ ਕੰਕਰ ਵਾਂਗ ਹਿੱਲਜੁਲ ਹੋਈ। ਮੇਰੇ ਪਾਸ ਵਾਲੀ ਸੀਟ ਤੋਂ ਕੋਈ ਸੱਜਣ ਉਠ ਕੇ ਜਾ ਚੁੱਕਾ ਸੀ। ਖਾਲੀ ਥਾਂ ਵੇਖ ਕੇ ਇਸ਼ਾਰੇ ਨਾਲ ਮੈ ਉਸ 'ਜਥੇਦਾਰ' ਨੂੰ ਸੀਟ ਪੇਸ਼ ਕਰ ਦਿੱਤੀ। ਵਾਤਾਵਰਨ ਫੇਰ ਸ਼ਾਂਤ ਹੋ ਗਿਆ। ਅਚਾਨਕ ਮੇਰੇ ਸਾਹਮਣੇ ਇੱਕ ਮੁਸ਼ਕਲ ਆ ਗਈ। ਮੈਂ ਉਡਣ ਤਸਤਰੀਆਂ ਬਾਰੇ ਪੜ੍ਹਦਾ ਰਹਿੰਦਾ ਸੀ। ਮੈਂ ਅੰਗ੍ਰੇਜ਼ੀ ਵਿੱਚ ਸੰਕੋਚਵੇਂ ਇਸ਼ਾਰੇ ੂ.ਢੌ.. ਦੀ ਫੁੱਲ ਫਾਰਮ ਜਾਨਣ ਦੀ ਇੱਛਾ ਨਾ.ਲ, ਪਰਚੀ ਲਿਖ ਕੇ ਇਸ ਭੱਦਰਪੁਰਸ਼ ਅੱਗੇ ਸਰਕਾ ਦਿੱਤੀ। ਮਨ ਵਿੱਚ ਸ਼ੱਕ ਵੀ ਸੀ ਕਿ ਸ਼ਕਲ, ਸੂਰਤ ਤੇ ਪਹਿਰਾਵੇ ਤੋਂ ਤਾਂ ਨਹੀਂ ਲੱਗਦਾ ਕਿ ਇਸ ਪਾਸ ਇਸ ਗੱਲ ਦਾ ਹੱਲ ਹੋਵੇਗਾ ਪਰ ਜਦ ਦੂਜੇ ਪਾਸਿਉਂ ਪਰਚੀ ਮੁੜ ਆਈ ਤੇ ਉਸ ਉਪਰ, ਦੋਹਾਂ ਭਾਸ਼ਾਵਾਂ ਵਿਚ ਜਵਾਬ ਅੰਕਤ ਸੀ, "ਬੇਪਛਾਣ ਉਡਣੀਆਂ ਵਸਤੂਆਂ ਅਰਥਾਤ ੂਨਦਿਣਨਟਡਿਇਦ ਢਲੇਨਿਗੌਬਜਣਚਟਸ." ਤਾਂ ਫਿਰ ਮੈਂ ਬੜੇ ਗੌਰ ਨਾਲ ਬੈਠੇ ਬਠਾਏ ਹੀ ਸਾਰੀ ਦੀ ਸਾਰੀ ਸ਼ਖ਼ਸੀਅਤ ਦੀ ਸੂਰਤ ਤੇ ਸੀਰਤ ਦਾ ਜਾਇਜ਼ਾ ਲਿਆ ਤਾਂ ਬਚਪਨ ਸਮੇ ਦੀਆਂ ਸੁਣੀਆਂ ਦਾਦੀ ਮਾਂ ਦੀਆਂ ਬਾਤਾਂ ਵਿਚਲੇ ਆਲੇ ਭੋਲਿਆਂ ਵਿੱਚੋਂ ਇੱਕ ਘੁਗੂ ਘੋੜਾ ਸਾਖਿਆਤ ਸਾਹਮਣੇ ਆ ਖੜ੍ਹਾ ਹੋਇਆ। ਜੇਹੜਾ ਜਵਾਬ ਦਾਦੀ ਭਲਿਆਂ ਸਮਿਆਂ ਵਿੱਚ ਸੁੱਟ ਦਿੰਦੀ ਸੀ, ਜਾਂ ਤਾਂ ਉਹ ਜਵਾਬ ਸੁਪਨਿਆਂ ਚੋਂ ਬਾਹਰ ਆ ਗਿਆ ਜਾਂ ਫਿਰ ਕਿਧਰੇ ਭਲਾ ਸਮਾ ਹੀ ਆ ਗਿਆ ਹੋਵੇ।

ਇਹ ਆਲਾ ਭੋਲਾ ਸੀ ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ ਦਾ ਵਸਨੀਕ।

ਇਹ ਵੀ ਪਛਾਣ ਲੰਚ ਟਾਈਮ ਵਿੱਚ ਬਾਹਰ ਆਉਣ ਤੇ ਇੱਕ ਦੂਜੇ ਦੇ ਸਾਹਮਣੇ ਆਈ। ਮੇਰੀਆਂ ਮਨੋਕਲਪਣਾਂ ਦਾ ਜਵਾਬ ਦਿੰਦਿਆਂ ਉਹ ਵੀ ਖੂਬ ਹੱਸੇ। ਕਹਿਣ ਲੱਗੇ ਤੇਰੀ ਪਰਚੀ ਵੇਖ ਕੇ ਮੈਂ ਵੀ ਹੈਰਾਨ ਹੋਇਆ ਕਿ ਇਹ ਕੌਣ ਹੈ ਜੋ ਵਿਗਿਆਨਕ ਸ਼ਾਰਟ ਫਾਰਮ ਦੇ ਉਤਰ ਫੁੱਲ ਫਾਰਮ ਵਿੱਚ ਲੱਭ ਰਿਹਾ ਹੈ? ਸ਼ਾਇਦ ਮੈਂ ਵੀ ਉਸ ਵੱਲੋਂ ਸੁਣੀਆਂ ਬਾਤਾਂ ਦਾ ਕੋਈ ਅਣਗੌਲ਼ਿਆ ਪਾਤਰ ਹੀ ਹੋਵਾਂ!

ਗਿਆਨੀ ਜੀ ਦਾ ਇੱਕ ਸਭ ਤੋਂ ਛੋਟਿਉਂ ਵੱਡਾ ਭਰਾ, ਸ. ਸੇਵਾ ਸਿੰਘ, ਮੇਰਾ ਹਮ ਉਮਰ ਮਿੱਤਰ, ਹਮਪੱਲਾ ਤੇ ਸਹਿਪਾਠੀ ਵੀ ਸੀ। ਅਸੀਂ ਤਕਰੀਬਨ ਤਿੰਨ ਕੁ ਸਾਲ ਇੱਕ ਹੋਰ ਸਹਿਪਾਠੀ ਨਾਲ ਇਕੱਠੇ ਅੰਮ੍ਰਿਤਸਰ ਦੀਆਂ ਗਲੀਆਂ ਬਜ਼ਾਰ ਕੱਛਦੇ ਰਹਿੰਦੇ। ਸਾਡੀ ਗੱਲ ਬਾਤ ਵਿੱਚ ਅਕਸਰ ਇੱਕ ਮੇਰੇ ਵੱਲੋਂ ਅਣਦੇਖਿਆ ਪਾਤਰ ਬਦੋ ਬਦੀ ਆ ਘੁਸਦਾ। ਉਹ ਸੀ ਭਾ ਸੰਤੋਖ ਸਿੰਘ, ਸੇਵਾ ਸਿੰਘ ਦਾ ਵੱਡਾ ਭਰਾ। ਉਹ ਗੁਰਮੁਖੀ ਤੇ ਗੁਰਬਾਣੀ ਆਪਣੇ ਪਿਤਾ ਪਾਸੋਂ ਪੜ੍ਹ ਕੇ, ਬਚਪਨ ਤੋਂ ਹੀ ਤਰਨ ਤਾਰਨ ਵਿਦਿਆਲਾ ਅਤੇ ਅੰਮ੍ਰਿਤਸਰ ਦੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਵਿੱਦਿਆ ਪਰਾਪਤ ਕਰਕੇ, ਅਖ਼ਬਾਰਾਂ ਪੜ੍ਹਦਾ ਪੜ੍ਹਦਾ, ਘਰੋਂ ਤੇ ਦੇਸੋਂ ਬਾਹਰ ਹੀ ਵਿਚਰਦਾ ਰਿਹਾ, ਤਾਂ ਹੀ ਤਾਂ ਮੇਰੇ ਸਾਹਮਣੇ ਕਦੇ ਸਾਖਿਆਤ ਪ੍ਰਗਟ ਨਾ ਹੋਇਆ। ਇਸ ਕਰਕੇ ਇਸ ਭਾ ਸੰਤੋਖ ਬਾਰੇ ਪਤਾ ਨਹੀਂ ਮੈਂ ਮਨ ਹੀ ਮਨ ਕਿੰਨੀਆਂ ਹੀ ਕਲਪਤ ਤਸਵੀਰਾਂ ਬਣਾਈਆਂ ਤੇ ਮੇਟੀਆਂ ਹੋਣਗੀਆਂ।

ਯੂਨੀਵਰਸਿਟੀ ਵਾਲ਼ੇ ਸੈਮੀਨਾਰ ਤੋਂ ਥੋਹੜੇ ਹੀ ਦਿਨਾਂ ਪਿੱਛੋਂ, ਅਜੀਤ ਅਖ਼ਬਾਰ ਦੇ ਪਹਿਲੇ ਪੰਨੇ ਉਪਰ, ਇਕ ਸ਼ੋਕਮਈ ਇਸ਼ਤਿਹਾਰ, ਭਾਈ ਗਿਆਨ ਸਿੰਘ ਜੀ ਬਾਰੇ ਛਪਿਆ। ਉਹਨਾਂ ਦੀ ਅੰਤਮ ਅਰਦਾਸ ਦੇ ਸਮਾਗਮ ਦਾ ਸਮਾ ਅਤੇ ਸਥਾਨ ਪੜ੍ਹ ਕੇ ਜਦ ਸੇਵਾ ਸਿੰਘ ਨਾਂ ਪੜ੍ਹਿਆ ਤਾਂ ਸਿਸ਼ਟਾਚਾਰ ਨਾਤੇ ਮੈ ਓਥੇ ਪਹੁੰਚਿਆ ਤਾਂ, ਇਹੀ ਸੰਤੋਖ ਸਿੰਘ ਹਰ ਪਾਸੇ ਕਰਤਾ ਧਰਤਾ ਵੇਖ ਕੇ ਮੇਰਾ ਹੈਰਾਨ ਹੋਣਾ ਲਾਜ਼ਮੀ ਸੀ। ਸਮਾਪਤੀ ਉਪ੍ਰੰਤ ਪਤਾ ਲੱਗਾ ਕਿ ਮੇਰੇ ਜਮਾਤੀ ਦਾ ਵੱਡਾ ਭਰਾ, ਭਾ ਸੰਤੋਖ ਇਹੀ ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ ਹੈ, ਜੋ ਇਸ ਵੇਲੇ ਆਲੇ ਭੋਲੇ ਰੂਪ 'ਚ ਸਾਹਮਣੇ ਹੈ।

ਅਜੇ ਸਾਡੇ ਵਿੱਚ ਸੰਕੋਚਵੇ ਤੇ ਸਤਿਕਾਰਤ ਸ਼ਬਦਾਂ ਨਾਲ ਹੀ ਆਹਮਣਾ ਸਾਹਮਣਾ ਹੁੰਦਾ ਸੀ। ਫਿਰ ਹੌਲ਼ੀ ਹੌਲ਼ੀ ਤਕੱਲਫ਼ੀ ਕੰਧ ਢਹਿ ਗਈ ਤੇ ਆਪਸੀ ਉਮਰਾਂ ਦਾ, ਵਿਦਵਤਾ ਦਾ ਤੇ ਸਿਸ਼ਟਾਚਾਰੀ ਦਾ ਲਿਹਾਜ ਰੱਖਦਿਆਂ ਹੋਇਆਂ ਵੀ ਖੁਲ੍ਹੀ ਡੁਲ੍ਹੀ ਵਾਰਤਾਲਾਪ ਆਰੰਭ ਹੋ ਗਈ।

ਇਕ ਦਿਨ ਫ਼ੋਨ ਰਾਹੀਂ ਬੋਲੇ:

ਮੈਂ ਘਰ ਆ ਰਿਹਾ ਹਾਂ। ਇੱਕ ਤਾਂ ਤੁਹਾਡਾ ਪ੍ਰੋਜੈਕਟ ਸੁਣਨਾ, ਪੜ੍ਹਨਾ ਤੇ ਵੇਖਣਾ ਹੈ। ਦੂਜਾ ਮੈ ਵੀ ਆਪਣੀਆਂ 'ਯੱਭਲ਼ੀਆਂ' ਦੀ ਪੰਡ ਤੁਹਾਨੂੰ ਸੌਂਪਣੀ ਹੈ।

ਓਸੇ ਸ਼ਾਮ ਸ. ਸੇਵਾ ਸਿੰਘ ਨਾਲ ਆ ਪਧਾਰੇ। ਆਪਣੀ ਪਹਿਲੀ ਰਚਨਾ 'ਸਚੇ

ਦਾ ਸਚਾ ਢੋਆ' ਦੀ ਇੱਕ ਕਾਪੀ,

"ਤਕਰੀਬਨ ਸਰਬ ਗੁਣ ਸੰਪੂਰਨ ਹਸਤੀ ਨੂੰ ਸਤਿਕਾਰ ਸਹਿਤ ਭੇਟਾ। - ਸੰਤੋਖ ਸਿੰਘ, ਤਰੀਕ ੨੮-੦੨-੦੮"

ਲਿਖ ਕੇ ਮੇਰੇ ਅਰਪਣ ਕੀਤੀ। ਸਤਿਕਾਰ ਯੋਗ ਗੁਰਮੁਖ, ਸਵ: ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਸਿੱਖਿਆ ਅਨੁਸਾਰ, ਹਰ ਲਿਖਾਰੀ ਦੀ ਪਹਿਲੀ ਰਚਨਾ ਓਹੀ ਸਥਾਨ ਰੱਖਦੀ ਹੈ, ਜੋ ਹਰ ਇਸਤਰੀ ਦੀ ਪਹਿਲੀ ਜਨਮੀ ਸੰਤਾਨ। ਇਸ ਨਾਤੇ ਭੇਟਾ ਦੀ ਕੀਮਤ ਤਾਂ ਦਿੱਤੀ ਨਹੀਂ ਜਾ ਸਕਦੀ ਪਰ ਉਸ ਨੂੰ ਸ਼ਗਨ ਤਾਂ ਦਿੱਤਾ ਜਾਣਾ ਜਰੂਰੀ ਹੈ। ਸੋ ਉਸ ਪਲੇਠੀ ਰਚਨਾ ਦਾ ਸ਼ਗਨ ਲੈਂਦਿਆਂ ਗਿਆਨੀ ਜੀ ਦੀ ਸੰਵੇਦਨਸ਼ੀਲਤਾ ਦਾ ਰੰਗ ਵੇਖਣ ਦਾ ਜੋ ਮੈਨੂੰ ਅਨੁਭਵ ਮਹਿਸੂਸ ਹੋਇਆ, ਉਸ ਨੇ ਆਲੇ ਭੋਲਿਆਂ ਦੀ ਖੇਡ ਦਾ ਰੁਖ ਹੀ ਬਦਲ ਦਿੱਤਾ।

ਸੱਚ ਮੁੱਚ ਇਹ ਹਸਤੀ ਅਜਿਹੀ ਰਚਨਾ ਦੀ ਰਚਨਾਕਾਰ ਵੀ ਹੈ, ਜੋ ਸਾਰੀ ਰਾਤ ਰਾਜਕੁਮਾਰੀ ਦੇ ਆਲੇ ਭੋਲਿਆਂ ਵਾਲੀ ਖੇਡ ਖੇਡਦੀ ਰਹੀ। ਕਦੇ ਠਹਾਕੇ ਲਾ ਕੇ ਹੱਸਦੀ, ਕਦੇ ਅੱਲ-ਵਲੱਲੀਆਂ ਗੱਲਾਂ ਬਾਤਾਂ ਵਿੱਚ ਗਹਿਰ ਗੰਭੀਰ ਸੰਵਾਦ ਰਚਾ ਬਹਿੰਦੀ। ਕਦੇ ਦਸ ਗੁਰੂ ਸਾਹਿਬਾਨ ਦੇ ਜੀਵਨ ਨਕਸ਼ੇ ਖਿੱਚਦੀ। ਕਿਧਰੇ ਦਸਮ ਗ੍ਰੰਥ ਦੀ ਅਲੋਚਨਾਤਮਿਕ ਸਮੱਗਰੀ ਦੀ ਗਾਥਾ, ਗੁਰੂ ਘਰਾਂ ਦੀਆਂ ਆਮ ਪ੍ਰੇਸ਼ਾਨੀਆਂ ਤੇ ਉਹਨਾਂ ਦੇ ਹੱਲ, ਆਨੰਦ ਮੈਰਿਜ ਐਕਟ, ਅਕਾਲੀ ਨੇਤਾਵਾਂ ਦੀਆਂ 'ਛੁਰਲੀਆਂ' ਦਾ ਰਚੇਤਾ ਬਣ ਬਣ ਬਹਿੰਦਾ ਹੈ। ਵੱਖ ਵੱਖ ਰਸ, ਵੰਨਗੀਆਂ, ਵਖਰੇਵਿਆਂ 'ਚ ਗੁੱਧੀ ਰਚਨਾ, ਜਿਸ ਵਿੱਚ ਆਪਣੀ ਕਹਾਣੀ ਸਵੈ ਜੀਵਨੀ, ਅੱਖਰੀ ਚਿੱਤਰ ਰਾਮੂਵਾਲੀਏ ਨਾਲ ਪੱਤਰਾਚਾਰ, ਅੱਖਰੀ ਚਿੱਤਰ ਘੀਚਮਚੋਲ਼ਾ ਸ਼ਖਸੀਅਤ, ਰੱਸੀ ਦਾ ਸੱਪ ਤੇ ਬੁਢੀਆਂ ਤਖਤੇ ਓਹਲੇ ਹੱਸਣ, ਦਸ ਗੁਰੂ ਸਾਹਿਬਾਂ ਦੇ ਜਾਣਕਾਰੀ ਭਰਪੂਰ ਲਘੂ ਲੇਖ, ਸਰਦਾਰ ਕੈਰੋਂ ਦਾ ਹਾਰ ਕੇ ਵੀ ਜਿੱਤਣਾ, ਇਸ ਆਲੇ ਭੋਲੇ ਲਿਖਾਰੀ ਦੀਆਂ ਕਰਾਮਾਤਾਂ ਹੀ ਹਨ।

ਜਿਵੇਂ ਜਿਵੇਂ ਆਮ ਮੁਲਾਕਾਤਾਂ ਵਿੱਚੋਂ ਨਿੱਤਰ ਕੇ ਸੱਚ ਸਾਹਮਣੇ ਆਉਂਦਾ ਗਿਆ ਤਾਂ ਆਲਿਆਂ ਭੋਲਿਆਂ ਦੀਆਂ ਖੇਡਾਂ ਹੀ ਨਹੀਂ ਸ਼ਕਲਾਂ ਸੂਰਤਾਂ ਵੀ ਸਾਉਣ ਦੀ ਸਤਰੰਗੀ ਪੀਂਘ ਵਾਂਗ, ਕਈ ਕਈ ਰੰਗ ਖਿਲਾਰਨ ਲੱਗੀਆਂ। ਪਤਾ ਲੱਗਾ ਵਿਦੇਸ਼ ਨਿਵਾਸ ਕਾਲ ਵਿੱਚ ਲੱਗਭਗ ਯੂਰਪ, ਅਫ਼੍ਰੀਕਾ ਮਹਾਦੀਪ, ਆਸਟ੍ਰੇਲੀਆ, ਨਿਊਜ਼ੀਲੈਂਡ, ਅਮ੍ਰੀਕਾ, ਕੈਨੇਡਾ, ਉਤਰ ਦੱਖਣੀ, ਧਰਤੀ ਦਾ ਇਹ 'ਭੌਂਦੂ' ਯਾਤਰੀ ਵਿਧੀਵਤ ਸਕੂਲੀ ਪੜ੍ਹਾਈ ਵੱਲੋਂ ਕੋਰਾ ਖ਼ਤ ਹੈ। ਇਸ ਤੇ ਹੈਰਾਨੀ ਵੀ ਹੁੰਦੀ ਸੀ ਤੇ ਸ਼ੱਕ ਵੀ। ਉਹ ਇਸ ਤਰ੍ਹਾਂ ਕਿ ਵਿਦੇਸ਼ ਵਿੱਚ ਬੱਸ ਕੰਡਕਟਰੀ, ਰੇਲਵੇ ਨੌਕਰੀ, ਬੈਂਕ ਸਰਵਿਸ, ਡਾਕਖਾਨੇ ਤੇ ਪੱਤਰਕਾਰੀ ਵਰਗੇ ਬੁੱਧੀਜੀਵੀ ਖੇਤਰ ਦਾ ਖਿਡਾਰੀ, ਅਕੈਡਮਿਕ ਕੁਆਲੀਫੀਕੇਸ਼ਨ ਦਾ ਮਖੌਲ ਉਡਾ ਰਿਹਾ ਹੈ। ਕਿੱਥੇ ਦਿਸਣ ਨੂੰ ਘੁਗੂ ਘੋੜਾ ਤੇ ਕਿੱਥੇ ਅੰਦਰੋਂ ਬੁੱਧੀਜੀਵੀ ਪ੍ਰਾਣੀ। ਅਜੇ ਵੀ ਮੇਰੀ ਸਿਆਣਪ ਨੂੰ ਵੰਗਾਰਨ

ਲਈ ਉਸ ਨੇ ਪਤਾ ਨਹੀ ਕਿੰਨੇ ਕੁ ਹੋਰ ਆਲੇ ਭੋਲੇ ਲੁਕਾਏ ਹੋਏ ਹਨ।

ਇੱਕ ਦਿਨ ਘਰ ਵਿਚ ਬੇਟੇ ਦੇ ਕੰਪਿਊਟਰ ਤੇ ਆਪਣੀ ਡਾਕ ਚੈੱਕ ਕਰ ਕੇ ਮੁਨਾਸਬ ਉਤਰ ਦੇ ਕੇ ਤੇ ਨਵੀਆਂ ਈ ਮੇਲਾਂ ਕਰ ਕੇ ਹਟਿਆ ਤਾਂ ਮੇਰੇ ਲਾਗੇ ਬੈਠ ਕੇ ਆਪਣਾ ਮੋਬਾਇਲ ਕੱਢ ਕੇ ਆਖਣ ਲੱਗੇ ਕਿ ਜਰਾ ਵੇਖਣਾ ਮਿਸ ਕਾਲ ਕਿਸ ਦੀ ਆਈ ਹੈ? ਮੈਂ ਕਿਹਾ ਕਿ ਤੁਸੀਂ ਖ਼ੁਦ ਕਿਉਂ ਨਹੀਂ ਵੇਖ ਲੈਂਦੇ? ਕਹਿਣ ਲੱਗੇ, "ਮੈਂ ਮੋਬਾਇਲ ਬਾਰੇ ਬਸ ਏਨਾ ਕੁ ਹੀ ਜਾਣਦਾ ਹਾਂ ਕਿ ਸੁਣਨਾ ਕਿਵੇਂ ਹੈ ਤੇ ਕਰਨਾ ਕਿਵੇਂ ਹੈ, ਉਹ ਵੀ ਮੁੜ ਤੋਂ ਨੰਬਰ ਲਾ ਕੇ।" ਫਿਰ ਆਪਣੀ ਜੈਕਟ ਦੀਆਂ ਵੱਖ ਵੱਖ ਜੇਬਾਂ ਵਿੱਚੋਂ ਵੱਖਰੇ ਵੱਖਰੇ ਸੰਪਰਕਾਂ ਦੇ ਨੰਬਰ ਲਿਸਟਾਂ ਨਾਲ ਭਰੀਆਂ ਜੇਬਾਂ ਖਾਲੀ ਕਰ ਦਿੱਤੀਆਂ। ਮੇਰੀ ਸਿਆਣਪ ਆਪਣੀਆਂ ਹੀ ਹੈਰਾਨੀਆਂ, ਪ੍ਰੇਸ਼ਾਨੀਆਂ ਦੀਆਂ ਘੁੰਮਣਘੇਰੀਆਂ ਵਿੱਚ ਗੋਤੇ ਖਾਣ ਲੱਗ ਪਈ। ਭਈ ਕਿੱਥੇ ਇਹ ਆਲਾ ਭੋਲਾ ਵੱਡੇ ਵੱਡੇ ਖੱਬੀਖਾਨ ਪ੍ਰੋਫੈਸਰਾਂ ਦਾ ਹਮਪੱਲਾ ਹੀ ਨਹੀ ਸਗੋਂ ਦੋ ਉਲ਼ਾਘਾਂ ਅੱਗੇ ਹੋਈ ਬੈਠਾ ਹੈ ਤੇ ਕਿਧਰੇ ਸਹਿ ਸੁਭਾ ਹੀ ਆਪਣੀਆਂ ਅੱਲ-ਵਲੱਲੀਆਂ ਨਾਲ ਵੱਡੇ ਵੱਡੇ ਚਲਾਕਾਂ ਨਾਲ਼ ਵੀ ਅੱਖ ਮਟੱਕਾ ਕਰਦਾ ਨਜ਼ਰ ਆਉਂਦਾ ਹੈ। ਅਫ਼੍ਰੀਕਨ ਹਬਸ਼ੀਆਂ ਵਿਚ ਕੇਹੜੀਆਂ ਚਲਾਕੀਆਂ ਨਾਲ ਵਿਚਰਦਾ ਰਿਹਾ ਹੈ। ਅੱਗੋਂ ਪਿੱਛੋਂ, ਖੱਬਿਉਂ ਸੱਜਿਉਂ ਕੋਈ ਕੰਨੀ ਨਹੀਂ ਫੜਾਉਂਦਾ, ਪਰ ਫਿਰ ਯਾਰਾਂ ਦਾ ਯਾਰ, ਵੱਡਿਆਂ ਦਾ ਪਿਆਰ ਪਾਤਰ, ਛੋਟਿਆਂ ਦਾ ਸਤਿਕਾਰਤ ਆਲ਼ਾ ਭੋਲ਼ਾ ਆਪਣੇ ਪਰਵਾਰ ਦੀ ਜ਼ੁੰਮੇਵਾਰ ਛੱਤ ਬਣੀ ਬੈਠਾ ਹੈ।

ਜਿੱਥੇ ਮੈਂ ਉਹਨਾਂ ਦੀਆਂ ਸਾਰੀਆਂ ਰਚਨਾਵਾਂ ਦਾ ਪਾਠਕ ਹੀ ਨਹੀਂ ਬਲਕਿ ਆਲੋਚਕ ਤੇ ਪ੍ਰਸੰਸਕ ਵੀ ਹਾਂ, ਓਥੇ ਸੁਭਾ ਦੇ ਪੱਖ ਤੋਂ ਵੀ ਮੈਂ ਤਕਰੀਬਨ ਉਹਨਾਂ ਦੀ ਪੈੜ ਦਾ ਪਾਂਧੀ ਹੋਣ ਦਾ ਮਾਣ ਰੱਖਦਾ ਹਾਂ। ਪੰਜਾਬ ਦੇ ਸਾਰੇ ਪਾਠਕਾਂ ਤੱਕ ਤਾਂ ਇਹ ਕਿਤਾਬਾਂ ਮੁਫਤ ਹੀ ਪਹੁੰਚਦੀਆਂ ਹਨ।

ਗਿਆਨੀ ਜੀ ਦੀ ਕੋਈ ਵੀ ਰਚਨਾ ਅਜਿਹੀ ਨਹੀਂ ਜੋ ਕਿਸੇ ਬੁੱਧੀਜੀਵੀ, ਸਿਖਰਲੇ, ਵਿਚਲੇ ਜਾਂ ਹੇਠਲੇ ਦਰਜੇ ਦੇ ਪਾਠਕ ਦੇ ਰੈਕ ਵਿੱਚ, ਪੜ੍ਹਨ ਉਪ੍ਰੰਤ, ਸਾਂਭਣ ਯੋਗ ਨਾ ਹੋਵੇ।

ਫਰਵਰੀ ੨੦੧੦ ਦੀ ਅੰਮ੍ਰਿਤਸਰ ਦੀ ਫੇਰੀ ਦੌਰਾਨ ਫ਼ੋਨ ਆਇਆ ਕਿ ਡਾਕਟਰ ਦਲਜੀਤ ਸਿੰਘ ਜੀ (ਆਈ ਸਪੈਸ਼ਲਿਸਟ) ਨਾਲ ਅਪਾਇੰਟਮੈਂਟ ਤਹਿ ਹੋਈ ਹੈ, ਓਥੇ ਹੀ ਆ ਜਾਈਂ। ਮੈਂ ਸਮੇ ਅਨੁਸਾਰ ਸ਼ੇਰਾਂਵਾਲੇ ਦਰਵਾਜੇ, ਡਾ. ਦਲਜੀਤ ਸਿੰਘ ਅੱਖਾਂ ਦੇ ਹਸਪਤਾਲ ਵਿਖੇ ਪਹੁੰਚਿਆ ਤਾਂ ਹਰ ਮੁਲਾਕਾਤ ਵਾਂਗ ਹੱਥ ਵਿੱਚ ਪਲਾਸਟਕ ਦਾ ਝੋਲ਼ਾ ਤੇ ਝੋਲ਼ੇ ਵਿੱਚ ਕਿਤਾਬਾਂ। ਇਕ ਕਿਤਾਬਾਂ ਦਾ ਸੈਟ ਡਾਕਟਰ ਸਾਹਿਬ ਨੂੰ ਅਰਪਣ ਕੀਤਾ ਤਾਂ ਕਿਤਾਬਾਂ ਫੋਲਣ ਪਿੱਛੋਂ ਸੁਭਾਵਕ ਹੀ ਡਾਕਟਰ ਸਾਹਿਬ ਨੇ ਪੁਛਿਆ, "ਕੋਈ ਹੋਰ ਸੇਵਾ?" ਕਿਹਾ, "ਮੇਰੀਆਂ ਅੱਖਾਂ ਵੇਖ

ਲਵੋ!" ਡਾਕਟਰ ਜੀ ਨੇ ਕਾਰਨ ਪੁੱਛਿਆ ਤਾਂ ਹਾਸੇ ਦੇ ਰਉਂ ਵਿਚ ਫ਼ੌਰਨ ਆਖਿਆ, "ਘਰ ਦੇ ਵੇਖਣ ਤੋਂ ਹਟ ਗਏ ਆ, ਇਸ ਲਈ ਹੁਣ ਡਾਕਟਰਾਂ ਨੂੰ ਹੀ ਵਿਖਾਉਣੀਆਂ ਪੈਂਦੀਆਂ ਨੇ!" ਗੱਲ ਵਿਚਲੇ ਵਿਅੰਗ ਨੂੰ ਸਮਝ ਕੇ ਡਾਕਟਰ ਸਾਹਿਬ ਵੀ ਹੱਸ ਪਏ।

ਜਦ ਅੱਖਾਂ 'ਵੇਖੀਆਂ' ਤਾਂ ਵਾਹਵਾ ਨੁਕਸ ਨਿਕਲਿਆ। ਡਾਕਟਰ ਸਾਹਿਬ ਵੀ ਦਿਆਲ ਹੋ ਗਏ ਤੇ ਉਹਨਾਂ ਨੇ ਵੀ.ਆਈ.ਪੀ. ਕਾਗਜ਼ ਬਣਾ ਕੇ, ਇਕ ਸੇਵਾਦਾਰ ਨਾਲ਼ ਤੋਰ ਕੇ ਆਪਣੀ ਨੂੰਹ ਰਾਣੀ ਡਾ. ਸੀਮਾ ਕ. ਸਿੰਘ ਵੱਲ ਭੇਜ ਦਿਤਾ। ਉਸ ਬੱਚੀ ਡਾਕਟਰ ਨੇ ਅੱਖਾਂ ਨੂੰ ਮਸ਼ੀਨਾਂ ਵਿਚ ਦੀ ਲੰਘਾ ਕੇ, ਆਪਣੇ ਪਤੀ ਡਾ. ਕਿਰਨਦੀਪ ਸਿੰਘ ਦੇ ਹਵਾਲੇ ਕਰ ਦਿਤਾ। ਜਰੂਰੀ ਦਵਾਈਆਂ ਕੱਛੇ ਮਾਰ ਅਸੀਂ ਦੋਵੇਂ ਹੀ ਓਪ੍ਰੇਸ਼ਨ ਥੀਏਟਰ ਮਾਲ ਰੋਡ ਪਹੁੰਚ ਗਏ। ਬੱਸ ਥੋਹੜੇ ਸਮੇ ਬਾਦ ਗਿਆਨੀ ਜੀ ਨੂੰ ਵੇਖ ਕੇ ਮੈ ਡਰ ਜਿਹਾ ਗਿਆ। ਪੱਗ ਤੇ ਛੋਟੀ ਦਸਤਾਰ ਵਿਹੂਣਾ, ਜੁੱਤੀ ਤੇ ਜੈਕਟ ਤੋਂ ਬਾਹਰ ਵੇਖ ਮੇਰਾ ਹਾਸਾ ਨਿਕਲੀ ਜਾਵੇ। ਥੋਹੜੇ ਦਿਨਾਂ ਵਿੱਚ ਇਸ ਓਪ੍ਰੇਸ਼ਨ ਦਾ ਰੀਜ਼ਲਟ ਠੀਕ ਹੋਇਆ ਸਮਝਿਆ ਗਿਆ।

ਵਾਹਿਗੁਰੂ ਕਿਰਪਾ ਕਰੇ, ਇਹ ਆਲ਼ਾ ਭੋਲ਼ਾ, ਵਡਾ ਭਾਊ, ਅੱਖਰਾਂ ਦਾ ਖਿਡਾਰੀ, ਕਲਮ ਦਾ ਸ਼ਾਹ ਸਵਾਰ, ਪੇਂਡੂ ਪੈੜਾਂ ਦਾ ਪਾਂਧੀ, ਗਹਿਰ ਗੰਭੀਰ ਸ਼ੈਲੀਆਂ ਦਾ ਰਚੇਤਾ ਬੁਢੇਪੇ ਵਿੱਚ ਵੀ ਜਵਾਨੀਆਂ ਮਾਣੇ। ਆਮੀਨ!

# ਵੱਖ ਵੱਖ ਆਹਲਣਿਆਂ ਦਾ ਪੰਛੀ

ਦੇਵਿੰਦਰ ਦੀਦਾਰ
ਬਟਾਲਾ

ਸਾਡੇ ਵਿੱਚੋਂ ਵਧੇਰੇ ਲੋਕ, ਦੂਸਰਿਆਂ ਨੂੰ ਖੁਸ਼ ਕਰਨ ਲਈ, ਦੂਸਰਿਆਂ ਦੀ ਮਰਜੀ ਮੁਤਾਬਿਕ ਹੀ ਜਿਉਂਦੇ ਹਨ ਅਤੇ ਦੂਸਰਿਆਂ ਦੀ ਮਰਜੀ ਨਾਲ ਹੀ ਕੰਮ ਕਰਦੇ ਹਨ। ਜੇ ਅਸਾਂ ਫਲਾਣਾ ਕੰਮ ਕੀਤਾ ਤਾਂ ਲੋਕ ਕੀ ਕਹਿਣਗੇ। ਜੇ ਅਸਾਂ ਢੀਂਗਰਾ ਕੰਮ ਕੀਤਾ ਤਾਂ ਲੋਕ ਕੀ ਸੋਚਣਗੇ। ਪਹਿਲਾਂ ਮਾਂ ਬਾਪ ਨੂੰ ਖੁਸ਼ ਕਰਨ ਲਈ ਦੁੜਕੀ ਰਹਿੰਦੇ ਹਾਂ, ਫਿਰ ਪਤਨੀ ਲਈ ਸਿਰ ਦੇ ਬਲ ਦੌੜਦੇ ਹਾਂ, ਫਿਰ ਬੱਚਿਆਂ ਦੀਆਂ ਲੋੜਾਂ ਮੁਤਾਬਿਕ ਸਕੂਲ, ਕਾਲਜ ਅਤੇ ਨੌਕਰੀ ਲੱਭਦਿਆਂ ਜਵਾਨੀ ਲੰਘਾ ਲੈਂਦੇ ਹਾਂ, ਫਿਰ ਬੁੱਢੇ ਵਾਰੇ ਪੋਤੇ ਪੋਤੀਆਂ, ਦੋਹਤੇ ਦੋਹਤੀਆਂ ਨੂੰ ਸਾਂਭਦਿਆਂ ਸੂਤਦਿਆਂ ਬੁਢਾਪਾ ਲੰਘ ਜਾਂਦਾ ਹੈ। ਬਹੁਤ ਘੱਟ ਲੋਕ ਹਨ ਜੋ ਆਪਣੇ ਮੁਤਾਬਕ ਜਿਉਂਦੇ ਹਨ। ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਹੈ ਕਿ ਆਦਮੀ ਜਿਵੇਂ ਦਾ ਵੀ ਹੋਵੇ ਲੋਕ ਉਸ ਨੂੰ ਓਸੇ ਰੂਪ ਵਿੱਚ ਸਵੀਕਾਰ ਕਰ ਲੈਂਦੇ ਹਨ। ਉਹ ਸ਼ਰੀਫ ਹੈ, ਉਹ ਚਲਾਕ ਹੈ, ਉਹ ਬਦਮਾਸ਼ ਹੈ, ਉਹ ਭਲਾਮਾਣਸ ਹੈ ਜਾਂ ਉਹ ਬੇਯਕੀਨਾ ਹੈ। ਹਰ ਇੱਕ ਲਈ ਲੋਕਾਂ ਕੋਲ ਲੇਬਲ ਹਨ ਅਤੇ ਲੋਕ ਓਸੇ ਰੂਪ ਵਿੱਚ ਲੇਬਲ ਸਮੇਤ ਉਸ ਨੂੰ ਕਬੂਲ ਕਰਨ ਲਈ ਤਿਆਰ ਹੁੰਦੇ ਹਨ। ਇਸ ਲਈ ਇਹ ਸਭ ਤੁਹਾਡੇ ਉਤੇ ਨਿਰਭਰ ਹੈ ਕਿ ਤੁਸੀਂ ਕਿਸ ਤਰ੍ਹਾਂ ਦਾ ਲੇਬਲ ਲੋਕਾਂ ਤੋਂ ਲੈਣ ਦੇ ਚਾਹਵਾਨ ਹੋ।

ਭਾ ਸੰਤੋਖ ਸਿੰਘ ਆਪਣੀ ਕਿਸਮ ਦਾ ਵੱਖਰੀ ਤਰ੍ਹਾਂ ਦਾ ਹੀ ਮਨੁੱਖ ਹੈ। ਘਰ ਦੇ ਸਾਰੇ ਫਰਜ਼ ਨਿਭਾਉਂਦਾ ਹੋਇਆ ਵੀ ਉਹ ਵੱਖਰੀ ਸ਼ਖ਼ਸੀਅਤ ਦਾ ਮਾਲਕ ਹੈ। ਉਹ ਆਪਣੀ ਮਰਜ਼ੀ ਨਾਲ ਆਪਣੇ ਤਰ੍ਹਾਂ ਜੀਵਿਆ ਹੈ। ਜਦੋਂ ਘਰਦਿਆਂ ਨੇ ਪੜ੍ਹਾਉਣਾ ਚਾਹਿਆ ਉਹ ਪੜ੍ਹਿਆ ਨਹੀਂ। ਜਦੋਂ ਘਰਦਿਆਂ ਨੇ ਵਿਆਹ ਕਰਾਉਣ ਲਈ ਕਿਹਾ ਤਾਂ ਉਹ ਇਨਕਾਰੀ ਹੋ ਗਿਆ; ਇਹ ਵਿਚਾਰ ਕੇ ਉਸ ਨੇ ਸ਼ਾਇਦ ਦੁਨੀਆਂ ਨੂੰ ਬਦਲ ਦੇਣਾ ਹੈ ਅਤੇ ਹੇਠਲੀ ਉਤੇ ਲਿਆ ਦੇਣੀ ਤੇ ਪਰਵਾਰ ਇਸ 'ਕਾਰਜ' ਵਿਚ ਰੁਕਾਵਟ ਨਾ ਬਣੇ। ਮਜਬੂਰਨ ਉਸ ਦੇ ਮਾਪਿਆਂ ਨੂੰ ਛੋਟੇ ਭੈਣ ਭਰਾਵਾਂ ਦੇ ਵਿਆਹ ਪਹਿਲਾਂ ਕਰਨੇ ਪਏ। ਜਦੋਂ ਵਿਆਹ ਹੋ ਗਿਆ ਤਾਂ ਮਹਾਤਮਾ ਬੁੱਧ ਵਾਂਗ ਦੁਨੀਆਂ

ਨੂੰ 'ਸੁਧਾਰਨ' ਲਈ ਵਿਦੇਸ਼ੀ ਦੌਰੇ ਤੇ ਚਲੇ ਗਿਆ। ਸਿੱਖ ਅਦਾਰਿਆਂ ਵਿਚ ਵਿਚਰਦਿਆਂ ਵੀ ਯਰਾਨੇ ਕਾਮਰੇਡ ਅਤੇ ਨਾਸਤਕ ਲੋਕਾਂ ਨਾਲ ਲਾਉਣ ਤੋਂ ਕੋਈ ਸੰਕੋਚ ਨਹੀਂ ਰੱਖਿਆ। ਅੱਜ ਵੀ ਲੋਕ ਸਮਝਦੇ ਹਨ ਕਿ ਉਹ ਬੱਚਿਆਂ ਨਾਲ ਰਹਿ ਰਿਹਾ ਹੈ ਪਰ ਓਥੇ ਵੀ ਬੱਚਿਆਂ ਦੇ ਆਪਣੇ ਆਪਣੇ ਵੱਖਰੇ ਘਰ ਹਨ। ਪਤਨੀ ਦਾ ਅਲੱਗ ਅਤੇ ਖ਼ੁਦ ਦਾ ਵੀ ਅਲੱਗ। ਲੋਕ ਆਖਦੇ ਹਨ ਕਿ ਹਰ ਕਾਮਯਾਬ ਆਦਮੀ ਦਾ ਕੋਈ ਟਾਈਮ ਟੇਬਲ ਹੁੰਦਾ ਹੈ, ਕੋਈ ਨਿਸ਼ਾਨਾ ਹੁੰਦਾ ਹੈ, ਕੋਈ ਮਨਜ਼ਲ ਹੁੰਦੀ ਹੈ, ਪਰ ਸਾਡੇ ਇਸ ਭਾ ਨੂੰ ਬਹੁਤ ਘੱਟ ਵਾਰ ਇਸ ਗੱਲ ਦਾ ਇਲਮ ਹੁੰਦਾ ਹੈ ਕਿ ਉਸ ਨੇ ਕੱਲ੍ਹ ਕੀ ਕਰਨਾ ਹੈ ਅਤੇ ਕਿਥੇ ਜਾਣਾ ਹੈ? ਬਾਕੀ ਕਿਸੇ ਨੂੰ ਉਸ ਦੇ ਕਿਸੇ ਪ੍ਰੋਗਰਾਮ ਦਾ ਪਤਾ ਹੋਵੇ ਓਥੇ ਵਾਰਸ ਸ਼ਾਹ ਝੂਠਾ ਹੋ ਜਾਵੇਗਾ। ਆਪਣੀ ਆਜ਼ਾਦੀ ਨਾਲ ਉਹ ਕਦੀ ਸਮਝੌਤਾ ਨਹੀਂ ਕਰਦਾ। ਦੁਨੀਆ ਦੇ ਸਾਰੇ ਮਹਾਂਦੀਪਾਂ ਦੇ ਜ਼ਿਆਦਾਤਰ ਦੇਸ਼ ਉਹ ਘੁੰਮ ਚੁੱਕਾ ਹੈ ਅਤੇ ਅਜੇ ਵੀ ਘੁੰਮਣ ਦਾ ਪੂਰਾ ਚਾ ਹੈ ਉਸ ਨੂੰ। ਸਮੇ ਸਿਰ ਉਸ ਨੇ ਭਾਵੇਂ ਮੁਢਲੀ ਸਕੂਲੀ ਵਿੱਦਿਆ ਨਹੀਂ ਪਰਾਪਤ ਕੀਤੀ ਪਰ ਦੁਨੀਆਂ ਭਰ ਦੇ ਵਧੀਆ ਲੇਖਕਾਂ ਨੂੰ ਉਹ ਪੜ੍ਹ ਚੁੱਕਿਆ ਹੈ। ਹੁਣ ਪਿਛਲੇ ਕੁਝ ਸਾਲਾਂ ਤੋਂ ਲਿਖਣ ਦਾ ਕਾਰਜ ਵੀ ਸੰਭਾਲ਼ ਲਿਆ ਹੈ ਅਤੇ ੯ ਕਿਤਾਬਾਂ ਪੰਜਾਬੀ ਸਾਹਿਤ ਨੂੰ ਅਰਪਣ ਕਰ ਚੁੱਕਾ ਹੈ। ਅਜੇ ਵੀ "ਬੱਲੇ ਬੱਲੇ ਤੇ ਅਸੀਂ ਉਡ ਚੱਲੇ " ਵਾਲੀ ਗੱਲ ਹੈ।

ਉਸ ਨਾਲ ਮੇਰੀ ਪਹਿਲੀ ਮੁਲਾਕਾਤ ਇਕ ਪ੍ਰੀਤ ਮਿਲਨੀ ਵਿੱਚ ਹੋਈ ਸੀ। ਗੱਲ ੧੯੬੮ ਦੀ ਹੈ। ਗਾਂਧੀ ਗਰਾਉਡ ਅੰਮ੍ਰਿਤਸਰ ਵਿਖੇ ਸ੍ਰ: ਨਵਤੇਜ ਸਿੰਘ ਹੁਰਾਂ ਅਦਾਰਾ 'ਪ੍ਰੀਤਲੜੀ' ਵੱਲੋਂ ਪ੍ਰੀਤ ਮਿਲਣੀਆਂ ਦੇ ਸਿਲਸਿਲੇ ਦੀ ਇਕ ਪ੍ਰੀਤ ਮਿਲ਼ਨੀ ਰੱਖੀ ਹੋਈ ਸੀ। ਉਸ ਵਿੱਚ ਅੰਮ੍ਰਿਤਸਰ ਦੇ ਨਵੇਂ ਅਤੇ ਪੁਰਾਣੇ ਲੇਖਕ ਕਾਫੀ ਗਿਣਤੀ ਵਿੱਚ ਇਕੱਠੇ ਹੋਏ ਸਨ। ਨਵੀਂ ਕਹਾਣੀ, ਨਵੀਂ ਕਵਿਤਾ ਦੀਆਂ ਗੱਲਾਂ ਦੇ ਨਾਲ ਨਾਲ 'ਪ੍ਰੀਤਲੜੀ' ਦੇ ਪਾਠਕ ਵਧਾਉਣ ਦੀ ਇੱਕ ਕੋਸ਼ਿਸ਼ ਵੀ ਸੀ। ਸ਼ੁਰੂਆਤ ਵਿੱਚ ਨਵਤੇਜ ਸਿੰਘ ਜੀ ਨੇ ਸਭ ਨੂੰ ਆਪਣੀ ਆਪਣੀ ਜਾਣਕਾਰੀ ਦੇਣ ਬਾਰੇ ਕਿਹਾ। ਉਹ ਨਾਂ ਪੁੱਛਦੇ, ਕਿੱਤਾ ਪੁੱਛਦੇ, ਸਿਰਨਾਵਾਂ ਅਤੇ ਕੀ ਲਿਖਦੇ ਹੋ, ਪੁੱਛਦੇ। ਮੈ ਉਸ ਵਕਤ ਹਵਾਈ ਸੈਨਾ ਵਿੱਚ ਨੌਕਰੀ ਕਰਦਾ ਸਾਂ ਅਤੇ ਨਹੀਂ ਸੀ ਚਾਹੁੰਦਾ ਕਿ ਕਿਸੇ ਨੂੰ ਇਸ ਗੱਲ ਦਾ ਪਤਾ ਲੱਗੇ। ਜਦੋਂ ਮੇਰੀ ਵਾਰੀ ਆਈ ਤਾਂ ਮੈ ਆਪਣਾ ਨਾਂ ਦੱਸਿਆ, ਸਿਰਨਾਵਾਂ ਦੱਸਿਆ ਅਤੇ ਕਿਹਾ ਮੈਂ ਕਹਾਣੀਆਂ ਲਿਖਦਾ ਹਾਂ ਅਤੇ ਬੈਠ ਗਿਆ। ਨਵਤੇਜ ਜੀ ਨੇ ਕਿਹਾ, "ਕਰਦੇ ਕੀ ਹੋ?" ਤਾਂ ਸੁਭੈਕੀਂ ਮੇਰੇ ਮੂੰਹੋਂ ਨਿਕਲਿਆ, "ਕਰਨਾ ਕੀ ਐ ਜੀ, ਬਸ ਪ੍ਰੀਤਲੜੀ ਪੜ੍ਹ ਛੱਡੀਦਾ ਹੈ।" ਪ੍ਰੀਤ ਮਿਲਨੀ ਬਾਅਦ ਕਾਫੀ ਜਣੇ ਵਰਿਆਮ ਸੰਧੂ, ਮੁਖਤਾਰ ਗਿੱਲ, ਲੋਕਨਾਥ, ਗੁੱਲ ਚੌਹਾਨ ਆਦਿ ਮੇਰੀ

ਫੁਰੀ ਗੱਲ ਤੇ ਹੱਸ ਰਹੇ ਸਨ ਕਿ ਦੋ ਗੁਰਸਿੱਖ ਮੁੰਡੇ ਸਾਡੇ ਨਾਲ ਆਣ ਬੈਠੇ। ਬਾਕੀ ਸਾਰੇ ਉਹਨਾਂ ਨੂੰ ਜਾਣਦੇ ਸਨ ਪਰ ਮੈਂ ਨਾ ਵਾਕਫ਼ ਸਾਂ।

"ਸਤਿ ਸ੍ਰੀ ਅਕਾਲ ਭਾ ਜੀ, ਪਛਾਣਿਆ?" ਉਹਨਾਂ ਚੋਂ ਇੱਕ, ਜੋ ਦੂਸਰੇ ਨਾਲੋਂ ਜਰਾ ਵਧੇਰੇ ਸਾਫ਼ ਰੰਗ ਦਾ ਸੀ, ਬੋਲਿਆ। ਮੇਰੇ ਕੋਲ ਕੋਈ ਜਵਾਬ ਨਹੀਂ ਸੀ। "ਅਸੀਂ ਸਿੱਧੇ ਤੁਹਾਡੇ ਘਰੋਂ ਹੀ ਚਾਹ ਪੀ ਕੇ ਆ ਰਹੇ ਹਾਂ। ਪਤਾ ਲੱਗਾ ਕਿ ਤੁਸੀਂ ਪ੍ਰੀਤ ਮਿਲ਼ਨੀ 'ਚ ਆਏ ਹੋਏ ਹੋ। ਅਸੀਂ ਤੁਹਾਨੂੰ ਮਿਲ਼ਨ ਵਾਸਤੇ ਹੀ ਪ੍ਰੀਤ ਮਿਲ਼ਨੀ 'ਚ ਆਏ ਹਾਂ। ਅਜੇ ਵੀ ਪਛਾਣਿਆ ਕਿ ਨਹੀਂ?" ਮੇਰੇ ਕੋਲ ਫਿਰ ਵੀ ਨਾਂਹ ਵਿੱਚ ਹੀ ਜਵਾਬ ਸੀ। "ਇਹ ਹਨ ਮੇਰੇ ਮਿੱਤਰ ਸ੍ਰ: ਦਰਸ਼ਨ ਸਿੰਘ ਮਜਬੂਰ ਅਤੇ ਮੇਰਾ ਨਾਂ ਆ ਸੰਤੋਖ ਸਿੰਘ।"

"ਸੌਰੀ ਭਾ ਜੀ, ਸੌਰੀ, ਮੈਂ ਪਛਾਣਿਆ ਨਹੀ, ਵੈਰੀ ਸੌਰੀ।" ਮੈਂ ਸੱਚ ਮੁੱਚ ਕੱਚਾ ਜਿਹਾ ਹੋ ਗਿਆ ਤੇ ਬਾਕੀਆਂ ਨੇ ਵੀ ਤਾੜੀ ਮਾਰ ਦਿੱਤੀ। "ਵਾਹ ਭਾਈ ਤੂੰ ਆਪਣੇ ਰਿਸ਼ਤੇਦਾਰ ਵੀ ਨਹੀਂ ਪਛਾਣਦਾ, ਉਹ ਵੀ ਆਪਣੀ ਪਤਨੀ ਦੇ ਭਰਾ ਨੂੰ! ਇਹ ਗੱਲ ਮਹਿੰਗੀ ਵੀ ਪੈ ਸਕਦੀ ਆ।" ਭਾ ਸੰਤੋਖ ਦੀ ਭੂਆ ਜੀ ਦੀ ਵੱਡੀ ਪੁੱਤਰੀ, ਦਵਿੰਦਰ ਮੇਰੀ ਜੀਵਨ ਸਾਥਣ ਹੈ। ਇਹ ਸੀ ਭਾ ਸੰਤੋਖ ਸਿੰਘ ਨਾਲ ਮੇਰੀ ਪਹਿਲੀ ਮੁਲਾਕਾਤ। ਮੇਰੇ ਵਿਆਹ ਸਮੇ ਭਾਵੇਂ ਇਹ ਨਾਨਕੇ ਮੇਲ ਵਿਚ ਸ਼ਾਮਲ ਸੀ ਪਰ ਉਸ ਸਮੇ ਸਾਡੀ ਸਿਧੀ ਮੁਲਾਕਾਤ ਹੋ ਸਕਣ ਦਾ ਕੋਈ ਕਾਰਨ ਨਹੀ ਸੀ। ਨੀਲੀ ਪੱਗ, ਚਿੱਟਾ ਕੁੜਤਾ ਪਜਾਮਾ, ਖੁੱਲ੍ਹੀ ਦਾਹੜੀ, ਭਾਵੇਂ ਭਰਵੀਂ ਨਹੀਂ ਸੀ ਅਤੇ ਮੋਢੇ ਤੇ ਕਾਮਰੇਡਾਂ ਵਾਲਾ ਲੰਮਾ ਕੱਪੜੇ ਦਾ ਝੋਲ਼ਾ, ਜੋ ਉਹਨਾਂ ਸਮਿਆਂ ਵਿਚ ਸਾਹਿਤਕਾਰ ਜਾਂ ਅਗਾਂਹ ਵੱਧੂ ਸੋਚ ਵਾਲ਼ਿਆਂ ਦਾ ਟਰੇਡ ਮਾਰਕ ਹੀ ਸਮਝਿਆ ਜਾਂਦਾ ਸੀ। ਆਪਣੀ ਪਤਨੀ ਕੋਲੋਂ ਮੈਂ ਸੰਤੋਖ ਸਿੰਘ ਬਾਰੇ ਕਾਫੀ ਕੁਝ ਸੁਣਿਆ ਹੋਇਆ ਸੀ। ਸ੍ਰੀ ਮਤੀ ਦੇ ਨਾਨਕੇ ਯਾਨੀ ਕਿ ਭਾ ਸੰਤੋਖ ਸਿੰਘ ਦੇ ਘਰ ਪਹਿਲੀ ਵਾਰ ਜਾਣ ਦੀ ਘਟਨਾ ਵੀ ਯਾਦ ਰੱਖਣ ਵਾਲੀ ਹੈ। ਜਦੋਂ ਦਾ ਅੰਮ੍ਰਿਤਸਰ ਡੇਰਾ ਲਾਇਆ ਸੀ, ਸ੍ਰੀਮਤੀ ਆਪਣੇ ਨਾਨਕੇ ਘਰ ਫੇਰਾ ਪਾਉਣ ਲਈ ਜਿਦ ਕਰ ਰਹੀ ਸੀ। ਪਰ ਮੇਰੀ ਡਿਊਟੀ ਕਦੀ ਸਵੇਰੇ, ਕਦੀ ਸ਼ਾਮ ਤੇ ਕਦੀ ਰਾਤ ਦੇ ਚੱਕਰ ਵਿਚ ਜਾਣਾ ਤਹਿ ਨਹੀਂ ਸੀ ਹੋ ਰਿਹਾ। ਹਾਲਾਂ ਕਿ ਸੰਤੋਖ ਸਿੰਘ ਨਾਲ ਪ੍ਰੀਤ ਮਿਲਨੀ ਤੋਂ ਬਾਦ ਮੇਰਾ ਵੀ ਦਿਲ ਕਰਦਾ ਸੀ ਉਸ ਨੂੰ ਮਿਲਾਂ। ਕਿਸੇ ਖੁੱਲ੍ਹੇ ਟਾਈਮ ਮਿਲਿਆ ਜਾਵੇ ਅਤੇ ਗਿਆਨ ਦਾ ਆਦਾਨ-ਪ੍ਰਦਾਨ ਕੀਤਾ ਜਾਵੇ। ਹਾਲਾਂ ਕਿ ਮੈਨੂੰ ਯਕੀਨ ਸੀ ਕਿ ਉਹ ਘਰ ਮਿਲਣ ਵਾਲਾ ਨਹੀਂ। ਇੱਕ ਦਿਨ ਮੇਰੇ ਦੋਸਤ ਦੀ ਬੇਟੀ ਦਾ ਜਨਮ ਦਿਨ ਸੀ। ਉਸ ਦਿਨ ਹੀ ਪਤਨੀ ਨੇ ਆਪਣੇ ਨਾਨਕੇ ਜਾਣ ਦੀ ਫਰਮਾਇਸ਼ ਰੱਖ ਦਿੱਤੀ। ਜਦੋਂ ਮੈਂ ਜਨਮ ਦਿਨ ਬਾਰੇ ਦੱਸਿਆ ਤਾਂ

ਕਹਿਣ ਲਗੀ, ਉਸ ਵਕਤ ਤੱਕ ਅਸੀਂ ਮੁੜ ਆਵਾਂਗੇ। ਨਵੇਂ ਨਵੇਂ ਵਿਆਹੇ ਆਦਮੀ ਦੀ ਘਰ ਵਾਲੀ ਆਪਣੇ ਨਾਨਕੇ ਜਾਣ ਦੀ ਜਿਦ ਕਰੇ ਤਾਂ ਭਲਾ ਕੌਣ ਨਾਂਹ ਕਰ ਸਕਦਾ ਹੈ। ਨਾਲੇ ਮੇਰੇ ਮਨ ਵਿੱਚ ਵੀ ਸੀ ਕਿ ਮਾੜੇ ਜਿਹੇ ਕੇਕ ਬਦਲੇ ਮੈਂ ਆਪਣੀ ਬੀਵੀ ਦੇ ਨਾਨਕਿਆਂ ਦੀ ਪਹਿਲੀ ਫੇਰੀ ਕਿਵੇਂ ਕੁਰਬਾਨ ਕਰ ਸਕਦਾ ਸਾਂ? ਪਹਿਲੀ ਫੇਰੀ ਦੀ ਖਾਤਰਦਾਰੀ ਤਾਂ ਆਮ ਮਸ਼ਹੂਰ ਹੈ। ਫਿਰ ਮੇਰਾ ਤਾਂ ਖੁਸ਼ੀ ਖੁਸ਼ੀ ਹਾਂ ਕਰਨਾ ਬਣਦਾ ਸੀ। ਓਥੇ ਸੇਵੀਆਂ ਅਤੇ ਬਿਸਕੁਟਾਂ ਨਾਲ ਚਾਹ ਪੀ ਕੇ ਅਸੀਂ ਬਿਨਾ ਭਾ ਸੰਤੋਖ ਸਿੰਘ ਨੂੰ ਮਿਲਿਆਂ ਹੀ ਵਾਪਸ ਆ ਗਏ।

"ਕਿਸ ਤਰ੍ਹਾਂ ਦੇ ਲੱਗੇ ਮੇਰੇ ਨਾਨਕੇ?" ਰਸਤੇ ਵਿਚ ਸ੍ਰੀਮਤੀ ਜੀ ਨੇ ਪੁੱਛਿਆ।

"ਬਹੁਤ ਵਧੀਆ, ਨਾਨਕਿਆਂ ਵਰਗੇ ਨਾਨਕੇ।"

ਫੇਰ ਸੰਤੋਖ ਸਿੰਘ ਨਾਲ ਮੇਰੀਆਂ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇੱਕ ਤਾਂ ਉਸ ਦੇ ਗਿਆਨ ਦਾ ਭੰਡਾਰ ਬਹੁਤ ਵਿਸ਼ਾਲ ਸੀ ਅਤੇ ਮੈਨੂੰ ਸਿੱਖਣ ਲਈ ਬਹੁਤ ਕੁਝ ਮਿਲਦਾ ਸੀ ਅਤੇ ਦੂਸਰਾ ਉਹ ਪਾਠਕ ਬਹੁਤ ਵਧੀਆ ਸੀ ਅਤੇ ਮੇਰੀ ਹਰ ਕਹਾਣੀ ਬਾਰੇ ਖੁਲ੍ਹ ਕੇ ਵਿਚਾਰ ਪਰਗਟ ਕਰਦਾ ਸੀ। ਉਸ ਦੇ ਸੁਝਾ ਵੀ ਉਸਾਰੂ ਹੁੰਦੇ ਸਨ। ਉਹਨਾਂ ਦਿਨਾਂ ਵਿੱਚ ਉਹ ਖੁਦ ਨਹੀਂ ਸੀ ਲਿਖਦਾ ਸਿਰਫ਼ ਪੜ੍ਹਦਾ ਹੀ ਸੀ ਤੇ ਉਹ ਵੀ ਬਹੁਤ ਜ਼ਿਆਦਾ। ਉਹਨਾਂ ਦਿਨਾਂ ਵਿੱਚ ਪੰਜਾਬੀ ਵਿੱਚ ਮੌਲਕ ਏਨਾ ਵਧੀਆ ਨਹੀਂ ਸੀ ਛਪ ਰਿਹਾ ਜਿੰਨਾ ਰੂਸੀ ਲੇਖਕਾਂ ਦਾ ਅਨੁਵਾਦ ਪੰਜਾਬੀ ਪਾਠਕਾਂ ਨੂੰ ਪਰੋਸਿਆ ਜਾ ਰਿਹਾ ਸੀ। ਪੰਜਾਬੀ ਪ੍ਰਕਾਸ਼ਕਾਂ ਦਾ ਹਾਲ ਅੱਜ ਵਰਗਾ ਹੀ ਸੀ। ਉਹਨਾਂ ਨੂੰ ਲੇਖਕ ਦੀ ਲੇਖਣੀ ਨਾਲ ਨਹੀਂ ਪੈਸੇ ਨਾਲ ਪਿਆਰ ਸੀ। ਪੈਸੇ ਦਿਉ ਤੇ ਕਿਤਾਬ ਛਾਪੋ। ਬਸ ਪੰਜਾਬੀਆਂ ਨੂੰ ਵੀ ਪੜ੍ਹਨ ਦਾ ਰੋਗ ਨਹੀਂ। ਦੂਸਰਾ, ਚੰਗਾ ਲੇਖਕ ਪੈਸੇ ਦੇ ਕੇ ਨਹੀਂ ਸੀ ਛਪਣਾ ਚਾਹੁੰਦਾ। ਫਿਰ ਪਾਠਕਾਂ ਅੱਗੇ ਹਲਕਾ ਸਾਹਿਤ ਹੀ ਪਰੋਸਿਆ ਜਾਂਦਾ ਸੀ। ਉਸ ਦੇ ਮੁਕਾਬਲੇ ਰੂਸੀ ਸਾਹਿਤ ਸਸਤਾ ਅਤੇ ਮਿਆਰੀ ਸੀ। ਇਸ ਮਾਰ ਤੋਂ ਅਜੇ ਤੱਕ ਪੰਜਾਬੀ ਲੇਖਕ ਖਹਿੜਾ ਨਹੀਂ ਛੁਡਾ ਸਕੇ ਅਤੇ ਪਾਠਕ ਵੀ ਬਾਹਰਲਾ ਸਾਹਿਤ ਪੜ੍ਹਨ ਨੂੰ ਤਰਜੀਹ ਦੇ ਰਹੇ ਹਨ।

ਖੈਰ, ਉਹਨਾਂ ਦਿਨਾਂ ਵਿੱਚ ਜ਼ਿਆਦਾ ਰੂਸੀ ਕਿਤਾਬਾਂ ਮੈਂ ਸੰਤੋਖ ਸਿੰਘ ਤੋਂ ਲੈ ਕੇ ਹੀ ਪੜ੍ਹੀਆਂ ਸਨ। ਉਸ ਨੂੰ ਉਡੀਕਣ ਦਾ ਟਿਕਾਣਾ ਦਰਬਾਰ ਸਾਹਿਬ ਦਾ ਸੂਚਨਾ ਕੇਂਦਰ ਸੀ ਜਿਥੇ ਉਹਨਾਂ ਦਿਨਾਂ 'ਚ, ਉਸ ਦੇ ਮਿੱਤਰ, ਸ. ਨਰਿੰਦਰਜੀਤ ਸਿੰਘ ਜੀ ਸੂਚਨਾ ਕੇਂਦਰ ਦੇ ਇੰਚਾਰਜ ਸਨ। ਇਕ ਗੱਲ ਹੋਰ ਦੱਸਣ ਵਾਲੀ ਸੀ ਕਿ ਰੂਸੀ ਸਾਹਿਤ ਦਾ ਅਸਰ ਸੀ ਜਾਂ ਕਾਮਰੇਡੀ ਮਾਹੌਲ ਦਾ ਕਿ ਜਿਨ੍ਹਾਂ ਲੇਖਕਾਂ ਨੇ ਵੀ ਸੱਤਰਿਆਂ ਦੇ ਇਰਦ ਗਿਰਦ ਲਿਖਣਾ ਸ਼ੁਰੂ ਕੀਤਾ ਉਹਨਾਂ ਆਪਣੇ ਨਾਂ ਵਿੱਚ ਸਿੰਘ

ਅਤੇ ਕੌਰ ਲਿਖਣ ਤੋਂ ਗੁਰੇਜ਼ ਕੀਤਾ। ਜਿਵੇਂ ਵਰਿਆਮ ਸੰਧੂ, ਪਾਸ਼, ਸੁਰਜੀਤ ਪਾਤਰ, ਸ਼ਮਸ਼ੇਰ ਸੰਧੂ, ਕ੍ਰਿਪਾਲ ਕਜ਼ਾਕ, ਪ੍ਰੇਮ ਗੋਰਖੀ, ਸੰਤ ਸੰਧੂ, ਦਲਬੀਰ ਚੇਤਨ, ਮੁੱਖਤਾਰ ਗਿੱਲ, ਗੁਰਭਜਨ ਗਿੱਲ, ਗੁਲ ਚੌਹਾਨ ਆਦਿ ਹੋਰ ਕਿੰਨੇ ਹੀ ਲੇਖਕ ਹਨ। ਬਾਕੀ ਲਿਸਟ ਤੁਸੀਂ ਖੁਦ ਦੁਹਰਾ ਸਕਦੇ ਹੋ।

ਇੱਕ ਦਿਨ ਮੈਂ ਸੰਤੋਖ ਸਿੰਘ ਨੂੰ ਮਿਲ਼ਣ ਗਿਆ। ਸਿਰ ਨੀਵਾਂ ਕਰਕੇ ਮੱਥਾ ਟੇਕਿਆ ਅਤੇ ਸੂਚਨਾ ਕੇਂਦਰ ਦੇ ਦਫਤਰ ਵਿੱਚ ਬੈਠ ਸੰਤੋਖ ਸਿੰਘ ਦੀ ਉਡੀਕ ਕਰਨ ਲੱਗ ਪਿਆ। ਮੇਰੇ ਬੈਠਿਆਂ ਹੀ ਤਿੰਨ ਚਾਰ ਵਿਦੇਸ਼ੀ ਯਾਤਰੀ ਆਏ ਅਤੇ ਇਕ ਗਾਈਡ ਨੂੰ ਅੰਗ੍ਰੇਜ਼ੀ ਵਿਚ ਕੁਝ ਇਉਂ ਪੁੱਛਣ ਲੱਗੇ, "ਏਥੇ ਸਾਰੇ ਨੀਲੀ ਪੱਗ ਹੀ ਕਿਉਂ ਬੰਨ੍ਹਦੇ ਹਨ?"

"ਇਹ ਸਾਡੇ ਗੁਰੂਆਂ ਵੱਲੋਂ ਸਾਨੂੰ ਵਰਦੀ ਵਾਂਗ ਬਖਸ਼ੀ ਹੈ।" ਗਾਈਡ ਜੀ ਬੋਲੇ।

ਓਨੇ ਚਿਰ ਨੂੰ ਸੰਤੋਖ ਸਿੰਘ ਭਾ ਆ ਗਿਆ। ਉਹ ਵੀ ਇਸ ਵਿਸ਼ੇ ਤੇ ਗੱਲਬਾਤ ਵਿਚ ਸ਼ਾਮਲ ਹੋ ਗਏ ਤੇ ਕਹਿਣ ਲੱਗੇ "ਅਸਲ ਵਿਚ ਨੀਲਾ ਰੰਗ ਵਿਸ਼ਾਲਤਾ ਦਾ ਪ੍ਰਤੀਕ ਹੈ। ਜਿਵੇਂ ਕਿ ਸਮੁੰਦਰ ਵਿਸ਼ਾਲ ਹੈ, ਆਕਾਸ਼ ਵਿਸ਼ਾਲ ਹੈ ਅਤੇ .......।" ਸੰਤੋਖ ਸਿੰਘ ਨੇ ਨੀਲੇ ਰੰਗ ਤੇ ਕਾਫੀ ਲੰਮਾ ਲੈਕਚਰ ਦੇ ਦਿੱਤਾ ਜੋ ਸੰਤੋਖ ਸਿੰਘ ਦੇ ਵਿਸ਼ਾਲ ਗਿਆਨ ਭੰਡਾਰ ਦੀ ਬਾਤ ਪਾ ਰਿਹਾ ਸੀ।

੧੯੭੨ ਤੱਕ ਮੈਂ ਅੰਮ੍ਰਿਤਸਰ ਰਿਹਾ। ਫਿਰ ਮੇਰੀ ਬਦਲੀ ਕਾਫੀ ਦੂਰ ਬੰਗਾਲ ਆਸਾਮ ਵੱਲ ਹੋ ਗਈ। ਜਿੰਨਾ ਚਿਰ ਵੀ ਅੰਮ੍ਰਿਤਸਰ ਰਹੇ ਉਸ ਨਾਲ ਹਫ਼ਤੇ ਵਿੱਚ ਇਕ ਦੋ ਵਾਰ ਮੁਲਾਕਾਤ ਹੋ ਹੀ ਜਾਂਦੀ ਸੀ। ਕਦੀ ਸੂਚਨਾ ਕੇਂਦਰ ਅਤੇ ਕਦੀ ਸਰਾਂ ਦੇ ੧੩੨ ਨੰਬਰ ਕਮਰੇ ਵਿੱਚ, ਜਿਸ ਕਮਰੇ ਦਾ ਆਪਣਾ ਵੱਖਰਾ ਹੀ ਇਤਿਹਾਸ ਹੈ। ਉਹ ਦੱਸਣ ਲਈ ਵੱਖਰੇ ਲੇਖ ਦੀ ਲੋੜ ਹੈ।

੧੯੭੩ ਵਿੱਚ ਸੰਤੋਖ ਸਿੰਘ ਵਿਆਹਿਆ ਗਿਆ ਪਰ ਉਹ ਦੁਨੀਆ ਦੇ ਦੌਰੇ ਤੇ ਤੁਰ ਪਿਆ ਜੇਹੜਾ ਅਜੇ ਤੱਕ ਜਾਰੀ ਹੈ। ਉਸ ਦਾ ਇੱਕ ਬੇਟਾ ਬਟਾਲੇ ਵਿਆਹਿਆ ਹੋਇਆ ਹੈ। ਉਸ ਕਰਕੇ ਅਤੇ ਇਕ ਹਰਭਜਨ ਸਿੰਘ ਬਾਜਵਾ ਫੋਟੋਗ੍ਰਾਫਰ ਬਟਾਲੇ ਹੋਣ ਕਰਕੇ, ਸੰਤੋਖ ਸਿੰਘ ਦੇ ਜਿਹੜੇ ਸੱਤਰਵਿਆਂ ਵਿਚ ਹਫ਼ਤੇ ਵਿਚ ਇੱਕ ਦੋ ਵਾਰ ਦੀਦਾਰ ਹੁੰਦੇ ਸਨ ਹੁਣ ਸਾਲ ਵਿੱਚ ਇੱਕ ਦੋ ਵਾਰ ਹੋ ਜਾਂਦੇ ਹਨ। ਹਾਂ, ਇੱਕ ਮੁਬਾਰਕ ਗੱਲ ਹੈ ਕਿ ਜਦੋਂ ਦਾ ਉਹ ਲਿਖਣ ਲੱਗਾ ਹੈ ਓਦੋਂ ਤੋਂ ਪੰਜਾਬ ਦੇ ਫੇਰੇ ਵੀ ਵੱਧ ਗਏ ਹਨ ਅਤੇ ਬਟਾਲੇ ਦੇ ਵੀ। ਰੱਬ ਉਸ ਦੀ ਕਲਮ ਨੂੰ ਹੋਰ ਰਵਾਨਗੀ ਬਖ਼ਸ਼ੇ।

# ਮੇਰੇ ਇਕਲੌਤੇ ਮਾਸੜ ਜੀ

ਬਲਜੀਤ ਕੌਰ ਜੌਹਲ
ਮਾਡਲ, ਅਦਾਕਾਰਾ ਅਤੇ ਟੀ.ਵੀ. ਐਂਕਰ

ਚੰਗੀ ਸ਼ਬਦਾਵਲੀ ਤੇ ਸ਼ਬਦਾਂ ਦਾ ਭੰਡਾਰ ਤਾਂ ਚੰਗੇ ਲੇਖਕ ਦੀ ਕਲਮ ਵਿੱਚ ਹੀ ਹੁੰਦੇ ਹਨ ਤੇ ਪਰਮਾਤਮਾ ਦੀ ਕਿਰਪਾ ਨਾਲ ਕਿਸੇ ਗਿਆਨਵਾਨ ਲਈ ਵੀ ਇਕ ਗਿਆਨਵਾਨ ਹੀ ਲਿਖੇ ਤਾਂ ਵਧੀਆ ਲਗਦਾ ਹੈ ਪਰ ਗਿ: ਸੰਤੋਖ ਸਿੰਘ ਜੀ, ਜੋ ਕਿ ਰਿਸ਼ਤੇ ਵਿੱਚ ਮੇਰੇ ਮਾਸੜ ਜੀ ਲਗਦੇ ਹਨ, ਬਾਰੇ ਕੁਝ ਗੱਲਾਂ ਪਰਵਾਰਕ ਤੌਰ ਤੇ ਜੋ ਮੇਰੇ ਜ਼ਿਹਨ ਵਿੱਚ ਹਨ, ਉਹ ਉਹਨਾਂ ਦੇ ਮਿੱਤਰਾਂ ਤੇ ਪ੍ਰਸੰਸਕਾਂ ਲਈ ਜਾਨਣੀਆਂ ਵੀ ਜਰੂਰੀ ਹਨ। ਇਸ ਲਈ ਮੈਂ ਇਹ ਛੋਟਾ ਜਿਹਾ ਉਪਰਾਲਾ ਅੱਜ ਕਲਮ ਚੁੱਕ ਕੇ ਕੀਤਾ ਹੈ। ਬਚਪਨ ਵਿੱਚ ਜਦੋਂ ਵੀ ਮੈਂ ਆਪਣੇ ਮਾਸੜ ਜੀ ਦੀਆਂ ਗੱਲਾਂ ਸੁਣਦੀ ਤਾਂ ਹੈਰਾਨ ਹੁੰਦੀ ਕਿ ਇੱਕ ਇਨਸਾਨ ਏਨੀ ਆਜ਼ਾਦੀ ਨਾਲ ਦੇਸ਼ ਵਿਦੇਸ਼ ਵੀ ਘੁੰਮਦਾ ਹੈ ਅਤੇ ਸਾਹਮਣੇ ਵਾਪਰੀਆਂ ਇਤਿਹਾਸਕ ਘਟਨਾਵਾਂ ਦੀ ਬਰੀਕ ਤੋਂ ਬਰੀਕ ਨੁਕਰ ਦੀ ਜਾਣਕਾਰੀ ਵੀ ਰੱਖਦਾ ਹੈ। ਹਰ ਵਾਰ ਮਿਲਣ ਤੇ ਇੱਕ ਤਜਰਬੇਕਾਰ ਕਹਾਣੀ ਆਪਣੇ ਨਾਲ ਲਈ ਫਿਰਦਾ ਹੈ। ਉਹ ਯਾਦਾਂ ਕਿਉਂ ਨਾ ਆਉਣ ਵਾਲੀ ਪੀਹੜੀ ਨੂੰ ਪ੍ਰੇਰਨਾ ਦੇਣ, ਪਰ ਕਿਵੇਂ? ਕਿਉਂਕਿ ਮਾਸੜ ਜੀ ਨੇ ਤਾਂ ਰਜਾਈਆਂ ਸਾਂਭਣ ਵਾਲੀ ਪੇਟੀ ਵਾਂਗੂੰ ਆਪਣੀ ਸੋਚ ਤੇ ਗਿਆਨ ਦੀ ਕੋਈ ਅਲਮਾਰੀ ਬਣਾਈ ਹੀ ਨਹੀਂ। ਫਿਰ ਜਦ ਮੈਨੂੰ ਆਪਣੀ ਐਮ.ਏ. ਪੰਜਾਬੀ ਕਰਨ ਦੌਰਾਨ ਕਿਤਾਬਾਂ ਨਾਲ ਇਸ਼ਕ ਹੋਇਆ ਤਾਂ ਵਿਦਵਾਨਾਂ ਦੀਆਂ ਢੇਰ ਸਾਰੀਆਂ ਕਿਤਾਬਾਂ ਪੜ੍ਹ ਕੇ ਜੋ ਅਸੀਂ ਆਨੰਦ ਮਾਣਿਆ ਤੇ ਪ੍ਰੇਰਨਾ ਲਈ, ਉਸ ਤੋਂ ਮੈਨੂੰ ਅਹਿਸਾਸ ਹੋਇਆ ਕਿ ਸਾਡੇ ਘਰ ਵਿੱਚ ਵੀ ਇਕ ਅਨਮੋਲ ਹੀਰਾ ਹੈ, ਜਿਸ ਨੂੰ ਥੋਹੜੀ ਪ੍ਰੇਰਨਾ ਦੀ ਲੋੜ ਹੈ। ਵੈਸੇ ਹਲਾਸ਼ੇਰੀ ਸਿਰਫ ਬੱਚਿਆਂ ਨੂੰ ਹੀ ਨਹੀਂ, ਹਰ ਕੰਮ ਕਰਨ ਵਾਲੇ ਮਨੁਖ ਨੂੰ ਪ੍ਰਸੰਸਾ ਦੇ ਰੂਪ ਵਿਚ ਚਾਹੀਦੀ ਹੁੰਦੀ ਹੈ, ਜਿਵੇਂ ਕਿ ਕਾਰ ਚਲਾਉਣ ਲਈ ਪੈਟ੍ਰੌਲ।

ਮੈਂ ਉਹਨਾਂ ਨੂੰ ਪ੍ਰਿੰ. ਤੇਜਾ ਸਿੰਘ ਜੀ ਦੀ ਸਵੈ ਜੀਵਨੀ 'ਆਰਸੀ' ਦੇ ਕੇ ਉਸ ਨੂੰ ਪੜ੍ਹਨ ਲਈ ਆਖਿਆ, "ਮਾਸੜ ਜੀ, ਤੁਸੀਂ ਵੀ ਇਸ ਤਰ੍ਹਾਂ ਦਾ ਲਿਖੋ।" ਆਖਣ ਲੱਗੇ, "ਪੁੱਤਰ ਜੀ, ਇਹ ਕਿਤਾਬ ਤਾਂ ਮੈ ਪੰਤਾਲੀ ਸਾਲ ਪਹਿਲਾਂ ਹੀ ਪੜ੍ਹ ਲਈ ਸੀ।" ਮੈਂ ਉਹਨਾਂ ਨੂੰ ਦੁਬਾਰਾ ਪੜ੍ਹਨ ਲਈ ਜੋਰ ਦਿਤਾ ਤਾਂ ਉਹਨਾਂ ਨੇ ਮੇਰੇ ਪਾਸੋਂ ਕਿਤਾਬ ਲੈ ਲਈ। ਨਾ ਕਿ 'ਆਰਸੀ' ਲੈ ਹੀ ਲਈ ਬਲਕਿ ਦੁਬਾਰਾ ਪੜ੍ਹੀ ਵੀ।

ਅੱਜ ਮੈਨੂੰ ਬੇਹੱਦ ਖੁਸ਼ੀ ਹੈ ਕਿ ਮਾਸੜ ਜੀ ਨੇ ਇੱਕ ਤੋਂ ਬਾਅਦ ਇੱਕ ਕਿਤਾਬ, ਜਿਵੇਂ ਕਹਿੰਦੇ ਨੇ ਕਿ ਪੱਤੇ ਤੇ ਪੱਤਾ, ਠਾਹ ਪੱਤਾ; ਤਾਸ਼ ਦੀ ਖੇਡ ਵਾਂਗ ਕਿਤਾਬ ਤੇ ਕਿਤਾਬ ਮਾਰਨੀ ਯਾਨੀ ਕਿ ਲਿਖਣੀ ਸ਼ੁਰੂ ਕਰ ਦਿੱਤੀ ਹੈ। ਉਸ ਨਾਲ ਨਾ ਸਿਰਫ ਉਹ ਆਪਣੀ ਛਾਪ ਪਰਵਾਰ ਤੇ ਛੱਡਣਗੇ, ਬਲਕਿ ਆਉਣ ਵਾਲੀ ਪੀਹੜੀ ਵਿੱਚ ਉਹ ਕਿਤਾਬਾਂ ਦੇ ਅਨਮੋਲ ਅੱਖਰਾਂ ਰਾਹੀਂ ਹਰ ਕਿਸੇ ਨਾਲ ਸਦੀਆਂ ਤੱਕ ਗੱਲਾਂ ਕਰਦੇ ਰਹਿਣਗੇ।

ਪ੍ਰਮਾਤਮਾ ਕਰੇ, ਨਾ ਸਿਰਫ ਮੇਰੇ ਮਾਸੜ ਜੀ ਬਲਕਿ ਹਰ ਲੇਖਕ ਦੀ ਪ੍ਰੇਮਿਕਾ ਉਸ ਦੀ ਕਲਮ, ਇੱਕ ਸੁਨਹਿਰੇ ਖੰਭਾਂ ਵਾਲੀ ਪਰੀ ਵਾਂਗ ਨਿੱਤ ਉਚੇ ਅਸਮਾਨਾਂ ਤੇ ਉਡਦੀ ਰਹੇ ਤੇ ਬੁਲੰਦੀਆਂ ਛੋਂਹਦੀ ਰਹੇ!

# ਵੇਖਣ ਨੂੰ ਸਿੱਧੜ ਜਿਹਾ ਬੰਦਾ

ਹਰਭਜਨ ਸਿੰਘ ਬਾਜਵਾ
ਬਾਜਵਾ ਫ਼ੋਟੋ ਸਟੂਡੀਓ, ਬਟਾਲਾ

ਸੰਸਾਰ ਇਕ ਉਹ ਸਮੁੰਦਰ ਹੈ, ਜਿਸ ਅੰਦਰ ਤੁਹਾਨੂੰ ਪਤਾ ਨਹੀਂ ਕਦੋਂ ਕੋਈ ਮਨੁੱਖ ਮਿਲ ਜਾਂਦਾ ਏ। ਨਾ ਉਹ ਤੁਹਾਡਾ ਰਿਸ਼ਤੇਦਾਰ ਏ, ਤੇ ਨਾ ਹੀ ਉਹ ਤੁਹਾਡਾ ਦੋਸਤ ਮਿੱਤਰ ਏ। ਪਰ ਵਕਤ ਦੇ ਮੇਲ ਨਾਲ ਜਦੋਂ ਵਿਚਾਰ ਜਾਂ ਸੋਚਾਂ ਸਾਂਝੀਆਂ ਹੋ ਜਾਂਦੀਆਂ ਹਨ, ਉਸ ਵਕਤ ਉਸ ਮਨੁੱਖ ਨਾਲ ਨੇੜਤਾ ਹੋ ਜਾਂਦੀ ਏ।

ਇਸ ਤਰ੍ਹਾਂ ਹੀ ਮੇਰੀ ਸੰਤੋਖ ਸਿੰਘ ਨਾਲ ਨੇੜਤਾ ਹੋ ਗਈ ਸੀ, ਕਿਉਂਕਿ ਮੈ ਸ਼ੌਕੀਆ ਫੋਟੋਗ੍ਰਾਫ਼ੀ ਕਰਦਾ ਸੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰੇ ਵਿੱਚ ਕਦੀ ਕਦੀ ਦਰਬਾਰ ਸਾਹਿਬ ਦੀਆਂ ਤਸਵੀਰਾਂ ਖਿੱਚਣ ਲਈ ਜਾਂਦਾ ਸੀ। ਇਸ ਕਾਰਨ ਕੁਝ ਸ਼੍ਰੋਮਣੀ ਕਮੇਟੀ ਦੇ ਮੁਲਾਜਮਾਂ ਨਾਲ ਮੇਰੀ ਨੇੜਤਾ ਹੋ ਗਈ ਸੀ। ਉਹ ਮੈਨੂੰ ਪਿਆਰ ਕਰਦੇ ਸਨ। ਮੈ ਉਹਨਾਂ ਨੂੰ ਪਿਆਰ ਕਰਦਾ ਸੀ। ਇਕ ਜਥੇਦਾਰ ਤਰਲੋਚਨ ਸਿੰਘ ਧਰਮ ਪ੍ਰਚਾਰ ਕਮੇਟੀ ਦਾ ਮੈਬਰ ਹੁੰਦਾ ਸੀ। ਉਹ ਬੜਾ ਜਿੰਦਾ ਦਿਲ ਮਨੁੱਖ ਸੀ। ਉਸ ਦੇ ਨਾਲ ਹੀ ਮੈ ਇਹਨਾਂ ਮੁੰਡਿਆਂ ਨੂੰ ਫਿਰਦੇ ਵੇਖਦਾ ਸੀ ਤੇ ਇਹਨਾਂ ਸਾਰਿਆਂ ਨੂੰ ਮਿਲਦਾ ਸੀ। ਇਹ ਸਨ: ਸੰਤੋਖ ਸਿੰਘ, ਅਜੀਤ ਸਿੰਘ ਮੌਲਵੀ, ਦਰਸ਼ਨ ਸਿੰਘ ਮਜਬੂਰ, ਦਰਸ਼ਨ ਸਿੰਘ ਈਸਾਪੁਰ, ਬਲਵੰਤ ਸਿੰਘ ਰਾਮੂਵਾਲ਼ੀਆ ਤੇ ਦੋ ਚਾਰ ਹੋਰ ਸਨ, ਜਿਨ੍ਹਾਂ ਦੇ ਨਾਮ ਭੁਲ ਗਿਆ ਹਾਂ। ਸੰਤੋਖ ਸਿੰਘ ਉਸ ਵਕਤ ਇਹਨਾਂ ਵਿਚ ਵਿਚਰਦਾ ਵੀ ਇਹਨਾਂ ਤੋਂ ਬਹੁਤਾ ਵੱਖਰਾ ਵੱਖਰਾ ਜਿਹਾ ਰਹਿੰਦਾ ਸੀ ਤੇ ਇਹਨਾਂ ਦੇ ਪਧਰ ਦੀ ਸਿਆਸਤ ਵਿੱਚ ਵੀ ਹਿੱਸਾ ਘੱਟ ਹੀ ਲੈਂਦਾ ਸੀ। ਆਪਣੇ ਖੋਜੀ ਕੰਮਾਂ ਵਿੱਚ ਹੀ ਰੁਝਿਆ ਰਹਿੰਦਾ ਸੀ। ਜਿਨ੍ਹਾਂ ਖੋਜਾਂ ਦਾ ਕਾਰਜ ਗੁਰੂ ਸਾਹਿਬਾਂ ਦੇ ਜੀਵਨ ਅਤੇ ਉਪਦੇਸ਼ਾਂ ਬਾਰੇ ਤੇ ਗੁਰਬਾਣੀ ਬਾਰੇ ਹੁੰਦਾ ਸੀ। ਉਸ ਚੀਜ਼ ਨੇ ਇਸ ਨੂੰ ਐਸੇ ਖੰਭ ਲਾਏ ਕਿ ਇਹ ਸ਼੍ਰੋਮਣੀ ਕਮੇਟੀ ਤੋਂ ਉਡਾਰੀ ਮਾਰ ਕੇ ਬਾਹਰ ਨੂੰ ਉਡ ਗਿਆ। ਬਾਹਰਲੇ ਦੇਸਾਂ ਵਿਚ ਜਾ ਕੇ ਇਸ ਨੇ ਆਪਣੀ ਧਾਰਮਿਕ ਵਿਦਵਤਾ ਦਾ ਵਿਖਾਵਾ ਭਾਸ਼ਨਾਂ ਤੇ ਲੇਖਾਂ ਰਾਹੀਂ ਕੀਤਾ। ਸਿਆਣੇ ਆਖਦੇ ਹਨ ਕਿ ਜਦੋਂ ਕੋਈ ਫੁੱਲ ਆਪਣੀ ਖੁਸ਼ਬੂ ਫੰਡਦਾ ਏ, ਫੇਰ ਉਸ ਫੁੱਲ ਨੂੰ ਸਾਰੇ ਲੱਭਦੇ ਹਨ। ਇਹ ਹੀ ਹਾਲ ਸੰਤੋਖ ਸਿੰਘ ਦਾ ਹੋਇਆ ਸੀ। ਜਦੋਂ ਇਸ ਨੇ ਬਾਹਰਲੇ ਸਮਾਜਾਂ ਵਿਚ ਧਾਰਮਿਕ ਭਾਸ਼ਨ ਦਿਤੇ ਫੇਰ ਹੋਰ ਦੇਸ਼ਾਂ ਤੇ ਸ਼ਹਿਰਾਂ ਤੋਂ ਵੀ ਸੱਦੇ ਪੱਤਰ

ਆਉਣ ਲੱਗ ਪਏ। ਫੇਰ ਇਹ ਸਾਡਾ ਯਾਰ ਸੰਤੋਖ ਨਿਰਾ ਸੰਤੋਖ ਸਿੰਘ ਨਾ ਰਹਿ ਕੇ, 'ਗਿਆਨੀ ਸੰਤੋਖ ਸਿੰਘ' ਬਣ ਗਿਆ।

ਗਿਆਨੀ ਸੰਤੋਖ ਸਿੰਘ ਨੇ ਆਪਣੇ ਬਾਕੀ ਸਾਥੀਆਂ ਵਾਂਗੂ ਜਿੰਦਗੀ ਦੇ ਸਾਰੇ ਪੱਖਾਂ ਨੂੰ ਜੀ ਕੇ ਨਹੀ ਵੇਖਿਆ। ਵਿੱਦਿਆ ਪਰਾਪਤੀ ਵਾਲ਼ੇ ਇਕੋ ਹੀ ਪਾਸੇ ਤੁਰਿਆ ਰਿਹਾ ਇਸ ਕਰਕੇ ਅਜੇ ਵੀ ਖੁਲ੍ਹ ਕੇ ਜਿੰਦਗੀ ਨੂੰ ਨਹੀਂ ਜੀ ਰਿਹਾ। ਅਜੇ ਵੀ ਇਹ ਉਸ ਤਰ੍ਹਾਂ ਖੁਲ੍ਹ ਕੇ ਯਥਾਰਥਕ ਜੀਵਨ ਦੀਆਂ ਗੱਲਾਂ ਨਹੀਂ ਕਰਦਾ, ਜਿਸ ਤਰ੍ਹਾਂ ਇਸ ਦੇ ਪੁਰਾਣੇ ਮਿੱਤਰ ਕਰਦੇ ਸਨ, ਜੇਹੜੇ ਬਹੁਤੇ ਤਾਂ ਮਰ ਗਏ ਹਨ। ਜੇ ਕੋਈ ਬਚਿਆ ਹੋਵੇਗਾ, ਉਹ ਸਦਾਚਾਰਕ ਵਿਚਾਰਵਾਨ ਮਨੁਖ ਬਣਨ ਦੀ ਥਾਂ 'ਤਿਕੜਮਬਾਜ' ਬਣ ਗਿਆ ਹੋਵੇਗਾ, ਕਿਉਂਕਿ ਜੇਹੜੇ ਲੋਕ ਸਿਆਸਤਦਾਨਾਂ ਦੀ ਸੰਗਤ ਕਰਦੇ ਹਨ ਉਹ ਫੇਰ ਉਹਨਾਂ ਵਰਗੇ ਹੀ ਹੋ ਜਾਂਦੇ ਹਨ। ਇਸ ਪੱਖੋਂ ਸੰਤੋਖ ਸਿੰਘ ਬਚਿਆ ਹੋਇਆ ਏ। ਆਪਣੀ ਜਿੰਦਗੀ ਸਾਦੀ ਤੇ ਸੰਜਮੀ ਜੀਂਦਾ ਏ। ਹਰੇਕ ਸਾਲ ਤੇ ਕਦੀ ਇਕ ਤੋਂ ਵੱਧ ਵਾਰ ਵੀ, ਪਰਵਾਸੀ ਪੰਛੀਆਂ ਵਾਂਗ ਉਡਾਰੀ ਮਾਰ ਕੇ ਆਪਣੀ ਜਨਮ ਭੂਮੀ ਤੇ ਆ ਜਾਂਦਾ ਏ ਤੇ ਮੇਰੇ ਵਰਗਿਆਂ ਨੂੰ ਵੀ ਆਪਣੀ ਵਿਦਵਤਾ ਨਾਲ ਨਿਹਾਲ ਕਰ ਜਾਂਦਾ ਏ। ਕੁਝ ਕਿਤਾਬਾਂ ਦਾ ਜਨਮ ਦਾਤਾ ਵੀ ਬਣ ਗਿਆ ਏ। ਹਰ ਮਨੁੱਖ ਨੂੰ ਮਿਲਣ ਦੀ ਤਾਂਘ ਅਜੇ ਵੀ ਇਸ ਦੇ ਅੰਦਰ ਜੀਂਦੀ ਏ।



# ਵਿਸ਼ਾਲ ਅਨੁਭਵੀ ਮਨੁੱਖ

ਅਮਨਦੀਪ ਸਿੰਘ ਸਿੱਧੂ
'ਹਰਮਨ ਰੇਡੀਓ', ਆਸਟ੍ਰੇਲੀਆ

ਮੈਂ ਗਿਆਨੀ ਜੀ ਨੂੰ ਗੁਰੂ ਘਰਾਂ ਅਤੇ ਹੋਰ ਸਮਾਗਮਾਂ ਵਿੱਚ ਲੈਕਚਰ ਕਰਦੇ ਬੜੀ ਵਾਰੀ ਸੁਣਿਆ ਸੀ ਪਰ ਜਦੋਂ ਸਿਡਨੀ ਵਿਚ 'ਹਰਮਨ ਰੇਡੀਉ' ਦੀ ਸ਼ੁਰੂਆਤ ੨੦੦੫ ਵਿੱਚ ਹੋਣੀ ਸੀ ਤਾਂ ਮੈ ਗਿਆਨੀ ਜੀ ਨਾਲ ਫੋਨ ਤੇ ਸਲਾਹ ਮਸ਼ਵਰਾ ਕੀਤਾ ਅਤੇ ਉਸ ਦਿਨ ਤੋਂ ਗਿਆਨੀ ਜੀ ਦੀਆਂ ਸਾਨੂੰ ਨਿਸ਼ਕਾਮ ਸੇਵਾਵਾਂ ਅਤੇ ਹਰ ਪ੍ਰਕਾਰ ਦਾ ਸਹਿਯੋਗ ਮਿਲਿਆ। ਗਿਆਨੀ ਜੀ ਵੱਲੋਂ ਰੇਡੀਓ ਉਪਰ ਗੁਰਬਾਣੀ ਦੀ ਵਿਆਖਿਆ ਤੋਂ ਇਲਾਵਾ ਪੰਜਾਬ ਦੀ ਪੁਰਾਣੀ ਅਤੇ ਮੌਜੂਦਾ ਸਿਆਸਤ ਤੇ ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਰਹੇ ਹਨ। ਮੈਨੂੰ ਯਾਦ ਹੈ ਕਿ ੨੦੦੬ ਦੀਆਂ ਪੰਜਾਬ ਚੋਣਾਂ ਦੇ, ਹਰਮਨ ਰੇਡੀਓ ਤੋਂ ਸਿੱਧੇ ਪ੍ਰਸਾਰਣ ਦੌਰਾਨ ਤਕਰੀਬਨ ਸਾਰੇ ਉਮੀਦਵਾਰਾਂ ਦੇ ਤਿੰਨ ਪੀਹੜੀਆਂ ਦੇ ਨਾਮ ਅਤੇ ਕੰਮ ਦੱਸ ਦੱਸ ਕੇ ਇਹਨਾਂ ਨੇ ਪ੍ਰੋਗਰਾਮ ਨੂੰ ਬੇਹੱਦ ਰੌਚਕ ਬਣਾ ਦਿੱਤਾ ਸੀ। ਭਾਵੇਂ ਕਿ ਹਰਮਨ ਰੇਡੀਓ ਨੇ ਤਿੰਨਾਂ ਹੀ ਪੱਖਾਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਹੋਣ ਲਈ ਸੱਦਾ ਦਿਤਾ ਸੀ ਪਰ ਕਾਂਗਰਸ ਤੇ ਕਮਿਊਨਿਸਟਾਂ ਦੇ ਪੱਖ ਵੱਲੋਂ ਕੋਈ ਨਾ ਆਇਆ ਤੇ ਇਕੱਲੇ ਗਿਆਨੀ ਜੀ ਨੇ ਹੀ ਸਾਰਾ ਸਮਾ ਸ੍ਰੋਤਿਆਂ ਨੂੰ ਰੇਡੀਓ ਨਾਲ਼ ਜੋੜੀ ਰੱਖਿਆ।

ਗਿਆਨੀ ਜੀ ਦੀ ਪਹਿਲੀ ਕਿਤਾਬ 'ਸਚੇ ਦਾ ਸਚਾ ਢੋਆ' ਕਿਤਾਬ ਸੰਬੰਧੀ ਚਰਚਾ ਕਰਨ ਲਈ ਅਸੀਂ ਹਰਮਨ ਰੇਡੀਉ ਤੇ ਗਿਆਨੀ ਜੀ ਦੀ ਇੰਟਰਵਿਊ ਕੀਤੀ। ਜਦੋਂ ਮੈਂ ਗਿਆਨੀ ਜੀ ਨੂੰ ਕਿਤਾਬ ਦੇ ਏਨਾ ਲੇਟ ਛਾਪਣ ਦਾ ਕਾਰਨ ਪੁੱਛਿਆ ਤਾਂ ਗਿਆਨੀ ਜੀ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਰਾਜਪਾਲ ਸਿੰਘ ਸੰਧੂ ਨੇ ਕਿਹਾ, "ਇਹ ਤਾਂ ਇਹਨਾਂ ਨੂੰ ਡਰਦਿਆਂ ਨੂੰ ਛਪਵਾਉਣੀ ਪਈ, ਨਹੀਂ ਅਸੀਂ ਤਾਂ ਇਹਨਾਂ ਦੇ ਮਗਰ ਪਿਛਲੇ ਕਈ ਸਾਲਾਂ ਤੋਂ ਪਏ ਹੋਏ ਸਾਂ।" ਮੈਂ ਪੁੱਛਿਆ, "ਗਿਆਨੀ ਜੀ ਨੂੰ ਕਾਹਦਾ ਡਰ!" ਤਾਂ ਉਸ ਨੇ ਮੈਨੂੰ ਸਮਝਾਉਂਦਿਆਂ ਹੋਇਆਂ ਕਿਹਾ, "ਦੇਖੋ ਅਮਨਦੀਪ ਜੀ, ਗਿਆਨੀ ਜੀ ਆਪਣੇ ਸਾਰੇ ਲੇਖ ਆਪਣੇ ਲੈਪਟੌਪ ਕੰਪਿਊਟਰ ਤੇ ਰੱਖਦੇ ਸਨ ਅਤੇ ਤੁਹਾਨੂੰ ਪਤਾ ਹੀ ਹੈ ਕਿ ਕੁਝ ਮਹੀਨੇ ਪਹਿਲਾਂ, ਜਦੋਂ ਇਹ ਮੈਰਿਜ ਸੈਲੀਬ੍ਰੇਂਟ ਬਾਰੇ ਸੈਮੀਨਾਰ ਵਿਚ ਸ਼ਾਮਲ ਹੋਣ ਲਈ ਗਏ ਹੋਏ

ਸਨ ਤਾਂ ਦਿਨੇ ਹੀ ਕਿਸੇ ਨੇ ਇਹਨਾਂ ਦੇ ਘਰ ਦਾ ਮੂਹਰਲਾ ਬੂਹਾ ਭੰਨ ਕੇ ਉਹ ਚੋਰੀ ਕਰ ਲਿਆ ਸੀ। ਹੁਣ ਗਿਆਨੀ ਜੀ ਨੂੰ ਇਹ ਡਰ ਪੈ ਗਿਆ ਕਿ ਕਿਤੇ ਚੋਰ ਗਿਆਨੀ ਜੀ ਦਾ ਨਾਮ ਕੱਟ ਕੇ ਆਪਣੇ ਨਾਮ ਹੇਠਾਂ ਨਾ ਕਿਤਾਬ ਛਾਪ ਦੇਵੇ। ਇਸ ਕਰਕੇ ਜੇ ਇਹਨਾਂ ਨੂੰ ਇਹ ਡਰ ਨਾ ਹੁੰਦਾ ਤਾਂ ਇਹ ਕਿਤਾਬ ਸ਼ਾਇਦ ਕਦੇ ਵੀ ਨਾ ਛਪਦੀ। ਇਸ ਲਈ ਪਾਠਕਾਂ ਨੂੰ ਗਿਆਨੀ ਜੀ ਨਾਲ਼ੋਂ ਚੋਰ ਦਾ ਵਧ ਧੰਨਵਾਦ ਕਰਨਾ ਚਾਹੀਦਾ ਹੈ।"

ਗਿਆਨੀ ਜੀ ਨੇ ਆਪ ਤਾਂ ਸਿਆਸਤ ਨਹੀ ਕੀਤੀ ਪਰ ਉਹਨਾਂ ਦਾ ਸਿਆਸੀ ਅਨੁਭਵ ਏਨਾ ਵਿਸ਼ਾਲ ਹੈ ਕਿ ਇੱਕ ਵਾਰੀ ਅਸੀਂ ਆਪਣੇ ਸਰੋਤਿਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ 'ਪੰਜਾਬੀ ਸੂਬੇ' ਦੀ ਗੱਲ ਸ਼ੁਰੂ ਕਰ ਲਈ ਅਤੇ ਗੱਲ ਏਨੀ ਰੋਚਕ ਅਤੇ ਜਾਣਕਾਰੀ ਭਰਪੂਰ ਸੀ ਕਿ ਸਾਨੂੰ ਪੰਜ ਕੜੀਆਂ ਵਿੱਚ ਪ੍ਰੋਗਰਾਮ ਪੇਸ਼ ਕਰਨਾ ਪਿਆ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਵੇਂ ਸਰੋਤੇ ਸਾਰੀ ਘਟਨਾ ਦਾ ਅਖੀਂ ਡਿਠਾ ਹਾਲ ਸੁਣ ਰਹੇ ਹੋਣ!



# ਰੱਬੀ ਗੁਣਾਂ ਨਾਲ਼ ਭਰਪੂਰ ਸੀਰਤ

ਡਾ. ਪ੍ਰੀਤਮ ਕੌਰ ਸੰਧੂ
ਨਵੀ ਦਿੱਲੀ

ਗਿਆਨੀ ਸੰਤੋਖ ਸਿੰਘ ਜੀ ਨਾਲ਼ ਮੇਰੀ ਪਹਿਲੀ ਮੁਲਾਕਾਤ, ਸੰਨ ੧੯੯੮ ਵਿਚ, ਗੁਰਦੁਆਰਾ ਸਿੱਖ ਸੈਂਟਰ ਸਿਡਨੀ ਵਿਚ ਹੋਈ। ਮੈ ਆਪਣੇ ਬੇਟੇ ਸਤਪ੍ਰੀਤ ਸਿੰਘ ਅਤੇ ਉਸ ਦੇ ਦੋਸਤਾਂ ਨਾਲ ਗੁਰਦੁਆਰੇ, ਆਪਣੇ ਬੱਚੇ ਦੀ ਸੇਹਤ ਅਤੇ ਜ਼ਿੰਦਗੀ ਲਈ ਅਰਦਾਸ ਕਰਨ ਗਈ ਸਾਂ।

ਓਹਨੀਂ ਦਿਨੀਂ ਮੇਰਾ ਪੁੱਤਰ ਇਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਇਸ ਕਾਰਨ ਉਸ ਦੇ ਸਰੀਰ ਤੇ ਕਾਫ਼ੀ ਸੱਟਾਂ ਲੱਗੀਆਂ ਹੋਈਆਂ ਸਨ। ਪਰਦੇਸਾਂ ਦੇ ਮਾਮਲੇ! ਆਪਣੇ ਦੇਸ ਵਿਚ ਅਜਿਹੇ ਸਮੇ ਤਾਂ ਸਾਰਾ ਪਰਵਾਰ ਕੀ ਸਾਰੀ ਰਿਸ਼ਤੇਦਾਰੀ ਇਕੱਠੀ ਹੋ ਜਾਂਦੀ ਬੱਚੇ ਨੂੰ ਢਾਰਸ ਦੇਣ ਨੂੰ ਪਰ ਸੱਤ ਸਮੁੰਦਰ ਪਾਰ ਖ਼ਬਰ ਸੁਣ ਕੇ ਬੱਸ ਮੈ ਆਪ ਹੀ ਪੁੱਜ ਸਕੀ ਸਾਂ। ਬੱਚੇ ਦਾ ਹਾਲ ਵੇਖ ਕੇ ਮਨ ਬਹੁਤ ਡੋਲਿਆ ਹੋਇਆ ਸੀ। ਅਜਿਹੀ ਸਥਿਤੀ ਵਿਚ ਗੁਰਦੁਆਰਾ ਹੀ ਇਕ ਅਜਿਹੀ ਥਾਂ ਹੁੰਦੀ ਹੈ ਜਿਥੇ ਆਪਣੇ ਰੱਬ ਅੱਗੇ ਇਨਸਾਨ ਦੁਖ ਸੁਖ ਕਰ ਸਕਦਾ ਹੈ। ਧਾਰਮਿਕ ਸੰਕੀਰਣਤਾ ਦੇ ਅਸਰ ਅਧੀਨ ਆਮ ਤੌਰ ਤੇ ਧਾਰਮਿਕ ਸਥਾਨਾਂ ਵਿਚ ਸਦੀਵੀ ਵਿਚਰਨ ਵਾਲ਼ੇ ਬਹੁਤੇ ਸੱਜਣ ਕੱਟੜਵਾਦ ਦੀਆਂ ਸਿਖ਼ਰਾਂ ਛੋਹਣ ਲੱਗ ਜਾਂਦੇ ਹਨ ਪਰ ਅਜਿਹੇ ਵਾਤਾਵਰਣ ਵਿਚ ਵੀ ਕੁਝ ਗੁਰੂ ਸਾਹਿਬਾਨ ਦੀ, "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ" ਵਾਲ਼ੀ ਸਿੱਖਿਆ ਉਪਰ ਅਮਲ ਕਰਨ ਵਾਲ਼ਿਆਂ ਨਾਲ਼ ਮੇਲ਼ ਹੋ ਹੀ ਜਾਂਦਾ ਹੈ।

ਓਥੇ ਹੀ ਮਿਲ਼ੇ ਸਨ ਸਾਨੂੰ ਪਹਿਲੀ ਵਾਰ ਗਿਆਨੀ ਸੰਤੋਖ ਸਿੰਘ ਜੀ। ਸਾਬਤ ਸੂਰਤ ਅਤੇ ਰੱਬੀ ਗੁਣਾਂ ਨਾਲ਼ ਭਰਪੂਰ ਸੀਰਤ ਵਾਲ਼ੇ। ਸ਼ਾਇਦ ਓਦੋਂ ਗਿਆਨੀ ਜੀ ਉਸ ਗੁਰਦੁਆਰੇ ਦੀ ਮੈਨੇਜਮੈਂਟ ਵਿਚ ਵੀ ਸਨ। ਅਰਦਾਸ ਕਰਵਾਉਣ ਲਈ ਕਿਸੇ ਤੋਂ ਪੁੱਛਣ ਤੇ ਮੈਨੂੰ ਦੱਸਿਆ ਗਿਆ ਕਿ ਗਿਆਨੀ ਸੰਤੋਖ ਸਿੰਘ ਜੀ ਨਾਲ਼ ਗੱਲ ਕਰੋ। ਅਰਦਾਸ ਦੀ ਗੱਲ ਕਰਦਿਆਂ ਮੇਰਾ ਭਰਿਆ ਹੋਇਆ ਮਨ ਛਲਕ ਪਿਆ ਅਤੇ ਮੇਰੀਆਂ ਦੱਬੀਆਂ ਹੋਈਆਂ ਚੀਕਾਂ ਦੀ ਆਵਾਜ਼ ਗਿਆਨੀ ਜੀ ਦੇ ਕੰਨੀਂ ਵੀ ਪੈ ਗਈ।

ਭੋਗ ਤੋਂ ਬਾਅਦ ਲੰਗਰ ਛਕਣ ਲਈ ਹੇਠਾਂ ਹਾਲ਼ ਵਿਚ ਆਏ ਤਾਂ ਗਿਆਨੀ ਜੀ ਨਾਲ਼ ਲੰਮੀ ਵਾਰਤਾਲਾਪ ਹੋਈ। ਉਹਨਾਂ ਆਪ ਉਦਮ ਕਰਕੇ ਸਾਨੂੰ ਪ੍ਰੇਮ ਨਾਲ਼ ਲੰਗਰ ਛਕਾਇਆ। ਫਿਰ ਹਫ਼ਤੇ ਬਾਅਦ ਆਪਣੇ ਘਰ ਪਰਵਾਰ, ਈਸਟਰਨ ਕਰੀਕ, ਵਿਚ ਖਾਣੇ ਤੇ ਬੁਲਾ ਲਿਆ ਤੇ ਆਪਣੇ ਪਰਵਾਰ ਨਾਲ਼ ਮਿਲਾਇਆ। ਨਾਲ਼ ਹੀ ਉਹਨਾਂ ਨੇ ਕਿਸੇ ਵੀ ਤਰ੍ਹਾਂ ਦੀ ਮਦਦ ਲਈ ਨਿਰਸੰਕੋਚ ਗੱਲ ਕਰਨ ਲਈ ਆਖ ਦਿਤਾ।

ਗੱਲਾਂ ਗੱਲਾਂ ਵਿਚ ਹੀ ਪਤਾ ਲਗਾ ਕਿ ਗਿਆਨੀ ਜੀ ਅੰਮ੍ਰਿਤਸਰ, ਹਰਿਮੰਦਰ ਸਾਹਿਬ ਦੇ ਅਦਾਰੇ ਵਿਚ ਵੀ ਕਈ ਰੂਪਾਂ ਵਿਚ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਕੁਝ ਸਾਲ ਪਹਿਲਾਂ ਆਸਟ੍ਰੇਲੀਆ ਵਿਚ ਆ ਕੇ ਵੱਸੇ ਹਨ। ਮੇਰੀ ਜੰਮਣ ਭੋਂ ਵੀ ਅੰਮ੍ਰਿਤਸਰ ਵਿਚ ਹੀ ਹੈ। ਸ਼ਾਇਦ ਮਿੱਟੀ ਦੀ ਸਾਂਝ ਕਰਕੇ ਜਾਂ ਦੋਵਾਂ ਦੇ ਅੰਦਰਲੀ ਲੇਖਣੀ ਦੀ ਚਿਣਗ ਹੋਣ ਕਰਕੇ, ਅਸੀਂ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਰਹੇ।

ਉਸ ਤੋਂ ਬਾਅਦ ਜਦ ਵੀ ਸਿਡਨੀ ਆਈ, ਆਉਂਦਿਆਂ ਹੀ ਸਭ ਤੋਂ ਪਹਿਲਾਂ ਫ਼ੋਨ ਗਿਆਨੀ ਜੀ, ਹਰਜੀਤ ਕੌਰ ਰੰਧਾਵਾ, ਡਾਕਟਰ ਟਾਂਡਾ ਜੀ ਅਤੇ ਹੋਰ ਜਾਣਕਾਰਾਂ ਨੂੰ ਕਰਦੀ ਰਹੀ ਹਾਂ। ਇਹਨਾਂ ਮਿਲਣੀਆਂ ਦੇ ਦੌਰਾਨ ਗਿਆਨੀ ਜੀ ਦੀ ਲਿਖਣ ਸ਼ਕਤੀ ਤੋਂ ਪ੍ਰਭਾਵਤ ਹੋ ਕੇ, ਤਕਰੀਬਨ ਮੈ ਉਹਨਾਂ ਦੀਆਂ ਸਾਰੀਆਂ ਕਿਤਾਬਾਂ, ਜਿਵੇਂ ਕਿ ਸਚੇ ਦਾ ਸਚਾ ਢੋਆ, ਉਜਲ ਕੈਹਾਂ ਚਿਲਕਣਾ, ਯਾਦਾਂ ਭਰੀ ਚੰਗੇਰ, ਬਾਤਾਂ ਬੀਤੇ ਦੀਆਂ; ਨਿੱਠ ਕੇ ਬਹਿ ਕੇ ਪੜ੍ਹ ਚੁੱਕੀ ਹਾਂ। ਉਹਨਾਂ ਦੀ ਲੇਖਣੀ ਉਹਨਾਂ ਦੇ ਆਪਣੇ ਜੀਵਨ ਸੰਘਰਸ਼ ਅਤੇ ਆਲ਼ੇ ਦੁਆਲ਼ੇ ਤੋਂ ਪ੍ਰਭਾਵਤ ਘਟਨਾਵਾਂ ਦਾ ਸੁਮੇਲ ਹੈ।

ਆਪਣੀ ਗੱਲ ਕਰਦਿਆਂ ਉਹ ਬਹੁਤ ਹੀ ਸਹਿਜਤਾ ਨਾਲ਼ ਗੁਰਬਾਣੀ, ਸਿੱਖ ਇਤਿਹਾਸ, ਸਿੱਖ ਅਤੇ ਅਕਾਲੀ ਰਾਜਨੀਤੀ, ਸਿੱਖ ਫ਼ਲਸਫ਼ੇ ਤੋਂ ਵੀ ਪਾਠਕਾਂ ਨੂੰ ਰੂ ਬ ਰੂ ਕਰਾ ਦਿੰਦੇ ਹਨ। ਗੱਲ ਭਾਵੇਂ ਸਵਿਟਜ਼ਰਲੈਂਡ, ਨਿਊ ਜ਼ੀਲੈਂਡ, ਯੂਰਪ ਜਾਂ ਅਫ਼੍ਰੀਕਾ ਵਿਚ ਹੋਵੇ, ਪਰ ਉਹਨਾਂ ਦਾ ਤਰਜ਼ਿ ਬਿਆਨ ਸਿੱਧਾ ਸਰੋਤਿਆਂ/ਪਾਠਕਾਂ ਦੇ ਦਿਲਾਂ ਦੇ ਧੁਰ ਅੰਦਰ ਤੱਕ ਧਸ ਜਾਂਦਾ ਹੈ। ਸਭ ਤੋਂ ਵਧ ਰੌਚਕ ਲੱਗਦਾ ਹੈ ਉਹਨਾਂ ਦਾ ਵਿਅੰਗਮਈ ਵਾਰਤਾਲਾਪ ਜਿਸ ਉਤੇ ਬਹੁਤੀ ਵਾਰ ਮਜ਼ਾਹੀਆ ਚਾਸ਼ਨੀ ਚੜ੍ਹੀ ਹੁੰਦੀ ਹੈ।

ਤਕਰੀਬਨ ਹਰੇਕ ਮੁਲਾਕਾਤ ਵਿਚ ਉਹਨਾਂ ਦਾ ਵਖਰਾ ਹੀ ਰੂਪ ਵੇਖਣ ਨੂੰ ਮਿਲ਼ਦਾ ਹੈ। ਗਿਆਨੀ ਜੀ ਧਰਮ ਪ੍ਰਚਾਰਕ, ਰਾਗੀ, ਵਕਤਾ, ਲੇਖਕ ਅਤੇ ਗੁਰਬਾਣੀ

ਦੇ ਚੰਗੇ ਵਿਆਖਿਆਕਾਰ ਦੇ ਰੂਪ ਵਿਚ ਦਿਖਾਈ ਦਿੰਦੇ ਹਨ। ਕਈ ਵਾਰ ਤਾਜ਼ਾ ਹਾਲਤਾਂ ਤੇ ਚਾਨਣਾ ਪਾਉਣ ਵਾਲ਼ੇ ਅਤੇ ਕਦੀ ਚੰਗੇ ਕਵੀ ਦੇ ਰੂਪ ਵਿਚ।

ਇਸ ਵਾਰ ੩੦ ਜੁਲਾਈ ਨੂੰ ਪੰਜਾਬੀ ਕੌਂਸਲ ਆਫ਼ ਆਸਟ੍ਰੇਲੀਆ ਅਤੇ ਪੰਜਾਬੀ ਸੱਥ ਲਾਂਬੜਾ ਦੁਆਰਾ, ਪੰਜਾਬ ਰੇਡੀਓ ਲੰਡਨ ਰਾਹੀਂ, ਸਿਡਨੀ ਵਿਚ ਕਰਵਾਏ ਗਏ ਕਵੀ ਦਰਬਾਰ ਵਿਚ, ਉਹਨਾਂ ਦੀ ਇਕ ਲੰਮੀ ਕਵਿਤਾ, ਸੰਤਾਂ ਦੀਆਂ ਵੱਖ ਵੱਖ ਵੰਨਗੀਆਂ ਬਾਰੇ ਸੁਣ ਕੇ, ਜਿਥੇ ਸਭ ਦੇ ਢਿਡੀਂ ਪੀੜਾਂ ਪੈ ਗਈਆਂ ਓਥੇ ਉਹਨਾਂ ਨੇ ਸੱਚੇ ਅਤੇ ਢੌਂਗੀ ਸਾਧੂਆਂ ਵਿਚਲੇ ਫਰਕ ਦੀਆਂ ਵੀ ਕਾਫ਼ੀ ਪਰਤਾਂ ਉਧੇੜੀਆਂ।

ਨਿਰਸੰਦੇਹ ਗਿਆਨੀ ਜੀ ਦੀ ਲੇਖਣੀ ਵਿਚ ਅਜਿਹਾ ਜਾਦੂ ਹੈ ਜੋ ਰੱਬੀ ਰਹਿਮਤ ਵਾਂਗ ਸੁਤੇ ਸਿਧ ਪੜ੍ਹਨ ਵਾਲ਼ੇ ਦੇ ਦਿਲ ਦੀਆਂ ਧੁਰ ਡੂੰਘਿਆਈਆਂ ਤੱਕ ਅਸਰ ਕਰ ਜਾਂਦਾ ਹੈ।



# ਗਿਆਨੀ ਸੰਤੋਖ ਸਿੰਘ ਬਾਰੇ ਇਕ ਕਵਿਤਾ

ਬਲਜਿੰਦਰ ਬਰਾੜ

ਅੱਖਾਂ ਦੇ ਵਿਚ ਛਣਕਣ ਛੱਲਾਂ
ਸਿਆਣੇ ਬੰਦੇ ਸਿਆਣੀਆਂ ਗੱਲਾਂ
ਦੇ ਗਿਆ ਮੈਨੂੰ ਸਾਹਿਤ ਨਿਸ਼ਾਨੀ; ਮੇਰੇ ਦਾਦੇ ਵਰਗਾ ਸੰਤੋਖ ਸਿੰਘ ਗਿਆਨੀ।
ਵੇਹਲਾ ਹੋ ਕੇ ਟਾਈਮ ਜਦ ਕੱਢਦਾਂ
ਇਸ ਪੁਸਤਕ ਨੂੰ ਆ ਕੇ ਪੜ੍ਹਦਾਂ
ਬਾਬੇ ਨਾਨਕ ਦੇ ਘਰ ਦੀ ਕਹਾਣੀ
ਦੇ ਗਿਆ ਮੈਨੂੰ ਸਾਹਿਤ ਨਿਸ਼ਾਨੀ; ਮੇਰੇ ਦਾਦੇ ਵਰਗਾ ਸੰਤੋਖ ਸਿੰਘ ਗਿਆਨੀ।
ਨੀਲੀ ਪੱਗ ਤੇ ਲੰਮੀ ਦਾਹੜੀ
ਸਾਹਿਤਕਾਰਾਂ ਨਾਲ਼ ਉਸ ਦੀ ਯਾਰੀ
ਜਾਪੇ ਮੈਨੂੰ ਰੂਪ ਰੂਹਾਨੀ
ਦੇ ਗਿਆ ਮੈਨੂੰ ਸਾਹਿਤ ਨਿਸ਼ਾਨੀ; ਮੇਰੇ ਦਾਦੇ ਵਰਗਾ ਸੰਤੋਖ ਸਿੰਘ ਗਿਆਨੀ।
ਅੱਖਰਾਂ ਨੂੰ ਹੋਰ ਲਾਈ ਝਾਲਰ
ਆਹ ਫੜ ਪੁਸਤਕ ਦੇ ਦਸ ਡਾਲਰ
ਅੱਗੋਂ ਕਰੀਂ ਨਾ ਆਨਾਕਾਲੀ
ਦੇ ਗਿਆ ਮੈਨੂੰ ਸਾਹਿਤ ਨਿਸ਼ਾਨੀ; ਮੇਰੇ ਦਾਦੇ ਵਰਗਾ ਸੰਤੋਖ ਸਿੰਘ ਗਿਆਨੀ।
ਹੌਸਲਾ ਮਨਜ਼ਲ ਦੀ ਖ਼ੁਰਾਕ ਹੈ ਹੁੰਦੀ
ਕਵਿਤਾ ਹੁੰਦੀ ਗੱਲ ਜੋ ਦਿਲ ਦੀ
ਹੋ ਖੜ੍ਹਿਆਂ ਨਾ ਮਨਜ਼ਲ ਮਿਲਦੀ
ਉਹਦੇ ਹੱਥ ਵੱਸ ਜ਼ਿੰਦਗੀ ਦੀ ਕਹਾਣੀ
ਦੇ ਗਿਆ ਮੈਨੂੰ ਸਾਹਿਤ ਨਿਸ਼ਾਨੀ; ਮੇਰੇ ਦਾਦੇ ਵਰਗਾ ਸੰਤੋਖ ਸਿੰਘ ਗਿਆਨੀ।

## ਡਾ. ਵਰਿਆਮ ਸਿੰਘ ਸੰਧੂ ਵੱਲੋਂ ਪੱਤਰ

ਪਿਆਰੇ ਵੀਰ ਸੰਤੋਖ ਸਿੰਘ ਜੀ
ਮੈਨੂੰ ਸੁਪਨ ਤੋਂ ਪਤਾ ਲੱਗਾ ਕਿ ਤੁਸੀਂ ਤੇ ਸਾਡੇ ਉਹ ਪਿਆਰੇ ਸੰਤੋਖ ਸਿੰਘ ਹੋ; ਲੰਮੇ, ਪਤਲੇ, ਤਿੱਖੇ ਨਕਸ਼ਾਂ ਵਾਲ਼ੇ, ਨਿਘੇ ਤੇ ਮਿਲਣਸਾਰ, ਜਿਨ੍ਹਾਂ ਨੂੰ ਤਿੱਖੀਆਂ ਗੱਲਾਂ ਅਕਸਰ ਹੀ ਫੁਰਦੀਆਂ ਰਹਿੰਦੀਆਂ ਅਤੇ ਜਿਨ੍ਹਾਂ ਦੀ ਸੰਗਤ ਵਿਚ ਸੰਗੀਆਂ ਦੇ ਚੇਹਰੇ ਮੁਸਕ੍ਰਾਹਟਾਂ ਨਾਲ਼ ਭਰੇ ਰਹਿੰਦੇ ਸਨ। ਮੈਨੂੰ ਤੁਹਾਡਾ ਚੇਤਾ ਤੁਰਤ ਆ ਗਿਆ। ਸੱਚੀ ਗੱਲ ਤਾਂ ਇਹ ਹੈ ਕਿ ਐਵੇਂ ਹੀ, ਜਦੋਂ ਮੈਂ 'ਲਿਖਾਰੀ' ਤੇ ਤੁਹਾਡੀ ਤਸਵੀਰ ਵੇਖੀ ਅਤੇ ਤੁਹਾਡਾ ਇਕ ਅੱਧਾ ਆਰਟੀਕਲ ਵੇਖਿਆ ਤਾਂ ਮੈਨੂੰ ਮਹਿਸੂਸ ਹੋਇਆ ਜਿਵੇਂ ਉਹ ਤੁਸੀਂ ਹੀ ਹੋਵੋ, ਪਰ ਤਸਵੀਰ ਵਾਲ਼ਾ 'ਬਾਬਾ' ਜ਼ਿਆਦਾ ਹੀ ਚਿੱਟੀ ਦਾਹੜੀ ਵਾਲ਼ਾ ਸੀ ਅਤੇ ਮੇਰੀ ਦਾਹੜੀ ਦਾ ਤਾਂ, ਗੁਰੂ ਮਹਾਰਾਜ ਦੇ 'ਬਾਜ਼ਾਰ' ਸਦਕਾ, ਅਜੇ 'ਇਕ ਵੀ ਵਾਲ਼ ਚਿੱਟਾ ਨਹੀਂ।' ਇਸ ਲਈ ਦੂਜੇ ਜਣੇ ਕੁਝ ਵਧ ਹੀ ਬੁਢੇ ਲੱਗਦੇ ਹਨ। ਖ਼ੈਰ, ਉਸ ਚਿੱਟੇ ਦਾਹੜੇ ਵਿਚੋਂ ਮੈਂ ਆਪਣਾ ਹੁਣ ਸੱਜਣ ਪਛਾਣ ਲਿਆ ਹੈ। ਬੜੀ ਖ਼ੁਸ਼ੀ ਹੋਈ।

ਮੋਗਾ ਐਜੀਟੇਸ਼ਨ ਵਾਲ਼ਾ ਤੁਹਾਡਾ ਬਿਰਤਾਂਤ ਬੜਾ ਦਿਲਚਸਪ ਹੈ; ਇਸ ਕਰਕੇ ਵੀ ਕਿ ਇਸ ਦੀ ਅਤੇ ਮੇਰੇ ਲੇਖ ਦੀ ਲੜੀ ਆਪਸ ਵਿਚ ਬੜੀ ਕਮਾਲ ਨਾਲ਼ ਮਿਲ਼ਦੀ ਹੈ। ਜੇ ਕਿਤੇ ਇਹ ਗੱਲਾਂ ਮੈਨੂੰ ਪਹਿਲਾਂ ਪਤਾ ਹੁੰਦੀਆਂ ਤਾਂ ਮੈਂ ਇਹਨਾਂ ਨੂੰ ਵੀ ਆਪਣੇ ਲੇਖ ਵਿਚ ਸ਼ਾਮਲ ਕਰ ਲੈਣਾ ਸੀ ਅਤੇ ਮੇਰੇ ਲਿਖੇ ਦਾ ਮੁੱਲ ਹੋਰ ਵੀ ਵਧ ਜਾਣਾ ਸੀ। ਖ਼ੈਰ, ਹੁਣ ਮੈਂ ਇਹ ਸੋਚ ਰਿਹਾਂ ਕਿ ਇਸ ਨੂੰ ਆਪਣੇ ਲੇਖ ਦੇ ਮੁਖ ਬੰਧ ਵਜੋਂ ਇਸ ਵਾਰ ਲਾਵਾਂ ਜਾਂ ਅਗਲੀ ਵਾਰ? ਕਿਉਂਕਿ ਇਸ ਵਾਰ ਤੁਹਾਡਾ 'ਪਹਿਲੀ ਨਾਨ ਕਾਂਗਰਸ ਸਰਕਾਰ' ਵਾਲ਼ਾ ਲੇਖ ਲਾਉਣ ਦਾ ਸੋਚਿਆ ਹੋਇਆ ਹੈ। ਇਕ ਮਹੀਨੇ ਇਕ ਲੇਖਕ ਦੀਆਂ ਦੋ ਲਿਖਤਾਂ ਜਚਦੀਆਂ ਨਹੀਂ। ਜੇ ਇਹ ਅਗਲੇ ਮਹੀਨੇ ਲਾਉਣਾ ਹੋਇਆ ਤਾਂ ਮੈਨੂੰ ਇਸ ਵਾਰ ਕੁਝ ਹੋਰ ਲਿਖਣਾ ਪਵੇਗਾ। ਕੁਝ ਵੀ ਹੋਵੇ, ਤੁਸੀਂ ਇਹ ਦੋਵੇਂ ਲੇਖ ਕਿਸੇ ਹੋਰ ਥਾਂ ਛਪਣ ਲਈ ਨਹੀਂ ਭੇਜਣੇ।

ਤੁਹਾਡੀਆਂ ਲਿਖਤਾਂ ਦੀ ਇਕ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਪੰਜਾਬ ਦੇ 'ਕੇਂਦਰੀ ਇਤਿਹਾਸ' ਦੀ ਚਸ਼ਮਦੀਦ ਗਵਾਹੀ ਦਿੰਦੀਆਂ ਹਨ। ਸਾਹਿਤ ਵਿਚ ਬਹੁਤਾ ਚਰਚਾ 'ਹਾਸ਼ੀਏ' ਵਾਲ਼ੇ ਇਤਿਹਾਸ ਦਾ ਰਿਹਾ ਹੈ - ਭਾਵ ਕਮਿਊਨਿਸਟ

ਲਹਿਰ ਅਤੇ ਵਿਚਾਰਾਂ ਦਾ। ਹਾਸ਼ੀਏ ਦਾ ਇਤਿਹਾਸ ਇਸ ਕਰਕੇ ਕਿ ਇਸ ਅੰਦੋਲਨ ਨਾਲ਼ ਜਾਂ ਇਸ ਵਿਚਾਰ ਨਾਲ਼ ਪੰਜਾਬ ਦੀ ਜਨਤਾ ਦਾ ਅੰਸ਼ਕ ਹਿੱਸਾ ਹੀ ਜੁੜਿਆ ਸੀ ਪਰ ਸਾਹਿਤਕ ਖੇਤਰ ਵਿਚ ਇਸ ਦਾ ਚਰਚਾ ਕੇਂਦਰੀ ਰਿਹਾ। ਦੂਜੇ ਪਾਸੇ ਕੇਂਦਰੀ ਇਤਿਹਾਸ ਤੋਂ ਭਾਵ ਹੈ ਇਹ ਹੈ ਕਿ ਪੰਜਾਬ ਦੇ ਇਤਿਹਾਸ ਵਿਚ ਪੰਜਾਬੀ ਸੂਬੇ ਦਾ ਮੋਰਚਾ, ਹਿੰਦੂ ਸਿੱਖ ਸਬੰਧਾਂ ਦਾ ਆਪਸੀ ਤਣਾਓ, ਪੰਜਾਬੀ ਸੂਬੇ ਤੋਂ ਪਿੱਛੋਂ ਚੱਲੇ ਅੰਦੋਲਨ ਵਗੈਰਾ; ਇਹ ਸਾਰਾ ਕੁਝ ਅਜਿਹਾ ਹੈ ਜਿਸ ਨੇ ਪੰਜਾਬੀ ਜਨ ਜੀਵਨ ਉਤੇ ਡੂੰਘਾ ਅਸਰ ਪਾਇਆ ਪਰ ਇਸ ਇਤਿਹਾਸ ਬਾਰੇ ਨੇੜਲੇ ਜਾਣਕਾਰਾਂ ਨੇ ਬਿਲਕੁਲ ਨਹੀਂ ਲਿਖਿਆ ਅਤੇ ਸਾਹਿਤਕ ਖੇਤਰ ਵਿਚ ਇਹ ਦੌਰ ਹਾਸ਼ੀਏ ਤੇ ਹੀ ਰਿਹਾ।

ਤੁਸੀਂ ਇਸ ਦੌਰ ਨਾਲ਼ ਜੁੜੀਆਂ ਸ਼ਖ਼ਸੀਅਤਾਂ ਨਾਲ਼ ਨੇੜੇ ਜੁੜੇ ਰਹੇ ਅਤੇ ਏਸੇ ਕਰਕੇ ਤੁਹਾਡੀ ਲਿਖਤ ਵਿਚ ਪ੍ਰਮਾਣਕਤਾ ਵੀ ਹੁੰਦੀ ਹੈ, ਨਿੱਜਤਾ ਵੀ ਅਤੇ ਇਤਿਹਾਸ ਵੀ। ਤੁਹਾਨੂੰ ਗੱਲ ਦੱਸਣ ਦਾ ਹੁਨਰ ਵੀ ਹੈ। ਤੁਹਾਡੀ ਲਿਖਤ ਦੀ ਦੂਜੀ ਖ਼ੂਬੀ ਇਹ ਹੈ ਕਿ ਇਹ ਬਹੁਤ ਸੰਖਿਪਤ ਹੁੰਦੀ ਹੈ। ਗੱਲ ਸ਼ੁਰੂ ਕੀਤੀ, ਇਤਿਹਾਸ ਦੀ ਸੋਝੀ ਲਈ, ਤੁਹਾਡੇ ਅਨੁਭਵ ਦੇ ਨਾਲ਼ ਨਾਲ਼ ਤੁਰੇ, ਇਤਿਹਾਸਕ ਸ਼ਖ਼ਸੀਅਤਾਂ ਅਤੇ ਉਹਨਾਂ ਨਾਲ਼ ਜੁੜੇ ਸਜਿੰਦ ਵੇਰਵੇ ਪੜ੍ਹੇ ਅਤੇ ਲਿਖਤ ਖਤਮ। ਸਮੇ ਦੀ ਘਾਟ ਵਾਲ਼ੇ ਲੋਕਾਂ ਲਈ ਇਹੋ ਜਿਹੀ ਨਿੱਕ-ਆਕਾਰੀ ਰਚਨਾ ਬੜੀ ਪੜ੍ਹਨ ਯੋਗ ਵਸਤ ਹੋ ਨਿੱਬੜਦੀ ਹੈ ਪਰ ਮੇਰੇ ਜਿਹਿਆਂ ਦੀ ਇਸ ਲਿਖਤ ਨਾਲ਼ ਭਰਪੂਰ ਤਸੱਲੀ ਨਹੀਂ ਹੁੰਦੀ। ਮੈਨੂੰ ਲੱਗਦਾ ਹੈ ਕਿ ਤੁਸੀਂ ਆਪਣੀ ਗੱਲ ਛੇਤੀ ਮੁਕਾਉਣ ਦੀ ਕਾਹਲ਼ ਵਿਚ ਹੁੰਦੇ ਹੋ। ਕੇਵਲ ਮੋਟੀ ਮੋਟੀ ਗੱਲ ਤੇ ਫੋਕਸ ਕਰਦੇ ਹੋ ਅਤੇ ਚੱਲ ਮੇਰੇ ਭਾਈ। ਜਿਵੇਂ ਤੁਸੀਂ ਮਠਾਰ ਕੇ ਗੱਲ ਕਰਿਆ ਕਰਦੇ ਸੀ ਠਰ੍ਹੰਮੇ ਨਾਲ਼, ਲਿਖਣ ਵਿਚ ਵੀ ਇਸ ਤਰ੍ਹਾਂ ਹੀ ਕਰਿਆ ਕਰੋ। ਮੈਂ ਇਹ ਨਹੀਂ ਕਹਿੰਦਾ ਕਿ ਮੇਰੇ ਵਾਂਙ 'ਲੰਮੀ ਘਾਣੀ' ਪਾ ਕੇ ਬੈਠਿਆ ਕਰੋ ਪਰ ਕੁਝ ਵਿਸਥਾਰ ਹੋਰ ਵੀ ਦਿਆ ਕਰੋ। ਵੈਸੇ ਤੁਹਾਡੀ ਲਿਖਤ ਦੀ ਖ਼ੂਬੀ ਵਜੋਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹਦਾ ਛੋਟਾ ਅਤੇ 'ਕਾਹਲ਼ਾ' ਆਕਾਰ ਹੋਰ ਵਧੇਰੇ ਜਾਨਣ ਦੀ ਪਾਠਕ ਦੇ ਮਨ ਵਿਚ ਤਾਂਘ ਜ਼ਰੂਰ ਪੈਦਾ ਕਰ ਦਿੰਦਾ ਹੈ। ਇਸ ਪੱਖੋਂ ਇਹ ਸੰਖੇਪਤਾ ਤੁਹਾਡੀ ਕਮਾਈ ਵੀ ਆਖੀ ਜਾ ਸਕਦੀ ਹੈ, ਪਰ ਮੈਂ ਆਪਣੀ 'ਹੋਰ ਜਾਨਣ ਦੀ ਮੰਗ' ਤਿਆਗਣ ਲਈ ਹਰਗਿਜ਼ ਰਾਜੀ ਨਹੀਂ।

ਤੁਸੀਂ ਆਪਣੀਆਂ ਯਾਦਾਂ ਨੂੰ ਹੋਰ ਡੂੰਘਾ ਫਰੋਲ ਕੇ ਲਿਖੋ; ਮੈਨੂੰ ਉਡੀਕ ਰਹੇਗੀ। ਤੁਹਾਡਾ ੧੯੫੬ ਵਾਲ਼ੀ ਅਕਾਲੀ ਕਾਨਫ਼੍ਰੰਸ ਵਾਲ਼ਾ ਲੇਖ ਨਿਰੋਲ਼ ਨਿਜੀ ਬਿਰਤਾਂਤ ਤੋਂ ਵਧ ਕੇ ਜੇ ਇਸ ਵਿਚ ਅਕਾਲੀ-ਕਾਂਗਰਸ ਦੇ ਅੰਦਰਖਾਤੇ ਪਹਿਲਾਂ ਹੋ ਚੁੱਕੇ ਸਮਝੌਤੇ ਦੇ ਤੱਥਾਂ ਨੂੰ ਵੀ ਵਿਚ ਲੈ ਲਵੋ ਤਾਂ ਇਹ ਇਕ ਯਾਦਗਾਰੀ ਰਚਨਾ ਬਣ ਜਾਵੇ।

ਵਰਿਆਮ ਸਿੰਘ

ਮਹਾਰਾਜ ਜੀ! ਤੁਹਾਡਾ ਮੈਟਰ ਤਾਂ ਤੇਜ਼ ਵਾਛੜ ਵਾਂਗ ਆਉਂਦਾ ਹੈ। ਹੋਰ ਰੁਝੇਵੇਂ ਹੋਣ ਕਰਕੇ ਇਕ ਦਮ ਪੜ੍ਹਿਆ ਨਹੀਂ ਜਾਂਦਾ। ਪਰ ਪੜ੍ਹਨ ਵਾਲਾ ਸਾਰਾ ਹੀ ਹੁੰਦਾ ਹੈ ਅਤੇ ਛਾਪਣ ਵਾਲਾ ਵੀ ਤੇ ਠੰਢ ਪਾਉਣ ਵਾਲਾ ਵੀ। ਤੁਹਾਡੀ ਲਿਖਤ ਪਸੰਦ ਆਉਣ ਦਾ ਇਕ ਕਾਰਨ ਤਾਂ ਇਹ ਵੀ ਹੋ ਸਕਦਾ ਹੈ ਕਿ ਆਪਣਾ ਇਲਾਕਾ ਅਤੇ ਬੋਲੀ ਇੱਕੋ ਜਿਹੀ ਹੈ। ਦੂਜਾ ਆਪਣਾ ਕਰੂਰਾ ਵੀ ਕੁਝ ਮਿਲਦਾ ਜਾਪਦਾ ਹੈ, ਭਾਵੇਂ ਕਿ ਮੈਂ ਤੁਹਾਡੇ ਵਰਗਾ ਧਾਰਮਿਕ ਵਿਅਕਤੀ ਨਹੀਂ ਹਾਂ। ਦੂਜੀ ਗੱਲ: ਤੁਸੀਂ ਉਸ ਦੌਰ ਅਤੇ ਉਹਨਾਂ ਲੋਕਾਂ ਬਾਰੇ ਅੰਤਰੰਗ ਗੱਲਾਂ ਲਿਖਦੇ ਹੋ, ਜਿਨ੍ਹਾਂ ਦਾ ਜ਼ਿਕਰ ਸਾਡੇ ਲਿਖਤ-ਸਾਹਿਤ ਵਿਚ ਬਹੁਤ ਘੱਟ ਹੋਇਆ ਹੈ।

ਨਵਾਂ ਭੇਜਿਆ ਮੈਟਰ ਅਜੇ ਪੜ੍ਹਨ ਵਾਲਾ ਹੈ ਪਰ 'ਵੱਡਿਆਂ ਦੀਆਂ ਬਚਿੱਤਰ ਬਾਤਾਂ' ਪੜ੍ਹ ਕੇ ਹਾਸਾ ਰੁਕਿਆ ਨਹੀਂ ਅਤੇ ਮੈਂ ਸੋਚ ਲਿਆ ਕਿ ਟਰੰਕ ਕਾਲ ਵਾਲੀ ਲਿਖਤ ਵੀ ਤਾਂ 'ਬਚਿੱਤਰ ਬਾਤ' ਹੀ ਹੈ। ਇਸ ਲਈ ਮੈਂ ਦੋਵੇਂ ਲਿਖਤਾਂ ਇਕੱਠੀਆਂ ਹੀ ਛਾਪਣ ਦਾ ਨਿਰਣਾ ਲਿਆ ਹੈ। ਮੁਖ ਸਿਰਲੇਖ ਇਕੋ ਹੋਵੇਗਾ, 'ਬਚਿੱਤਰ ਬਾਤਾਂ ਵਾਲਾ'। 'ਟਰੰਕ ਕਾਲ' ਵਾਲਾ ਛੋਟਾ ਹੈਡਿੰਗ ਕਰਕੇ ਉਹ ਲਿਖਤ ਪਹਿਲਾਂ ਜੋੜ ਦਿੱਤੀ ਜਾਊ ਅਤੇ ਦੂਜੀ ਲਿਖਤ ਦੂਜੇ ਹੈਡਿੰਗ ਵਿਚ 'ਕੁਝ ਹੋਰ ਬਚਿੱਤਰ ਬਾਤਾਂ' ਲਿਖ ਕੇ ਲੜੀ ਜੋੜ ਦਿਆਂਗੇ।

ਹਾਲ ਦੀ ਘੜੀ 'ਗੁਰ ਫ਼ਤਹਿ' ਪ੍ਰਵਾਨ ਕਰੋ ਜੀ।

ਵਰਿਆਮ ਸੰਧੂ

ਓਇ ਅਗਿਆਨੀਓਂ ਅਧਿਆਨੀਓਂ ਲਘੂਪੁਰਸ਼ੋ! ਸਾਡੇ ਵਰਗੇ ਦੁਨੀਆਂਦਾਰਾਂ ਦੀਆਂ ਲੋੜਾਂ ਤੇ ਮਜਬੂਰੀਆਂ ਤਾਂ ਤੁਸੀਂ ਸਮਝਦੇ ਨਹੀਂ। ਫਤਵੇ ਲਾਗੂ ਕਰਨਾ ਹੀ ਆਪਣਾ ਅਧਿਕਾਰ ਸਮਝਦੇ ਓ। ਰੋਜ਼ ਹੁਕਮਨਾਮੇ ਨਾ ਛੱਡਿਆ ਕਰੋ ਤੇ ਨਾ ਹੀ ਪੰਥ ਨੂੰ ਮਖ਼ੌਲ ਬਣਾਓ। ਨਹੀਂ ਤਾਂ ਵੱਡੇ 'ਬਾਦਲ' ਸਾਹਿਬ ਨੂੰ ਆਖ ਕੇ ਗੱਦੀ ਤੋਂ ਲਾਹ ਕੇ ਅਹੁ ਮਾਰਾਂਗੇ ਜੀ। ਸਾਡੀਆਂ ਤਾਂ ਛੋਟੇ ਬਾਦਲ ਨਾਲ ਯਾਰੀਆਂ ਨੇ! ਇਕ ਵਾਰ ਉਹਨੂੰ ਆਖਿਆ ਤਾਂ ਫੇਰ ਵੇਖ ਲਿਓ।

ਭਲੇ ਮਾਣਸ ਬਣ ਕੇ ਅੱਗੇ ਤੋਂ ਜੇਹੜੀ ਕੱਚੀ ਬਾਣੀ ਲਿਖਦੇ ਜੇ, ਬਾਦਲ ਦੇ ਸਿੱਖ ਬਣ ਕੇ ਏਧਰ ਰਵਾਨਾ ਕਰ ਦਿਆ ਕਰੋ। ਅਸੀਂ ਡੇਰਾ ਬੱਲਾਂ ਵਾਲਿਆਂ ਵਾਂਙ ਤੁਹਾਨੂੰ ਵੱਖਰਾ ਗ੍ਰੰਥ ਨਹੀਂ ਛਾਪਣ ਦੇਣਾ। ਜਿੱਥੇ ਜਿੱਥੇ ਤੁਹਾਡੇ ਨਾਮ-ਲੇਵਾ ਅਗਿਆਨੀ ਬੈਠੇ ਨੇ, ਉਹਨਾਂ ਨੂੰ ਵੀ ਦੱਸ ਦਿਓ ਕਿ ਜੱਗ ਚਾਨਣ ਹੋ ਗਿਆ ਹੈ। ਅਸੀਂ ਫਿਰ ਤੋਂ ਅਵਤਾਰ ਧਾਰ ਲਿਆ ਹੈ।

ਮੇਰਾ ਗੁਰੂ ਤੁਹਾਨੂੰ ਸੁਮੱਤ ਬਖ਼ਸ਼ੇ। ਬੁੱਢੇ ਹੁੰਦੇ ਹੱਡਾਂ ਵਿਚ ਜਵਾਨੀ ਦੀ ਤਾਕਤ ਤੁੰਨੇ।

ਵਰਿਆਮ ਸਿੰਘ

## ਗਿਆਨੀ ਜੀ ਦੀਆਂ ਪੁਸਤਕਾਂ ਬਾਰੇ ਕੁਝ ਰੀਵੀਊ

ਰੌਚਕ ਪੁਸਤਕ 'ਸਿਧਰੇ ਲੇਖ'

ਆਸਟ੍ਰੇਲੀਆ ਮੁਲਕ ਦੇ ਵਾਸੀ ਗਿਆਨੀ ਸੰਤੋਖ ਸਿੰਘ, ਪੰਜਾਬੀ ਸਾਹਿਤ ਵਿੱਚ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਹਥਲੀ ਪੁਸਤਕ 'ਸਿਧਰੇ ਲੇਖ' ਉਹਨਾਂ ਦੀ ਛੇਵੀਂ ਪੁਸਤਕ ਹੈ। ਪਹਿਲੀਆਂ ਪੰਜ ਪੁਸਤਕਾਂ ਵੀ ਪੰਜਾਬੀ ਸਾਹਿਤ ਵਿੱਚ ਚਰਚਾ ਦਾ ਵਿਸ਼ਾ ਰਹੀਆਂ ਹਨ। 'ਸਿਧਰੇ ਲੇਖ' ਪੁਸਤਕ ਵਿਚ ੨੦ ਲੇਖ ਹਨ ਪਰ ਇਸ ਸਾਧਾਰਨ ਨਹੀਂ । ਪੁਸਤਕ ਵਿਚਲੇ ਲੇਖਾਂ ਨੂੰ ਗਹੁ ਨਾਲ ਪੜ੍ਹੀਏ ਤਾਂ ਲੇਖਕ ਦੇ ਇੱਕ ਚੰਗੇ ਵਕਤਾ, ਪ੍ਰਚਾਰਕ, ਵਾਰਤਕ ਲੇਖਕ ਹੋਣ ਦਾ ਵੀ ਅਕਸ ਉਭਰਦਾ ਹੈ। ਇਸ ਦੇ ਨਾਲ ਹੀ ਇਹ ਲੇਖ ਪੜ੍ਹਦਿਆਂ ਪਾਠਕ ਨੂੰ ਸਫ਼ਰਨਾਮੇ ਵਰਗਾ ਆਨੰਦ ਵੀ ਮਿਲਦਾ ਹੈ।

ਲੇਖਾਂ ਵਿੱਚ ਵਰਤੇ ਠੇਠ ਪੰਜਾਬੀ ਮੁਹਾਵਰੇ ਬਹੁਤ ਹੀ ਢੁੱਕਵੇਂ ਹਨ। ਗੁਰਬਾਣੀ ਦੀਆਂ ਤੁਕਾਂ ਨੂੰ ਵੀ ਗਿਆਨੀ ਜੀ ਨੇ ਆਪਣੀ ਗੱਲ ਕਹਿਣ ਲਈ ਸੁਭਾਵਿਕ ਹੀ ਵਰਤਿਆ ਹੈ। ਗਿਆਨੀ ਸੰਤੋਖ ਸਿੰਘ ਨੇ ਪੁਸਤਕ ਵਿੱਚ ਸ਼ਾਮਲ ਲੇਖਾਂ ਵਿੱਚ ਜੋ ਵੇਖਿਆ, ਜੋ ਹੰਢਾਇਆ, ਉਸ ਨੂੰ ਲਿਖਦਿਆਂ ਕਿਤੇ ਵੀ ਕੋਈ ਓਹਲਾ ਨਹੀਂ ਰੱਖਿਆ। ਨਸ਼ਿਆਂ ਦੀ ਆਦਤ ਬਾਰੇ ਲੇਖ ਵਿੱਚ ਭਾਵੇਂ ਉਹ ਕਿਸੇ ਹੋਰ ਦੀ ਗੱਲ ਕਰਦਾ ਹੈ ਪਰ ਆਪ ਕੀਤੇ ਨਸ਼ੇ ਦਾ ਉਹ ਕੋਈ ਲੁਕਾ ਨਹੀਂ ਰੱਖਦੇ। ਪੁਜਾਰੀਵਾਦ ਵਿੱਚੋਂ ਨਿਕਲੀਆਂ ਕੁਰੀਤੀਆਂ ਜਾਂ ਗ਼ਲਤ ਰਸਮ-ਰਿਵਾਜਾਂ ਦਾ ਜ਼ਿਕਰ ਵੀ ਖੁੱਲ੍ਹ ਕੇ ਕਰਦੇ ਹਨ ਅਤੇ ਉਸਾਰੂ ਸੁਝਾ ਵੀ ਦਿੰਦੇ ਹਨ।

ਅਖਾਣ, ਘਰੋਂ ਜਾਈਏ ਭੁੱਖੇ ਅਤੇ ਤੇਰਾ ਵਿਕਦਾ ਜੈਕੁਰੇ ਪਾਣੀ, ਲੋਕਾਂ ਦਾ ਨਾ ਦੁੱਧ ਵਿਕਦਾ, ਨੂੰ ਆਧਾਰ ਬਣਾ ਕੇ ਲਿਖੇ ਲੇਖ ਕਈ ਪੱਖਾਂ ਨੂੰ ਉਭਾਰਦੇ ਹਨ। ਪਾਠਾਂ ਦੀਆਂ ਕਿਸਮਾਂ, ਫ਼ਿਲਮੀ ਤਰਜ਼ਾਂ 'ਤੇ ਕੀਰਤਨ, ਭਾਵ-ਪੂਰਤ ਲੇਖ ਹਨ। ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਪੁਸਤਕ ਵਿਚਲੇ ਹਰ ਲੇਖ ਵਿੱਚੋਂ ਪਾਠਕ ਨੂੰ ਅਜਿਹਾ ਕੁਝ ਜ਼ਰੂਰ ਲੱਭਦਾ ਹੈ, ਜੇਹੜਾ ਉਸ ਲਈ ਜ਼ਿੰਦਗੀ ਵਿੱਚ ਸੇਧ ਦੇਣ ਵਾਲਾ ਹੋਵੇ।

ਮਨਮੋਹਨ ਸਿੰਘ ਢਿੱਲੋਂ
ਸੰਪਰਕ: +੯੧ ੯੮੭੮੪-੪੭੬੩੫

'ਬਾਤਾਂ ਬੀਤੇ ਦੀਆਂ' ਪੜ੍ਹਦਿਆਂ

ਛੀਂਟਕਾ, ਪਤਲਾ, ਗੋਰਾ, ਕੁੜਤੇ-ਪਜਾਮੇ 'ਚ ਲਿਪਟਿਆ ਗਿਆਨੀ ਸੰਤੋਖ ਸਿੰਘ, ਪਹਿਲੀ ਵਾਰ ਵੀ ਮਿਲ਼ੇ ਤਾਂ ਇੰਜ ਨਹੀਂ ਲੱਗਦਾ ਕਿ ਉਹ ਪਹਿਲਾਂ ਕਦੇ ਮਿਲ਼ਿਆ ਨਹੀਂ ਹੋਵੇਗਾ। ਇਹ ਵੀ ਮੰਨਣ ਵਿਚ ਨਹੀਂ ਆਵੇਗਾ ਉਹ ਦੁਨੀਆ ਭਰ ਦੇ ਮੁਲਕਾਂ 'ਚ ਘੁੰਮ ਚੁੱਕਾ ਹੈ ਅਤੇ ਉਹ ਵੀ ਮਲੰਗੀ ਅਤੇ ਦਰਵੇਸ਼ੀ ਦਸ਼ਾ ਵਿੱਚ। ਉਹ ਸਾਧਾਰਨ ਬੋਲਦਾ ਹੋਇਆ ਵੀ ਅਸਾਧਾਰਨ ਗੱਲਾਂ ਕਰਕੇ ਪ੍ਰਭਾਵ ਪਾ ਲੈਂਦਾ ਹੈ ਅਤੇ ਮੋਹ ਵੀ ਛੱਡਦਾ ਹੈ। ਉਹ ਸੱਜੇ-ਖੱਬੇ ਮੋਢਿਆਂ 'ਤੇ ਚਿਤਰ ਗੁਪਤ ਨੂੰ ਉਤਾਰ ਕੇ ਇਤਿਹਾਸ ਨੂੰ ਚੁੱਕੀ ਫਿਰਦਾ ਹੈ, ਜਿਸ ਵਿਚ ਦੁਨੀਆ ਭਰ ਦੇ ਚੇਹਰੇ ਨੂੰ ਵੇਖਿਆ ਜਾ ਸਕਦਾ ਹੈ। ਪੰਜਾਬ ਦੇ ਇਤਿਹਾਸ ਦਾ ਤਾਂ ਉਸ ਨੂੰ ਨਿਜੀ ਅਨੁਭਵ ਹੈ, ਕਿਉਂਕਿ ਉਹ ਇਸ ਇਤਿਹਾਸ ਦਾ ਪਾਤਰ ਵੀ ਰਿਹਾ ਹੈ ਅਤੇ ਨੇੜਲਾ ਦਰਸ਼ਕ ਵੀ।

ਸਿਡਨੀ ਦੇ ਈਸਟਰਨ ਕਰੀਕ ਸਬਅਰਬ ਵਿਚ ਰਹਿੰਦੇ ਗਿਆਨੀ ਸੰਤੋਖ ਸਿੰਘ ਦੇ ਡਰਾਇੰਗ ਰੂਮ ਵਿਚ ਕਿਤਾਬਾਂ ਹੀ ਕਿਤਾਬਾਂ ਵੇਖੀਆਂ ਤਾਂ ਪਤਾ ਲੱਗਾ ਕਿ ਇਹ ਕਿਸੇ ਹੋਰ ਲੇਖਕ ਦੀਆਂ ਨਹੀਂ, ਸਗੋਂ ਉਸ ਦੀਆਂ ਆਪਣੀਆਂ ਲਿਖੀਆਂ ਹੋਈਆਂ ਹਨ, ਜੋ ਉਹ ਖ਼ੁਦ ਹੀ ਲਿਖਦਾ, ਖ਼ੁਦ ਜਾ ਕੇ ਅੰਮ੍ਰਿਤਸਰੋਂ ਛਪਵਾਉਂਦਾ ਅਤੇ ਹਵਾਈ ਜਹਾਜ ਰਾਹੀਂ ਏਥੇ ਮੰਗਵਾ ਕੇ, ਫਿਰ ਪਾਠਕਾਂ ਦੇ ਹੱਥਾਂ ਤੱਕ ਵੀ ਖ਼ੁਦ ਹੀ ਪੁਚਾਉਂਦਾ ਹੈ। ਉਸ ਦੇ ਪੜ੍ਹਨ+ਲਿਖਣ+ਸੌਣ ਵਾਲ਼ਾ ਕਮਰਾ ਹੋਰ ਲਿਖਾਰੀਆਂ ਦੇ ਵੱਖ ਵੱਖ ਗ੍ਰੰਥਾਂ ਨਾਲ਼ ਭਰਿਆ ਪਿਆ ਹੈ। ਉਸ ਦੀਆਂ ਲਿਖੀਆਂ ਕਈ ਕਿਤਾਬਾਂ ਹਨ ਅਤੇ ਉਹਨਾਂ ਵਿਚੋਂ ਇਕ ਦੇ ਤਾਂ ਪੰਜ ਐਡੀਸ਼ਨ ਵੀ ਛਪ ਚੁੱਕੇ ਹਨ। 'ਬਾਤਾਂ ਬੀਤੇ ਦੀਆਂ' ਉਸ ਦੀ ਅਜਿਹੀ ਕਿਤਾਬ ਹੈ, ਜਿਸ ਵਿਚ ਉਸ ਦੇ ਆਪਣੇ ਬਾਰੇ, ਆਪਣੇ ਪਰਵਾਰ ਬਾਰੇ, ਇਲਾਕੇ ਬਾਰੇ, ਸੰਸਾਰ ਭਰ ਦੇ ਸਿੱਖ ਭਾਈਚਾਰੇ ਬਾਰੇ ਅਤੇ ਪੰਜਾਬ ਦੀ ਰਾਜਨੀਤੀ ਬਾਰੇ ਉਹ ਗੱਲਾਂ ਹਨ, ਜਿਨ੍ਹਾਂ ਵਿਚ ਸਮਕਾਲੀ ਇਤਿਹਾਸ, ਰਾਜਨੀਤੀ ਵੀ ਹੈ ਅਤੇ ਨਿਕੀਆਂ-ਮੋਟੀਆਂ ਤੇ ਸਾਦੀਆਂ ਜਿਹੀਆਂ ਕਥਾਵਾਂ ਵੀ ਹਨ। ਇਸ ਪੁਸਤਕ ਨੂੰ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਸੂਬਾ, ਹਿੰਦੂ-ਸਿੱਖ ਰਿਸ਼ਤੇ, ਹੋਰ ਅੰਦੋਲਨਾਂ ਅਤੇ ਸਰਕਾਰਾਂ ਦੇ ਟੁੱਟਣ-ਬਣਨ ਦਾ ਦਸਤਾਵੇਜ ਕਿਹਾ ਜਾਵੇ ਤਾਂ ਅੱਤ ਕਥਨੀ ਨਹੀਂ ਹੋਵੇਗੀ। ੧੯੪੭ ਤੋਂ, ਜਦੋਂ ਦੀ ਲੇਖਕ ਨੂੰ ਸੋਝੀ ਹੈ, ਤੋਂ ਲੈ ਕੇ ੨੦੦੮ ਤੱਕ, ਜਦੋਂ ਇਹ ਕਿਤਾਬ ਛਪੀ ਹੈ, ਦਾ ਅੱਖੀਂ ਵੇਖਿਆ, ਪੰਜਾਬ ਅਤੇ ਸਿੱਖਾਂ ਦਾ ਇਤਿਹਾਸ ਹੈ। ਕਿਤਾਬ ਦੇ ਅੰਦਰਲੇ ਤੱਥਾਂ ਦੀ ਪ੍ਰਮਾਣਿਕਤਾ ਇਹ ਹੈ ਕਿ ਇਹ ਸਾਰਾ ਕੁਝ ਅੱਖੀਂ ਡਿਠਾ ਹੈ। ਪ੍ਰਚਾਰਕ ਅਤੇ ਕੀਰਤਨੀਆ ਰਿਹਾ ਹੋਣ ਕਰਕੇ ਉਸ ਕੋਲ਼ ਬੋਲਣ ਦੀ ਕਲਾ ਹੈ ਅਤੇ ਲਿਖਣ ਦੀ ਵੀ। ਉਹ ਖ਼ੁਦ ਵੀ ਅਲਬੇਲਾ ਹੈ ਅਤੇ ਅਲਬੇਲੀਆਂ ਗੱਲਾਂ ਕਰਨੀਆਂ

ਵੀ ਨਹੀਂ ਭੁੱਲਦਾ; ਸ਼ਾਇਦ ਇਹੋ ਜਿਹੀਆਂ ਹੋਰ ਕਿਤਿਉਂ ਨਾ ਮਿਲਣ!

ਸ਼ਾਮ ਸਿੰਘ ਅੰਗ ਸੰਗ
੯੧ ੯੮੧੪੧ ੧੩੩੩੮

ਜੂਨ ੧੯, ੨੦੧੪ ਨੂੰ 'ਨਵਾਂ ਜ਼ਮਾਨਾ' ਵਿਚ ਛਪਿਆ।

ਦਿਲਚਸਪ ਪੁਸਤਕ 'ਜੋ ਵੇਖਿਆ ਸੋ ਆਖਿਆ'

ਇਕ ਦਿਲਚਸਪ ਪੁਸਤਕ 'ਜੋ ਵੇਖਿਆ ਸੋ ਆਖਿਆ' ਜਦ ਮੈ ਆਸਟ੍ਰੇਲੀਆ ਦੇ ਸਭ ਤੋਂ ਵੱਡੇ ਸ਼ਹਿਰ ਸਿਡਨੀ ਤੋਂ, ਇਸ ਦੇਸ਼ ਦੀ ਰਾਜਧਾਨੀ ਕੈਨਬਰਾ ਨੂੰ ਜਾਣ ਵਾਲ਼ੀ ਬੱਸ ਵਿਚ ਬੈਠਾ ਤਾਂ ਮੇਰੇ ਹੱਥ ਵਿਚ ਗਿਆਨੀ ਸੰਤੋਖ ਸਿੰਘ ਰਚਿਤ ਇਹ ਪੁਸਤਕ ਸੀ। ਇਹ ਗਿਆਨੀ ਜੀ ਨੇ ੧੭ ਜੁਲਾਈ ਦੇ ਦਿਨ ਮੇਰੇ ਮਿੱਤਰ ਸ. ਅਮਰਜੀਤ ਸਿੰਘ ਖੇਲਾ ਦੇ 'ਯੂਨੀਕ ਇੰਟਰਨੈਸ਼ਨਲ ਕਾਲਜ' ਵਿਚ ਬੈਠਿਆਂ 'ਨਿਘੇ ਸਨੇਹ ਸਹਿਤ' ਲਿਖ ਕੇ ਪਿਆਰ ਵਜੋਂ ਭੇਟਾ ਕੀਤੀ ਸੀ। ਮੈ ਇਸ ਪੁਸਤਕ ਨੂੰ ਬੜੀ ਛੇਤੀ ਨਾਲ਼ ਪੜ੍ਹਨਾ ਚਾਹੁੰਦਾ ਸਾਂ ਕਿਉਂਕਿ ਗਿਆਨੀ ਸੰਤੋਖ ਸਿੰਘ ਹੋਰਾਂ ਦੀ ਕੋਈ ਵੀ ਲਿਖਤ, ਕਿਤੇ ਵੀ, ਕਦੋਂ ਵੀ ਪ੍ਰਕਾਸ਼ਤ ਹੋਈ ਮੇਰੀ ਨਿਗਾਹ ਵਿਚ ਆ ਜਾਂਦੀ ਹੈ ਤਾਂ ਮੈ ਉਸ ਨੂੰ ਬੜੀ ਦਿਲਚਸਪੀ, ਉਤਸੁਕਤਾ ਅਤੇ ਉਤਸ਼ਾਹ ਨਾਲ਼ ਪੜ੍ਹਦਾ ਹਾਂ। ਇਸ ਦਾ ਇਕ ਪਰਮੁਖ ਕਾਰਨ ਇਹ ਵੀ ਹੈ ਕਿ ਉਹਨਾਂ ਦੀ ਆਪਣੀ ਹਸਤੀ ਮੁਤਾਬਿਕ ਉਹਨਾਂ ਦੀ ਹਰ ਲਿਖਤ ਵਿਚ ਸੰਜਮਤਾ, ਸੰਖੇਪਤਾ, ਸਰਲਤਾ, ਸੰਜੀਦਗੀ ਅਤੇ ਸੁਹਿਰਦਤਾ ਸੰਜੋਈ ਹੋਈ ਹੁੰਦੀ ਹੈ। ਮੈ ਮਹਿਸੂਸ ਕਰਦਾ ਹਾਂ ਕਿ ਗਿਆਨੀ ਸੰਤੋਖ ਸਿੰਘ ਦੀ ਲਿਖਤ ਆਪਣੇ ਆਪ ਵਿਚ ਇਸ ਕਾਰਨ ਵੀ ਦਿਲਚਸਪ ਹੁੰਦੀ ਹੈ ਕਿ ਉਹ ਗੰਭੀਰਤਾ ਬਣਾਈ ਰੱਖਣ ਦੇ ਬਾਵਜੂਦ ਵੀ ਆਪਣੀ ਲਿਖਤ ਵਿਚ ਨਾਲ਼ੋ ਨਾਲ਼ ਹਲਕਾ ਹਲਕਾ ਕਟਾਕਸ਼ ਵੀ ਕਰਦੇ ਜਾਂਦੇ ਹਨ।

ਸੰਨ ੨੦੦੮ ਵਿਚ ਗਿਆਨੀ ਜੀ ਦੀ ਈ-ਮੇਲ ਮਿਲ਼ੀ ਕਿ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਧਾਰੇ ਹੋਏ ਹਨ। ਉਹਨਾਂ ਕੁ ਦਿਨਾਂ ਵਿਚ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਮੇਰੀ ਇਕ ਪੁਸਤਕ 'ਲੋਕ ਗਾਇਕ' ਦੀ ਪ੍ਰਕਾਸ਼ਨਾ ਹੋਣੀ ਸੀ। ਇਸ ਸਿਲਸਿਲੇ ਵਿਚ ਮੈ ਯੂਨੀਵਰਸਿਟੀ ਦੇ ਪ੍ਰੈਸ ਵਿਚ ਗਿਆ ਤਾਂ ਮੇਰੇ ਪਾਸ ਕੁਝ ਘੰਟਿਆਂ ਦੀ ਵੇਹਲ ਸੀ। ਸੋਚਿਆ ਕਿ ਕਿਉਂ ਨਾ ਗਿਆਨੀ ਜੀ ਦੇ ਦਰਸ਼ਨ ਪਰਸ ਲਏ ਜਾਣ! ਮੇਰੇ ਵੱਲੋਂ ਫ਼ੋਨ ਕਰਨ ਦੇ ਇਕ ਘੰਟੇ ਬਾਅਦ ਗਿਆਨੀ ਜੀ ਆਣ ਪਰਗਟ ਹੋਏ। ਪ੍ਰੈਸ ਦੀ ਕੈਨਟੀਨ ਤੋਂ ਚਾਹ ਪਾਣੀ ਛਕਿਆ ਅਤੇ ਖ਼ੂਬ ਗੱਲਾਂ ਕੀਤੀਆਂ। ਮੈਨੂੰ ਮਹਿਸੂਸ ਹੋਇਆ ਕਿ ਉਹ ਆਪਣੇ ਆਪ ਵਿਚ ਇਕ ਚੱਲਦਾ ਫਿਰਦਾ ਵਿਸ਼ਵ ਵਿਦਿਆਲਾ ਹਨ। ਆਸਟ੍ਰੇਲੀਆ ਵਿਚ ਆ ਕੇ ਇਹ ਵੀ ਪਤਾ ਲੱਗਾ ਕਿ ਸਿਡਨੀ ਦੇ ਨੌਜਵਾਨਾਂ ਨੇ ਗਿਆਨੀ ਜੀ ਨੂੰ 'ਵਾਕਿੰਗ ਇਨਸਾਇਪੀਡੀਆ ਆਫ਼ ਸਿੱਖਇਜ਼ਮ' ਅਤੇ ਮੈਲਬਰਨ ਵਾਲ਼ਿਆਂ ਨੇ 'ਸਾਈਬਰ ਗਿਆਨੀ' ਦੇ ਖ਼ਿਤਾਬ

ਦੇ ਰੱਖੇ ਹਨ। ਮੈ ਸਮਝਦਾ ਹਾਂ ਕਿ ਜ਼ਿੰਦਗੀ ਵਿਚ ਬਹੁਤ ਘੱਟ ਵਾਰੀ ਬਹੁਤ ਘੱਟ ਲੋਕਾਂ ਨਾਲ਼ ਇਸ ਤਰ੍ਹਾਂ ਹੁੰਦਾ ਹੈ ਕਿ ਉਹ ਆਪਣੇ ਆਪ ਵਿਚ ਇਕ ਸੰਸਥਾ ਦਾ ਰੂਪ ਧਾਰਨ ਕਰ ਜਾਂਦੇ ਹਨ। ਜ਼ਿੰਦਗੀ ਦੇ ਬਿਖੜੇ ਰਾਹ, ਲੰਮੇਰੇ ਪੰਧ, ਤਲਖ ਤਜੱਰਬੇ, ਝਮੇਲੇ ਬੰਦੇ ਨੂੰ ਪੱਕਾ ਤਾਂ ਕਰਦੇ ਹੀ ਹਨ, ਨਾਲ਼ੋ ਨਾਲ਼ ਇਕ ਅਹਿਸਾਸੀ ਮਨੁਖ ਦੇ ਰੂਪ ਵਿਚ ਵੀ ਤਬਦੀਲ ਕਰ ਦਿੰਦੇ ਹਨ। ਵੱਡਿਆਂ ਦੀ ਸੰਗਤ ਦੀ ਰੰਗਤ ਹੋਰ ਵੀ ਅਨੋਖਾ ਰੰਗ ਭਰ ਦਿੰਦੀ ਹੈ; ਅਜਿਹਾ ਜ਼ਿੰਦਗੀ ਵਿਚ ਗਿਆਨੀ ਜੀ ਨੇ ਵੇਖਿਆ, ਸੁਣਿਆ, ਮਾਣਿਆ, ਪਰਖਿਆ, ਨਿਰਖਿਆ ਅਤੇ ਪਿੰਡੇ ਤੇ ਹੰਡਾਇਆ ਹੈ।

ਸਾਡੀ ਦੂਜੀ ਮਿਲਣੀ ਮੇਰੀ ਹੁਣ ਆਸਟ੍ਰੇਲੀਆ ਦੀ ਯਾਤਰਾ ਸਮੇ ਹੋਈ। ਗਿਆਨੀ ਜੀ ਬਾਰੇ ਇਕ ਛੋਟੇ ਆਕਾਰ ਦੀ ਪੁਸਤਕ 'ਬਹੁਪੱਖੀ ਸ਼ਖ਼ਸੀਅਤ ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ' (ਸੰਪਾਦਕ ਹਰਭਜਨ ਸਿੰਘ ਵਕਤਾ) ਗਿਆਨੀ ਜੀ ਨੇ 'ਕ਼ਲੇਜੇ ਦੀਆਂ ਡੂੰਘਿਆਈਆਂ ਵਿਚੋਂ ਨਿਕ਼ਲੇ ਨਿਘੇ ਪਿਆਰ ਨਾਲ਼' ਲਿਖ ਕੇ ਦਿਤੀ।

ਗੱਲ ਛੇੜੀ ਸੀ ਕੈਨਬਰਾ ਜਾਂਦਿਆਂ 'ਜੋ ਵੇਖਿਆ ਸੋ ਆਖਿਆ' ਪੁਸਤਕ ਪੜ੍ਹਨ ਦੀ। ਇਹ ਵਾਰਤਕ ਦੀ ਇਕ ਵਧੀਆ ਵੰਨ ਸੁਵੰਨੀ ਵੰਨਗੀ ਹੈ। ਇਸ ਵਿਚ ਗਿਆਨ, ਯਾਦਾਂ, ਇਤਿਹਾਸ, ਸਫ਼ਰਨਾਮਾ ਆਦਿ ਸਿਨਫਾਂ ਦੇ ਦੀਦਾਰ ਹੁੰਦੇ ਹਨ ਅਤੇ ਗਿਆਨੀ ਜੀ ਦੀ ਗੂਹੜੀ ਤੇ ਗੁੜ੍ਹੀ ਹੋਈ ਸ਼ਖ਼ਸੀਅਤ ਸਾਕਾਰ ਰੂਪ ਵਿਚ ਅੱਖਾਂ ਅੱਗੇ ਆ ਖਲੋਂਦੀ ਹੈ। ਲੰਮੇ ਚਾਰ ਦਹਾਕਿਆਂ ਦੇ ਸਮੇ ਤੋਂ ਪੰਜਾਬੋਂ ਬਾਹਰ ਵੱਸ ਕੇ ਵੀ ਪ੍ਰੰਪਰਾਗਤ ਪੰਜਾਬ ਦਾ ਜੀਵਨ ਗਿਆਨੀ ਜੀ ਤੋਂ ਇਕ ਪਲ ਵੀ ਨਹੀ ਵਿਸਰਿਆ। ਜਦੋਂ ਉਹ 'ਘੜਾ ਘੜਵੰਜੀ ਤੇ' ਦੀ ਗੱਲ ਕਰਦੇ ਹਨ ਤਾਂ ਪੰਜਾਬ ਦੇ ਭੁੱਲੇ ਵਿਸਰੇ ਅਤੇ ਅਣਮੁੱਲੇ ਲੋਕ ਗੀਤਾਂ ਦਾ ਪੂਰੇ ਵੇਰਵੇ ਸਹਿਤ ਜ਼ਿਕਰ ਕਰਕੇ, ਪੰਜਾਬ ਦੇ ਬੀਤ ਗਏ ਦਿਨਾਂ ਵਿਚ ਲੈ ਜਾਂਦੇ ਹਨ। ਗਿਆਨੀ ਜੀ 'ਭੁੱਲ ਕੇ ਛੜੇ ਨੂੰ ਅੱਖ ਮਾਰੀ' ਤੋਂ ਸ਼ੁਰੂ ਕਰਕੇ ਆਪਣੇ ਅੰਮ੍ਰਿਤਸਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਦੀਆਂ ਯਾਦਾਂ ਅਤੇ ਕੌਮ ਦੇ ਘਾਗ ਸਿਆਸਤਦਾਨਾਂ ਨਾਲ਼ ਦੂਰੋਂ ਨੇੜਿਉਂ ਹੋਏ ਮੇਲ ਮਿਲਾਪ, ਟੀਕਾ ਟਿਪਣੀਆਂ ਅਤੇ ਸਾਂਝੇ ਮੰਚਾਂ ਦਾ ਬੜੇ ਉਤਸ਼ਾਹ ਨਾਲ ਜ਼ਿਕਰ ਕਰਦੇ ਜਾਂਦੇ ਹਨ। ਉਹਨਾਂ ਨੇ ਸੀਨੀਅਰ ਪੱਤਰਕਾਰ ਸ. ਹਰਬੀਰ ਸਿੰਘ ਭੰਵਰ ਜੀ ਨੂੰ ਬੜਾ ਨਿੱਗਰ ਸੁਝਾ ਦਿਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਮਿਨੀ ਸਿੱਖ ਪਾਰਲੀਮੈਂਟ' ਕਹਿਣਾ ਢੁਕਵਾਂ ਨਹੀ। ਏਵੇਂ ਹੀ ਇਸ ਪੁਸਤਕ ਵਿਚ: ਸਿੱਖ ਆਗੂਆਂ ਦੀਆਂ ਅਸਚਰਜ ਬੇਪਰਵਾਹੀਆਂ, ਪੰਜ ਸਿੱਖਾਂ ਦਾ ਸਨਮਾਨ, ਅਨਪੜ੍ਹ ਸਿੰਘਾ ਆਦਿ ਲੇਖ ਪਾਠਕਾਂ ਦਾ ਉਚੇਚਾ ਧਿਆਨ ਖਿੱਚਦੇ ਹਨ।

ਇਸ ਪੁਸਤਕ ਦਾ ਆਖਰੀ ਲੇਖ 'ਇਉਂ ਹੋਇਆ 'ਸਵਾਗਤ' ਮੇਰੀਆਂ ਲਿਖਤਾਂ ਦਾ' ਮੈਨੂੰ ਸਭ ਤੋਂ ਵਧ ਦਿਲਚਸਪ ਲੱਗਿਆ। ਇਸ ਲੇਖ ਵਿਚ ਗਿਆਨੀ ਜੀ ਬਹੁਤ

ਬੇਬਾਕ ਤੇ ਇਮਾਨਦਾਰ ਹਨ। ਉਹ ਸਫ਼ਰ ਤੇ ਗਏ। ਇਕ ਗੁਰੂ ਘਰ ਦੇ ਪ੍ਰਬੰਧਕ ਉੜੀ ਉੜੀ ਕਰਕੇ ਉਹਨਾਂ ਦੇ ਮਗਰ ਇਸ ਲਈ ਪੈ ਗਏ ਕਿ ਗਿਆਨੀ ਜੀ ਨੇ ਆਪਣੀ ਦੂਜੀ ਕਿਤਾਬ 'ਉਜਲ ਕੈਹਾਂ ਚਿਲਕਣਾ' ਵਿਚ ਉਹਨਾਂ ਨੂੰ ਨਾ ਚੰਗੀ ਲੱਗਣ ਵਾਲ਼ੀ ਗੱਲ ਲਿਖ ਦਿਤੀ। ਗਿਆਨੀ ਜੀ ਆਪਣੇ ਭਾਸ਼ਨ ਵਾਂਙ ਹੀ ਲਿਖਤਾਂ ਵਿਚ ਵੀ ਬਿਨਾ ਕਿਸੇ ਲੱਗ ਲਬੇੜ ਦੇ ਸੱਚ ਹੀ ਲਿਖ ਦਿੰਦੇ ਹਨ ਜੋ ਕਿ ਕਈ ਵਾਰ ਧਾਰਮਿਕ ਸਥਾਨਾਂ ਦੇ ਚੌਧਰੀਆਂ ਦੇ ਫਿੱਟ ਨਹੀ ਬੈਠਦਾ। ਉਹ ਕੁਝ ਕਸੈਲਾ ਜਿਹਾ ਹੋਣ ਕਰਕੇ ਕਿਸੇ ਨਾ ਕਿਸੇ ਦੇ ਗਿੱਟੇ ਜਾਂ ਗੋਡੇ ਤੇ ਜਾ ਵੱਜਦਾ ਹੈ ਤੇ ਉਹਨਾਂ ਦਾ ਹਾਜਮਾ ਦਰੁਸਤ ਨਹੀ ਰਹਿੰਦਾ। ਗਿਆਨੀ ਜੀ ਵੀ ਪੂਰੇ ਹਠੀ ਹਨ। ਉਹ ਹਰੇਕ ਥਾਂ ਜਾਂਦੇ ਹੋਏ ਕੁਝ ਕਿਤਾਬਾਂ ਝੋਲ਼ੇ ਵਿਚ ਪਾ ਲਿਜਾਂਦੇ ਹਨ। ਚੰਗਾ ਹੋਵੇ ਕਿ ਉਹ ਅਜਿਹੇ ਸੱਜਣਾਂ ਦਾ ਹਾਜਮਾ ਦਰੁਸਤ ਕਰਨ ਲਈ, ਆਪਣੇ ਝੋਲ਼ੇ ਵਿਚ ਤੁੰਮਿਆਂ ਵਾਲ਼ੀ ਜਵੈਣ ਦੇ ਬਣਾਏ ਚੂਰਨ ਦੇ ਕੁਝ ਪੁੜੇ ਵੀ ਨਾਲ਼ ਲੈ ਜਾਇਆ ਕਰਨ। ਮੈਨੂੰ ਇਹ ਲੇਖ ਪੜ੍ਹਦਿਆਂ ਓਦੋਂ ਭਾਵੇਂ ਪਰੇਸ਼ਾਨੀ ਤਾਂ ਬਹੁਤ ਹੋਈ ਜਦੋਂ ਇਕ ਦੋ ਥਾਵਾਂ ਤੇ ਗਿਆਨੀ ਜੀ ਨੂੰ ਗੁਰੂ ਘਰਾਂ ਵਿਚੋਂ ਨਿਕਲ਼ ਕੇ ਕਿਸੇ ਪ੍ਰਸੰਸਕ ਦੇ ਘਰ ਜਾ ਕੇ ਰਾਤ ਕੱਟਣੀ ਪਈ ਪਰ ਗਿਆਨੀ ਜੀ ਦੀ ਤਰਜ਼ੇ ਬਿਆਨੀ ਅਤੇ ਲੇਖ ਵਿਚਲੇ ਸੂਖਮ ਵਿਅੰਗ ਕਰਕੇ, ਨਾਲ਼ੋ ਨਾਲ਼ ਅਨੰਦ ਵੀ ਪਰਾਪਤ ਹੁੰਦਾ ਰਿਹਾ ਤੇ ਚੇਹਰੇ ਉਪਰ ਮੁਸਕਰਾਹਟ ਛਾਈ ਰਹੀ। ਇਹ ਸਾਰਾ ਕੁਝ ਲਿਖਦਿਆਂ ਵੀ ਗਿਆਨੀ ਜੀ ਨੇ ਬੜੀ ਸੰਜਮ ਭਰੀ ਸ਼ੈਲੀ ਵਿਚ ਇਸ ਲੇਖ ਨੂੰ ਸਮੇਟਿਆ ਹੈ। ਕਿਸੇ ਦਾ ਦਿਲ ਨਹੀ ਦੁਖਾਇਆ। ਕਿਸੇ ਬਾਰੇ ਜ਼ਾਤੀ ਤੌਰ ਤੇ ਚਿੱਕੜ ਨਹੀ ਉਛਾਲ਼ਿਆ। ਕੋਈ ਭਾਵੇਂ ਕੁਝ ਕਹੀ ਜਾਵੇ!

ਅੱਜ ਪੰਜਾਬੀ ਭਾਸ਼ਾ ਦਾ ਪ੍ਰਚਾਰ, ਪ੍ਰਸਾਰ, ਸੰਚਾਰ ਸੰਸਾਰ ਪਧਰ ਤੇ ਹੋ ਰਿਹਾ ਹੈ। ਵੱਡੇ ਅਹੁਦਿਆਂ ਤੇ ਬਿਰਾਜਮਾਨ 'ਵਿਦਵਾਨ' ਧਾਹਾਂ ਮਾਰ ਰਹੇ ਹਨ ਕਿ ਪੰਜਾਬੀ ਮਰ ਮੁੱਕ ਰਹੀ ਹੈ ਪਰ ਗਿਆਨੀ ਜੀ ਵਰਗੇ ਲੇਖਕ ਪੰਜਾਬੋਂ ਬਾਹਰ, ਸਮੁੰਦਰੋਂ ਪਾਰ ਦੂਰ ਬੈਠੇ ਵੀ ਲਿਖ ਰਹੇ ਹਨ, ਛਪ ਰਹੇ ਹਨ, ਪੜ੍ਹੇ ਜਾ ਰਹੇ ਹਨ, ਸਤਿਕਾਰੇ ਜਾ ਰਹੇ ਹਨ ਤਾਂ ਉਹ 'ਵਿਦਵਾਨ', ਯੂਨੀਵਰਸਿਟੀਆਂ ਦੇ ਏਅਰ ਕੰਡੀਸ਼ਨਡ ਬੰਦ ਕਮਰਿਆਂ ਵਿਚ ਰੀਵੋਲਵਿੰਗ ਚੇਅਰਜ਼ ਤੇ ਝੂਟੇ ਲੈਂਦੇ ਵੀ ਛਿੱਥੇ ਪੈ ਰਹੇ ਹਨ। ਜਦੋਂ ਗਿਆਨੀ ਜੀ ਪੰਜਾਬੀ ਭਾਸ਼ਾ ਦੇ ਲਿਖਤੀ ਸਰੂਪ ਨੂੰ ਨਾ ਵਿਗਾੜਨ ਬਾਰੇ ਲਿਖਦੇ ਹਨ ਤਾਂ ਵੇਰਵੇ ਸਹਿਤ ਬੜੀ ਦਲੀਲ ਨਾਲ਼ 'ਪੰਜਾਬੀ ਸ਼ਬਦ ਜੋੜਾਂ ਦੀ ਸਰਲਤਾ ਤੇ ਸਮਾਨਤਾ' ਵਾਲ਼ੇ ਲੇਖ ਵਿਚ, ਕੌਣ ਗ਼ਲਤ ਤੇ ਕੌਣ ਠੀਕ ਆਦਿ ਨੂੰ ਉਜਾਗਰ ਕਰਦੇ ਹਨ ਅਤੇ ਠੀਕ ਉਚਾਰਣ ਬਾਰੇ ਪ੍ਰਕਾਸ਼ ਪਾਉਂਦੇ ਹਨ। ਇਵੇਂ ਹੀ 'ਅਧਕ ਵਿਚਾਰਾ ਕੀ ਕਰੇ' ਲੇਖ ਬੜਾ ਮਹੱਤਵਪੂਰਣ ਹੈ। ਲੇਖ 'ਜਜੇ ਦੀਆਂ ਲੱਤਾਂ ਵਿਚ ਆ ਅੜੀ ਬੇਲੋੜੀ ਬਿੰਦੀ' ਵੀ ਆਪਣੀ ਥਾਂ ਮਹੱਤਵ ਰੱਖਦਾ ਹੈ। ਅਧੇ ਹ ਦੀ ਅਯੋਗ ਵਰਤੋਂ ਬਾਰੇ ਵੀ ਇਕ ਲੇਖ ਵਿਚ ਚਾਨਣਾ ਪਾਇਆ ਗਿਆ ਹੈ। ਇਸ ਪੁਸਤਕ ਵਿਚਲੇ ਇਹ ਤਿੰਨੇ ਲੇਖ ਅਜੋਕੇ ਸਮੇ ਵਿਚ ਵਿਸ਼ੇਸ਼ ਮਹੱਤਵਪੂਰਣ ਹਨ ਕਿਉਂਕਿ ਪੰਜਾਬੀ ਦੇ ਸ਼ਬਦ ਜੋੜਾਂ ਬਾਰੇ ਅੱਜ ਇਕ ਵੱਡਾ ਮਸਲਾ ਸਾਡੇ ਸਨਮੁਖ ਹੈ ਅਤੇ ਇਸ ਮਸਲੇ

ਦੇ ਹੱਲ ਲਈ ਗਿਆਨੀ ਜੀ ਨੇ ਇਹਨਾਂ ਚਾਰਾਂ ਲੇਖਾਂ ਰਾਹੀਂ ਆਪਣਾ ਉਚੇਚਾ ਯੋਗਦਾਨ ਪਾ ਦਿਤਾ ਹੈ।

ਇਸ ਪੁਸਤਕ ਵਿਚ ਇਕ ਲੇਖ 'ਵੱਡਿਆਂ ਬੰਦਿਆਂ ਦੀਆਂ ਬਚਿਤਰ ਬਾਤਾਂ' ਇਸ ਦਾ ਅਹਿਮ ਅੰਗ ਹੈ। ਕੇਵਲ ਪੰਜਾਬ ਹੀ ਨਹੀ ਸਗੋਂ ਭਾਰਤ ਦੀ ਰਾਹਨੁਮਾਈ ਕਰਨ ਵਾਲ਼ੇ ਵੱਡੇ ਬੰਦੇ ਆਪਣੇ ਜੀਵਨ ਵਿਚ ਕਿੰਨੇ ਸਿੱਧੜ ਅਤੇ ਸਰਲ ਸਨ! ਮੰਚਾਂ ਉਪਰ ਬੋਲਦੇ ਸਮੇ ਵੀ ਉਹ ਟਪਲਾ ਖਾ ਜਾਂਦੇ ਸਨ। ਗਿਆਨੀ ਜੀ ਇਸ ਸਭ ਕਾਸੇ ਦਾ ਜ਼ਿਕਰ ਬੜੀ ਕੌਸ਼ਲਤਾ ਨਾਲ਼ ਕਰਦੇ ਹਨ। ਸਿੱਖ ਕੌਮ ਦੇ ਮੰਨੇ ਪ੍ਰਮੰਨੇ ਜਥੇਦਾਰਾਂ ਦਾ ਬੜੇ ਹੇਰਵੇ ਤੇ ਵੇਰਵੇ ਨਾਲ਼ ਇਸ ਪੁਸਤਕ ਵਿਚ ਜ਼ਿਕਰ ਆਉਣਾ ਬੜੀ ਚੰਗੀ ਗੱਲ ਲੱਗੀ ਹੈ। ਇਹਨਾਂ ਵੱਡੇ ਲੋਕਾਂ ਬਾਰੇ ਕੁਝ ਕੁ ਮਿਆਰੀ ਜਾਂ ਯਾਦਗਾਰੀ ਚੁਟਕਲੇ ਵੀ ਗਿਆਨੀ ਜੀ ਨੇ ਕਲਮਬੰਦ ਕੀਤੇ ਹਨ।

ਅੱਜ ਅਟੈਚੀਕੇਸ ਜਿਡੀਆਂ ਭਾਰੀਆਂ ਪੁਸਤਕਾਂ ਨਹੀ ਪੜ੍ਹੀਆਂ ਜਾ ਰਹੀਆਂ। ਅੱਜ ਪਾਠਕ ਤਾਂ ਸ਼ਾਰਟ ਕੱਟ ਮਾਰਦਾ ਹੈ। ਉਸ ਨੂੰ ਨਿੱਕੇ ਆਕਾਰ ਦੀ ਗਿਆਨਵਾਨ ਤੇ ਰੌਚਕ ਪੁਸਤਕ ਦੀ ਬੇਹਦ ਲੋੜ ਹੈ। ਜੇ ਉਸ ਨੂੰ ਅਜਿਹੀ ਪੁਸਤਕ ਮਿਲ਼ੇਗੀ ਤਾਂ ਉਹ ਉਸ ਨੂੰ ਜਰੂਰ ਪੜ੍ਹੇਗਾ ਤੇ ਅਨੰਦ ਮਾਣੇਗਾ। ਸੋ ਮੇਰੇ ਵਿਚਾਰ ਮੁਤਾਬਿਕ 'ਜੋ ਵੇਖਿਆ ਸੋ ਆਖਿਆ' ਛੋਟੇ ਆਕਾਰ ਦੀ ਆਪਣੇ ਆਪ ਵਿਚ ਇਕ ਵੱਡੀ ਪੁਸਤਕ ਹੈ ਕਿਉਂਕਿ ਇਹ ਵੱਡੇ ਗਿਆਨ ਭੰਡਾਰ ਨੂੰ ਆਪਣੇ ਵਿਚ ਸਮੋਈ ਬੈਠੀ ਹੈ। ਗਿਆਨੀ ਜੀ ਨੂੰ ਕੁੱਜੇ ਵਿਚ ਸਮੁੰਦਰ ਬੰਦ ਕਰਨਾ ਬਾਖੂਬੀ ਆਉਂਦਾ ਹੈ ਤਦੇ ਹੀ ਉਹਨਾਂ ਦਾ ਨਾ ਭਾਸ਼ਨ ਅਕਾਊ ਹੁੰਦਾ ਹੈ ਨਾ ਲੇਖ। ਭਾਸ਼ਨ ਤੇ ਲਿਖਤ ਦਾ ਸੁਮੇਲ ਉਹਨਾਂ ਦੀ ਸ਼ਖ਼ਸੀਅਤ ਨੂੰ ਮਿਲਾਪੜੀ ਅਤੇ ਮਿਕਨਾਤੀਸੀ ਬਣਾਉਂਦਾ ਹੈ। ਮੁੱਕਦੀ ਗੱਲ, ਇਹ ਬਾਬਾ ਸਮੇ ਦਾ ਹਾਣੀ ਹੈ; ਕੰਪਿਊਟਰ ਦਾ ਆੜੀ ਹੈ; ਬੁਢਿਆਂ ਨਾਲ਼ ਬੁਢਾ; ਗਭਰੂਆਂ ਸੰਗ ਗਭਰੂ; ਜਵਾਕਾਂ ਨਾਲ਼ ਜਵਾਕਾਂ ਜਿਹਾ। ਜਦੋਂ ਵੀ ਮਿਲ਼ੇਗਾ ਕੋਈ ਝੋਰਾ ਨਹੀ, ਕੋਈ ਗਿਲ੍ਹਾ ਨਹੀ, ਤੇ ਨਾ ਹੀ ਕੋਈ ਸ਼ਿਕਵਾ ਤੇ ਨਾ ਕੋਈ ਵਿਖਾਵਾ। ਮਾਂ ਬੋਲੀ ਦੇ ਇਸ ਲਾਲ ਦੇ ਬਾਰੇ ਇਹੋ ਹੀ ਕਿਹਾ ਜਾ ਸਕਦਾ ਹੈ: ਮਿੱਟੀ ਨਾ ਫਰੋਲ ਯੋਗੀਆ ਨਹੀਂਓ ਲੱਭਣੇ ਲਾਲ ਗਵਾਚੇ।

ਨਿੰਦਰ ਘੁਗਿਆਣਵੀ

ਪੜ੍ਹਨਯੋਗ ਪੁਸਤਕ 'ਯਾਦਾਂ ਭਰੀ ਚੰਗੇਰ'

ਗਿਆਨੀ ਸੰਤੋਖ ਸਿੰਘ ਨਾਲ਼ ਮੇਰੀ ਚਾਰ ਦਹਾਕੇ ਪੁਰਾਣੀ ਸਾਂਝ ਹੈ ਤੇ ਉਸ ਦੀ ਯਾਦ ਸ਼ਕਤੀ, ਪੜ੍ਹਨ ਦੀ ਸਮਰੱਥਾ, ਬੋਲਣ ਦੀ ਰਫ਼ਤਾਰ, ਭਾਸ਼ਨ ਦੀ ਕਲਾ, ਕੀਰਤਨ ਤੇ ਕਥਾ ਦੀ ਮੁਹਾਰਤ ਤੋਂ ਮੈ ਚੰਗੀ ਤਰ੍ਹਾਂ ਜਾਣੂ ਹਾਂ ਪਰ ਉਸ ਨੇ ਲਿਖਣਾ ਬੜੀ ਦੇਰ ਨਾਲ਼ ਸ਼ੁਰੂ ਕੀਤਾ ਹੈ। ਹਾਂ, ਇਹ ਗੱਲ ਸੰਤੋਖ ਵਾਲ਼ੀ ਹੈ ਕਿ ਉਸਨੇ ਜੋ ਵੀ

ਲਿਖਿਆ ਵਧੀਆ ਲਿਖਿਆ ਹੈ; ਕਲਾ ਪਖੋਂ ਵੀ ਤੇ ਵਿਸ਼ੇ ਪੱਖੋਂ ਵੀ। ਉਸਦੀ ਸ਼ੈਲੀ ਬੜੀ ਹੀ ਕੁਦਰਤੀ ਰੰਗ ਰੂਪ ਵਾਲ਼ੀ ਹੈ ਤੇ ਵਿਸ਼ੇ ਚਲੰਤ ਮਾਮਲਿਆਂ ਤੋਂ ਲੈ ਕੇ ਯਾਤਰਾ, ਧਰਮ, ਰਾਜਨੀਤੀ, ਪੱਤਰਕਾਰੀ, ਸਾਹਿਤਕਾਰੀ ਆਦਿ ਤੱਕ ਫੈਲੇ ਹੋਏ ਹਨ; ਜੋ ਉਸ ਦੀ ਸ਼ਖ਼ਸੀਅਤ ਨਾਲ ਸੁਮੇਲ ਕਰਦੇ ਹਨ। ਮੈ ਤਾਂ ਉਸਨੂੰ ਦਹਾਕਿਆਂ ਤੋਂ ਪ੍ਰੇਰਦਾ ਆ ਰਿਹਾ ਸਾਂ ਕਿ ਉਹ ਜੋ ਜਾਣਦਾ ਹੈ, ਲਿਖੇ ਵੀ। ਸ਼ੁਕਰ ਹੈ ਕਿ ਆਖਰ ਉਸਨੇ ਮੇਰੀ ਇਹ ਗੱਲ ਮੰਨ ਲਈ ਹੈ।

ਮੈ ਉਸਨੂੰ ਜ਼ਿੰਦਗੀ ਵਿਚ ਹਮੇਸ਼ਾਂ 'ਤੂੰ' ਕਰਕੇ ਹੀ ਬੁਲਾਇਆ ਹੈ ਤੇ ਇਸ ਲਈ ਇਕ ਬਚਨੀ ਸ਼ਬਦ ਨਾਲ ਹੀ ਹੁਣ ਉਸ ਬਾਰੇ ਲਿਖ ਰਿਹਾ ਹਾਂ।

ਗਿਆਨੀ ਸੰਤੋਖ ਸਿੰਘ ਦੀ ਯਾਦਦਾਸ਼ਤ ਕਮਾਲ ਦੀ ਹੈ। ਉਹ ਸਹਿਜ ਸੁਭਾ ਆਪਣੇ ਪਿੰਡ ਦਾ ਵਰਨਣ ਏਨੀ ਬਰੀਕੀ ਨਾਲ਼ ਕਰਦਾ ਹੈ ਕਿ ਪਾਠਕ ਨੂੰ ਇਉਂ ਭਾਸਣ ਲੱਗ ਪੈਂਦਾ ਹੈ ਜਿਵੇਂ ਕਿ ਉਹ ਨਾਲ਼ ਨਾਲ਼ ਤੁਰਿਆ ਜਾ ਰਿਹਾ ਹੈ। ਨਿੱਕੀ ਨਿੱਕੀ ਘਟਨਾ ਨੂੰ ਅਜਿਹੇ ਰੰਗ ਵਿਚ ਪੇਸ਼ ਕਰਦਾ ਹੈ ਜਿਵੇਂ ਉਹ ਬਹੁਤ ਹੀ ਅਹਿਮ ਘਟਨਾ ਹੋਵੇ! ਇਸਦਾ ਪਰਮਾਣ ਹੈ: ਲੜਾਈ ਜੋ ਹੁੰਦੀ ਹੁੰਦੀ ਟਲ਼ ਗਈ।

ਗਿਆਨੀ ਸੰਤੋਖ ਸਿੰਘ ਸੁਭਾ ਪੱਖੋਂ ਹਸਮੁਖ ਹੈ ਤੇ ਚੁਟਕਲੇ ਸੁਣਨਾ ਸੁਣਾਉਣਾ ਉਸਦਾ ਸ਼ੌਕ ਹੈ। ਇਹ ਚੁਟਕਲੇ ਸੱਚੀਆਂ ਘਟਨਾਵਾਂ ਨਾਲ਼ ਹੀ ਸਬੰਧਤ ਹੋਣ ਕਾਰਨ ਨਿਰਮਲ ਜਾਪਦੇ ਹਨ। 'ਦੋ ਅਕਾਲੀ ਵਿਦਵਾਨਾਂ ਦੀ ਗੁਫ਼ਤਗੂ' ਕਮਾਲ ਦੀ ਰਚਨਾ ਹੈ ਜਿਸ ਵਿਚ ਮਾਸਟਰ ਅਜੀਤ ਸਿੰਘ ਅੰਬਾਲ਼ਵੀ ਤੇ ਗਿਆਨੀ ਕੇਹਰ ਸਿੰਘ ਵੈਰਾਗੀ ਦੀ ਵਿਅੰਗ ਪ੍ਰਧਾਨ ਵਾਰਤਾਲਾਪ ਨੂੰ ਆਪਣੇ ਸੰਤੋਖ ਸਿੰਘੀ ਰੰਗ ਵਿਚ ਪੇਸ਼ ਕਰਦਿਆਂ, ਪਾਠਕਾਂ ਨੂੰ ਹੱਸਣ ਲਈ ਮਜਬੂਰ ਕਰ ਦਿੰਦਾ ਹੈ। 'ਭੇਡਾਂ ਵਿਚੋਂ ਊਠ ਦੀ ਪਛਾਣ' ਵਿਅੰਗ ਪ੍ਰਧਾਨ ਛੋਟਾ ਜਿਹਾ ਲੇਖ ਹੈ ਜਿਸਨੂੰ ਪੜ੍ਹਦਿਆਂ ਪਾਠਕ ਦਾ ਆਪ ਮੁਹਾਰਾ ਹਾਸਾ ਨਿਕਲ਼ ਜਾਂਦਾ ਹੈ।

ਗਿ. ਸੰਤੋਖ ਸਿੰਘ ਘੁਮੱਕੜ ਹੈ ਜਿਸ ਕਾਰਨ ਇਸ ਨੇ ਵੱਖ ਵੱਖ ਯਾਤਰਾਵਾਂ ਦੌਰਾਨ ਆਪਣੇ ਨਾਲ਼ ਹੋਈਆਂ ਬੀਤੀਆਂ ਗੱਲਾਂ ਨੂੰ ਬੜੇ ਸੁਚੱਜੇ ਢੰਗ ਨਾਲ਼ ਪੇਸ਼ ਕਰਦਿਆਂ, ਆਪਣੇ ਨਾਲ਼ ਹੋਈ 'ਕੁਪੱਤ' ਨੂੰ ਵੀ ਦੱਸ ਕੇ, ਪਾਠਕ ਨੂੰ ਹੱਸਣ ਅਤੇ ਉਸ ਸਮੱਸਿਆ ਬਾਰੇ ਸੋਚਣ ਲਈ ਆਖਿਆ ਹੈ। ਜਿਥੇ ਕਿਧਰੇ ਉਸ ਨਾਲ਼ ਕੋਈ ਸ਼ਰਮਿੰਦਾ ਕਰਨ ਵਾਲ਼ੀ ਘਟਨਾ ਵਾਪਰੀ ਹੈ ਉਸਦਾ ਬਿਆਨ ਵੀ ਉਸਨੇ ਆਪਣੇ ਰੰਗ ਵਿਚ ਹੀ ਕੀਤਾ ਹੈ। ਮਿਸਾਲ ਲਈ 'ਸੱਚੇ ਚੁਟਕਲੇ' ਵਾਲ਼ਾ ਨਿਬੰਧ ਵਾਚਿਆ ਜਾ ਸਕਦਾ ਹੈ। 'ਬਰਲਿਨ ਦੀ ਮੇਰੀ ਪਹਿਲੀ ਯਾਤਰਾ' ਦਾ ਬਿਆਨ ਕਰਦਿਆਂ ਜਿਥੇ ਜਰਮਨ ਦੀਆਂ ਇਤਿਹਾਸਕ ਘਟਨਾਵਾਂ ਦਾ ਵਰਨਣ ਕਰਕੇ ਆਪਣੀ ਇਤਿਹਾਸਕ ਜਾਣਕਾਰੀ ਦਾ ਪ੍ਰਮਾਣ ਦਿਤਾ ਹੈ ਓਥੇ ਆਪਣੇ ਰਾਜਨੀਤਕ ਵਿਸ਼ਵਾਸ਼ਾਂ ਦਾ ਵਿਕਾਸ ਤੇ ਪੰਜਾਬ ਵਿਚ ਨਕਸਲਬਾੜੀ ਲਹਿਰ ਬਾਰੇ ਆਪਣੇ ਵਿਚਾਰ ਪਰਗਟ ਕਰਦਿਆਂ, ਮਾਨਵੀ ਹਿਤਾਂ ਵਾਲ਼ੀ ਵਿਚਾਰਧਾਰਾ ਨੂੰ ਅਪਨਾਉਣ ਦੀ ਗੱਲ ਬੜੇ ਸੁਹਜ ਭਰਪੂਰ

ਢੰਗ ਨਾਲ਼ ਕੀਤੀ ਹੈ। ਉਸਨੇ ਵਿਅੰਗਾਤਮਿਕ ਸ਼ਬਦਾਂ ਰਾਹੀਂ ਇਹ ਵੀ ਦੱਸਿਆ ਹੈ ਕਿ ਬਰਲਿਨ ਦੀ ਦੀਵਾਰ ਤਾਂ ਭਾਵੇਂ ਢਾਹ ਦਿਤੀ ਗਈ ਹੈ ਪਰ ਉਸਦਾ ਕੁਝ ਹਿੱਸਾ ਨਿਸ਼ਾਨੀ ਵਜੋਂ ਸੰਭਾਲ਼ ਕੇ ਰੱਖਿਆ ਹੋਇਆ ਹੈ। ਇਸ ਨਾਲ਼ ਗਿਆਨੀ ਜੀ ਨੇ ਸਿੱਖਾਂ ਦੀਆਂ ਪ੍ਰਾਚੀਨ ਇਤਿਹਾਸਕ ਯਾਦਗਾਰਾਂ ਨੂੰ ਮਲੀਆ ਮੇਟ ਕਰਨ ਵਾਲ਼ੇ ਬਾਬਿਆਂ ਤੇ ਵਿਅੰਗ ਵੀ ਕੀਤਾ ਹੈ।

ਗਿਆਨੀ ਸੰਤੋਖ ਸਿੰਘ ਸਿੱਖ ਧਰਮ ਦਾ ਪ੍ਰਚਾਰਕ ਹੈ ਤੇ ਉਸਨੇ ਪਰਦੇਸਾਂ ਵਿਚ ਸਿੱਖੀ ਦਾ ਪ੍ਰਚਾਰ ਨਿਠ ਕੇ ਕੀਤਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਥਾਨ ਬਾਰੇ ਸ਼ੰਕਾ' ਉਸਦਾ ਬਹੁਤ ਹੀ ਵਿਚਾਰ ਉਕਸਾਊ ਲੇਖ ਹੈ ਜਿਸ ਤੋਂ ਕਥਨੀ ਤੇ ਕਰਨੀ ਵਿਚ ਅੰਤਰ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸਨੇ ਪੰਥ ਨੂੰ ਇਸ ਮਸਲੇ ਸਬੰਧੀ ਵਿਚਾਰ ਕਰਨ ਲਈ ਆਖਿਆ ਹੈ। 'ਪੰਜਾਬੀ ਲਾਗੂ ਕਰਨ ਵਾਲੇ ਮਤਿਆਂ ਦਾ ਰੌਲ਼ਾ ਰੱਪਾ' ਪੰਜਾਬ ਵਾਸੀਆਂ ਦੀ ਆਪਣੀ ਭਾਸ਼ਾ ਨੂੰ ਪਿਠ ਦੇਣ ਦੀ ਬਿਰਤੀ ਨੂੰ ਪਰਗਟ ਕਰਦਾ ਹੈ ਇਸ ਦੇ ਨਾਲ਼ ਹੀ ਸਰਕਾਰ ਦੀ ਇਸ ਸਬੰਧੀ ਫੈਸਲਾ ਨਾ ਲੈਣ ਦੀ ਬਿਰਤੀ ਨੂੰ ਵੀ ਪੇਸ਼ ਕਰਦਾ ਹੈ। ਲੋਕਾਂ ਵਿਚ ਆਪਣੀ ਭਾਸ਼ਾ ਲਈ ਮੋਹ ਦੀ ਘਾਟ ਹੈ ਤੇ ਦੂਜਾ ਸਾਜਸ਼ ਅਨੁਸਾਰ ਵਿਦਿਅਕ ਤੇ ਪ੍ਰਬੰਧਕ ਅਦਾਰਿਆਂ, ਮਹਿਫਲਾਂ ਵਿਚ, ਆਪਣੀ ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਵਰਤ ਕੇ, ਪੰਜਾਬੀ ਦੀ ਹੇਠੀ ਕਰਕੇ, ਇਸਦੇ ਵਿਰੋਧੀ ਪ੍ਰਸੰਨ ਹੁੰਦੇ ਹਨ।

ਇਹਨਾਂ ਲੇਖਾਂ ਵਿਚ ਦਮਦਮੀ ਟਕਸਾਲ ਦੇ ਮਹਾਂ ਪੁਰਸ਼ਾਂ ਬਾਰੇ ਬੜੀ ਕਮਾਲ ਦੀ ਜਾਣਕਾਰੀ ਦਿਤੀ ਹੈ। ਕਿਉਂਕਿ ਸੰਤੋਖ ਸਿੰਘ ਦੇ ਪਿਤਾ, ਭਾਈ ਗਿਆਨ ਸਿੰਘ ਜੀ, ਇਸ ਟਕਸਾਲ ਦੇ ਵਿਦਿਆਰਥੀ ਸਨ। ਉਹਨਾਂ ਦਾ ਸੰਪਰਕ ਆਪਣੀ ਜੀਵਨ ਯਾਤਰਾ ਦੇ ਅੰਤਮ ਸਮੇ ਤੱਕ ਟਕਸਾਲ ਨਾਲ਼ ਬਣਿਆ ਰਿਹਾ। ਗਿਆਨੀ ਜੀ ਵੀ ਆਪਣੇ ਪਿਤਾ ਜੀ ਕਰਕੇ, ਸੰਤ ਕਰਤਾਰ ਸਿੰਘ ਜੀ ਅਤੇ ਭਾਈ ਅਮ੍ਰੀਕ ਸਿੰਘ ਜੀ ਦੀ ਨੇੜਤਾ ਪ੍ਰਾਪਤ ਕਰਨ ਵਾਲ਼ੇ ਵਡਭਾਗੇ ਸੱਜਣ ਬਣੇ। ਗਿ. ਸੰਤੋਖ ਸਿੰਘ ਨੇ ਟਕਸਾਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਰਮਿਆਨ ਪਏ ਫਰਕ ਤੇ ਵਧਦੇ ਪਾੜੇ ਦਾ ਬਹੁਤ ਹੀ ਨਪੇ ਤੁਲੇ ਸ਼ਬਦਾਂ ਵਿਚ ਜ਼ਿਕਰ ਕਰਦਿਆਂ ਕਈ ਅਜਿਹੇ ਤੱਥਾਂ ਅਤੇ ਘਟਨਾਵਾਂ ਦਾ ਵਰਨਣ ਕੀਤਾ ਹੈ ਜੋ ਬੜੇ ਹੀ ਕੰਮ ਦੇ ਹਨ ਤੇ ਗੁਝੇ ਭੇਤਾਂ ਤੋਂ ਪਰਦਾ ਲਾਹੁਣ ਵਾਲ਼ੇ ਹਨ।

ਸ਼੍ਰੋਮਣੀ ਕਮੇਟੀ ਨੂੰ ਪੱਤਰਕਾਰਾਂ ਵੱਲੋਂ 'ਮਿਨੀ ਸਿੱਖ ਪਾਰਲੀਮੈਂਟ' ਲਿਖਣਾ ਗਿਆਨੀ ਸੰਤੋਖ ਸਿੰਘ ਨੂੰ ਚੰਗਾ ਨਹੀ ਲੱਗਦਾ। ਉਸ ਦਾ ਵਿਚਾਰ ਹੈ ਕਿ ਜੇ ਇਸ ਨੂੰ ਪਾਰਲੀਮੈਂਟ ਆਖਣਾ ਹੀ ਹੋਵੇ ਤਾਂ 'ਦੀ ਗ੍ਰੇਟ ਸਿੱਖ ਪਾਰਲੀਮੈਂਟ' ਆਖਣਾ ਚਾਹੀਦਾ ਹੈ ਜੋ ਠੀਕ ਵੀ ਹੈ ਅਤੇ ਇਸ ਤਰ੍ਹਾਂ ਹੀ ਇਸ ਨੂੰ ਮੰਨਣਾ ਚਾਹੀਦਾ ਹੈ।

ਸੰਤੋਖ ਸਿੰਘ ਨੂੰ ਰਾਜਨੀਤਕ ਸੂਝ ਕਮਾਲ ਦੀ ਹੈ। ਉਸ ਦੀ ਨਜ਼ਰ ਦੂਰ ਤੱਕ

ਤੇ ਡੂੰਘਾਈਆਂ ਤੱਕ ਵੇਖਣ ਦੇ ਸਮਰਥ ਹੈ। ਉਸ ਨੂੰ ਤਹਿ ਤੱਕ ਜਾਣ ਦੀ ਆਦਤ ਵੀ ਹੈ; ਏਹੀ ਕਾਰਨ ਹੈ ਕਿ ਉਸ ਨੇ ਜੋ ਵੀ ਵੇਖਿਆ ਤੇ ਪਰਖਿਆ, ਉਸ ਨੂੰ ਬੜੀ ਇਮਾਨਦਾਰੀ ਨਾਲ਼ ਆਪਣੇ ਲੇਖਾਂ ਵਿਚ ਪਰਗਟ ਕਰਨ ਦਾ ਉਦਮ ਕੀਤਾ ਹੈ। ਅਕਾਲੀ ਰਾਜਨੀਤੀ ਬਾਰੇ ਉਹਦੀਆਂ ਗੱਲਾਂ ਬਹੁਤ ਕੰਮ ਦੀਆਂ ਹਨ ਤੇ ਕਈ ਗੱਲਾਂ/ਘਟਨਾਵਾਂ ਦਾ ਉਹ ਮੌਕੇ ਦਾ ਗਵਾਹ ਹੈ। ਉਹ ਕੁਝ ਵਰ੍ਹੇ ਸੰਤ ਚੰਨਣ ਸਿੰਘ ਜੀ ਅਤੇ ਸੰਤ ਫ਼ਤਿਹ ਸਿੰਘ ਜੀ ਵਰਗੇ ਵੱਡੇ ਆਗੂਆਂ ਤੇ ਨੇਤਾਵਾਂ ਨਾਲ਼ ਜੁੜਿਆ ਰਿਹਾ; ਉਹਨਾਂ ਦਾ ਪੀ.ਏ. ਰਿਹਾ। ਇਸ ਸਮੇ ਦੌਰਾਨ ਉਸ ਨੇ ਬਹੁਤ ਕੁਝ ਸੁਣਿਆ ਤੇ ਵੇਖਿਆ। ਇਹ ਸਾਰਾ ਕੁਝ ਉਸ ਨੇ ਸੱਚੋ ਸੱਚ ਕਹਿਣ ਦਾ ਉਪ੍ਰਾਲਾ ਕੀਤਾ ਹੈ: ਭਾਵੇਂ ਦੇਰ ਨਾਲ਼ ਹੀ ਸਹੀ। ਸੰਤੋਖ ਸਿੰਘ ਨੇ ਪ੍ਰਸੰਗ ਵੱਸ ਜਿਨ੍ਹਾਂ ਨੇਤਾਵਾਂ ਦਾ ਜ਼ਿਕਰ ਕੀਤਾ ਹੈ ਉਹਨਾਂ ਬਾਰੇ ਬੜੀ ਭਰਪੂਰ ਜਾਣਕਾਰੀ ਵੀ ਸਹਿਜ ਸੁਭਾ ਦੇ ਦਿਤੀ ਹੈ। ਉਹਨਾਂ ਦੀ ਸੂਝ, ਸੁਭਾ ਆਦਿ ਦਾ ਜ਼ਿਕਰ ਬੜਾ ਹੀ ਪ੍ਰਮਾਣਿਕ ਹੈ। ਸੰਤ ਚੰਨਣ ਸਿੰਘ, ਸੰਤ ਫ਼ਤਿਹ ਸਿੰਘ, ਸ. ਗੁਰਨਾਮ ਸਿੰਘ, ਸੰਤ ਜਰਨੈਲ ਸਿੰਘ, ਸੰਤ ਕਰਤਾਰ ਸਿੰਘ, ਸੰਤ ਗੁਰਬਚਨ ਸਿੰਘ, ਪ੍ਰੋ. ਸਾਹਿਬ ਸਿੰਘ, ਭਗਤ ਪੂਰਨ ਸਿੰਘ, ਪਰਤਾਪ ਸਿੰਘ ਕੈਰੋਂ ਆਦਿ ਬਾਰੇ ਜੋ ਜਾਣਕਾਰੀ ਗਿ. ਸੰਤੋਖ ਸਿੰਘ ਨੇ ਦਿਤੀ ਹੈ, ਉਹ ਪ੍ਰਮਾਣਿਕ ਹੋਣ ਦੇ ਨਾਲ਼ ਨਾਲ਼ ਨਵੀ ਵੀ ਹੈ।

ਗਿ. ਸੰਤੋਖ ਸਿੰਘ ਪੰਜਾਬ ਦੇ ਲੀਡਰਾਂ ਦੀ ਪ੍ਰਕਿਰਤੀ ਤੋਂ ਵੀ ਭਲੀ ਭਾਂਤ ਜਾਣੂ ਹੈ। ਉਸ ਨੇ ਕਾਂਗਰਸ ਦੀਆਂ ਪੰਜਾਬ ਨੂੰ ਉਜਾੜਨ ਦੀਆਂ ਸਾਜਸ਼ਾਂ, ਅਕਾਲੀਆਂ ਨੂੰ ਕਮਜ਼ੋਰ ਕਰਕੇ, ਰਾਜ ਭਾਗ ਹਥਿਆਉਣ ਲਈ ਖੇਡੀਆਂ ਚਾਲਾਂ ਬਾਰੇ ਵੀ ਲਿਖਿਆ ਹੈ। ਕਾਂਗਰਸ ਨੇ ਸਿੱਖ ਪੰਥ ਨੂੰ ਪਾੜ ਕੇ ਕਮਜ਼ੋਰ ਕਰਨ ਲਈ ਸਮੇ ਸਮੇ ਨਿਰੰਕਾਰੀ, ਭਨਿਆਰੇ ਵਾਲ਼ਾ, ਰਾਧਾ ਸੁਆਮੀ, ਸਿਰਸੇ ਵਾਲ਼ਾ ਵਰਗੀਆਂ ਸੰਪਰਦਾਵਾਂ ਨੂੰ, ਸਿਖਾਂ ਵਿਚ ਵੰਡੀਆਂ ਪਾਉਣ ਲਈ ਉਭਾਰਿਆ। ਸੰਤੋਖ ਸਿੰਘ ਨੇ ਅਕਾਲੀ ਸਰਕਾਰਾਂ ਨੂੰ ਡੇਗਣ, ਪੰਜਾਬ ਵਿਚ ਗੜਬੜ ਕਰਵਾਉਣ ਬਾਰੇ ਬਹੁਤ ਨਿਰਪਖ ਹੋ ਕੇ ਆਪਣੇ ਵਿਚਾਰ ਪੇਸ਼ ਕੀਤੇ ਹਨ ਜਿਨ੍ਹਾਂ ਨੂੰ ਮੈ ਪ੍ਰਮਾਣਿਕ ਵੀ ਮੰਨਦਾ ਹਾਂ ਤੇ ਸੁਚੇਤ ਕਰਨ ਵਾਲ਼ੇ ਵੀ।

ਇਕ ਗੱਲ ਹੋਰ ਕਹਿਣੀ ਹੈ: ਉਹ ਹੈ ਸੰਤੋਖ ਸਿੰਘ ਦੀ ਭਾਸ਼ਾ ਉਪਰ ਪਕੜ ਅਤੇ ਗੱਲ ਕਹਿਣ ਦੀ ਵਿਧੀ। ਇਹ ਦੋਵੇਂ ਗੱਲਾਂ ਕਮਾਲ ਦੀਆਂ ਹਨ। ਭਾਸ਼ਾ ਉਸ ਦੀ ਠੇਠ ਪੰਜਾਬੀ ਹੈ। ਸ਼ਬਦਾਂ ਦੀ ਵਰਤੋਂ ਉਸ ਦੀ ਸਾਹਿਤਕ ਤੇ ਭਾਸ਼ਾਈ ਸੂਝ ਦਾ ਪ੍ਰਮਾਣ ਹੈ। ਕਹਿਣ ਦਾ ਢੰਗ ਕਮਾਲ ਦਾ ਹੈ। ਸਾਰੀ ਗੱਲ ਦਿਲਕਸ਼ ਬਣਾਉਣ ਲਈ ਵਿਚ ਵਿਚਾਲੇ ਹਸਾਉਣੀਆਂ ਗੱਲਾਂ ਕਰਦਿਆਂ ਪਾਠਕ ਨੂੰ ਉਕਤਾਉਣ ਤੋਂ ਵੀ ਬਚਾਉਂਦਾ ਹੈ।

ਪੰਜਾਬੀ ਵਾਰਤਕ ਖੇਤਰ ਵਿਚ ਅਜਿਹੀਆਂ ਪੁਸਤਕਾਂ ਨਵਾਂਪਣ ਅਤੇ ਤਾਜ਼ਗੀ

ਭਰਨ ਦੇ ਸਮਰੱਥ ਹਨ। ਮੈਨੂੰ ਪੂਰਨ ਆਸ ਹੈ ਕਿ ਨਿਕਟ ਭਵਿਖ ਵਿਚ ਗਿ. ਸੰਤੋਖ ਸਿੰਘ - ਮੇਰੀਆਂ ਰਾਜਨੀਤਕ ਯਾਦਾਂ, ਮੇਰੇ ਪਰਦੇਸਾਂ ਦੇ ਭਰਮਣ, ਮੇਰੀਆਂ ਬਚਪਨ ਦੀਆਂ ਯਾਦਾਂ, ਮੇਰੇ ਸਿਆਸੀ ਵਿਚਾਰ ਆਦਿ ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤ ਨੂੰ ਹੋਰ ਵੀ ਅਮੀਰ ਬਣਾਉਣ ਲਈ ਯਤਨ ਕਰੇਗਾ।

ਡਾ. ਗੁਰਮੁਖ ਸਿੰਘ
ਪਟਿਆਲਾ

ਪੁਸਤਕ 'ਸਚੇ ਦਾ ਸਚਾ ਢੋਆ' ਬਾਰੇ

ਗਿਆਨੀ ਸੰਤੋਖ ਸਿੰਘ ਦਹਾਕਿਆਂ ਤੋਂ ਪੜ੍ਹਨ ਨੂੰ ਸਮੱਰਪਤ ਰਿਹਾ ਹੈ ਤੇ ਅੱਜ ਵੀ ਉਹ ਵਾਹ ਲੱਗਦਿਆਂ ਜਿੰਨਾ ਸਮਾ ਕਢ ਸਕਦਾ ਹੈ ਪੜ੍ਹਨ ਨੂੰ ਦਿੰਦਾ ਹੈ। ਉਸ ਦਾ ਗਿਆਨ ਅਥਾਹ ਹੈ; ਇਕ ਤਾਂ ਪੜ੍ਹਨ ਕਰਕੇ ਅਤੇ ਦੂਜਾ ਘੁਮੱਕੜ ਬਿਰਤੀ ਦਾ ਮਾਲਕ ਹੋਣ ਕਰਕੇ। ਅਧੀ ਤੋਂ ਵਧ ਦੁਨੀਆ ਦੀ ਸੈਰ ਕਰਨ ਮਗਰੋਂ ਅਜੇ ਵੀ ਉਸ ਦਾ ਮਨ ਭਰਿਆ ਨਹੀ। ਅੱਖੀਆਂ ਰੰਗ ਤਮਾਸ਼ੇ ਵੇਖ ਕੇ ਰੱਜੀਆਂ ਨਹੀ ਪਰ ਇਹ ਗੱਲ ਬਹੁਤ ਸੰਤੋਖ ਦੇਣ ਵਾਲ਼ੀ ਹੈ ਕਿ ਉਸ ਨੇ ਵਰਤਕ ਲਿਖਣੀ ਸ਼ੁਰੂ ਕਰ ਦਿਤੀ ਹੈ ਤੇ ਲਿਖੀ ਵੀ ਵਧੀਆ ਹੈ।

ਗਿਆਨੀ ਸੰਤੋਖ ਸਿੰਘ ਸਿੱਖੀ ਦਾ ਪ੍ਰਚਾਰ ਕਰਦਾ ਹੈ। ਉਸ ਨੂੰ ਗੁਰ ਇਤਿਹਾਸ ਤੇ ਗੁਰਬਾਣੀ ਬਾਰੇ ਡੂੰਘਾ ਗਿਆਨ ਹੈ ਤੇ ਉਹ ਗੱਲ ਆਪਣੇ ਵੱਖਰੇ ਅੰਦਾਜ਼ ਵਿਚ ਕਹਿਣ ਵਾਲ਼ਾ, ਸਮਰੱਥ ਵਾਰਤਾਕਾਰ ਹੈ। ਉਸ ਨੇ ਦਸ ਗੁਰੂ ਸਾਹਿਬਾਨ ਬਾਰੇ ਆਪਣੇ ਰੰਗ ਵਿਚ ਸਾਖੀਆਂ ਦੀ ਪੁਨਰ ਵਿਆਖਿਆ ਜਾਂ ਇਉਂ ਕਹਿ ਲਵੋ ਕਿ ਪੁਨਰ ਸਿਰਜਣਾ ਕੀਤੀ ਹੈ ਅਤੇ ਉਹਨਾਂ ਅੰਦਰ ਲੁਕੇ ਭਾਵਾਂ ਨੂੰ ਬੜੇ ਕਲਾਤਮਿਕ ਢੰਗ ਨਾਲ਼ ਪੇਸ਼ ਕੀਤਾ ਹੈ। ਸਤਿਗੁਰੂ ਉਹਦੇ ਲਈ ਆਦਰਸ਼ ਹਨ ਜਿਨ੍ਹਾਂ ਦੇ ਜੀਵਨ ਵਿਚੋਂ ਸਿਖਿਆ ਲੈ ਕੇ, ਸਿੱਖ ਪਾਠਕ ਚੰਗੇਰਾ ਮਨੁਖ ਬਣਨ ਲਈ ਯਤਨਸ਼ੀਲ ਹੋ ਸਕਦਾ ਹੈ।

ਅੱਜ ਸਿੱਖ ਪੰਥ ਵਿਚ ਦਸਮ ਗ੍ਰੰਥ ਦੇ ਕਰਤਾ ਬਾਰੇ ਕਾਫ਼ੀ ਵਾਦ ਵਿਵਾਦ ਹੈ ਤੇ ਇਸ ਬਾਰੇ ਵਿਚਾਰਾਂ ਵਾਲ਼ਿਆਂ ਦੇ ਦੋ ਧੜੇ ਹਨ ਜੋ ਇਕ ਦੂਸਰੇ ਤੋਂ ਉਲ਼ਟ ਹਨ। ਗਿਆਨੀ ਸੰਤੋਖ ਸਿੰਘ ਨੇ ਇਸ ਸਮੱਸਿਆ ਬਾਰੇ ਵਿਚਾਰ ਕਰਕੇ ਬੜਾ ਕਮਾਲ ਦਾ ਸੁਝਾ ਦਿਤਾ ਹੈ ਕਿ ਪੰਥ ਦੇ ਵਿਦਵਾਨਾਂ ਨੂੰ ਇਸ ਗੰਭੀਰ ਸਮੱਸਿਆ ਦਾ ਹੱਲ ਲਭਣ ਲਈ, ਸ੍ਰੀ ਅਕਾਲ ਤਖ਼ਤ ਸਾਹਿਬ ਬੁਲਾਉਣਾ ਚਾਹੀਦਾ ਹੈ ਤੇ ਉਹ ਸਾਰੇ ਵਿਦਵਾਨ ਜੋ ਸਰਬ ਸੰਮਤੀ ਨਾਲ਼ ਫ਼ੈਸਲਾ ਕਰਨ ਉਹ ਸਰਬ ਸੰਗਤ ਨੂੰ ਮੰਨਣਾ ਚਾਹੀਦਾ ਹੈ। ਗਿ. ਸੰਤੋਖ ਸਿੰਘ ਨੇ ਇਸ ਵਾਦ ਵਿਵਾਦ ਵਾਲ਼ੇ ਵਿਸ਼ੇ ਬਾਰੇ ਲਿਖਦਿਆਂ ਆਪਣੀ ਵਿਵੇਕੀ ਸੁਰ ਵਿਚ ਨਿੱਗਰ ਸੁਝਾ ਦਿਤਾ ਹੈ।

ਗਿਆਨੀ ਸੰਤੋਖ ਸਿੰਘ ਬੜਾ ਸੁਚੇਤ ਮਨੁਖ ਹੈ। ਉਹ ਜੋ ਕੁਝ ਉਸ ਦੇ ਆਸ

ਪਾਸ ਵਾਪਰਦਾ ਹੈ, ਉਸ ਨੂੰ ਨਿਹਾਰਦਾ ਹੈ। ਉਸ ਬਾਰੇ ਵਿਚਾਰ ਕਰਦਾ ਹੈ ਤੇ ਫਿਰ ਜਦੋਂ ਉਸ ਨੂੰ ਸਭ ਕੁਝ ਸਪੱਸ਼ਟ ਹੋ ਜਾਂਦਾ ਹੈ ਤਾਂ ਫਿਰ ਆਪਣੇ ਵੱਖਰੇ ਅੰਦਾਜ਼ ਵਿਚ, ਉਸ ਬਾਰੇ ਵਿਚਾਰ ਆਮ ਜਨਤਾ ਨਾ਼ਲ ਸਾਂਝੇ ਕਰਦਾ ਹੈ। ਉਸ ਨੇ ਮਸਲਾ ਕ੍ਰਿਪਾਨ ਦਾ, ਆਨੰਦ ਮੈਰਿਜ ਐਕਟ, ਕੁੜੀਮਾਰਾਂ ਨਾ਼ਲ ਨਹੀ ਵਰਤਣਾ ਆਦਿ ਮਸਲਿਆਂ ਬਾਰੇ ਖੁਭ ਕੇ ਲਿਖਿਆ ਹੈ ਤੇ ਖੁਲ੍ਹ ਕੇ ਆਪਣੇ ਵਿਚਾਰ, ਅਧਿਕਾਰਤ ਢੰਗ ਨਾ਼ਲ ਪਾਠਕਾਂ ਸਨਮੁਖ ਪੇਸ਼ ਕੀਤੇ ਹਨ।

ਗਿਆਨੀ ਸੰਤੋਖ ਸਿੰਘ ਲੰਮਾ ਸਮਾ ਅਕਾਲੀ ਪਾਰਟੀ ਨਾ਼ਲ ਜੁੜਿਆ ਰਿਹਾ ਹੈ ਤੇ ਬਹੁਤ ਕੁਝ ਉਸਦੇ ਸਾਹਮਣੇ ਵਾਪਰਿਆ। ਉਸਨੇ ਇਹਨਾਂ ਯਾਦਾਂ ਨੂੰ ਅਜਿਹੇ ਢੰਗ ਨਾ਼ਲ ਪੇਸ਼ ਕੀਤਾ ਹੈ ਕਿ ਉਹ ਸਮਕਾਲੀ ਸਿੱਖ ਇਤਿਹਾਸ ਬਾਰੇ ਅਹਿਮ ਸਰੋਤ ਬਣਨ ਦੇ ਸਮਰੱਥ ਹਨ। ਸ੍ਰੀ ਦਰਬਾਰ ਸਾਹਿਬ ਉਪਰ ਪਹਿਲਾ ਸਰਕਾਰੀ ਹਮਲਾ, ਸਿੱਖ ਆਗੂਆਂ ਦਾ ਸਤਿਕਾਰ ਕਿ ਤ੍ਰਿਸਕਾਰ? ਗੁਰਦੁਆਰਾ ਪ੍ਰਬੰਧ ਅਤੇ ਚੋਣਾਂ ਵਰਗੇ ਮਹੱਤਵਪੂਰਣ ਨਿਬੰਧ ਲਿਖੇ ਹਨ।

ਸੰਤੋਖ ਸਿੰਘ ਨੇ ਕਈ ਅਜਿਹੇ ਵਿਸ਼ਿਆਂ ਤੇ ਵੀ ਲਿਖਿਆ ਹੈ ਜਿਨ੍ਹਾਂ ਬਾਰੇ ਸੋਚਣ ਤੇ ਉਹਨਾਂ ਦਾ ਹੱਲ ਲਭਣ ਦੀ ਲੋੜ ਹੈ। ਮਿਸਾਲ ਦੇ ਤੌਰ ਤੇ ਗੁਰੂ ਘਰਾਂ ਵਿਚ ਫਾਲਤੂ ਰੁਮਾਲਿਆਂ ਦੀ ਸਮੱਸਿਆ ਹੀ ਲੈ ਲਉ। ਸ਼ਰਧਾਲੂ ਹਜਾਰਾਂ ਰੁਮਾਲੇ ਰੋਜ਼ ਗੁਰੂ ਮਹਾਰਾਜ ਜੀ ਨੂੰ ਸਤਿਕਾਰ ਵਜੋਂ ਭੇਟ ਕਰਦੇ ਹਨ। ਏਨੇ ਰੁਮਾਲੇ ਸੰਭਾਲਣ ਦੀ ਸਮੱਸਿਆ ਗੰਭੀਰ ਹੈ; ਕੀਤਾ ਕੀ ਜਾਵੇ? ਇਸ ਬਾਰੇ ਗਿਆਨੀ ਜੀ ਨੇ ਸਾਰਥਕ ਸੁਝਾ ਦਿਤੇ ਹਨ ਜਿਨ੍ਹਾਂ ਬਾਰੇ ਗੁਰਦੁਆਰਾ ਪ੍ਰਬੰਧਕਾਂ ਨੂੰ ਸਿਅਣਪ ਨਾ਼ਲ ਸੋਚਣਾ ਚਾਹੀਦਾ ਹੈ।

ਵਿਦਵਾਨ ਸੰਤੋਖ ਸਿੰਘ ਨੇ ਪੰਜਾਬੀ ਸ਼ਬਦ ਜੋੜਾਂ ਦੀ ਸਮੱਸਿਆ ਬਾਰੇ ਗੰਭੀਰ ਗੱਲ ਕਰਦਿਆਂ, ਇਕ ਸਿਆਣੇ ਭਾਸ਼ਾ ਵਿਗਿਆਨੀ ਵਾਂਙ ਅਹਿਮ ਮੁੱਦਿਆਂ ਤੇ ਵਿਚਾਰ ਕੀਤੀ ਹੈ। ਉਸ ਦੇ ਸੁਝਾ ਬੜੇ ਕੰਮ ਦੇ ਹਨ ਪਰ ਸਾਡਾ ਦੁਖਾਂਤ ਇਹ ਹੈ ਕਿ ਅਸੀਂ ਆਪ ਜੋ ਲਿਖਦੇ ਹਾਂ, ਉਸ ਨੂੰ ਹੀ ਠੀਕ ਮੰਨਦੇ ਹਾਂ ਤੇ ਗ਼ਲਤੀਆਂ ਸੁਧਾਰਨ ਨੂੰ ਕੁਫ਼ਰ ਸਮਝਦੇ ਹਾਂ।

ਗਿਆਨੀ ਗਾਲ੍ਹੜੀ ਹੈ; ਚੁਟਕਲੇਬਾਜ ਹੈ। ਉਹ ਗੰਭੀਰ ਤੋਂ ਗੰਭੀਰ ਸਮੱਸਿਆ ਬਾਰੇ ਗੱਲ ਕਰਦਿਆਂ, ਵਿਚ ਵਿਚ ਹਸਾਉਣੀਆਂ ਗੱਲਾਂ ਵੀ ਕਰ ਜਾਂਦਾ ਹੈ। ਅਜਿਹੀ ਲਿਖਤ ਦਾ ਪਾਠਕ ਖ਼ੂਬ ਅਨੰਦ ਮਾਣਦਾ ਹੈ।

ਇਕ ਹੋਰ ਗੱਲ ਕਰਨੀ ਬਣਦੀ ਹੈ: ਉਹ ਹੈ ਗਿ. ਸੰਤੋਖ ਸਿੰਘ ਦੀ ਭਾਸ਼ਾਈ ਸਮਰੱਥਾ। ਜਿਵੇਂ ਪਹਿਲਾਂ ਵੀ ਲਿਖਿਆ ਹੈ; ਉਹ ਬਹੁਤ ਪੜ੍ਹਨ ਵਾ਼ਲਾ ਵਿਅਕਤੀ ਹੈ। ਜੋ ਅਖ਼ਬਾਰ, ਕਿਤਾਬ, ਰਸਾਲਾ ਉਹਦੇ ਹੱਥ ਆ ਜਾਵੇ ਪੜ੍ਹਦਾ ਹੈ। ਇਸ ਤੋਂ ਇਲਾਵਾ ਉਹ ਹੋਰ ਵਿਦਵਾਨਾਂ ਦੇ ਵਿਖਿਆਨ ਸੁਣਨ ਤੇ ਉਹਨਾਂ ਨਾ਼ਲ ਗੁਫ਼ਤਗੂ ਕਰਨ ਦਾ ਅਵਸਰ ਵੀ ਨਹੀ ਖੁੰਝਾਉਂਦਾ। ਮੈ ਇਹ ਵੇਖ ਕੇ ਹੈਰਾਨ ਹੋ ਜਾਂਦਾ ਹਾਂ ਕਿ

ਉਹ ਘੰਟਿਆਂ ਬਧੀ ਵਿਦਵਾਨਾਂ ਦੇ ਵਿਖਿਆਨ ਸੁਣਨ ਅਤੇ ਉਹਨਾਂ ਨਾਲ਼ ਵਿਚਾਰ ਕਰਦਿਆਂ ਗੁਜਾਰ ਦਿੰਦਾ ਹੈ। ਇਸ ਕਰਕੇ ਉਸ ਪਾਸ ਬੇਅੰਤ ਗਿਆਨ ਅਤੇ ਸ਼ਬਦ ਭੰਡਾਰ ਹੈ। ਉਹ ਵੱਡੀ ਤੋਂ ਵੱਡੀ ਤੇ ਔਖੀ ਤੋਂ ਔਖੀ ਗੱਲ ਬੜੇ ਸਰਲ, ਸਪੱਸ਼ਟ ਤੇ ਉਚਿਤ ਸ਼ਬਦਾਂ ਵਿਚ ਕਹਿ ਕੇ, ਪਾਠਕ ਤੇ ਸਰੋਤੇ ਨੂੰ ਹੈਰਾਨ ਕਰ ਦਿੰਦਾ ਹੈ। ਪੰਜਾਬੀ ਵਾਰਤਕ ਖੇਤਰ ਵਿਚ ਉਹ ਲੇਖਕ ਹੀ ਪ੍ਰਵਾਨ ਹੋਏ ਹਨ ਜਿਨ੍ਹਾਂ ਨੇ ਸਹਿਜ ਸੁਭਾ ਆਪਣੀ ਗੱਲ ਆਖੀ ਹੈ ਤੇ ਆਪਣੀ ਬਹੁ ਭਾਸ਼ਾਈ ਜਾਣਕਾਰੀ ਨੂੰ ਪੰਜਾਬੀ ਪਾਠਕ ਉਪਰ ਥੋਪਦੇ ਨਹੀਂ। ਗਿਆਨੀ ਸੰਤੋਖ ਸਿੰਘ ਦੀ ਭਾਸ਼ਾ ਲੋਕ ਭਾਸ਼ਾ ਦੇ ਬਿਲਕੁਲ ਨੇੜੇ ਹੈ ਜਿਸ ਕਾਰਨ ਪੰਜਾਬੀ ਪਾਠਕ ਉਸ ਦੀ ਰਚਨਾ ਨੂੰ ਕੇਵਲ ਪੜ੍ਹਦੇ ਹੀ ਨਹੀਂ ਬਲਕਿ ਉਸ ਦਾ ਅਨੰਦ ਵੀ ਮਾਣਦੇ ਹਨ ਤੇ ਉਸ ਦੀਆਂ ਵਿਚਾਰ ਭਰਪੂਰ ਤੇ ਮਨੋਰੰਜਕ ਗੱਲਾਂ/ਤਰਕਾਂ ਨੂੰ ਅਪਣਾ ਕੇ ਪ੍ਰਸੰਨ ਹੁੰਦੇ ਹਨ।

ਆਸ ਹੈ ਕਿ ਨਿਕਟ ਭਵਿਖ ਵਿਚ ਗਿਆਨੀ ਸੰਤੋਖ ਸਿੰਘ ਹੋਰ ਬੜਾ ਕੁਝ ਲਿਖ ਕੇ ਪੰਜਾਬੀ ਵਾਰਤਕ ਸਾਹਿਤ ਵਿਚ ਨਿੱਗਰ ਵਾਧਾ ਕਰਕੇ, ਆਪਣੇ ਜੀਵਨ ਨੂੰ ਸਫ਼ਲ ਕਰੇਗਾ ਅਤੇ ਪੰਜਾਬੀ ਵਾਰਤਕ ਵਿਚ ਪ੍ਰੋ. ਸਾਹਿਬ ਸਿੰਘ, ਲਾਲ ਸਿੰਘ ਕਮਲ਼ਾ ਅਕਾਲੀ, ਹਰਿੰਦਰ ਸਿੰਘ ਰੂਪ, ਡਾ. ਦੀਵਾਨ ਸਿੰਘ ਕਾਲ਼ੇਪਾਣੀ ਆਦਿ ਵਾਲੀ ਕਤਾਰ ਵਿਚ ਸ਼ਾਮਲ ਹੋ ਕੇ, ਪੰਜਾਬੀ ਵਾਰਤਕ ਸਾਹਿਤ ਵਿਚ ਮਹੱਤਵਪੂਰਣ ਸਥਾਨ ਦਾ ਅਧਿਕਾਰੀ ਬਣ ਕੇ, ਚਿਰ ਜੀਵਨ ਦਾ ਸੁਆਮੀ ਬਣੇਗਾ।

ਡਾ. ਗੁਰਮੁਖ ਸਿੰਘ
ਪਟਿਆਲਾ

ਯਥਾਰਥਵਾਦੀ ਕਿਰਤ 'ਸਚੇ ਦਾ ਸਚਾ ਢੋਆ'

ਗਿਆਨੀ ਸੰਤੋਖ ਸਿੰਘ ਹੋਰਾਂ ਨੂੰ ਉਹਨਾਂ ਦੇ ਸ਼੍ਰੋਮਣੀ ਕਮੇਟੀ ਦੇ ਸੇਵਾ ਕਾਲ ਦੌਰਾਨ ਮਿਲਣ ਜਾਨਣ ਦਾ ਸੁਭਾਗ ਹਾਸਲ ਨਾ ਹੋ ਸਕਿਆ ਪਰ ਇਹਨਾਂ ਦੇ ਇਸ ਸਰਬ ਸਾਂਝੀ ਪ੍ਰਤੀਨਿਧ ਸੰਸਥਾ ਨਾਲ਼, ਖ਼ੁਦ ਪਰਵਾਸੀ ਬਣ ਕੇ ਵੀ ਬਰਕਰਾਰ ਰੱਖੇ ਮੋਹ ਪਿਆਰ ਨੇ, ਇਹਨਾਂ ਜਿਹੀ ਚੰਗੇਰੀ, ਉਚੇਰੀ ਤੇ ਸੁਹਣੇਰੀ ਸ਼ਖ਼ਸੀਅਤ ਦੇ ਰੂਬਰੂ ਹੋਣ ਦਾ ਸੁਅਵਸਰ ਬਖ਼ਸਿਆ। ਭਾਵੇਂ ਇਹਨਾਂ ਨਾਲ ਮੇਲ ਮੁਲਾਕਾਤਾਂ ਤੇ ਆਪਸੀ ਵਿਚਾਰਾਂ ਦਾ ਆਦਾਨ ਪ੍ਰਦਾਨ ਦਾ ਚੱਲਿਆ ਸਿਲਸਿਲਾ ਵੀ ਅਜੋਕੀ ਕਾਹਲ਼ ਅਤੇ ਭੱਜ ਦੌੜ ਵਾਲ਼ੀ ਦਫ਼ਤਰੀ ਜੀਵਨ ਸ਼ੈਲੀ ਤੋਂ ਪ੍ਰਭਾਵਤ ਪਲਾਂ ਵਿਚ ਹੀ ਚੱਲ ਸਕਿਆ ਅਤੇ ਗਿਆਨੀ ਜੀ ਨੇ ਆਪਣੇ ਵੱਲੋਂ ਇਕ ਦੋ ਵਾਰ ਖ਼ੁਦ ਫ਼ੋਨ ਕਰਕੇ ਮੈਨੂੰ ਆਪਣੀ ਸ਼ਖ਼ਸੀਅਤ ਦੇ ਅੰਦਰ ਥੋਹੜੀ ਝਾਤ ਪਾਉਣ ਦਾ ਮੌਕਾ ਪ੍ਰਦਾਨ ਕੀਤਾ ਪਰ ਇਸ ਆਧਾਰ ਤੇ ਵੀ ਮੈ ਇਹ ਸੁਹਿਰਦਤਾ ਸਹਿਤ ਕਹਿ ਤੇ ਲਿਖ ਸਕਦਾ ਹਾਂ ਕਿ ਗਿਆਨੀ ਜੀ ਉਹਨਾਂ ਸ਼ਖ਼ਸੀਅਤਾਂ ਵਿਚ ਸ਼ਾਮਲ ਹਨ ਜਿਨ੍ਹਾਂ ਤੋਂ ਮੈ ਸਹਿਜ ਸੁਭਾਵਕ ਹੀ ਪ੍ਰਭਾਵਤ ਹੋਇਆ ਹਾਂ ਅਤੇ ਜਿਨ੍ਹਾਂ ਤੋਂ ਸੁਚੇਤ ਤੇ ਅਚੇਤ ਤੌਰ ਤੇ ਮੈ ਕੁਝ ਹਾਸਲ ਵੀ ਕੀਤਾ ਹੈ। ਉਂਜ ਪ੍ਰਭਾਵਤ ਹੋਣ ਤੋਂ ਬਿਨਾ, ਕਿਸੇ ਵੱਡੀ ਤੋਂ ਵੱਡੀ ਸ਼ਖ਼ਸੀਅਤ ਤੋਂ

ਵੀ ਉਸ ਨਾਲ਼ ਮੇਲ਼ ਮੁਲਾਕਾਤ ਕਰਨ ਵਾਲ਼ਾ ਸ਼ਖ਼ਸ, ਕੁਝ 'ਖਾਸ' ਹਾਸਲ ਕਰ ਵੀ ਨਹੀ ਸਕਦਾ। ਗਿਆਨੀ ਜੀ ਦੀ ਸ਼ਖ਼ਸੀਅਤ ਬਹੁਪੱਖੀ ਗੁਣਾਂ ਨਾਲ਼ ਸ਼ਿੰਗਾਰੀ ਹੋਈ ਹੈ ਪ੍ਰੰਤੂ ਮੇਰੀ ਸੀਮਤ ਪਕੜ ਸਮਰੱਥਾ ਮੁਖ ਤੌਰ ਤੇ ਇਹਨਾਂ ਦਾ ਯਥਾਰਥਵਾਦੀ ਜੀਵਨ ਦ੍ਰਿਸ਼ਟੀ ਦੇ ਧਾਰਨੀ ਹੋਣਾ ਅਤੇ ਨਿਮਰਤਾ ਦੇ ਗੁਣ ਨਾਲ਼ ਮਾਲਾ ਮਾਲ ਹੋਣਾ ਸਮਝ ਸਕੀ ਹੈ। ਯਥਾਰਥਵਾਦੀ ਜੀਵਨ ਦ੍ਰਿਸ਼ਟੀ ਅਤੇ ਨਿਮਰਤਾ ਦਾ ਉਂਜ ਆਪਸ ਸੁਭਾਵਕ ਸਬੰਧ ਵੀ ਤਾਂ ਹੈ! ਏਹੀ ਜੀਵਨ ਦ੍ਰਿਸ਼ਟੀ ਹੈ ਜੋ ਇਕ ਕਲਮਕਾਰ ਨੂੰ ਖਿਆਲਾਂ ਤੇ ਕਲਪਨਾ ਦੀਆਂ ਉਚੀਆਂ ਆਕਾਸ਼ੀ ਉਡਾਰੀਆਂ ਲਾਉਣ ਦੇ ਬਾਵਜੂਦ ਧਰਾਤਲ ਤੇ ਰੱਖਦੀ ਹੈ। ਨਿਮਰਤਾ ਦੇ ਅਭਾਵ ਵਿਚ ਕਿਸੇ ਵੀ ਮਨੁਖ ਦੇ ਜੀਵਨ ਦਾ ਵਿਕਾਸ ਕ੍ਰਮ ਵਧੇਰੇ ਨਹੀ ਹੋ ਸਕਦਾ। ਪੁਸਤਕ 'ਸਚੇ ਦਾ ਸਚਾ ਢੋਆ' ਦਾ ਕੁਝ ਆਪਣੇ ਵੱਲੋਂ ਸਿਰਲੇਖ ਅਧੀਨ ਪੰਨਾ ਹੀ ਗਿਆਨੀ ਜੀ ਦੀ ਸ਼ਖ਼ਸੀਅਤ ਦੇ ਇਹਨਾਂ ਦੋਹਾਂ ਪਹਿਲੂਆਂ ਦਾ ਇਕ ਸਹਿਜ ਪ੍ਰਮਾਣ ਬਣਦਾ ਮਹਿਸੂਸ ਹੁੰਦਾ ਹੈ: 'ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲ਼ੇ' ਗੁਰਮੁਖ, ਸ. ਹਰਿੰਦਰਪਾਲ ਸਿੰਘ ਜੀ ਨਾਲ਼ ਇਸ 'ਨਿਕ ਸੁਕ' ਜਿਹੇ ਨੂੰ ਜਦੋਂ ਕਿਤਾਬੀ ਰੂਪ ਦੇਣ ਲਈ ਗੱਲ ਬਾਤ ਹੋਈ ..... ਕਿਸ ਪਾਸ ਸਮਾ ਹੈ ਪੰਜਾਬੀ ਦੀ ਕਿਤਾਬ ਪੜ੍ਹਨ ਦਾ! ਉਹ ਵੀ ਮੇਰੀ, ਜਿਸ ਵਿਚ ਨਾ ਰੋਮਾਂਸ, ਨਾ ਸਸਪੈਂਸ, ਨਾ ਇਸ਼ਕ, ਨਾ ਕਾਮੁਕਤਾ, ਨਾ ਹਿੰਸਾ, ਨਾ ਕਹਾਣੀ, ਨਾ ਪਾਪ ਤੋਂ ਰੋਕਣ ਲਈ ਪ੍ਰੇਰਨਾ, ਨਾ ਪੁੰਨ ਕਰਨ ਦਾ ਉਤਸ਼ਾਹ, ਨਾ ਸਵੱਰਗ ਦਾ ਲਾਲਚ, ਨਾ ਨਰਕ ਦਾ ਡਰ; ਅਰਥਾਤ ਧਰਮ, ਅਰਥ, ਕਾਮ, ਮੋਖ ਬਾਰੇ ਕੁਝ ਵੀ ਪੜ੍ਹਨ ਲਾਇਕ ਨਹੀ, ਜਿਸ ਨੂੰ ਪਾਠਕ ਪੜ੍ਹਨਾ ਚਾਹੇ।

ਗਿਆਨੀ ਜੀ ਦੇ ਅਵਚੇਤਨ ਵਿਚੋਂ ਉਗਮੇ ਇਹ ਸ਼ਬਦ ਸਾਨੂੰ ਸਮਕਾਲੀ ਸਾਹਿਤ ਅਤੇ ਵਿਭਿੰਨ ਸੰਚਾਰ ਮਾਧਿਅਮਾਂ ਦੇ ਮੁਖ ਝੁਕਾਵਾਂ ਦੀ ਵੀ ਸਹਿਜੇ ਹੀ ਟੋਹ ਦੇ ਜਾਂਦੇ ਹਨ। ਗਿਆਨੀ ਜੀ ਦੇ ਮਨ ਅੰਤਰ ਵਿਚ ਵੱਸੀ ਨਿਮਰਤਾ ਸਿਖਰਾਂ ਨੂੰ ਛੂੰਹਦੀ ਦਿਸਦੀ ਹੈ ਜਦੋਂ, "ਅੰਦਰ ਮੇਰੇ ਵਰਗੇ ਲੱਲੂ ਪੰਜੂ ਦਾ ਜਾਣਾ ਮੁਸ਼ਕਲ ਸੀ।" ਜਿਹੀ ਟਿਪਣੀ ਪੜ੍ਹਨ ਨੂੰ ਮਿਲ਼ਦੀ ਹੈ। ਨਿਮਰਤਾ ਦੇ ਨਾਲ਼ ਆਤਮ ਵਿਸ਼ਲੇਸ਼ਣ ਹੀ ਸਦ ਵਿਕਾਸਸ਼ੀਲਤਾ ਨੂੰ ਸੰਭਵ ਬਣਾ ਸਕਦਾ ਹੈ, ਇਹ ਗੁਰ।

ਗਿਆਨੀ ਨੇ ਹੱਥਲੀ ਪੁਸਤਕ ਰਾਹੀਂ ਮੁਖ ਤੌਰ ਤੇ ਸਿੱਖ ਪੰਥ ਨੂੰ ਦੇਸ਼ ਅਤੇ ਵਿਦੇਸ਼ਾਂ, ਦੋਨੋ ਥਾਵਾਂ ਵਿਚ ਵਿਆਪਕ ਅਨੇਕਾਂ ਬਹੁ ਪ੍ਰਕਾਰੀ ਸਮੱਸਿਆਵਾਂ ਦੇ ਰੂਬਰੂ ਕਰਵਾਇਆ ਹੈ। ਸਾਂਝੀ ਗੁਰਬਾਣੀ, ਸਰਬ ਕਲਿਆਣਕਾਰੀ ਗੁਰਮਤਿ ਵਿਚਾਰਧਾਰਾ, ਸਿੱਖ ਨੂੰ ਅਨੁਸ਼ਾਸਨ ਬਧ ਰੱਖਣ ਵਾਲ਼ੀ ਸਿੱਖ ਰਹਿਤ ਮਰਯਾਦਾ, ਗਿਆਨੀ ਜੀ ਦੇ ਮਨ ਅੰਤਰ ਵਿਚ ਸਮੋਈ ਹੋਈ ਹੋਣ ਕਰਕੇ, ਥਾਂ ਪਰ ਥਾਂ ਵਿਭਿੰਨ ਵਿਸ਼ਿਆਂ/ਨੁਕਤਿਆਂ ਦੀ ਵਿਆਖਿਆ ਨਾਲ਼ ਵੀ ਪਾਠਕਾਂ ਦੀ ਭਰਪੂਰ ਜਾਣ ਪਛਾਣ ਹੋਣ ਦਾ ਸਬੱਬ ਬਣਦਾ ਹੈ।

'ਸਚੇ ਦਾ ਸਚਾ ਢੋਆ' ਵਿਸ਼ੇ ਵਸਤੂ ਦੀ ਵਿਭਿੰਨਤਾ ਕਰਕੇ ਵੀ ਬਹੁਤ ਲਾਹੇਵੰਦ ਪੁਸਤਕ ਹੈ। ਗਿਆਨੀ ਜੀ ਦੀ ਅਤਿ ਸੰਖੇਪ ਤੇ ਸੰਜਮ ਪੂਰਨ ਸ਼ੈਲੀ ਉਹਨਾਂ ਨੂੰ ਵਾਧੂ ਵਿਸਥਾਰ ਕਰਨ ਵੱਲ ਨਹੀ ਜਾਣ ਦਿੰਦੀ। ਪੁਸਤਕ ਦੇ ਪਹਿਲੇ ਕੁਝ ਨਿਬੰਧ ਦਸ ਗੁਰੂ ਸਾਹਿਬਾਨ ਦੇ ਅਦੁੱਤੀ ਜੀਵਨ ਬਿਰਤਾਂਤ ਨਾ.ਲ ਸਬੰਧਤ ਹਨ ਅਤੇ ਸੰਕੇਤ ਦਿੰਦੇ ਹਨ ਕਿ ਮਨੁੱਖਤਾ ਨੂੰ ਸਭ ਤੋਂ ਵੱਡੀ ਦੇਣ ਸਿੱਖ ਗੁਰੂ ਸਾਹਿਬਾਨ ਦੀ ਹੀ ਹੈ। ਜਨਮ ਸਾਖੀ ਤੇ ਆਧਾਰਤ, ਪੁਸਤਕ ਦਾ ਦੂਸਰਾ ਨਿਬੰਧ 'ਬੇਬੇ ਨਾਨਕੀ ਅਤੇ ਮਾਤਾ ਚੰਦੋ ਰਾਣੀ ਸੰਵਾਦ' ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਆਈਆਂ ਛੇ ਇਸਤਰੀ ਸ਼ਖ਼ਸੀਅਤਾਂ ਦੀ ਵਾਸਤਵਿਕ ਦੇਣ ਦਾ ਸਹੀ ਸਹੀ ਮੁਲਾਂਕਣ ਕਰਨ ਪੱਖੋਂ, ਇਸ ਪੁਸਤਕ ਦਾ 'ਹਾਸਲ' ਅਖਵਾ ਸਕਦਾ ਹੈ। ਕੀਰਤਨ, ਲੰਗਰ, ਵੈਸਾਖੀ, ਖ਼ਾਲਸਾ ਸਿਰਜਣਾ/ਸਾਜਣਾ, ਰਾਜ, ਮਾਲ, ਰੂਪ, ਜਾਤ, ਜੋਬਨ ਪੰਜ ਠੱਗਾਂ, ਸੰਸਾਰ ਦੀ ਅਸਥਿਰਤਾ, ਕੁੜੀਮਾਰ ਨਾ.ਲ ਸਿੱਖ ਨੇ ਨਹੀ ਵਰਤਣਾ, ਸਿੱਖੀ ਭਾਵਨਾ, ਸਿੱਖੀ ਵਲਵਲੇ, ਸਿੱਖੀ ਸੋਚ, ਅਤੇ ਰੂਹਾਨੀ ਤੇ ਨਿਰਮਲ ਸਦਾਚਾਰਕ ਸਰੋਕਾਰਾਂ ਨਾ.ਲ ਓਤ ਪਰੋਤ ਲੇਖ ਹਨ। ਗਿਆਨੀ ਜੀ ਨੇ ਕਈ ਸਮਕਾਲੀ ਸਿੱਖ ਸਮੱਸਿਆਵਾਂ ਨੂੰ ਨਾ ਸਿਰਫ ਪੇਸ਼ ਕੀਤਾ ਤੇ ਉਭਾਰਿਆ ਹੀ ਹੈ ਸਗੋਂ ਇਹਨਾਂ ਦੇ ਹੱਲ ਵੀ ਅਤਿਅੰਤ ਸੁਝਾਊ ਰੂਪ ਵਿਚ ਦੇਣ ਦਾ ਸਾਰਥਕ ਉਪ੍ਰਾਲਾ ਕੀਤਾ ਹੈ। ਗਿਆਨੀ ਜੀ ਜਿਹੇ ਪ੍ਰਬੁਧ ਕਲਮਕਾਰਾਂ ਦੇ ਸੁਝਾਵਾਂ ਉਪਰ ਧਿਆਨ ਦੇਣਾ ਅਤੇ ਇਹਨਾਂ ਉਪਰ ਅਮਲ ਕਰਨਾ ਸਮੂਹ ਸਿੱਖ ਪੰਥ ਦੇ ਹਿਤ ਵਿਚ ਹੈ।

ਗਿਆਨੀ ਜੀ ਉਹਨਾਂ ਲੇਖਕਾਂ ਵਿਚੋਂ ਨਹੀ ਜੇਹੜੇ ਏਥੋਂ ਸੇਵਾ ਮੁਕਤ ਹੋ ਕੇ, ਸਿੱਖ ਪੰਥ ਦੀ ਪ੍ਰਤਿਨਿਧ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀ ਆਲੋਚਨਾ ਕਰਨਾ ਹੀ ਆਪਣਾ ਪੱਕਾ ਕਰਮ ਬਣਾ ਲੈਂਦੇ ਹਨ। ਗਿਆਨੀ ਜੀ ਦੀ ਪ੍ਰਬੁਧ ਤੇ ਸੁਚੇਤ ਨਜ਼ਰ ਤੋਂ ਸਮਕਾਲੀ ਸਿੱਖ ਆਗੂਆਂ ਦੀਆਂ ਕਮੀਆਂ/ਕਮਜ਼ੋਰੀਆਂ ਵੀ ਓਹਲੇ ਨਹੀ ਸਨ ਰਹਿ ਸਕਦੀਆਂ। ਗਿਆਨੀ ਜੀ ਉਪਰ ਗੁਰੂ ਜੀ ਦੀ ਬਖ਼ਸ਼ਿਸ਼ ਹੈ ਕਿ ਉਹ ਕਿਸੇ ਦੀ ਕਮੀ ਦੀ ਸੂਚਨਾ ਦੇਣ ਲੱਗਿਆਂ ਵੀ ਇਕ ਸਾਂਵਾਂ ਪਧਰਾ ਸਮਤੋਲ ਜ਼ਰੂਰ ਬਣਾ ਕੇ ਰੱਖਦੇ ਹਨ। ਗਿਆਨੀ ਜੀ ਦੇ ਕੁਝ ਮੌਲਕ ਪੈਂਤੜੇ ਪ੍ਰਭਾਵਤ ਕਰਦੇ ਹਨ। ਤਤਕਾਲੀ ਵਿਭਿੰਨ ਮੀਡੀਆ ਸਾਧਨ ਅਤੇ ਉਹਨਾਂ ਦੇ ਅਸਰ ਥੱਲੇ. ਸ. ਸਿਮਰਨਜੀਤ ਸਿੰਘ ਮਾਨ ਦੇ ਸੰਸਦ ਵਿਚ ਵੱਡੀ ਕ੍ਰਿਪਾਨ ਦੇ ਮਸਲੇ ਤੇ ਅੜ ਕੇ, ਸੰਸਦ ਵਿਚ ਪ੍ਰਵੇਸ਼ ਨਾ ਕਰਨ ਦੇ ਪੈਂਤੜੇ ਦੀ ਭਰਪੂਰ ਤੇ ਤਿੱਖੀ ਆਲੋਚਨਾ ਅਤੇ ਨਿੰਦਾ ਹੋਈ ਪਰ ਗਿਆਨੀ ਜੀ ਦਾ ਇਸ ਸਬੰਧੀ ਅਪਣਾਇਆ ਵਿਚਾਰ ਬੇਹੱਦ ਸਮਤੋਲ ਵਿਚ ਹੈ। ਇਹ ਸਾਨੂੰ ਕਿਸੇ ਵੀ ਮਨੁੱਖ ਜਾਂ ਸਥਿਤੀ ਦੇ ਦੋਨੋ ਪਹਿਲੂ ਵੇਖਣ, ਵਾਚਣ ਤੇ ਸਮਝਣ ਲਈ ਸਹਿਜ ਰੂਪ ਵਿਚ ਪ੍ਰੇਰਦਾ ਹੈ।

ਇਸ ਪੁਸਤਕ ਦੇ ਕੁਝ ਲੇਖ ਬੇਹੱਦ ਪ੍ਰੇਰਨਾ ਦਾਇਕ ਤੇ ਸੁਧਾਰ ਦੇ ਆਸ਼ੇ ਤੋਂ

ਪ੍ਰੇਰਤ ਹੋਣ ਕਰਕੇ ਪਾਠਕ ਨੂੰ ਝੰਜੋੜਦੇ ਹਨ। ਉਦਾਹਰਣ ਦੇ ਤੌਰ ਤੇ 'ਗੁਰਦੁਆਰੇ ਦੀ ਲਾਇਬ੍ਰੇਰੀ' ਵਾਲਾ ਲੇਖ, ਵਿਦੇਸ਼ਾਂ ਦੇ ਚੁਸਤ ਦਰੁਸਤ ਪ੍ਰਬੰਧ ਤੇ ਕਾਰਗੁਜ਼ਾਰੀ ਦੀਆਂ ਝਲਕਾਂ/ਝਲਕਾਰੇ ਵਿਖਾਉਂਦਾ ਹੋਇਆ ਸਾਨੂੰ ਆਪਣੇ ਦੇਸੀ ਪ੍ਰਬੰਧ ਨੂੰ ਸੁਧਾਰਨ ਵਾਸਤੇ ਸੁਭਾਵਕ ਪ੍ਰੇਰਨਾ ਦਿੰਦਾ ਹੈ। ਜਿਥੇ 'ਆਰਤੀ' ਅਤੇ 'ਜਾਂ ਕੁਆਰੀ ਤਾਂ ਚਾਉ' ਜਿਹੇ ਸ਼ੁਧ ਰੂਹਾਨੀ ਤੇ ਨੈਤਿਕ ਸਰੋਕਾਰਾਂ ਨਾਲ਼ ਸਬੰਧਤ ਲੇਖ, ਇਸ ਪੁਸਤਕ ਦੀ ਸ਼ੋਭਾ ਬਣੇ ਹਨ ਓਥੇ 'ਸਿਰੋਪਾ' ਅਤੇ 'ਗੁਰੂ ਘਰਾਂ ਵਿਚ ਫਾਲਤੂ ਰੁਮਾਲਿਆਂ ਦੀ ਸਮੱਸਿਆ', ਮੌਜੂਦਾ ਸਿੱਖ ਸਭਿਆਚਾਰ ਨਾਲ਼ ਸਬੰਧਤ ਵਿਹਾਰਕ ਜਾਂ ਹਕੀਕੀ ਮਸਲਿਆਂ ਬਾਰੇ ਲੇਖ, ਇਸ ਪੁਸਤਕ ਦੀ ਉਪਯੋਗਤਾ ਤੇ ਸਦ ਵਰਤੋਂ ਦਾ ਪ੍ਰਮਾਣ ਬਣਦੇ ਹਨ।

ਗਿਆਨੀ ਜੀ ਨੇ ਵਿਅੰਗ ਤੇ ਇਸ ਦੇ ਵਿਭਿੰਨ ਰੂਪਾਂ: ਚੋਭਾਂ, ਕਟਾਕਸ ਆਦਿ ਨੂੰ ਬੜੀ ਸੁਚੱਜਤਾ ਨਾਲ਼ ਵਰਤਿਆ ਹੈ ਪ੍ਰੰਤੂ ਮਸ਼ਕਰੀ, ਠਿਠ ਆਦਿ ਵਰਤ ਕੇ, ਦੂਜੇ ਵਿਅਕਤੀ ਜਾਂ ਦੂਜੀ ਧਿਰ ਦੀ ਲਹਾਈ ਜਾਂ ਲਾਹ ਪਾਹ ਕਰਨ ਦੀ ਸੰਭਾਵਨਾ ਰੱਖਣ ਵਾਲ਼ੀਆਂ ਵਿਅੰਗ ਜੁਗਤਾਂ ਤੋਂ ਸੁਚੇਤਨ ਪਧਰ ਤੇ ਸੰਜਮ ਦੀ ਨੀਤੀ ਅਪਣਾਉਂਦਿਆਂ, ਆਪਣੀ ਪੁਸਤਕ ਵਿਚ ਉਚੇਰੇ ਸਾਹਿਤਕ ਪਧਰ ਦਾ ਸੁਚੇਤ ਜਾਂ ਅਚੇਤ ਤੌਰ ਤੇ ਯੋਗ ਖਿਆਲ ਰੱਖਿਆ ਹੈ। ਉਂਜ ਸੁਧਾਰ ਦੇ ਹੱਕ ਵਿਚ ਗਿਆਨੀ ਜੀ ਦੀ ਭਾਵਨਾ ਹਰ ਹਾਲਤ ਵਿਚ ਕਾਇਮ ਰਹਿੰਦੀ ਹੈ।

ਗੁਰਬਾਣੀ, ਸਿੱਖ ਧਰਮ ਅਤੇ ਸਿੱਖ ਰਹਿਤ ਮਰਯਾਦਾ ਬਾਰੇ ਗਿਆਨੀ ਜੀ ਦਾ ਕਾਫੀ ਵਿਆਪਕ ਤੇ ਡੂੰਘਾ ਅਧਿਐਨ ਅਤੇ ਵਿਸ਼ਲੇਸ਼ਣ ਇਸ ਪੁਸਤਕ ਵਿਚ ਮੂਰਤੀਮਾਨ ਹੁੰਦਾ ਦਿਸਦਾ ਹੈ। ਆਪਦੇ ਇਸ ਕਥਨ, "ਗੁਰਬਾਣੀ ਵਿਚ ਜਦੋਂ ਵੀ ਦੁਨਿਆਵੀ ਰਿਸ਼ਤਿਆਂ ਦੀ ਗੱਲ ਕੀਤੀ ਗਈ ਹੈ ਤਾਂ ਸਿਰਫ਼ ਅਲੰਕਾਰ ਵਜੋਂ ਹੀ ਇਹਨਾਂ ਦਾ ਪ੍ਰਯੋਗ ਕੀਤਾ ਗਿਆ ਹੈ।" ਕਿੰਨਾ ਸਟੀਕ, ਸਹੀ ਤੇ ਸਮਝਣ ਯੋਗ ਹੈ। 'ਕੁਦਰਤਿ ਦਾ ਕਹਿਰ' ਨਾਮੀ ਲੇਖ ਗਿਆਨੀ ਜੀ ਦਾ, ਦੁਖੀ ਮਨੁਖਤਾ ਪ੍ਰਤੀ ਸੁਹਿਰਦ ਪੀੜਾ ਦਾ, ਸਹਿਜ ਪ੍ਰਗਟਾਵਾ ਕਰਦਾ ਹੈ।

ਹਰੇਕ ਪੁਸਤਕ ਦੀ ਆਪਣੀ ਇਕ ਵਿਲੱਖਣ ਦੁਨੀਆ ਹੁੰਦੀ ਹੈ। ਲਗ ਭਗ ਹਰੇਕ ਪੁਸਤਕ ਵਿਚ (ਅਸਲੀਲ ਪੁਸਤਕਾਂ ਨੂੰ ਲਾਂਭੇ ਰੱਖਣਾ ਪਵੇਗਾ) ਵਿਚ ਕੁਝ ਚੰਗਾ ਅਤੇ ਮੌਲਕ ਹੁੰਦਾ ਹੈ ਪਰ ਇਸ ਪੁਸਤਕ ਅੰਦਰ ਇਹ ਭਰਪੂਰ ਰੂਪ ਵਿਚ ਹੈ। ਸਮਕਾਲੀ ਯਥਾਰਥ ਨਾਲ਼ ਵਿਅਪਕ ਤੌਰ ਤੇ ਜੁੜੀ ਹੋਈ ਹੋਣ ਤੇ ਵੀ ਇਹ ਪੁਸਤਕ ਕਿਤੇ ਵੀ ਅਰੌਚਕ ਜਾਂ ਨੀਰਸ ਨਹੀ। ਇਹ ਹਰੇਕ ਸਿੱਖ ਪਰਵਾਰ ਦੀ ਘਰੇਲੂ ਲਾਇਬ੍ਰੇਰੀ ਜਾਂ ਉਸਦੀ ਬੈਠਕ ਵਿਚ ਬਣੇ ਪੁਸਤਕਾਂ ਵਾਲ਼ੇ ਰੈਕ ਦਾ ਸ਼ਿੰਗਾਰ ਬਣਨ ਅਤੇ ਇਸਤੋਂ ਵੀ ਵਧ ਕੇ ਪੜ੍ਹਨ, ਵਿਚਾਰਨ ਅਤੇ ਅਪਣਾਉਣ ਵਾਲ਼ੀ ਬੇਹੱਦ ਸਾਰਥਕ ਪੁਸਤਕ ਹੈ।

ਮੇਰੀ ਇਛਾ ਹੈ ਕਿ ਗਿਆਨੀ ਏਵੇਂ ਹੀ ਸਾਰਥਕ ਤੇ ਨਿੱਗਰ ਸਮਾਜ ਸੇਵਾ ਤੇ ਸਾਹਿਤ ਸੇਵਾ ਕਰਦੇ ਰਹਿਣ ਅਤੇ ਪੰਜਾਬੀ ਮਾਂ ਬੋਲੀ ਦੀਆਂ ਝੋਲ਼ੀਆਂ ਭਰਦੇ ਰਹਿਣ।

ਸੁਰਿੰਦਰ ਸਿੰਘ ਨਿਮਾਣਾ
ਸਹਾਇਕ ਸੰਪਾਦਕ (ਸਾਬਕਾ)
ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ,
ਸ੍ਰੀ ਅੰਮ੍ਰਿਤਸਰ,
ਮੋਬਾਇਲ: ੯੮੫੫੦-੭੩੨੪੫, ਨਵੰਬਰ, ੨੦੦੯

ਪੁਸਤਕ 'ਸਚੇ ਦਾ ਸਚਾ ਢੋਆ'- ਕੁਝ ਟੂਕਾਂ ਤੇ ਟਿਪਣੀਆਂ

ਗਿਆਨੀ ਸੰਤੋਖ ਸਿੰਘ ਜੀ ਨੇ 'ਸਚੇ ਦਾ ਸਚਾ ਢੋਆ' ਪੁਸਤਕ ਵਿਚ ਆਪਣੇ ਜੀਵਨ ਦਾ ਸਾਰਾ ਰਾਜਨੀਤਕ, ਧਾਰਮਿਕ ਅਤੇ ਸਮਾਜਕ ਤਜਰਬਾ ਅਤੇ ਸੋਚ ਪਾਠਕਾਂ ਅੱਗੇ ਇਸ ਤਰ੍ਹਾਂ ਖਿਲਾਰੀ ਹੈ ਜਿਵੇਂ ਸਮੁੰਦਰ ਵਿਚ ਮੋਤੀ ਖਿੱਲਰੇ ਹੁੰਦੇ ਹਨ, ਜਿਨ੍ਹਾਂ ਦਾ ਗਿਆਨ ਤਾਂ ਸਾਰੇ ਸੰਸਾਰ ਨੂੰ ਹੁੰਦਾ ਹੈ ਪ੍ਰੰਤੂ ਚੁਣ ਕੋਈ ਵਿਰਲਾ ਹੀ ਸਕਦਾ ਹੈ। ਜੋ ਚੁਣਦਾ ਹੈ ਉਹ ਬਗਲੇ ਤੋਂ ਹੰਸ ਬਣ ਜਾਂਦਾ ਹੈ ਅਤੇ ਮੁੜ ਬੱਗਾਂ ਦੀਆਂ ਡਾਰਾਂ ਵਿਚ ਨਹੀਂ ਰਲਦਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਭਾਈ ਤ੍ਰਿਲੋਕੇ ਨੂੰ ਉਪਦੇਸ਼ ਹਰ ਸਿੱਖ ਲਈ ਹਨ, ਪ੍ਰੰਤੂ ਕੌਣ 'ਹੰਸ' ਬਣਦਾ ਹੈ ਇਹ ਤਾਂ ਪਾਠਕ ਹੀ ਜਾਣਦੇ ਹਨ। ਏਸੇ ਤਰ੍ਹਾਂ 'ਦਲ ਭੰਜਨ ਗੁਰ ਸੂਰਮਾ' ਵਿਚ ਸਿੱਖ ਧਰਮ ਦੇ ਲੋਕ ਪ੍ਰਿਅ ਅਤੇ ਪ੍ਰਸਿਧ ਸਿਧਾਂਤ ਵੱਲ ਸੰਕੇਤ ਹੈ ਕਿ ਮਨੁੱਖ ਇਸ ਜੀਵਨ ਵਿਚ ਆਪਣੇ ਪੂਰਬਲੇ ਅਤੇ ਵਰਤਮਾਨ ਕਰਮਾਂ ਦਾ ਫਲ ਭੋਗਦਾ ਹੈ ਅਤੇ ਜੇਕਰ ਇਕ ਜਨਮ ਵਿਚ ਬਚ ਜਾਵੇ ਤਾਂ ਅਗਲੇ ਕਿਸੇ ਜਨਮ ਵਿਚ ਵੀ ਭੋਗਣਾ ਪੈਂਦਾ ਹੈ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਾ ਵਰਨਣ ਕਰਦਿਆਂ, ਸਮੁਚੇ ਸਿੱਖ ਜਗਤ ਨੂੰ ਗਿਆਨੀ ਜੀ ਸੰਦੇਸ਼ ਵੀ ਦਿੰਦੇ ਹਨ ਕਿ ੧੧ ਨਵੰਬਰ ਦਾ ਦਿਨ ਜਨ ਹਿਤ ਦਿਤੀ ਕੁਰਬਾਨੀ ਦਾ ਦਿਨ ਹੈ ਅਤੇ ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਨੂੰ ਮਨੁੱਖੀ ਅਧਿਕਾਰਾਂ ਦਾ ਦਿਨ ਮਨਾਉਣ ਲਈ ਇਹ ਸੁਨੇਹਾ ਮਨੁੱਖੀ ਅਧਿਕਾਰਾਂ ਦੇ ਆਗੂਆਂ ਤੱਕ ਪਹੁੰਚਾਈਏ। ਏਸੇ ਤਰ੍ਹਾਂ ੧੨ਵੇਂ ਕਾਂਡ ਵਿਚ ਦਸਮ ਗੁਰੂ ਦੀ ਖਾਲਸੇ ਨੂੰ "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ" ਅਤੇ ਗੁਰੂ ਸਾਹਿਬਾਂ ਦੇ ਖਾਲਸੇ ਨੂੰ ਬਵੰਜਾ ਹੁਕਮ ਲਿਖ ਕੇ, ਗਿਆਨੀ ਜੀ ਨੇ ਧਰਮ ਦੇ ਮੁਖੀਆਂ ਨੂੰ, ਉਹਨਾਂ ਦਾ ਫਰਜ਼ ਯਾਦ ਕਰਵਾਇਆ ਹੈ। ਭਾਈ ਮਨੀ ਸਿੰਘ ਜੀ ਦੁਆਰਾ ਕਥਾ, ਕੀਰਤਨ ਬਾਰੇ ਪ੍ਰਸ਼ਨਾਂ ਦੇ ਉਤਰ ਸਿੱਖ ਸੰਗਤਾਂ ਅੱਗੇ ਇਸ ਤਰ੍ਹਾਂ ਬਿਆਨ ਕੀਤੇ ਹਨ ਕਿ ਕਿਸੇ ਕਿੰਤੂ ਪ੍ਰੰਤੂ ਦੀ ਲੋੜ ਹੀ ਨਹੀਂ ਰਹਿ ਜਾਂਦੀ। ਇਸ ਕਾਂਡ ਦੇ ਅੰਤ ਵਿਚ ਆਪ ਨੇ ਉਹਨਾਂ ਰਾਗੀ ਸਿੰਘਾਂ ਅਤੇ ਪਾਠੀ ਸਿੰਘਾਂ ਵੱਲ ਵੀ ਟੂਕ

ਮਾਤਰ ਇਸ਼ਾਰਾ ਕੀਤਾ ਹੈ ਕਿ ਉਹਨਾਂ ਦੀ ਆਵਾਜ ਜੇਕਰ ਚਾਰ ਦੀਵਾਰੀ ਤੋਂ ਬਾਹਰ ਜਾਂਦੀ ਹੈ ਤਾਂ ਇਹ ਸਮਝ ਨਾ ਆਉਣ ਵਾਲ਼ੀ ਆਵਾਜ਼ ਜਿਹੀ ਬਣ ਕੇ ਹੀ ਰਹਿ ਜਾਂਦੀ ਹੈ।

'ਵੈਸਾਖੀ ਦੀ ਸਾਖੀ' ਵਿਚ ਭਾਈ ਜੈਤਾ ਜੀ ਵਲੋਂ ਲਿਖੀ ਪੁਸਤਕ 'ਸ੍ਰੀ ਗੁਰ ਕਥਾ' ਦਾ ਹਵਾਲਾ ਦੇ ਕੇ ਆਪ ਨੇ ਸਪਸ਼ਟ ਕਰ ਦਿਤਾ ਹੈ ਕਿ ਜਿਹੜੇ ਅਜ ਭਾਈ ਜੈਤਾ ਦੀ ਜਾਤੀ ਨੂੰ ਨੀਵਾਂ ਕਹਿ ਕੇ ਗੁਰੂ ਘਰਾਂ ਵਿਚ ਆਉਣ ਤੋਂ ਵਰਜਦੇ ਹਨ ਉਹ ਤਾਂ ਚਾਂਦਨੀਂ ਚੌਕ ਵਿਚੋ 'ਰਾਮ ਭਗਤ' ਕਹਿ ਕੇ ਜਾਨਾਂ ਬਚਾ ਰਹੇ ਸਨ ਅਤੇ ਭਾਈ ਜੈਤਾ, ਉਹਨਾਂ ਦੇ ਪਿਤਾ ਭਾਈ ਸਦਾ ਨੰਦ ਜੀ ਅਤੇ ਤਾਇਆ ਭਾਈ ਆਗਿਆ ਰਾਮ ਜੀ ਸੀਸ ਅਤੇ ਧੜ ਚੁੱਕਣ ਦੀਆਂ ਵਿਉਂਤਾਂ ਬਣਾ ਰਹੇ ਸਨ ਅਤੇ ਭਾਈ ਸਦਾ ਨੰਦ ਜੀ ਨੇ ਇਸ ਕਾਰਜ ਵਾਸਤੇ ਆਪਣਾ ਸੀਸ ਧੜ ਤੋਂ ਵਖਰਾ ਕਰਵਾਇਆ। ਲੇਖ ਅਨੁਸਾਰ ਇਹ ਸੁਣ ਕੇ ਹੀ ਗੁਰੂ ਸਾਹਿਬਾਂ ਨੇ ਆਪਣੇ ਸਿੱਖਾਂ ਨੂੰ ੧੬੯੯ ਦੀ ਵੈਸਾਖੀ ਤੇ ਨਵਾਂ ਰੂਪ ਬਖਸ਼ਿਆ ਤਾਂ ਕਿ ਸਿੱਖ ਦੀ ਪਛਾਣ ਅਤੇ ਦਿਖ ਬਾਕੀ ਧਰਮਾਂ ਦੇ ਲੋਕਾਂ ਤੋਂ ਵਖਰੀ ਦਿਸੇ। 'ਸ੍ਰੀ ਗੁਰ ਕਥਾ' ਅਨੁਸਾਰ ਪੰਜ ਕਕਾਰਾਂ ਵਿਚ ਕਿਤੇ ਵੀ ਛੋਟੀ ਕ੍ਰਿਪਾਨ ਦਾ ਜ਼ਿਕਰ ਨਹੀਂ ਅਤੇ ਸਿੱਖ ਦੀ ਰਹਿਤ ਵਿਚ ੨੪ ਨਿਯਮਾਂ ਦਾ ਵਰਣਨ ਹੈ ਜੋ ਅੱਜ ਸਿੱਖਾਂ ਵਿਚੋਂ ਅਲੋਪ ਹੁੰਦੇ ਜਾ ਰਹੇ ਹਨ। ਦਸਮ ਗ੍ਰੰਥ ਬਾਰੇ ਮੱਤਭੇਦ ਦੇ ਸੁਝਾ ਜੋ ਗਿਆਨੀ ਜੀ ਹੋਰਾਂ ਲਿਖੇ ਹਨ ਉਹਨਾਂ ਨੂੰ ਫੌਰੀ ਤੌਰ ਤੇ ਅਮਲ ਵਿਚ ਲਿਆ ਕੇ ਇਸ ਫਜ਼ੂਲ ਮੱਤਭੇਦ ਨੂੰ ਜਿਤਨੀ ਜਲਦੀ ਹੋ ਸਕੇ ਖਤਮ ਕਰਨਾ ਚਾਹੀਦਾ ਹੈ। ਗੁਰੂ ਘਰ ਵਿਚੋਂ ਸਿਰੋਪੇ ਸ਼ਰਧਾਵਾਨਾਂ ਨੂੰ ਬਖਸ਼ੇ ਹੀ ਜਾਂਦੇ ਹਨ। 'ਭੇਟ' ਦੀ ਥਾਂ ਸ਼ਬਦ 'ਬਖ਼ਸ਼ਿਸ਼' ਹੀ ਹੋਣਾ ਚਾਹੀਦਾ ਹੈ। ਏਸੇ ਹੀ ਤਰ੍ਹਾਂ ਰੁਮਾਲਿਆਂ ਦੀ ਬਖਸ਼ਿਸ਼ ਵੀ ਖੁਲ੍ਹੇ ਆਮ ਕੀਤੀ ਜਾਵੇ ਤਾਂ ਰੁਮਾਲਿਆਂ ਦੀ ਪਵਿਤਰਤਾ ਵਧਦੀ ਹੈ।

'ਮਸਲਾ ਕ੍ਰਿਪਾਨ ਦਾ' ਲੇਖ ਵਿਚ ਗਿਆਨੀ ਜੀ ਖ਼ੁਦ ਭੰਬਲ ਭੂਸੇ ਵਿਚ ਪਏ ਜਾਪਦੇ ਹਨ ਅਤੇ ਲਿਖਦੇ ਹਨ, "ਸੰਤ ਫਤਿਹ ਸਿੰਘ ਜੀ ਦੇ ਹੱਥ ਵਿਚ ਵੱਡੀ ਕ੍ਰਿਪਾਨ ਹਰ ਵੇਲੇ ਹੁੰਦੀ ਸੀ।" ਕ੍ਰਿਪਾਨ ਤਾਂ ਗੁਰੂ ਸਾਹਿਬਾਂ ਨੇ ਸਿੱਖ ਨੂੰ ਇਕ ਹੀ ਬਖਸ਼ੀ ਸੀ ਅਤੇ ਉਹ ਸੀ ਤਿੰਨ ਫੁਟ ਦੀ ਅਤੇ ਉਹ ਹੀ ਫੋਟੋਆਂ ਵਿਚ ਸੰਤ ਫਤਿਹ ਸਿੰਘ ਜੀ ਪਾਸ ਵੇਖਣ ਵਿਚ ਆਉਂਦੀ ਸੀ ਫਿਰ ਸੰਤ ਜੀ ਕੱਦ ਕਾਠ ਵਿਚ ਵੀ ਬਹੁਤ ਲੰਬੇ ਅਤੇ ਜੰਗਜੂ ਡੀਲ-ਡੌਲ ਦੇ ਧਾਰਨੀ ਨਹੀਂ ਸਨ ਕਿ ਉਹਨਾਂ ਵਾਸਤੇ ਸਪੈਸ਼ਲ ਵਡੀ ਕ੍ਰਿਪਾਨ ਦੀ ਜਰੂਰਤ ਹੁੰਦੀ।

(ਮਾਸਟਰ ਜੀ, ਮੇਰਾ ਮਤਲਬ ਓਸੇ ਕ੍ਰਿਪਾਨ ਤੋਂ ਹੀ ਹੈ ਜੋ ਆਪ ਜੀ ਸਮਝ ਰਹੇ ਹੋ - ਸ.ਸ.)

ਭਾਈ ਕਾਹਨ ਸਿੰਘ ਨਾਭਾ ਦੀ ਲਿਖਤ ਅਨੁਸਾਰ ਗੁਰਦੁਆਰੇ ਦੀ ਪ੍ਰੀਭਾਸ਼ਾ

ਉਤੇ ਤਾਂ ਹਰ ਸਿੱਖ ਨੂੰ ਮਾਣ ਹੁੰਦਾ ਹੈ ਪ੍ਰੰਤੂ ਗੋਲਕ ਉਤੇ ਕਬਜਾ ਕਰਨ ਵਾਸਤੇ ਚੋਣਾਂ, ਦੰਗੇ ਅਤੇ ਖੂਨ ਖਰਾਬੇ ਦੇਖ ਕੇ ਅਤੇ ਸੁਣ ਕੇ ਉਸ ਤੋਂ ਕਿਤੇ ਵੱਧ ਦੁੱਖ ਹੁੰਦਾ ਹੈ ਪਰ ਗਿਅਨੀ ਜੀ ਤਾਂ ਚੁਗਲਖੋਰ ਵਾਂਙ ਆਪਣੀ ਆਦਤ ਵੱਸ, "ਗਲ ਕਹਿੰਦਿਆਂ ਕਹਿੰਦਿਆਂ ਕਹਿ ਜਾਂਦੇ।" ਲਿਖਦਿਆਂ ਲਿਖਦਿਆਂ ਸੱਚ ਲਿਖ ਹੀ ਜਾਂਦੇ ਹਨ। ਏਸੇ ਹੀ ਤਰ੍ਹਾਂ 'ਗੋਤਕਨਾਲਾ' ਲੇਖ ਵਿਚ ਏਧਰ ਓਧਰ ਦੀਆਂ ਮਾਰ ਕੇ ੮ ਪੰਨੇ ਭਰ ਦਿਤੇ ਪਰ ਕਹਿਣ ਵਾਲੀ ਗੱਲ ੧੩੬ ਪੰਨੇ ਦੇ ਪਹਿਲੇ ਪਹਿਰੇ ਵਿਚ ਬੜੇ ਸੁਚੱਜੇ ਢੰਗ ਨਾਲ ਅਤੇ ਵਿਸਥਾਰ ਸਹਿਤ ਬਿਆਨ ਵੀ ਕਰ ਗਏ। ਏਥੇ ਹੀ ਬਸ ਨਹੀਂ ਅਗਲੇ ਪਹਿਰੇ ਵਿਚ ਦੋ ਸਦੀਆਂ ਪਹਿਲਾਂ ਦੇ ਇਕੋ ਨਾਮ ਵਾਲੇ ਦੋ ਸਿੰਘ ਸੂਰਮਿਆਂ ਦਾ ਜ਼ਿਕਰ ਕਰਦਿਆਂ ਇਹ ਵੀ ਲਿਖ ਦਿਤਾ ਕਿ ਇਹ ਤਾਂ ਪਛਾਣ ਵਾਸਤੇ ਹਨ। ਅੰਤ ਵਿਚ ਪੰਜਾਬੀ ਸ਼ਬਦ-ਜੋੜਾਂ ਦੀ ਸਰਲਤਾ ਤੇ ਸਮਾਨਤਾ ਲੇਖ ਲਿਖ ਕੇ ਅਤੇ ਪੰਜਾਬੀਆਂ ਦਾ ਧਿਆਨ ਆਮ ਹੁੰਦੀਆਂ ਗਲਤੀਆਂ ਵਲ ਦਵਾ ਕੇ, ਸੋਨੇ ਤੇ ਸੁਹਾਗੇ ਵਾਂਗ ਪੁਸਤਕ ਨੂੰ ਹੋਰ ਵੀ ਚਮਕਾ ਦਿਤਾ ਹੈ। ਅੰਤ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ 'ਸਚੇ ਦਾ ਸਚਾ ਢੋਆ' ਐਸੀ ਪੁਸਤਕ ਹੈ ਜਿਸ ਨੂੰ ਪੜ੍ਹ ਕੇ ਮੂਰਖ ਵੀ ਅਰਧ ਗਿਆਨੀ ਬਣ ਜਾਂਦਾ ਹੈ।

ਮਨਜੀਤ ਸਿੰਘ ਔਜਲਾ ਐਮ.ਏ. ਬੀ.ਟੀ.
ਮੈਲਬਰਨ

ਉਜਲ ਕੈਹਾਂ ਚਿਲਕਣਾ

'ਉਜਲ ਕੈਹਾਂ ਚਿਲਕਣਾ' ਜੋ ਕਿ ਇਸ ਦੇ ਲੇਖਕ, ਗਿਆਨੀ ਸੰਤੋਖ ਸਿੰਘ ਜੀ, ਦੀ ਸਵੈ-ਜੀਵਨੀ ਵੀ ਹੈ; ਇਕ ਬਹੁਤ ਹੀ ਸੁੱਚਜੇ ਢੰਗ ਨਾਲ ਬਿਆਨ ਕੀਤੀ ਗਈ ਹੈ। ਇਸ ਦੀ ਸ਼ੈਲੀ ਸਰਲ ਅਤੇ ਇਤਨੀ ਠੇਠ ਹੈ ਕਿ ਮਨੋਰੰਜਨ ਦੇ ਨਾਲ ਨਾਲ ਬੋਲੀ ਦਾ ਆਨੰਦ ਵੀ ਮਾਨਣ ਨੂੰ ਮਿਲਦਾ ਹੈ। ਪ੍ਰੰਤੂ ਕਿਤੇ ਕਿਤੇ ਲੇਖਕ ਨੇ, ਸ਼ੈਲੀ ਦੀ ਸਰਲਤਾ ਦੀ ਹੱਦ ਹੀ ਮੁਕਾ ਦਿਤੀ ਹੈ ਅਤੇ ਇਸ ਦੀ ਵਰਤੋਂ ਕਰਦਿਆਂ ਇਹ ਵੀ ਲਿਹਾਜ ਨਹੀਂ ਕੀਤਾ ਕਿ ਜੋ ਭਾਸ਼ਾ ਬੋਲੀ ਜਾਂਦੀ ਹੈ ਉਹ ਸਾਰੀ ਲਿਖਣ ਵਿਚ ਨਹੀਂ ਆਉਂਦੀ ਪਰ ਲੇਖਕ ਨੇ ਆਪਣੇ ਸੁਭਾ ਅਨੁਸਾਰ 'ਸਹਾਇਕਾਂ ਦਾ ਗਿਆਨ' ਦੇ ਡਰਾਈਵਰ ਵਾਂਗ ਪ੍ਰੋਫੈਸਰ ਦਾ ਹਰ ਬੋਲਿਆ ਸ਼ਬਦ ਲਿਖ ਦਿਤਾ ਹੈ; ਜਿਵੇਂ ੪੩ਵੇਂ ਕਾਂਡ ਵਿਚ ਚੌਧਰੀ ਦੇਵੀ ਲਾਲ ਦੇ ਕਹੇ ਸ਼ਬਦ ਸੰਕੋਚਵਾਚਕ ਲੇਖਣੀ ਹੈ। ਦੂਜੇ ਪਾਸੇ ਬਿਸਤਰਾ ਗਿੱਲਾ ਕਰਨ ਵਰਗੇ ਵਾਕਿਆ ਬੇਝਿਜਕ ਬਿਆਨ ਕੀਤੇ ਹਨ ਜੋ ਹਰ ਇਕ ਦੇ ਬਚਪਨ ਦਾ ਇਕ ਜਰੂਰੀ ਭਾਗ ਤਾਂ ਹੁੰਦਾ ਹੈ ਪਰ ਕਿਸੇ ਲੇਖਕ ਨੇ ਆਪਣੀ ਸਵੈ-ਜੀਵਨੀ ਵਿਚ ਇਸ ਦਾ ਪ੍ਰਗਟਾਵਾ ਘਟ ਹੀ ਕੀਤਾ ਹੈ। ਲੇਖਕ ਨੇ ਇਸ ਨੂੰ ੪੬ ਕਾਂਡਾਂ (ਸਿਰਲੇਖਾਂ) ਹੇਠ ਬਿਆਨ ਕੀਤਾ ਹੈ ਜਿਨ੍ਹਾਂ ਵਿਚ ਇਕ ਗੱਲ ਆਮ ਪੜ੍ਹਨ ਅਤੇ ਵੇਖਣ ਵਿਚ ਆਉਂਦੀ ਹੈ ਕਿ ਹਰ ਕਾਂਡ ਇਸ ਤਰ੍ਹਾਂ ਆਰੰਭ

ਹੁੰਦਾ ਹੈ ਜਿਵੇਂ ਲੇਖਕ ਕਿਸੇ ਸਾਹਮਣੇ ਬੈਠੇ ਵਿਅਕਤੀ ਨਾਲ ਗੱਲ ਕਰ ਰਿਹਾ ਹੋਵੇ ਜਾਂ ਫਿਰ ਕਿਸੇ ਨੂੰ ਬਾਤ ਸੁਣਾ ਰਿਹਾ ਹੋਵੇ। ਜਿਵੇਂ, "ਗੱਲ ਇਹ ੧੯੫੫ ਦੀਆਂ ਗਰਮੀਆਂ ਦੀ ਹੈ, ੧੯੭੧ ਦੀਆਂ ਸਰਦੀਆਂ ਦਾ ਵਾਕਿਆ ਹੈ, ਗੱਲ ਇਹ ਜੁਲਾਈ ੧੯੭੮ ਦੀ ਹੈ, ਹੋਇਆ ਇਹ ਇਉਂ, ਗੱਲ ਇਹ ਬਸੰਤ ਰੁੱਤ ਦੀ ਹੈ" ਆਦਿ।

ਪਹਿਲੇ ੧੨ ਕਾਂਡ ਤਾਂ ਲੇਖਕ ਨੇ ਪਾਠਕਾਂ ਨੂੰ ਆਪਣੇ ਬਚਪਨ ਅਤੇ ਪਰਵਾਰ ਦੀ ਘੁਮਣਘੇਰੀ ਵਿਚ ਹੀ ਰਖਿਆ ਹੈ ਜੋ ਅਤਿ ਲੋੜੀਂਦਾ ਵੀ ਸੀ ਪਰ ਅਗਲੇਰੇ ੩੪ ਕਾਂਡਾਂ ਵਿਚ ਪਾਠਕਾਂ ਵਾਸਤੇ ਰਾਜਨੀਤੀ ਅਤੇ ਵਿਦੇਸ਼ਾਂ ਬਾਰੇ, ਲੇਖਕ ਵੱਲੋਂ ਲੋੜ ਤੋਂ ਵੱਧ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਪੁਸਤਕ ਪੜ੍ਹ ਕੇ ਸਿਆਸਤਹੀਣ ਅਤੇ ਘੱਟ ਬੁਧੀ ਦਾ ਮਾਲਕ ਇਨਸਾਨ ਵੀ ਪੰਜਾਬ ਅਤੇ ਖਾਸ ਕਰਕੇ ਅਕਾਲੀ ਸਿਆਸਤ ਤੋਂ ਇਤਨਾ ਵਾਕਫ਼ ਹੋ ਜਾਂਦਾ ਹੈ ਜਿਵੇਂ ਉਹ ਰਾਜਨੀਤੀ ਦਾ ਆਲਮ-ਫ਼ਾਜ਼ਲ ਹੀ ਬਣ ਗਿਆ ਹੋਵੇ। ਅੰਤ ਵਿਚ ਨਿਰਸੰਕੋਚ ਕਿਹਾ ਜਾ ਸਕਦਾ ਹੈ ਕਿ 'ਉਜਲ ਕੈਹਾ ਚਿਲਕਣਾ' ਕੁੱਜੇ ਵਿਚ ਸਮੁੰਦਰ ਬੰਦ ਕਰਨ ਵਰਗੀ ਇਕ ਬਹੁ-ਮੁਲੀ ਪੁਸਤਕ ਹੈ।

ਮਨਜੀਤ ਸਿੰਘ ਔਜਲਾ ਐਮ.ਏ., ਬੀ.ਟੀ.
ਮੈਲਬਰਨ, ਆਸਟ੍ਰੇਲੀਆ

ਗਿਆਨੀ ਜੀ ਦੀਆਂ ਲਿਖਤਾਂ ਬਾਰੇ ਮੇਰੇ ਵਿਚਾਰ

ਬੜੇ ਖੁਲ੍ਹੇ ਡੁਲ੍ਹੇ ਮਾਹੌਲ ਵਿਚ ਪਲ਼ੇ ਵਿਦਵਾਨ ਲੇਖਕ ਗਿਆਨੀ ਸੰਤੋਖ ਸਿੰਘ ਜੀ ਦਾ ਸੁਭਾ ਵੀ ਬੜਾ ਖੁਲ੍ਹਾ, ਮਿਲਾਪੜਾ ਅਤੇ ਮਖੌਲੀਆ ਹੈ। ਦਿਲ ਬਿਲਕੁਲ ਸਾਫ - ਜੋ ਗੱਲ ਦਿਲ ਅੰਦਰ ਓਹੋ ਹੀ ਬਾਹਰ - ਜੋ ਮਨ ਵਿਚ ਆਉਂਦਾ ਹੈ ਸੁਭਾਵਕ ਹੀ ਕਹਿ ਦਿੰਦੇ ਹਨ ਪਰ ਹੁੰਦਾ ਬੜਾ ਹੀ ਅਸਰਦਾਰ। 'ਜਿਹਾ ਬੋਲੋ ਤਿਹਾ ਲਿਖੋ' ਵੀ ਇਹਨਾਂ ਦਾ ਇਕ ਚੰਗਾ ਗੁਣ ਹੈ।

ਮੈ ਪਹਿਲੇ ਦਿਨ ਗਿਆਨੀ ਜੀ ਨੂੰ ਪਾਰਕਲੀ (ਸਿਡਨੀ) ਗੁਰਦੁਆਰੇ ਵਿਚ ਮਿਲ਼ਿਆ। ਮਿਲ਼ਦਿਆਂ ਹੀ ਇਕ ਦਮ ਇਸ ਤਰ੍ਹਾਂ ਮਹਿਸੂਸ ਹੋਇਆ ਜਿਸ ਤਰ੍ਹਾਂ ਕੋਈ ਆਪਣਾ ਖਾਸ ਹੋਵੇ ਤੇ ਬਾਅਦ ਵਿਚ ਪਤਾ ਲੱਗਾ ਕਿ ਇਹ ਸਾਡੇ ਜ਼ਿਲੇ ਅੰਮ੍ਰਿਤਸਰ ਦੇ ਪਿੰਡ, ਸੂਰੋ ਪੱਡਾ ਦੇ ਵਸਨੀਕ ਹਨ ਜੋ ਕਿ ਸਾਡੇ ਪਿੰਡ ਬੁਤਾਲਾ ਦੇ ਬਿਲਕੁਲ ਨਜ਼ਦੀਕ ਹੈ।

ਇਹਨਾਂ ਨੇ ਧਾਰਮਿਕ ਸਿੱਖਿਆ ਖ਼ੂਬ ਪ੍ਰਾਪਤ ਕੀਤੀ ਜਾਪਦੀ ਹੈ। ਇਹ ਪੁਸਤਕ 'ਸਚੇ ਦਾ ਸਚਾ ਢੋਆ' ਜਿਸ ਨੂੰ ਮੈਂ ਚੰਗੀ ਤਰ੍ਹਾਂ ਪੜ੍ਹਿਆ ਤੇ ਵਾਚਿਆ ਹੈ, ਕਮਾਲ ਦੀ ਗੱਲ ਹੈ। ਕਿਆ ਬਾਤ ਹੈ! ਪੁਸਤਕ ਵਿਚ ਗੱਲਾਂ ਅਤੇ ਤੱਥਾਂ ਨੂੰ ਬਹੁਤਾ ਲਮਕਾਇਆ ਨਹੀ ਗਿਆ - ਬੱਸ ਲਿਖ ਦਿਤਾ - ਜਿਸ ਤਰ੍ਹਾਂ ਦਿਲ ਸਾਫ ਓਸੇ ਤਰ੍ਹਾਂ ਲਿਖਿਆ ਸਾਫ!

ਸਰੋਪੇ ਭੇਂਟ ਕਰਨੇ, ਫਾਲਤੂ ਰੁਮਾਲਿਆਂ ਦੀ ਸਮੱਸਿਆ, ਕ੍ਰਿਪਾਨ ਆਦਿ ਮਸਲਿਆਂ ਬਾਰੇ ਬੜੇ ਢੁਕਵੇਂ ਸੁਝਾ ਦਿਤੇ ਗਏ ਹਨ।

ਅੰਤ ਵਿਚ ਮੈ ਇਹ ਇਹ ਹੀ ਅਰਦਾਸ ਕਰਦਾ ਹਾਂ ਕਿ ਪਰਮਾਤਮਾ ਇਹਨਾਂ ਨੂੰ ਹੋਰ ਵੀ ਸ਼ਕਤੀ ਬਖ਼ਸ਼ੇ ਅਤੇ ਇਸ ਤਰ੍ਹਾਂ ਦੀਆਂ ਹੋਰ ਪੁਸਤਕਾਂ ਲਿਖਣ ਤਾਂ ਜੋ ਸਿੱਖ ਸੰਗਤਾਂ ਨੂੰ ਗੁਰਬਾਣੀ ਬਾਰੇ ਸਹੀ ਸੂਚਨਾ ਪ੍ਰਾਪਤ ਹੋ ਸਕੇ।

ਮੇਰੀ ਰਾਇ ਹੈ ਕਿ ਇਹ ਪੁਸਤਕ ਗੁਰਦਆਰਿਆਂ, ਸਕੂਲਾਂ, ਕਾਲਜਾਂ, ਯੂਨੀਵਰਸਟੀਆਂ ਦੀਆਂ ਲਾਇਬ੍ਰੇਰੀਆਂ ਵਾਸਤੇ ਮਨਜ਼ੂਰ ਹੋਣੀ ਚਾਹੀਦੀ ਹੈ। ਹਰ ਗੁਰਸਿੱਖ ਨੂੰ ਇਹ ਪੁਸਤਕ ਇਕ ਵਾਰ ਜ਼ਰੂਰ ਪੜ੍ਹਨੀ ਚ੍ਹਾਹੀਦੀ ਹੈ ਤਾਂ ਜੋ ਉਹਨਾਂ ਨੂੰ ਸਿੱਖ ਸਿਧਾਤਾਂ ਤੋਂ ਸਹੀ ਸੇਧ ਮਿਲ਼ ਸਕੇ।

ਰੱਬ ਰਾਖਾ।

ਗੁਰਦਿਆਲ ਸਿੰਘ ਬੱਲ

ਰਿਟਾਇਰਡ ਹੈਡ ਮਾਸਟਰ (ਸਿਡਨੀ) ਅਗੱਸਤ, ੨੦੦੭

# ਗਿਆਨੀ ਸੰਤੋਖ ਸਿੰਘ

ਲੇਖਕ: ਜਸਬੀਰ ਸਿੰਘ ਖਾਲਸਾ

ਕਿਸੇ ਨੇ ਸਿੱਖੀ ਦਾ ਚਲਦਾ ਫਿਰਦਾ ਇਨਸਾਈਕਲੋਪੀਡੀਆ ਵੇਖਣਾ ਹੋਵੇ ਤਾਂ ਗਿਆਨੀ ਸੰਤੋਖ ਸਿੰਘ ਨੂੰ ਮਿਲ ਲਵੇ। ਇਸ ਉਮਰ ਵਿਚ ਵੀ ਉਂਗਲਾਂ ਤੇ ਤਰੀਕਾਂ ਪਈਆਂ ਹੁੰਦੀਆਂ ਹਨ, ਅੰਗ੍ਰੇਜ਼ੀ ਦੀਆਂ ਹੀ ਨਹੀਂ, ਬਿਕਰਮੀ ਵਾਲੀਆਂ ਵੀ। ਵਾਹਿਗੁਰੂ ਦੀ ਬਖਸ਼ਿਸ਼ ਹੈ। ਇਕ ਵਾਰ ਮੈਂ ਪੁਛਿਆ ਕਿ ਗਿਆਨੀ ਜੀ ਇਹ ਤਾਂ ਅਚੰਭਾ ਹੈ, ਕਿਵੇਂ ਯਾਦ ਰੱਖ ਲੈਂਦੇ ਹੋ? ਆਪਣੇ ਹਾਸਰਸੀ ਸੁਭਾ ਅਨੁਸਾਰ ਕਹਿਣ ਲਗੇ, “ਜਿਹੜੇ ਅੱਗੇ ਸੁਣਨ ਵਾਲੇ ਬੈਠੇ ਹਨ, ਉਹ ਕੇਹੜੇ ਗ੍ਰੰਥ ਫੋਲੀ ਬੈਠੇ ਹੁੰਦੇ ਹਨ ਜੋ ਮੇਰੀ ਗ:ਲਤੀ ਫੜ ਲੈਣਗੇ! ਜੇ ਕੋਈ ਗ਼ਲਤੀ ਵੀ ਹੋ ਗਈ ਤਾਂ ਕਿਹੜਾ ਕਿਸੇ ਨੇ ਨੋਟਿਸ ਲੈਣਾ ਹੈ?”

ਡਾਇਬਟੀਜ਼ ਦਾ ਇਹਨਾਂ ਨਾਲ ਖਾਸ ਪਿਆਰ ਹੈ ਪਰ ਇਸ ਦੇ ਬਾਵਜੂਦ ਨਾ ਤਾਂ ਇਹਨਾਂ ਨੇ ਕਦੇ ਥਕਾਵਟ ਮਹਿਸੂਸ ਕੀਤੀ ਹੈ ਤੇ ਨਾ ਹੀ ਮਿਠਿਆਈ ਖਾਣੀ ਛਡੀ ਹੈ। ਹਰੇਕ ਪ੍ਰਕਾਰ ਦੀ ਮਠਿਆਈ ਵਾਹਿਗੁਰੂ ਆਖ ਕੇ ਛਕ ਜਾਂਦੇ ਹਨ ਪਰ ਜਲੇਬੀਆਂ ਨਾਲ਼ ਇਹਨਾਂ ਦਾ ਖਾਸ ਪਿਆਰ ਹੈ।

ਮੇਰੇ ਲਈ ਗਿਆਨੀ ਜੀ ਵੱਡੇ ਭਾਊ ਹਨ ਤੇ ਘਰ ਵਾਲੀ ਲਈ ਅੰਕਲ। ਸ਼ਾਇਦ ਇਸ ਤਰ੍ਹਾਂ ਦੀ ਇਹ ਇਕੋ ਸ਼ਖਸ਼ੀਅਤ ਹੀ ਹਨ ਸਾਡੀ ਜਿੰਦਗੀ ਵਿਚ। ਮੈਨੂੰ ਭਾਊ ਸ਼ਬਦ ਥੋਹੜਾ ਜ਼ਿਆਦਾ ਅਪਣੱਤ ਵਾਲਾ ਲੱਗਦਾ ਹੈ ਤੇ ਘਰ ਵਾਲੀ ਨੂੰ ਅੰਕਲ ਥੋਹੜਾ ਵਧੇਰੇ ਸਤਿਕਾਰਤ ਲਗਦਾ ਹੈ। ਕੌਣ ਠੀਕ ਹੈ ਤੇ ਕੌਣ ਗਲਤ! ਇਹ ਤਾਂ ਨਜਰੀਆ ਆਪੋ ਆਪਣਾ ਹੈ। ਖੈਰ, ਮੈਂ ਗੱਲ ਕਰਨ ਲਗਾ ਸੀ ਇਹਨਾਂ ਦੀ ਲੇਟੈਸਟ ਕਿਤਾਬ, 'ਜਿੰਨੇ ਮੂੰਹ ਓਨੀਆਂ ਗਲਾਂ' ਦੀ ਤੇ ਇਹ ਗੱਲ ਵੀ ਓਸੇ ਨਾਲ ਰਲ਼ਦੀ ਮਿਲ਼ਦੀ ਸੀ। ਇਹ ਗਿਆਨੀ ਜੀ ਦੀ ਨਵੀਂ ਕਿਤਾਬ ਦਾ ਨਾਮ ਹੈ ਤੇ ਇਹ ਕਿਤਾਬ ਵੀ ਦੂਜੀਆਂ ਕਿਤਾਬਾਂ ਦੀ ਤਰ੍ਹਾਂ ਪੜ੍ਹਨ ਵਾਲੀ ਹੈ। ਇਸ ਵਿਚ ਬੜੇ ਸੋਹਣੇ ਲੇਖ ਹਨ ਤੇ ਬੜੀ ਸਿਧੀ ਜਿਹੀ ਬੋਲੀ ਵਿਚ ਹਨ। ਬੰਦਾ ਪੜ੍ਹਨੋ ਨਹੀਂ ਹਟਦਾ ਜਿੰਨਾ ਚਿਰ ਕਿਤਾਬ ਨਹੀਂ ਮੁਕ ਜਾਂਦੀ। ਇਸ ਕਿਤਾਬ ਵਿਚ ਇਹਨਾਂ ਨੇ, ਸ. ਰਾਮ ਸਿੰਘ ਜੀ ਵੱਲੋਂ ਸੁਣਾਈਆਂ ਗਈਆਂ ਦੋ ਵਾਰਤਾਵਾਂ ਨੂੰ, ਦੋ ਲੇਖਾਂ ਦਾ ਰੂਪ ਦੇ ਕੇ, ਸ਼ਾਮਲ ਕੀਤਾ ਹੈ। ਇਹਨਾਂ ਲੇਖਾਂ ਵਿਚ ਸ. ਰਾਮ ਸਿੰਘ ਜੀ ਵੱਲੋਂ ਦੱਸੀ ਗਈ ਜਾਣਕਾਰੀ, ਸੱਚਮੁੱਚ ਹੀ ਇਤਹਾਸ ਦੀ ਨਵੀਂ ਜਾਣਕਾਰੀ ਹੈ। ਉਂਜ ਵੀ ਤਾਂ ਗਿਆਨੀ ਜੀ ਦੀਆਂ ਕਿਤਾਬਾਂ ਵਿਚ, ਅਖੀਂ ਵੇਖੀ ਜਾਂ ਸਾਹਮਣੇ ਵਾਪਰੀ  ਹਰ ਸਾਲ ਨਵੀਂ

ਜਾਣਕਾਰੀ ਹੁੰਦੀ ਹੈ, ਜੋ ਕਿ ਗਿਆਨੀ ਜੀ ਦੇ ਸਾਹਮਣੇ ਵਾਪਰੀ ਹੁੰਦੀ ਹੈ ਪਰ ਅਕਸਰ ਕਿਸੇ ਵੱਲੋਂ ਲਿਖਤ ਨਹੀਂ ਲਿਆਂਦੀ ਗਈ ਹੁੰਦੀ।

ਗਿਆਨੀ ਜੀ ਦੀ ਕਿਤਾਬ ਪੜ੍ਹ ਕੇ ਇਕ ਨਵੀਂ ਚੀਜ ਦਾ ਪਤਾ ਲੱਗਾ ਕਿ ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ 1958 ਤੋਂ ਹੀ ਹੋ ਰਹੀਆਂ ਸਨ ਤੇ ਵੱਡੇ ਪਧਰ ਤੇ ਹੋ ਰਹੀਆਂ ਸਨ। ਮੇਰਾ ਮੰਨਣਾ ਇਹ ਹੈ ਕਿ ਇਹ ਘਟੀਆ ਕੰਮ ਨਹਿਰੂ ਕਿਆਂ ਦੇ ਰਾਜ ਦੇ ਸਮੇ ਤੋਂ ਹੀ ਸ਼ੁਰੂ ਹੋ ਗਿਆ ਸੀ, ਸਰਕਾਰੀ ਏਜੰਸੀਆਂ ਰਾਹੀਂ ਤੇ ਨਾਲ ਉਹ ਰਲ਼ ਜਾਂਦੇ ਸਨ/ਹਨ ਜਿਨ੍ਹਾਂ ਨੂੰ ਸਿੱਖਾਂ ਨਾਲ ਇਸ ਕਰਕੇ ਨਫਰਤ ਹੈ ਕਿ ਉਹ ਗੁਰੂ ਨੂੰ ਮੰਨਦੇ ਹਨ। ਨਿਆਰੇ ਤੇ ਵੱਖਰੇ ਧਰਮ ਦੀ ਗੱਲ ਕਰਦੇ ਹਨ, ਦਾਹੜੀ ਕੇਸ ਕਤਲ ਨਹੀਂ ਕਰਦੇ ਤੇ ਨਾ ਹੀ ਤਮਾਕੂ ਪੀਂਦੇ ਹਨ।

ਗਿਆਨੀ ਗਿਆਨ ਸਿੰਘ ਜੀ ਦੇ ਗ੍ਰੰਥ 'ਪੰਥ ਪ੍ਰਕਾਸ਼' ਵਾਲੀ ਕਵਿਤਾ ਵਾਲੀ ਲਿਖਤ ਨੂੰ, ਮੌਜੂਦਾ ਪੰਜਾਬੀ ਵਿਚ ਵਾਰਤਕ ਬਣਾ ਕੇ ਲਿਖਿਆ 'ਨਿੱਕਾ ਘਲੂਘਾਰਾ' ਲੇਖ ਬਹੁਮੁਲਾ ਹੈ। ਇਸ ਤਰ੍ਹਾਂ ਦੇ ਲੇਖਾਂ ਦਾ ਦੂਜੀਆਂ ਬੋਲੀਆਂ ਵਿਚ ਤਰਜਮਾ ਹੋਣਾ ਲਗਭਗ ਜਰੂਰੀ ਹੈ। ਅਗਰ ਲੇਖ ਪੜ੍ਹ ਲਵੋਗੇ ਤਾਂ ਪਤਾ ਲਗੇਗਾ ਕਿ ਸਿੰਘਾਂ ਦੀ ਅਣਖ ਦਾ ਤੇ ਨਾਲ ਹੀ ਉਸ ਵੇਲੇ ਦੇ ਹਾਲਾਤ ਨੂੰ ਅੱਜ ਨਾਲ ਤੋਲ ਕੇ ਵੇਖੋਗੇ ਤਾਂ ਪਤਾ ਲੱਗੇਗਾ ਕਿ ਹਕੂਮਤ ਦੇ ਨਾਲ ਕਿਵੇਂ ਮੌਕਾ ਪ੍ਰਸਤ ਲੋਕ, ਮੌਕਾ ਵੇਖ ਕੇ, ਸਿੰਘਾਂ ਦੇ ਪਿੱਛੇ ਪਏ ਹੋਏ ਸਨ। ਹਮੇਸ਼ਾਂ ਦੀ ਤਰ੍ਹਾਂ ਪਹਾੜੀ ਰਾਜੇ ਵੀ ਉਸ ਸਮੇ ਸਿੰਘਾਂ ਨੂੰ ਮਾਰ ਰਹੇ ਸਨ। ਇਹਨਾਂ ਨਾਲ ਕੋਈ ਵੈਰ ਨਹੀਂ ਸੀ ਸਿੰਘਾਂ ਦਾ ਸਗੋਂ ਜ਼ਾਲਮ ਹਕੂਮਤ ਦੇ ਖਿਲਾਫ਼ ਇਹਨਾਂ ਦੀ ਮਦਦ ਹੀ ਕੀਤੀ ਸੀ। ਮੁਗਲਾਂ ਨੂੰ ਟੈਕਸ ਉਗਰਾਹੁਣੋ ਰੋਕਿਆ। ਕੈਦ ਵਿਚੋਂ ਛੁਡਵਾਏ ਪਰ ਹਕੂਮਤ ਦੇ ਪਿਠੂ ਬਣਨ ਕੇ ਸਿੱਖਾਂ ਦਾ ਘਾਤ ਕਰਨ ਲਈ ਇਹ ਕਾਹਲੇ ਸਨ।

'ਚਰਚਾ ਚਾਰ ਪ੍ਰਕਾਰ ਦੀ' ਇਕ ਹੋਰ ਸੋਹਣਾ ਲੇਖ ਹੈ ਜਿਹੜਾ 'ਸੂਰਜ ਪ੍ਰਕਾਸ਼' ਅਥਵਾ 'ਗੁਰਪ੍ਰਤਾਪ ਸੂਰਜ ਗ੍ਰੰਥ' ਵਿਚੋਂ ਲਿਆ ਗਿਆ ਹੈ।

ਹਮੇਸ਼ਾਂ ਦੀ ਤਰ੍ਹਾਂ ਗਿਆਨੀ ਜੀ ਪੰਜਾਬੀ ਨੂੰ ਸਹੀ ਕਿਵੇਂ ਲਿਖਣਾ ਹੈ ਦੀ ਗਲ ਕਰਨੀ ਨਹੀਂ ਭੁੱਲੇ, ਜਿਥੇ ਮੈਂ ਇਹਨਾਂ ਨਾਲ ਸਹਿਮਤ ਹੁੰਦਾ ਹੋਇਆ ਵੀ ਕੁਝ ਕੁ ਮੱਤਭੇਦ ਰਖਦਾ ਹਾਂ। ਮੇਰਾ ਵਿਚਾਰ ਹੈ ਕਿ ਸਾਡਾ ਮਕਸਦ ਆਪਣੀ ਗੱਲ ਨੂੰ ਪਾਠਕਾਂ ਤਕ ਪਹੁੰਚਾਉਣਾ ਹੁੰਦਾ ਹੈ। ਸਪੈਲਿੰਗਾਂ ਵੱਲ ਧਿਆਨ ਦੇਣ ਲਈ ਹੋਰ ਬੜੇ ਅਦਾਰੇ ਹਨ। ਇਹੋ ਜਿਹੇ ਕੰਮਾਂ ਤੇ ਗਿਆਨੀ ਜੀ ਵਰਗਿਆਂ ਨੂੰ ਵਧੇਰੇ ਵਕਤ ਨਹੀਂ ਲਾਉਣਾ

ਚਾਹੀਦਾ, ਸਗੋਂ ਆਪਣਾ ਸਮਾ ਚੋਣਵੀਆਂ ਇਤਿਹਾਸਕ ਘਟਨਾਵਾਂ ਨੂੰ ਕਲਮਬੰਦ ਕਰਨ ਲਈ ਲਾਉਣਾ ਚਾਹੀਦਾ ਹੈ। ਪਰ ਜਿਵੇਂ ਕਹਿੰਦੇ ਹਨ ਨਾ ਕਿ ਜਦੋਂ ਬੰਦਾ ਕਿਸੇ ਨੂੰ ਹਿਪਨੋਟਾਈਜ਼ ਕਰਦਾ ਹੈ ਤਾਂ ਬਹੁਤੀ ਵਾਰੀ ਉਸ ਨੂੰ ਖ਼ੁਦ ਵੀ ਪਤਾ ਨਹੀਂ ਲੱਗਦਾ; ਬੱਸ ਸੁਤੇ ਸਿਧ ਹੀ ਹੋ ਜਾਂਦਾ ਹੈ। ਸ਼ਾਇਦ ਗਿਆਨੀ ਜੀ ਵੱਲੋਂ ਇਹ ਨੋਟਿਸ ਸੁਤੇ ਸਿਧ ਹੀ ਲਿਆ ਜਾਂਦਾ ਹੈ!

ਵਾਹਿਗੁਰੂ ਚੜ੍ਹਦੀਕਲਾ ਬਖ਼ਸ਼ੇ! ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਸਿੱਖ ਇਤਿਹਾਸ ਵਿਚਲੇ ਦੋ ਵਿਸ਼ਿਆਂ ਉਪਰ ਵੀ ਲਿਖੋ:  ਇਕ ਸਿੱਖ ਇਤਿਹਾਸ ਦੀਆਂ ਦਿਲਚਪਸ ਸਾਖੀਆਂ, ਜਿਹੜੀਆਂ ਅਕਸਰ ਪੜ੍ਹਨੀਆਂ ਬਹੁਤ ਜਰੂਰੀ ਹਨ ਅਤੇ ਦੂਜਾ ਸਿਖ ਇਤਿਹਾਸ ਵਿਚ ਬੀਬੀਆਂ ਦਾ ਯੋਗਦਾਨ ਵਰਗੀਆਂ ਲਿਖਤਾਂ ਵੀ ਆਪਣੀਆਂ ਕਿਤਾਬਾਂ ਵਿਚ ਸ਼ਾਮਲ ਕਰ ਲਿਆ ਕਰੋ। ਤੁਹਾਡੇ ਨਿਜੀ ਤਜਰਬੇ ਦੇ ਨਾਲ ਨਾਲ, ਲਿਖਤ ਉਪਰ ਹੋਰ ਵੀ ਰੰਗ ਚੜ੍ਹ ਜਾਂਦਾ ਹੈ।

ਆਪ ਦੀ ਇਸ ਕਿਤਾਬ ਲਈ ਨਿਕਾ ਜਿਹਾ ਇਨਾਮ ਹੈ ਮੇਰੇ ਵਲੋਂ। ਜਦੋਂ ਮਿਲੋਗੇ ਤਾਂ ਦੇਵਾਂਗਾ। ਉਮੀਦ ਹੈ ਛੋਟਾ ਭਾਉ ਸਮਝ ਕੇ ਸਵੀਕਾਰ ਕਰੋਗੇ। ਵਾਹਿਗੁਰੂ ਚੜ੍ਹਦੀਕਲਾ ਬਖ਼ਸ਼ੇ! ਤੁਹਾਡੀਆਂ ਲਿਖਤਾਂ ਨੂੰ ਚਾਰ ਚੰਨ ਲਾਵੇ। ਮੇਰਾ ਖਿਆਲ ਹੈ ਹੋਰ ਗੱਲਾਂ ਦੇ ਨਾਲ ਨਾਲ ਤੁਹਾਨੂੰ ਆਪਣੀਆਂ ਕਿਤਾਬਾਂ ਦਾ ISBN ਵੀ ਲਵਾਉਣਾ ਚਾਹੀਦਾ ਹੈ।



ਹਰਮਨ ਰੇਡੀਓ ਆਸਟ੍ਰੇਲੀਆ ਦੇ ਐਂਕਰ ਸ. ਅਮਨਦੀਪ ਸਿੰਘ ਸਿੱਧੂ ਨਾਲ਼,

## ਗਿਆਨੀ ਸੰਤੋਖ ਸਿੰਘ ਜੀ ਦੀ ਇੰਟਰਵਿਊ

ਸਤਿ ਸ੍ਰੀ ਅਕਾਲ ਗਿਆਨੀ ਜੀ! ਗਿਆਨੀ ਜੀ ਤੁਹਾਡਾ ਸਵਾਗਤ ਐ

ਹਰਮਨ ਰੇਡੀਓ ਆਸਟ੍ਰੇਲੀਆ ਦੇ ਕਫ਼ਸ ਹਾਰਬਰ ਸਟੂਡੀਓ ਵਿਚ?

ਧੰਨਵਾਦ ਅਮਨਦੀਪ ਸਿੰਘ ਜੀ!

ਗਿਆਨੀ ਜੀ ਸਭ ਤੋਂ ਪਹਿਲਾਂ ਆਪਾਂ ਗੱਲ ਕਰਾਂਗੇ ਇੱਕ ਖ਼ਬਰ ਦੀ ਜਿਸ ਰਾਹੀਂ ਇਹ ਪਤਾ ਚਲਦਾ ਹੈ ਕਿ ਆਸਟ੍ਰੇਲੀਆ ਦੀ ਸ਼੍ਰੋਮਣੀ ਅਕਾਲੀ ਦਲ ਦੀ ਇਕਾਈ ਵਿੱਚ ਤੁਸੀਂ ਸ਼ਾਮਲ ਹੋਏ ਹੋ ਇਸ ਖ਼ਬਰ ਦੀ ਪ੍ਰਤੀਕ੍ਰਿਆ ਬਹੁਤ ਹੋਈ ਤੇ ਮੈਸੇਜ ਵੀ ਆਏ ਨੇ ਕਿ ਆਹ ਕੀ ਹੋ ਗਿਆ? ਤੁਹਾਨੂੰ ਵੀ ਕਈ ਤਰ੍ਹਾਂ ਨਾਲ ਸੁਨੇਹੇ ਆਏ ਤੇ ਫੇਸ ਬੁੱਕ ਤੇ ਤੁਹਾਨੂੰ ਕਈਆਂ ਨੇ ਘੇਰਿਆ ਵੀ, ਤਿੱਖੇ ਸਵਾਲ ਵੀ ਕੀਤੇ ਪਰ ਤੁਸੀ ਬੜੇ ਹੀ ਸਹਿਜ ਅਤੇ ਸੰਜਮ ਨਾਲ ਹਰ ਸਵਾਲ ਦਾ ਜਵਾਬ ਦਿੱਤਾ? ਮੈਨੂੰ ਵੀ ਤੁਹਾਡੇ ਕੋਲੋਂ ਆਹ ਗੱਲ ਸਿੱਖਣ ਨੂੰ ਮਿਲੀ ਕਿ ਸਵਾਲ ਚਾਹੇ ਜਿੰਨੇ ਮਰਜ਼ੀ ਤਿੱਖੇ ਹੋਣ ਪਰ ਜਵਾਬ ਹਮੇਸ਼ਾਂ ਸੰਜਮ ਨਾਲ ਕਿਵੇਂ ਦੇਈਦੇ ਹਨ।

ਹੁਣ ਮੇਰਾ ਸਭ ਤੋਂ ਪਹਿਲਾ ਤਿੱਖਾ ਜਿਹਾ ਸਵਾਲ ਇਹ ਹੈ ਕਿ ਤੁਸੀਂ ਸ਼੍ਰੋਮਣੀ ਅਕਾਲੀ ਦਲ ਨੂੰ ਜੁਆਇਨ ਕਦੋਂ ਕੀਤਾ ਸੀ?

ਦੇਖੋ ਅਮਨਦੀਪ ਜੀ, ਗੱਲ ਇਉਂ ਹੈ ਕਿ ਫੇਸ ਬੁੱਕ ਤੇ ਮੀਡੀਆ ਦੀ ਤਾਂ ਗੱਲ ਛੱਡੋ; ਗੁਰਦੁਆਰੇ ਵਿੱਚ ਵੀ ਅਗਲੀ ਪੀਹੜੀ ਦੇ ਨੌਜਵਾਨਾਂ ਨੇ ਮੈਨੂੰ ਇੰਜ ਘੇਰਿਆ ਕਿ ਬਸ ਪੁੱਛੋ ਈ ਨਾ? ਇੱਕ ਨੇ ਤਾਂ ਏਥੋਂ ਤੱਕ ਵੀ ਕਹਿ ਦਿੱਤਾ, "ਗਿਆਨੀ ਜੀ, ਬਾਦਲ ਨੇ ਤਾਂ ਹੁਣ ਮਰ ਜਾਣੈ ਤੇ ਛੇਤੀ ਛੇਤੀ ਪੰਜ ਛੇ ਮਕਾਨ ਲੈ ਲਵੋ ਉਸ ਦੇ ਕੋਲ਼ੋਂ....."

ਅੱਛਾ ਜੀ....

ਜੀ; ਯਾਨੀ ਏਦਾਂ ਬੋਲ ਕੇ ਉਸ ਨੇ ਪਬਲਿਕ ਦੇ ਵਿੱਚ ਮੇਰੀ ਹਤਕ ਕਰਨ ਦਾ ਯਤਨ ਕੀਤਾ ਕਿ ਮੈਂ ਕਿਸੇ ਪੈਸੇ ਦੇ ਲਾਲਚ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ਼ ਜੁੜਿਆ ਹਾਂ?

ਅੱਛਾ ਜੀ....

ਤੇ ਉਹਨਾਂ ਨੂੰ ਇਸ ਗੱਲ ਦਾ ਪਤਾ ਨਹੀਂ ਹੈਗਾ ਕਿਉਂਕਿ ਇਹ ਤਾਂ ੨੧ਵੀਂ ਸਦੀ ਦੇ ਨੌਜਵਾਨ ਨੇ ਤੇ ਸੋਸ਼ਲ ਮੀਡੀਆ ਵਿੱਚ ਪ੍ਰਸਾਰਤ ਹੋਈਆਂ ਕੁਝ ਸੱਚੀਆਂ ਤੇ

ਕੁਝ ਅਰਧ ਸੱਚੀਆਂ ਤੇ ਕੁੱਝ ਝੂਠੀਆਂ ਵੀ ਗੱਲਾਂ ਸੁਣ ਸੁਣ ਕੇ ਪ੍ਰਭਾਵਤ ਹੋਏ ਨੇ? ਪੰਜਾਬ ਤੋਂ ਬਾਹਰ ਰਹਿਣ ਵਾਲੇ ਇਹ ਲੋਕ ਐਂਟੀ ਬਾਦਲ, ਐਂਟੀ ਸ਼੍ਰੋਮਣੀ ਕਮੇਟੀ, ਐਂਟੀ ਅਕਾਲ ਤਖ਼ਤ... ਇਹਨਾਂ ਦੀ ਸੋਚ ਮੀਡੀਆ ਨੇ ਬਣਾਈ ਹੋਈ ਹੈ..... ਤੇ ਜਿਵੇਂ, "ਗੁਣ ਅਵਗੁਣ ਸਭ ਮਾਹਿ ਸਰੀਰੈ?" ਇਵੇਂ ਹੀ ਪਾਰਟੀਆਂ ਵਿੱਚ ਵੀ ਗੁਣ ਤੇ ਅਵਗੁਣ ਹੁੰਦੇ ਨੇ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੋ ਕਮਜ਼ੋਰੀਆਂ ਕਾਂਗਰਸ, ਬੀਜੇਪੀ ਜਾਂ ਕੇਜਰੀਵਾਲ ਦੀ ਪਾਰਟੀ ਵਿੱਚ ਨੇ ਉਹ ਅਕਾਲੀ ਦਲ ਵਿੱਚ ਨਹੀਂ ਹੋਣਗੀਆਂ.....

ਜੀ.....

ਇੱਕ ਗੱਲ ਸੋਚਣ ਵਾਲੀ ਹੈ ਕਿ ਜੇ ਸ਼੍ਰੋਮਣੀ ਅਕਾਲੀ ਦਲ ਵਿਚ ਖ਼ੂਬੀਆਂ ਨਾ ਹੋਣ ਤਾਂ ਪੰਜਵੀ ਵਾਰੀ ਉਹਨਾਂ ਦਾ ਲੀਡਰ ਚੀਫ਼ ਮਨਿਸਟਰ ਕਿਵੇਂ ਬਣ ਜੇ?

ਜੀ.....

ਬਾਕੀ ਰਹੀ ਗੱਲ ਸ਼ਮੂਲੀਅਤ ਦੀ? ਭਾਈ ਮੈਂ ਤਾਂ ਬੌਰਨ ਅਕਾਲੀ ਆਂ? ਮਤਲਬ ਜੰਮਿਆ ਹੀ ਅਕਾਲੀ ਹਾਂ? ਪਹਿਲਾਂ ਸਾਡਾ ਪਰਵਾਰ ਪਿਛਲੀਆਂ ਚਾਰ ਪੀਹੜੀਆਂ ਤੋਂ ਜੱਥਾ ਭਿੰਡਰਾਂ (ਟਕਸਾਲ) ਦਾ ਸ਼ਰਧਾਲੂ ਰਿਹਾ ਤੇ ਫਿਰ ਭਾਈਆ ਜੀ (ਪਿਤਾ) ਅੰਮ੍ਰਿਤਸਰ ਸ਼ਹਿਰ ਵਿਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਆ ਗਏ ਤੇ ਸ਼੍ਰੋਮਣੀ ਕਮੇਟੀ ਨੇ ਹੀ ਮੈਨੂੰ ਵਜ਼ੀਫਾ ਦੇ ਕੇ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿੱਚ ਹੀ ਸੰਗੀਤ ਦੀ ਡਿਗਰੀ ਕਰਵਾਈ ਤੇ ਆਪਣੇ ਅਦਾਰਿਆਂ ਵਿੱਚ ਹੀ ਨੌਕਰੀ ਵੀ ਦਿੱਤੀ... ਤੇ ਮੇਰਾ ਮਾਣ ਸਤਿਕਾਰ ਵੀ ਕੀਤਾ ਤੇ ਅੱਜ ਵੀ ਉਹ ਕਰਦੇ ਨੇ।

ਜੀ.....

ਬਾਕੀ ਰਹੀ ਗੱਲ ਅੱਜ ਦੇ ਅਕਾਲੀ ਦਲ ਦੀ, ਜਾਂ ਬਾਦਲ ਅਕਾਲੀ ਦਲ ਜਿਸ ਨੂੰ ਕਹਿੰਦੇ ਨੇ। ਬਈ ਬਾਦਲ ਸਾਹਿਬ ਨੂੰ ਮੈਂ ੧੯੬੭ ਤੋਂ ਜਾਨਣ ਲੱਗਿਆਂ ਜਦੋਂ ਸੰਤ ਅਕਾਲੀ ਗਰੁੱਪ ਦੀ ਟਿਕਟ 'ਤੇ ਪੰਜਾਬ ਦੀ ਅਸੈਂਬਲੀ ਦੀ ਇਹਨਾਂ ਨੇ ਚੋਣ ਲੜੀ ਸੀ ੨੫ ਮਾਰਚ ਤੋਂ ੨੭ ਮਾਰਚ ੧੯੭੦ ਨੂੰ ਗਵਰਨਰ ਹਾਊਸ ਰਾਜ ਭਵਨ ਵਿੱਚ ਅਸੀਂ ਤਿੰਨ ਦਿਨ ਧਰਨਾ ਮਾਰ ਕੇ ਬੈਠੇ ਰਹੇ ਸਾਂ ਬਾਦਲ ਸਾਹਿਬ ਨੂੰ ਮੁੱਖ ਮੰਤਰੀ ਬਣਾਉਣ ਲਈ। ਇਸ ਕਰਕੇ ਮੈਂ ਤਾਂ ਇਹੀ ਕਹਾਂਗਾ ਕਿ ਮੇਰੇ ਅਕਾਲੀ ਦਲ ਵਿੱਚ ਬਾਦਲ ਜੀ ਸ਼ਾਮਲ ਨੇ, ਮੈਂ ਬਾਦਲ ਜੀ ਦੇ ਅਕਾਲੀ ਦਲ ਵਿੱਚ ਕਿੱਥੋਂ ਸ਼ਾਮਲ ਹੋ ਗਿਆ?

ਪਰ ਗਿਆਨੀ ਜੀ ਓਦੋਂ ਇਹ ਹੁੰਦਾ ਸੀ ਕਿ ਅਕਾਲੀ ਦਲ ਇੱਕ ਹੁੰਦਾ ਸੀ ਪਰ ਖਾੜਕੂਵਾਦ ਦੌਰਾਨ ਇੱਕ ਸਮਾ ਅਜਿਹਾ ਵੀ ਆਇਆ ਕਿ ਹਰ ਬੰਦਾ ਆਪਣਾ ਅਕਾਲੀ ਦਲ ਬਣਾ ਕੇ ਬੈਠ ਗਿਆ।ਇਕ ਦਿਨ ਇੱਕ ਨਾ ਕਾਰਟੂਨ ਵੀ ਆਇਆ ਸੀ, ਟ੍ਰਿਬਿਊਨ ਵਿੱਚ: ਉਹਨਾਂ ਦਿਨਾਂ ਵਿੱਚ ਦੋ ਸਿੰਘ ਆਪਣੇ ਬਣਾਏ ਅਕਾਲੀ ਦਲ ਦੀ ਰਜਿਸਟ੍ਰੇਸ਼ਨ ਵਾਸਤੇ ਇੱਕ ਖਿੜਕੀ ਅੱਗੇ ਖੜ੍ਹੇ ਹਨ; ਜਿਵੇਂ ਸਿਨਮੇ ਦੀਆਂ

ਟਿਕਟਾਂ ਨਹੀਂ ਲਈਦੀਆਂ! ਏਦਾਂ ਬਾਰੀ ਵਿੱਚ ਖੜ੍ਹੇ ਨੇ ਤੇ ਖਿੜਕੀ ਦੇ ਅੰਦਰ ਬੈਠਾ ਬਾਬੂ ਕਹਿ ਰਿਹਾ ਹੈ ਕਿ ਭਾਈ ਅਕਾਲੀ ਦਲ ਏ ਤੋਂ ਲੈ ਕੇ ਜ਼ੈਡ ਤੱਕ ਸਾਰੇ ਬੁੱਕ ਹੋ ਚੁਕੇ ਹਨ ਤੇ ਤੁਸੀਂ ਜੇ ਵੱਖਰਾ ਅਕਾਲੀ ਦਲ ਰਜਿਸਟਰ ਕਰਵਾਉਣਾ ਹੈ ਤਾਂ ਫੇਰ ਇਸ ਨਾਲ ਗਿਣਤੀ ਦੇ ਅੰਕ ਲਗਾਉਣੇ ਸ਼ੁਰੂ ਕਰ ਦਿਓ।

ਦੇਖੋ ਅਮਨਦੀਪ ਜੀ, ਇਹ ਜੇਹੜੇ ਕਾਰਟੂਨ ਜਾਂ ਚੁਟਕਲੇ ਹੁੰਦੇ ਨੇ ਉਹਨਾਂ ਵਿੱਚ ਕੁਝ ਨਾ ਕੁਝ ਬੇਸਿਕ ਸੱਚਾਈ ਹੁੰਦੀ ਹੈ ਪਰ ਉਹ ਹਾਸੇ ਵਾਲੀ ਗੱਲ ਤਾਂ ਬਣਦੀ ਐ ਜਦੋਂ ਉਸ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦੈ; ਮਤਲਬ ਕਿ ਥੋਹੜੀ ਗੱਲ ਨੂੰ ਵਧਾ ਕੇ ਕਿਹਾ ਜਾਂਦੈ ਪਰ ਦੇਖੋ ਇਸ ਤੋਂ ਪਤਾ ਲਗਦੈ ਕਿ ਸਿੱਖ ਸਾਈਕੀ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਨਾਂ ਅਜਿਹਾ ਬੈਠੈ ਕਿ ੧੪ ਦਸੰਬਰ ੧੯੨੦ ਤੋਂ ਲੈ ਕੇ ਜਦੋਂ ਸ਼੍ਰੋਮਣੀ ਅਕਾਲੀ ਦਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜੂਰੀ ਵਿੱਚ ਵਜੂਦ ਵਿੱਚ ਆਇਐ ਤੇ ੧੯੮੪ ਤੱਕ ਪਹੁੰਚਦੇ ਪਹੁੰਚਦੇ, ਸਰਕਾਰ ਦੀਆਂ ਨੀਤੀਆਂ ਦੇ ਖਿਲਾਫ਼ ਮੋਰਚੇ ਲਗਾਉਂਦਿਆਂ ਉਹਨਾਂ ਦਾ ਬਹੁਤ ਘਾਣ ਵੀ ਹੋਇਆ। ਫੇਰ ਸੰਤ ਬਾਬਾ ਜਰਨੈਲ ਸਿੰਘ ਜੀ ਦੇ ਪਿਤਾ ਜੀ ਦੀ ਅਗਵਾਈ ਵਾਲਾ ਦਲ ਵੀ ਅਕਾਲੀ ਦਲ ਹੀ ਕਹਾਇਆ? ਸ਼ਹੀਦ ਭਾਈ ਅਮ੍ਰੀਕ ਸਿੰਘ ਦੇ ਭਰਾ, ਭਾਈ ਮਨਜੀਤ ਸਿੰਘ ਨੇ ਬਣਾਇਆ ਉਹ ਵੀ ਅਕਾਲੀ ਦਲ ਹੀ ਸੀ? ਜੇ ਬੱਬਰ ਖਾਲਸਿਆਂ ਨੇ ਜੱਥੇਬੰਦੀ ਬਣਾਈ ਤਾਂ ਉਹ ਵੀ ਅਕਾਲੀ ਦਲ। ਮੇਰਾ ਕਹਿਣ ਦਾ ਮਤਲਬ ਤਾਂ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਤੇ ਸਿੱਖ ਕੌਮ ਦੀ ਸਰਵਪੱਖੀ ਅਗਵਾਈ ਤਾਂ ੧੯੨੦ ਤੋਂ ਕਰਦਾ ਆ ਰਿਹੈ। ਦਲ ਦਾ ਮੁਢਲਾ ਪ੍ਰਧਾਨ ਸ. ਸਰਮੁਖ ਸਿੰਘ ਸੀ। ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਸਰਦਾਰ ਹੁਕਮ ਸਿੰਘ, ਗਿਆਨੀ ਕਰਤਾਰ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਜਥੇਦਾਰ ਪ੍ਰੀਤਮ ਸਿੰਘ ਗੁੱਜਰਾਂ, ਸੰਤ ਫਤਿਹ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸੰਤ ਲੌਂਗੋਵਾਲੀਏ ਹਰਚੰਦ ਸਿੰਘ ਹੋਣੀ, ਬਰਨਾਲਾ ਸੁਰਜੀਤ ਸਿੰਘ ਤੇ ਐਸ ਵੇਲੇ ਪ੍ਰਕਾਸ਼ ਸਿੰਘ ਬਾਦਲ ਇਸ ਦੇ ਸਰਪ੍ਰਸਤ ਤੇ ਸ. ਸੁਖਬੀਰ ਸਿੰਘ ਬਾਦਲ ਇਸ ਦੇ ਪ੍ਰਧਾਨ ਨੇ। ਪਾਰਟੀ ਵਿਚ ਕਈ ਤਰ੍ਹਾਂ ਦੇ ਬੰਦੇ ਹੁੰਦੇ ਨੇ ਤੇ ਕਈ ਵਾਰੀ ਕੋਈ ਮਾੜਾ ਬੰਦਾ ਵੀ ਕਿਸੇ ਜੱਥੇਬੰਦੀ ਵਿਚ ਸ਼ਾਮਲ ਹੋ ਕੇ ਮੋਹਰੀਆਂ ਵਿਚ ਆ ਸਕਦੈ? ਜੇ ਸਾਡੇ ਘਰ ਵਿੱਚ ਕੋਈ ਗਲਤ ਬੰਦਾ ਆ ਵੜਿਐ ਤਾਂ ਅਸੀਂ ਆਪਣੇ ਘਰ ਨੂੰ ਅੱਗ ਲਾ ਕੇ ਥੋਹੜਾ ਭੱਜ ਜਾਣੈ? ਅਸੀਂ ਤਾਂ ਯਤਨ ਕਰਾਂਗੇ ਕਿ ਸਾਡਾ ਘਰ ਐ ਤੇ ਜੇ ਕੋਈ ਏਥੇ ਗਲਤ ਗੱਲ ਹੋ ਰਹੀ ਹੈ ਤਾਂ ਉਸ ਨੂੰ ਠੀਕ ਕੀਤਾ ਜਾਵੇ? ਗਲਤ ਕੰਮ ਕਰਨ ਵਾਲੇ ਬੰਦੇ ਨੂੰ ਗ਼ਲਤੀ ਕਰਨ ਤੋਂ ਹਟਾਇਆ ਜਾਵੇ ਤਾਂ ਕਿ ਅਜਿਹਾ ਮਾੜਾ ਕੰਮ ਦੁਬਾਰਾ ਨਾ ਹੋਵੇ?

ਬਿਲਕੁਲ ਠੀਕ ਕਿਹੈ ਗਿਆਨੀ ਜੀ ਕਿ ਕਈ ਵਾਰੀ ਲੀਡਰ ਦੀਆਂ

ਕਾਰਜਕਾਰੀਆਂ ਕਿਸੇ ਨੂੰ ਪਸੰਦ ਨਹੀਂ ਆਉਂਦੀਆਂ। ਅਕਸਰ ਇਹ ਦੇਖਣ ਵਿੱਚ ਆਉਂਦਾ ਹੈ ਕਿ ਜਦੋਂ ਲੀਡਰਸ਼ਿਪ ਪੁਰਾਣੀ ਹੋ ਜਾਵੇ ਤਾਂ ਜੰਗਾਲ ਖਾ ਜਾਂਦੀ ਹੈ ਤੇ ਅਜਿਹੀਆਂ ਗਲਤ ਗੱਲਾਂ ਆਉਣੀਆਂ ਵੀ ਸੁਭਾਵਕ ਹੀ ਨੇ ਤੇ ਇਹ ਸਭ ਨਵੀਂ ਸਰਕਾਰ ਚੁਣ ਕੇ ਹੀ ਠੀਕ ਕੀਤਾ ਜਾਂਦਾ ਹੈ?

ਅਮਨਦੀਪ ਜੀ, ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ ਪਰ ਇੱਕ ਗੱਲ ਦੱਸੋ ਕਿ ਪੰਜਾਬ ਤੋਂ ਬਾਹਰ ਬੈਠਾ ਹਜ਼ਾਰਾਂ ਮੀਲ ਦੂਰ ਇੱਕ ਮਨੁੱਖ ਗਿਆਨੀ ਸੰਤੋਖ ਸਿੰਘ ਵਰਗਾ ਪੰਜਾਬ ਦੀ ਸਰਕਾਰ ਨੂੰ ਕਿਵੇਂ ਬਦਲ ਸਕਦੈ? ਇਹ ਤਾਂ ਪੰਜਾਬ ਦੇ ਸਥਾਨਕ ਲੋਕਾਂ ਨੇ ਦੇਖਣੈ ਕਿ ਅਸੀਂ ਕਿਹੋ ਜਿਹੇ ਬੰਦੇ ਨੂੰ ਆਪਣਾ ਲੀਡਰ ਬਣਾਉਣੈ! ਜਿਹੋ ਜਿਹੇ ਲੋਕ ਨੇ ਉਹਨਾਂ ਨੇ ਉਹੋ ਜਿਹੀ ਹੀ ਸਰਕਾਰ ਬਣਾਉਣੀ ਹੈ? ਪੰਜਾਬ ਦੇ ਸਿੱਖਾਂ ਨੇ ਹੀ ਫੈਸਲਾ ਕਰਨੈ ਕਿ ਸ਼੍ਰੋਮਣੀ ਅਕਲੀ ਦਲ ਦਾ ਪ੍ਰਧਾਨ ਕਿਸ ਨੂੰ ਬਣਾਇਆ ਜਾਵੇ! ਹੁਣ ਦੇਖੋ ਕਿੰਨਾ ਮੀਡੀਆ ਦੇ ਵਿੱਚ ਆਹ ਰੌਲਾ ਪੈ ਰਿਹੈ ਅਕਾਲੀ ਦਲ ਦੇ ਖਿਲਾਫ਼, ਪੰਜਾਬ ਸਰਕਾਰ ਦੇ ਖਿਲਾਫ਼, ਬਾਦਲ ਦੇ ਖਿਲਾਫ਼, ਤੇ ਖਡੂਰ ਸਾਹਿਬ ਜਿਮਨੀ ਚੋਣ ਹੋਈ ਐ ਤੇ ਤਕਰੀਬਨ ੬੬੦੦੦ ਵੋਟਾਂ ਦੀ ਲੀਡ ਲੈ ਕੇ ਦਲ ਦਾ ਕੈਂਡੀਡੇਟ ਜਿੱਤ ਗਿਆ ਤੇ ਕੇਜਰੀਵਾਲ ਜਾਂ ਕਾਂਗਰਸ ਪਾਰਟੀ ਦੀ ਜੁਰਅਤ ਨਹੀਂ ਪਈ ਕਿ ਉਹ ਆਪਣਾ ਕੈਂਡੀਡੇਟ ਖੜਾ ਵੀ ਕਰ ਸਕੇ?

ਜੀ ਜੀ ਜੀ ....

ਇਹ ਫੈਸਲਾ ਤਾਂ ਅਮਨਦੀਪ ਪੰਜਾਬ ਦੇ ਲੋਕਾਂ ਨੇ ਈ ਕਰਨੈ? ਏਥੇ ਬੈਠਾ ਕੋਈ ਵੀ ਫੈਸਲਾ ਨਹੀਂ ਕਰ ਸਕਦਾ ਚਾਹੇ ਉਹ ਕੋਈ ਵੀ ਹੋਵੇ। ਸੰਤੋਖ ਸਿੰਘ, ਅਨੋਖ ਸਿੰਘ, ਤਰਲੋਕ ਸਿੰਘ ਜਾਂ ਪਰਲੋਕ ਸਿੰਘ ਸਿਰਫ ਰੌਲਾ ਹੀ ਪਾ ਸਕਦੈ; ਚਾਹੇ ਉਹ ਦੁਸ਼ਮਣਾਂ ਵੱਲੋਂ ਵਰਗਲਾਇਆ ਗਿਆ ਹੀ ਹੋਵੇ ਪਰ ਦੇਖਣ ਵਾਲੀ ਗੱਲ ਤਾਂ ਆਹ ਹੈ ਕਿ ਉਸ ਦੀ ਦੇਣ ਕੀ ਹੈ?

ਗਿਆਨੀ ਜੀ ਮਾਨ ਯੂ.ਐਸ.ਏ. ਤੋਂ ਪੁੱਛ ਰਹੇ ਨੇ ਕਿ ਸ਼੍ਰੋਮਣੀ ਅਕਾਲੀ ਦਲ ਦਾ ਪਹਿਲਾ ਪ੍ਰਧਾਨ ਕੌਣ ਸੀ?

ਹਾਂ ਜੀ, ਸ. ਸਰਮੁਖ ਸਿੰਘ ਝਬਾਲ ਪ੍ਰਧਾਨ ਸੀ ਜੀ ਪਹਿਲੇ? ਇਹ ਨਾ ਅਕਾਲੀ ਲਹਿਰ ਵੇਲੇ ਤਿੰਨ ਭਰਾ ਹੁੰਦੇ ਸੀ। ਝਬਾਲੀਏ ਬਰਦ੍ਰਜ਼ ਵੀ ਇਹਨਾਂ ਨੂੰ ਕਹਿੰਦੇ ਸਨ.... ਸਰਮੁਖ ਸਿੰਘ, ਜਸਵੰਤ ਸਿੰਘ ਤੇ ਅਮਰ ਸਿੰਘ। ੧੪ ਦਿਸੰਬਰ ੧੯੨੦ ਨੂੰ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ, ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਸਮੇ, ਸ. ਸਰਮੁਖ ਸਿੰਘ ਪਹਿਲਾ ਪ੍ਰਧਾਨ ਬਣਿਆ ਸੀ?

ਏਧਰ ਸ. ਅਮ੍ਰੀਕ ਸਿੰਘ ਫਲੌਰਾ ਜੁੜੇ ਨੇ ਜੀ ਸਾਡੇ ਨਾਲ ਤੇ ਕਹਿ ਰਹੇ ਨੇ ਕਿ ਮੈਂ ਹੁਣੇ ਹੁਣੇ ਪੰਜਾਬ ਜਾ ਕੇ ਆਇਆਂ ਤੇ ਜੇ ਪੰਛੀ ਝਾਤ ਮਾਰੀਏਤਾਂ ਪਤਾ ਤਾਂ ਲਗਦੈ ਕਿ ਪੰਜਾਬ ਵਿੱਚ ਕਾਫੀ ਤਰੱਕੀ ਹੋਈ ਹੈ; ਜਿਵੇਂ ਕਿ ਏਅਰਪੋਰਟ ਜਾਂ ਕੁਝ ਹੋਰ

ਸੜਕਾਂ ਵਗੈਰਾ ਕਈ ਜਗਾਹ ਡਿਵੈਲਪਮੈਂਟ ਚਲ ਰਹੀ ਹੈ ਤੇ ਨਾਲ ਹੀ ਪੰਛੀ ਝਾਤ ਮਾਰੀਏ ਭਾਰਤ ਦੀ ਰਾਜਨੀਤੀ ਤੇ ਤਾਂ ਪ੍ਰਕਾਸ਼ ਸਿੰਘ ਬਾਦਲ ਨੂੰ ਡਾਇਮੰਡ (ਹੀਰਾ) ਕਿਹਾ ਜਾ ਸਕਦੈ ਕਿਉਂਕਿ ਏਨਾ ਸਮਾ ਇੱਕ ਰਾਜ ਦਾ ਮੁੱਖ ਮੰਤਰੀ ਰਹਿਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ ਤਾਂ ਗਿਆਨੀ ਜੀ ਤੁਹਾਡਾ ਇਸ ਬਾਰੇ ਕੀ ਖਿਆਲ ਹੈ?

ਦੇਖੋ ਅਮਨਦੀਪ ਜੀ, ਪੰਜਾਬ ਦੇ ਲੋਕਾਂ ਨੇ ਉਸ ਨੂੰ ਪੰਜ ਵਾਰੀ ਮੁੱਖ ਮੰਤਰੀ ਬਣਾਇਆ। ਪਹਿਲੀ ਵਾਰੀ ਉਹ ਡਿਵੈਲਪਮੈਂਟ ਮਨਿਸਟਰ ਸੀ ਗੁਰਨਾਮ ਸਿੰਘ ਹੁਣਾਂ ਦੀ ਵਜ਼ਾਰਤ ਵਿਚ ਜਦੋਂ ੨੫ ਮਾਰਚ ੧੯੭੦ ਨੂੰ, ਦਲ ਨਾ਼ਲ ਗੱਦਾਰੀ ਕਰਨ ਕਰ ਕੇ, ਜਸਟਿਸ ਗੁਰਨਾਮ ਸਿੰਘ ਨੂੰ ਹਟਾਇਆ ਗਿਆ ਤਾਂ ਵਰਕਰਾਂ ਵੱਲੋਂ ਧਰਨੇ ਮਾਰ ਕੇ ਗਵਰਨਰ ਦੇ ਰਾਜ ਭਵਨ ਅੱਗੇ। ਇਹਨਾਂ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ। ਇਹ ਉਸ ਵੇਲੇ ਭਾਰਤ ਵਿੱਚ ਉਮਰ ਵਿੱਚ ਸਭ ਤੋਂ ਛੋਟੇ ਮੁੱਖ ਮੰਤਰੀ ਬਣੇ ਸੀ। ਤੇ ਇਸ ਵੇਲੇ ਬਾਦਲ ਸਾਹਿਬ ਸਭ ਤੋਂ ਵੱਡੀ ਉਮਰ ਵਾਲੇ ਮੁੱਖ ਮੰਤਰੀ ਨੇ.... ਦੇਖੋ ਜੀ ਗੱਲ ਤਾਂ ਬਿਲਕੁਲ ਸਹੀ ਐ ਕਿ ਪੰਜਾਬ ਵਿੱਚ ਉਹ ਪੰਜ ਵਾਰੀ ਮੁੱਖ ਮੰਤਰੀ ਬਣੇ ਤੇ ਪੰਜਾਬ ਤੇ ਪੰਜਾਬ ਦੇ ਲੋਕਾਂ ਵਾਸਤੇ ਉਹ ਕੁਝ ਨਾ ਕੁਝ ਤਾਂ ਕਰਦੇ ਹੋਣਗੇ ਹੀ.... ਤਾਂ ਹੀ ਤਾਂ ਪੰਜਾਬ ਦੇ ਲੋਕੀ ਉਹਨਾਂ ਨੂੰ ਮੁੱਖ ਮੰਤਰੀ ਬਣਾਉਂਦੇ ਐ ਵਾਰ ਵਾਰ.....

ਜੀ ਬਿਲਕੁਲ ਇਸ ਬਾਰੇ ਆਪਾਂ ਹੋਰ ਵੀ ਗੱਲ ਕਰਾਂਗੇ... ਤੇ ਏਧਰ ਕੁਲਦੀਪ ਸਿੰਘ ਔਲਖ ਜੁੜ ਚੁੱਕੇ ਨੇ ਤੇ ਉਹ ਲਿਖ ਰਹੇ ਨੇ... ਕਿ ਕਾਫੀ ਸਮਾਂ ਪਹਿਲਾਂ ਗੁਰੂ ਘਰ ......... ਵਿਖੇ ਗਿਆਨੀ ਸੰਤੋਖ ਸਿੰਘ ਜੀ ਨਾਲ ਮੁਲਾਕਾਤ ਹੋਈ ਸੀ ਤੇ ਉਹਨਾਂ ਦੀ ਕਿਤਾਬ "ਸੱਚੇ ਦਾ ਸੱਚਾ ਢੋਆ" ਪ੍ਰਾਪਤ ਕੀਤੀ ਸੀ.... ਤੇ ਪੜ੍ਹੀ ਵੀ ਸੀ... ਹੁਣ ਮੇਰੇ ਡੈਡੀ ਜੀ ਏਥੇ ਆਏ ਹੋਏ ਨੇ ਤੇ ਉਹਨਾਂ ਨੇ ਇਹ ਕਿਤਾਬ ਪੜ੍ਹੀ ਤੇ ਮੈਨੂੰ ਪੁੱਛਿਆ ਕਿ ਇਸ ਕਿਤਾਬ ਦੇ ਲੇਖਕ ਨੂੰ ਮਿਲ ਸਕਦੇ ਹਾਂ.... ਤੇ ਅੱਜ ਰੇਡੀਓ ਤੇ ਗਿਆਨੀ ਜੀ ਦਾ ਪ੍ਰੋਗਰਾਮ ਹੁਣ ਅਸੀਂ ਇਕੱਠੇ ਬੈਠੇ ਹੀ ਸੁਣ ਰਹੇ ਹਾਂ..... ਇਹ ਤਾਂ ਸੱਚ ਹੀ ਹੈ ਗਿਆਨੀ ਜੀ ਕਿ ਜੋ ਅੱਜ ਕਲ੍ਹ ਚੱਲ ਰਿਹਾ ਹੈ ਕਿ ਅਖੌਤੀ ਲੇਖਕ ਪਹਿਲਾਂ ਦਸ ਕੁ ਕਿਤਾਬਾਂ ਪੜ੍ਹ ਲੈਂਦਾ ਹੈ ਤੇ ਆਪਣੀ ਕਿਤਾਬ ਲਿਖ ਦਿੰਦਾ ਹੈ ਜੋ ਕਿ ਗਿਆਰ੍ਹਵੀਂ ਹੁੰਦੀ ਹੈ ਤੇ ਉਸ ਤੋਂ ਅਗਲੇ ਆਉਣ ਵਾਲੇ ਲੇਖਕ ਨੂੰ ਗਿਆਰਾਂ ਕਿਤਾਬਾਂ ਪੜ੍ਹਨੀਆਂ ਪੈਂਦੀਆਂ ਹਨ ਤੇ ਫੇਰ ਉਹ ਬਾਰ੍ਹਵੀਂ ਲਿਖਦਾ ਹੈ... ਪਰੰਤੂ ਤੁਹਾਡੀ ਕਿਤਾਬ ਤਾਂ ਤੁਹਾਡੇ ਤਜੱਰਬਿਆਂ ਤੇ ਆਧਾਰਤ ਹੈ ਤੇ ਸੱਚ ਦੇ ਨੇੜੇ ਹੈ।

ਏਧਰ ਜਸਪਾਲ ਜੀ ਸਿਡਨੀ ਤੋਂ ਜੁੜੇ ਨੇ ਜੀ ਤੇ ਲਿਖਦੇ ਨੇ ਕਿ ਡ੍ਰਾਈਵਿੰਗ

ਕਰ ਰਹੇ ਹਾਂ ਜੀ ਤੇ ਨਾਲ ਨਾਲ ਤੁਹਾਡਾ ਪ੍ਰੋਗਰਾਮ ਵੀ ਸੁਣ ਰਹੇ ਹਾਂ.... ਵਧੀਆ ਚੱਲ ਰਿਹੈ ਤੇ ਜਾਣਕਾਰੀ ਭਰਪੂਰ ਵੀ....

ਦੇਖੋ ਜੀ ਪੰਜਾਬ ਤੇ ਭਾਰਤ ਵਿੱਚ ਵੀ ਸਿੱਖਾਂ ਦੇ ਕਿੱਤੇ ਤਿੰਨ ਹੀ ਹਨ ਤੇ ਬਾਹਰ ਆ ਕੇ ਵੀ ਉਹ ਮੁਖ ਤੌਰ ਤੇ ਉਹੀ ਕੰਮ ਕਰ ਰਹੇ ਨੇ - ਖੇਤੀ, ਫੌਜ ਤੇ ਟ੍ਰਾਂਸਪੋਰਟ..... ਇੱਕ ਗੱਲ ਯਾਦ ਆ ਗਈ: ਕਲਕੱਤੇ ਵਿੱਚ ਵੀ ਆਪਣੇ ਸਿੱਖ ਭਾਈਚਾਰੇ ਦੇ ਬਹੁਤ ਬੰਦੇ ਟ੍ਰਾਂਸਪੋਰਟ ਅਤੇ ਟੈਕਸੀ ਦੇ ਧੰਦੇ ਵਿੱਚ ਨੇ ਤੇ ਡਰਾਇਵਰ ਜ਼ਿਆਦਾ ਨੇ। ੧੯੬੭ ਦੇ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਵੇਲੇ.... ਗੁਰਪੁਰਬ ਕੁਝ ਜ਼ਿਆਦਾ ਹੀ ਉਤਸ਼ਾਹ ਨਾਲ ਮਨਾਇਆ ਗਿਆ ਕਿਉਂਕਿ ਪੰਜਾਬ ਤੇ ਬੰਗਾਲ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਕਮਊਨਿਸਟਾਂ ਨਾਲ਼ ਸਾਂਝੀ ਸਰਕਾਰ ਸੀ ਤੇ ਦੋਹਾਂ ਨੇ ਮਿਲ ਕੇ ਇਹ ਦਿਹਾੜਾ ਆਮ ਨਾਲ਼ੋਂ ਵਧੇਰੇ ਉਤਸਾਹ ਨਾਲ ਮਨਾਇਆ। ਬਹੁਤ ਭਾਰੀ ਜਲੂਸ ਕੱਢਿਆ ਗਿਆ ਜਿਸ ਨੂੰ ਅੱਜ ਕਲ ਨਗਰ ਕੀਰਤਨ ਕਿਹਾ ਜਾਂਦਾ ਹੈ। ਉਸ ਜਲੂਸ ਵਿਚ ਬਹੁਤ ਸਾਰੀਆਂ ਹਰ ਪ੍ਰਕਾਰ ਦੀਆਂ ਗੱਡੀਆਂ ਦੀ ਬਹੁਤ ਹੀ ਲੰਮੀ ਲਾਈਨ ਸੀ ਤੇ ਭੀੜ ਵੀ ਬਹੁਤ ਸੀ। ਇੱਕ ਬੰਗਾਲੀ ਦੂਜੇ ਨੂੰ ਪੁੱਛਣ ਲੱਗਾ, "ਬਈ ਕੀ ਗੱਲ ਐ ਕਿ ਆਹ ਪੰਜਾਬੀ ਅੱਜ ਏਨੇ ਇਕੱਠੇ ਕਿਉ ਹੋਏ ਨੇ?" ਦੂਜੇ ਨੇ ਦੱਸਿਆ ਕਿ ਇਹਨਾਂ ਦੇ ਗੁਰੂ ਦਾ ਜਨਮ ਦਿਨ ਐ। ਤਾਂ ਪਹਿਲਾ ਬੰਗਾਲੀ ਕਹਿੰਦਾ, "ਅੱਛਾ ਉਹ ਤਾਂ ਫਿਰ ਬੜਾ ਵੱਡਾ ਡਰਾਇਵਰ ਹੋਣੈ?"

ਬਿਲਕੁਲ ਠੀਕ ਗਿਆਨੀ ਜੀ, ਗੁਰੂ ਨਾਨਕ ਤਾਂ ਬਹੁਤ ਵਧੀਆ ਡਰਾਈਵਰ ਸੀ, ਜਿਸ ਨੇ ਮੱਕੇ ਤੱਕ ਡਰਾਈਵ ਕੀਤਾ ਤੇ ਮਿਡਲ ਈਸਟ ਤੱਕ ਵੀ। ਕੋਈ ਇਲਾਕਾ ਨਹੀਂ ਛੱਡਿਆ?

ਇਵੇਂ ਈ ਆਹ ਆਪਣਾ ਖੁਸ਼ਵੰਤ ਸਿੰਘ ਜਦੋਂ ਇਲਸਟ੍ਰੇਟਿਡ ਵੀਕਲੀ ਆਫ਼ ਇੰਡੀਆ ਦਾ ਐਡੀਟਰ ਬਣਿਆ ੧੯੭੦ ਵਿੱਚ, ਤਾਂ ਇਸ ਨੇ ਸਪੈਸ਼ਲ ਨੰਬਰ ਕੱਢਣੇ ਸ਼ੁਰੂ ਕੀਤੇ ਸੀ.... ਕਬੀਰ ਪੰਥੀਆਂ ਦਾ, ਨਿਹੰਗਾਂ ਦਾ ਤੇ ਹੋਰ ਵੀ ਬਹੁਤ ਸਾਰੇ ਫਿਰਕਿਆਂ ਦਾ? ਏਸੇ ਤਰ੍ਹਾਂ ਇਸ ਨੇ ਇੱਕ ਵਾਰੀ ਜੱਟਾਂ ਦਾ ਨੰਬਰ ਕੱਢਿਆ ਤਾਂ ਇੱਕ ਨਾਨ ਸਿੱਖ ਬੰਦੇ ਨੇ ਲੇਖ ਲਿਖਿਆ ਕਿ ਇੱਕ ਜੱਟ ਸਿੱਖ ਭਾਵੇਂ ਕਮਾਂਡਰ ਇਨ ਚੀਫ਼ ਬਣ ਜਾਵੇ, ਭਾਵੇਂ ਪ੍ਰਧਾਨ ਮੰਤਰੀ ਬਣ ਜਾਵੇ ਜਾਂ ਰਾਸ਼ਟਰਪਤੀ ਬਣ ਜਾਵੇ, ਪਰ ਰਿਟਾਇਰਮੈਂਟ ਤੋਂ ਬਾਅਦ ਉਸ ਦਾ ਸੁਫ਼ਨਾ ਹੁੰਦਾ ਹੈ ਕਿ ਇੱਕ ਦਸਾਂ ਕੁ ਏਕੜਾਂ ਦਾ ਫਾਰਮ ਹੋਵੇ, ਟਿਊਬਵੈਲ ਲੱਗਾ ਹੋਵੇ ਤੇ ਤੂਤਾਂ ਦੀ ਛਾਂ ਹੋਵੇ! ਪਰ ਇਹ ਜੱਟਾਂ ਨੇ ਹੀ ਨਹੀਂ ਇਹਨਾਂ ਦੇ ਗੁਰੂ ਨੇ ਵੀ ਇਹੋ ਕੰਮ ਕੀਤਾ ਸੀ ਕਰਤਾਰ ਪੁਰ ਵਿਖੇ। ਕਹਿੰਦਾ ਬਈ ਬਾਬਾ ਨਾਨਕ ਤਕਰੀਬਨ ੭੦ ਸਾਲ ਦੁਨੀਆਂ 'ਚ ਘੁੰਮਦਾ ਰਿਹਾ, ਉਪਦੇਸ਼ ਦਿੰਦਾ ਰਿਹਾ ਸਾਰੀ ਦੁਨੀਆਂ ਨੂੰ ਜਗਾਹ ਜਗਾਹ ਜਾ ਕੇ ਪਰ ਅਖੀਰ ਇਹੋ ਨਿਚੋੜ ਕੱਢਿਆ ਕਿ ਆਪਣਾ ਹਲ਼ ਪੰਜਾਲ਼ੀ ਚੁੱਕ, "ਦੱਬ ਕੇ ਵਾਹ ਤੇ ਰੱਜ ਕੇ ਖਾਹ?" ਵਾਲ਼ਾ ਉਪਦੇਸ਼ ਹੀ ਠੀਕ ਹੈ?

ਗੁਰਦਾਸ ਮਾਨ ਜੀ ਜੁੜੇ ਨੇ ਸਾਡੇ ਨਾਲ ... ਸਤਿ ਸ੍ਰੀ ਅਕਾਲ ਬੁਲਾ ਕੇ ਪੁੱਛਦੇ ਨੇ ....ਮਾਨ ਜੀ, ਬਸ ਥੋਹੜੀ ਦੇਰ ਬਾਅਦ ਹੀ ਇਹਨਾਂ ਸਾਰੇ ਮਸਲਿਆਂ ਤੇ ਅਸੀਂ ਗੱਲਬਾਤ ਕਰਾਂਗੇ......

ਮਲਕੀਤ ਬਘਿਆਣਾ ਸਤਿ ਸ੍ਰੀ ਅਕਾਲ ਬੁਲਾ ਰਹੇ ਨੇ ਤੇ ਪੁੱਛ ਰਹੇ ਨੇ ਕਿ ਅਕਾਲੀ ਦਲ ਦਾ ਪਹਿਲਾ ਪ੍ਰਧਾਨ ਤੇਜਾ ਸਿੰਘ ਭੁੱਚਰ ਨਹੀਂ ਸੀ?

ਅਸਲ ਵਿੱਚ ਜਦੋਂ ਅਕਤੂਬਰ ੧੯੨੦ ਨੂੰ ਜਦੋਂ ਪੁਜਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੁੰਞਿਆਂ ਛੱਡ ਕੇ ਭੱਜ ਗਏ ਸੀ ਤਾਂ ਜਿਹੜਾ ਪਹਿਲਾ ਜੱਥਾ, ਜਿਸ ਵਿੱਚ ੨੫ ਸੇਵਾਦਾਰ ਸ਼ਾਮਲ ਸਨ, ਤੇਜਾ ਸਿੰਘ ਭੁੱਚਰ ਦੀ ਅਗਵਾਈ ਵਿੱਚ ਸੇਵਾ ਤੇ ਲਗਾਇਆ ਗਿਆ ਸੀ ਤੇ ਉਹ ਉਸ ਸੇਵਕ ਜਥੇ ਦੇ ਜਥੇਦਾਰ ਸਨ।

ਗਿਆਨੀ ਜੀ, ਹੁਣ ਆਪਾਂ ਗੱਲ ਕਰਨੀ ਹੈ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸਕ ਪੱਖ ਦੀ ਕਿ ਇਸ ਸੰਸਥਾ ਵਿੱਚ ਕਈ ਇਸ ਤਰ੍ਹਾਂ ਦੇ ਲੀਡਰ ਆਏ ਜਿਨ੍ਹਾਂ ਨੇ ਇਸ ਸੰਸਥਾ ਨੂੰ ਉਪਰ ਚੁੱਕਿਆ ਤੇ ਕਈ ਲੀਡਰਾਂ ਕਰਕੇ ਇਸ ਸੰਸਥਾ ਨੂੰ ਨਮੋਸ਼ੀ ਵੀ ਝੱਲਣੀ ਪਈ? ਜੇ ਅੱਜ ਦਾ ਸਮਾ ਜੋ ਚਲ ਰਿਹਾ ਹੈ ਅੱਜ ਦੇ ਲੀਡਰਾਂ ਤੇ ਲੱਗੇ ਇਲਜ਼ਾਮਾਤ ਨੂੰ ਲੈ ਕੇ ਚਾਹੇ ਉਹ ਪਰਵਾਰਵਾਦ ਹੋਵੇ, ਨਸ਼ੇ ਦਾ ਮਸਲਾ ਹੋਵੇ, ਸ਼ੋਭਾ ਨੀ ਦਿੰਦੇ..... ਕਿ ਲੀਡਰਾਂ ਦੇ ਉਪਰ ਇਹੋ ਜਿਹੇ ਦੋਸ਼ ਲੱਗਣ..... ਜਦੋਂ ਸਰਕਾਰ ਉਹਨਾਂ ਦੀ ਆਪਣੀ ਹੈ ਤਾਂ ਉਹਨਾਂ ਨੂੰ ਚਾਹੀਦਾ ਹੈ ਇਸ ਸਭ ਤੋਂ ਪੰਜਾਬ ਨੂੰ ਮੁਕਤ ਕੀਤਾ ਜਾਵੇ; ਤੇ ਦੂਜੀ ਗੱਲ ਹੈ ਟਕਸਾਲ ਬਾਰੇ..... ਦਮਦਮੀ ਟਕਸਾਲ ਦਾ ਮਾਣਮੱਤਾ ਇਤਿਹਾਸ ਸਾਂਝਾ ਕਰੋ ਸਾਡੇ ਨਾਲ.....

ਹਾਂ ਜੀ..... ਇਸ ਜੱਥੇ ਨੂੰ ਪਹਿਲਾਂ ਭਿੰਡਰਾਂਵਾਲ਼ਾ ਜੱਥਾ ਕਿਹਾ ਜਾਂਦਾ ਸੀ? ਪਿਛਲੇ ਅਧੀ ਕੁ ਸਦੀ ਦੇ ਸਮੇਂ ਤੋਂ ਇਸ ਜੱਥੇ ਦਾ ਨਾਮ ਦਮਦਮੀ ਟਕਸਾਲ ਪ੍ਰਸਿੱਧ ਹੋ ਗਿਆ ਹੈ। ਇਸ ਤੇ ਕਿਸੇ ਨੂੰ ਕੋਈ ਇਤਰਾਜ਼ ਨਹੀ ਹੋਣਾ ਚਾਹੀਦਾ। ਜਦੋਂ ਉਹ ਜਥਾ ਹੀ ਆਪਣੇ ਆਪ ਨੂੰ ਦਮਦਮੀ ਟਕਸਾਲ ਕਹਾ ਕੇ ਖੁਸ਼ ਹੈ ਤਾਂ ਕੋਈ ਹੋਰ ਕਿਉਂ ਨਾਰਾਜ਼ਗੀ ਮੰਨੇ!

ਤਾਂ ਗਿਆਨੀ ਜੀ ਏਥੇ ਇਹ ਪ੍ਰਸ਼ਨ ਵੀ ਉਠਦਾ ਹੈ ਕੀ ਇਸ ਜਥੇ ਨੂੰ ਬਾਬਾ ਦੀਪ ਸਿੰਘ ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਵੀ ਜੋੜਿਆ ਜਾਂਦਾ ਹੈ?

ਉਹ ਏਦੈਂ ਜੀ ਕਿ ਮੈਂ ਆਪਣੇ ਬਚਪਨ ਵਿੱਚ ਇੱਕ ਕਿਤਾਬ ਪੜ੍ਹੀ ਸੀ ਸੰਤ ਸੁੰਦਰ ਸਿੰਘ ਜੀ ਦੀ ਜੀਵਨੀ ਜੇਹੜੇ ਕਿ ਸੰਤ ਗੁਰਬਚਨ ਸਿੰਘ ਜੀ ਤੋਂ ਪਹਿਲਾਂ ਹੋਏ ਨੇ; ਉਹਨਾਂ ਦਾ ਪਿੰਡ ਭਿੰਡਰਾਂ ਹੁੰਦਾ ਸੀ ਤੇ ਉਹਨਾਂ ਨੇ ਵਿੱਦਿਆ ਹਾਸਲ ਕੀਤੀ ਸੀ ਸੰਤ ਬਿਸ਼ਨ ਸਿੰਘ ਮੁਰਾਲੇ ਵਾਲਿਆਂ ਪਾਸੋਂ, ਤੇ ਇਸ ਤਰ੍ਹਾਂ ਜਦੋਂ ਇਸ ਕਿਤਾਬ ਰਾਹੀਂ ਲੜੀ ਦਰ ਲੜੀ ਜੋੜੀ ਗਈ ਤਾਂ ਉਹ ਜਾ ਕੇ ਬਾਬਾ ਦੀਪ ਸਿੰਘ ਜੀ ਨਾਲ

ਮਿਲ ਗਈ? ਓਸੇ ਕਿਤਾਬ ਤੋਂ ਹੀ ਪਤਾ ਲਗਦਾ ਹੈ ਕਿ ਇਹ ਲੜੀ ਬਾਬਾ ਦੀਪ ਸਿੰਘ ਜੀ ਨਾਲ ਜੁੜੀ ਹੈ। ਟਕਸਾਲ ਵਾਲਿਆਂ ਨੇ ਆਪਣੇ ਇਤਿਹਾਸਕ ਲਿਟ੍ਰੇਚਰ ਵਿੱਚ ਸੰਤ ਬਾਬਾ ਸੁੰਦਰ ਸਿੰਘ ਦੀ ਜੀਵਨੀ ਰਾਹੀਂ ਬਾਬਾ ਦੀਪ ਸਿੰਘ ਜੀ, ਦਯਾ ਸਿੰਘ ਜੀ, ਰਣ ਸਿੰਘ ਜੀ, ਤੇ ਭਾਈ ਵੀਰ ਸਿੰਘ ਜੀ ਵੀ ਲਿਆ ਕੇ ਸੰਤ ਬਾਬਾ ਜਰਨੈਲ ਸਿੰਘ ਜੀ ਤੱਕ ਇਹ ਲੜੀ ਬਣਦੀ ਹੈ ਅਤੇ ਸੰਤ ਜਰਨੈਲ ਸਿੰਘ ਜੀ ਤੋਂ ਬਾਅਦ ਇਹ ਲੜੀ ਚਾਰ ਥਾਈਂ ਵੰਡੀ ਗਈ ਹੈ? ਪਹਿਲਾਂ ਸੰਤ ਕਰਤਾਰ ਸਿੰਘ ਹੋਣਾਂ ਵੇਲੇ ਦੋ ਥਾਈਂ ਵੰਡੀ ਗਈ ਸੀ? ਉਹ 'ਭਿੰਡਰਾਂਵਾਲੇ' ਤਾਂ ਭਿੰਡਰੀਂ ਹੀ ਰਹਿ ਗਏ ਤੇ ਸੰਗਤਾਂ ਨੇ ਮਾਨਤਾ ਮਹਿਤੇ ਵਾਲਿਆਂ ਨੂੰ ਦੇ ਦਿੱਤੀ। ਮਹਿਤੇ ਵਾਲੇ ਵੀ ਸੰਤਾਂ ਦੀ ਸ਼ਹਾਦਤ ਤੋਂ ਬਾਅਦ ਹੁਣ ਚਾਰ ਥਾਂਈਂ ਵੰਡੇ ਗਏ ਨੇ? ਬਸ ਜੀ, ਕੌਣ ਠੀਕ ਐ ਤੇ ਕੋਣ ਗਲਤ, ਇਹ ਤਾਂ ਪੰਜਾਬ 'ਚ ਰਹਿ ਰਹੇ ਸਿੱਖਾਂ ਨੇ ਫੈਸਲਾ ਕਰਨੈ।

ਮੁਕਤਸਰ ਦੀ ੧੯੭੧ ਵਾਲ਼ੇ ਮਾਘੀ ਦੇ ਮੇਲੇ ਸਮੇ ਤੰਬੂ ਸਾਹਬ ਗੁਰਦੁਆਰੇ ਵਿਖੇ, ਸਜ ਰਹੇ ਦੀਵਾਨ ਵਿਚ ਮੈਂ ਸਟੇਜ ਸਕੱਤਰ ਦੀ ਸੇਵਾ ਨਿਭਾ ਰਿਹਾ ਸੀ। ਸੰਤ ਕਰਤਾਰ ਸਿੰਘ ਜੀ ਜਥੇ ਨਾਲ ਆਏ ਸਨ। ਉਹਨਾਂ ਨੂੰ ਆਉਂਦਿਆਂ ਵੇਖ ਕੇ ਮੈਂ ਢਾਡੀ ਜਥੇ ਦੇ ਪ੍ਰਸੰਗ ਨੂੰ ਵਿਚੇ ਰੋਕ ਕੇ ਇਉਂ ਆਖਿਆ, "ਚੱਕਰਵਰਤੀ ਸਿੱਖ ਯੂਨੀਵਰਸਿਟੀ ਦੇ ਚਾਂਸਲਰ ਸਾਹਿਬ ਪਧਾਰ ਰਹੇ ਹਨ। ਉਹਨਾਂ ਦੇ ਸਵਾਗਤ ਵਜੋਂ ਜੈਕਾਰਾ ਬੁਲਾਈਏ" ਤੇ ਸੰਗਤ ਨੇ ਭਾਰੀ ਬੁਲੰਦ ਆਵਾਜ਼ ਵਿਚ ਜੈਕਾਰਾ ਬੁਲਾਇਆ। ਉਸ ਤੋਂ ਬਾਅਦ ਉਹਨਾਂ ਨੇ ਆਪਣੀਆਂ ਗੱਡੀਆਂ ਤੇ 'ਚੱਕਰਵਰਤੀ ਸਿੱਖ ਯੂਨੀਵਰਸਿਟੀ' ਲਿੱਖਣਾ ਸ਼ੁਰੂ ਕਰ ਦਿੱਤਾ। ਮੇਰੇ ਕਹਿਣ ਦਾ ਭਾਵ ਕਿ ਦਮਦਮੀ ਟਕਸਾਲ ਸਿੱਖ ਧਾਰਮਿਕ ਵਿੱਦਿਆ ਦੀ ਯੂਨੀਵਰਸਿਟੀ ਐ, ਕਿਉਂਕਿ ਇਹਨਾਂ ਦਾ ਕਾਰਜ ਹੈ ਅੰਮ੍ਰਿਤ ਛਕਾਉਣਾ, ਦਸਤਾਰਾਂ ਸਜਾ ਕੇ ਗੁਰਮੁਖਾਂ ਵਾਲਾ ਲਿਬਾਸ ਰੱਖਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖੀ ਦਾ ਸਤਿਕਾਰ ਸਮਝਾਉਣਾ? ਵਿਦਿਆਰਥੀਆਂ ਨੂੰ ਧਰਮ ਦਾ ਪ੍ਰਚਾਰ ਕਰਨ ਕਰਨ ਦੀ ਸਿਖਲਾਈ ਦੇਣੀ। ਪਹਿਲਾਂ ਸੰਤ ਗੁਰਬਚਨ ਸਿੰਘ ਜੀ ਵੇਲੇ ਤਾਂ ਕਥਾ ਉਪਰ ਜ਼ਿਆਦਾ ਜ਼ੋਰ ਹੁੰਦਾ ਸੀ? ਫਿਰ ਮਹਿਤੇ ਸੰਤ ਕਰਤਾਰ ਸਿੰਘ ਜੀ ਦੀ ਅਗਵਾਈ ਹੇਠ ਵਿਦਿਆਲਾ ਬਣਾ ਕੇ, "ਕਥਾ ਕੀਰਤਨ ਸੁਖਦਾਈ" ਦੇ ਉਪਦੇਸ਼ ਅਨੁਸਾਰ ਦੋਹਾਂ ਦਾ ਸੁਮੇਲ ਆਰੰਭ ਕਰ ਦਿਤਾ ਗਿਆ। ਇਸ ਟਕਸਾਲ ਤੋਂ ਧਾਰਮਿਕ ਵਿੱਦਿਆ ਪੜ੍ਹੇ ਹੋਏ ਵਿਦਵਾਨ, ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿਚਲੇ ਤਕਰੀਬਨ ਸਾਰੇ ਹੀ ਗੁਰਦੁਆਰਿਆਂ ਵਿੱਚ ਗ੍ਰੰਥੀ, ਹੈਡ ਗ੍ਰੰਥੀ, ਕਥਾਵਾਚਕ ਆਦਿ ਪਦਵੀਆਂ ਉਪਰ ਸੇਵਾ ਕਰਦੇ ਸਨ ਤੇ ਹਨ। ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਸਿੱਖ ਗੁਰੂਧਾਮਾਂ ਦੇ ਪ੍ਰਬੰਧ ਕਰਦੀ ਹੁੰਦੀ ਸੀ, ਸ਼੍ਰੋਮਣੀ ਅਕਾਲੀ ਦਲ ਦਾ ਉਸ ਦੇ ਉਪਰ ਕੰਟ੍ਰੋਲ ਹੁੰਦਾ ਸੀ ਉਹ ਰਾਜਨੀਤੀ ਵਿੱਚ ਕੰਮ ਕਰਦੀ ਸੀ ਤੇ ਦਮਦਮੀ

ਟਕਸਾਲ ਵਿਦਵਾਨ ਪੈਦਾ ਕਰਕੇ ਪੰਥ ਨੂੰ ਦਿੰਦੀ ਸੀ। ਇਸ ਤਰ੍ਹਾਂ ਇਹਨਾਂ ਤਿੰਨਾਂ ਧਾਰਮਿਕ ਅਦਾਰਿਆਂ ਦਾ ਸਿੱਖ ਕੌਮ ਦੀ ਚੜ੍ਹਦੀਕਲਾ ਵਿੱਚ ਯੋਗਦਾਨ ਚਲਦਾ ਹੀ ਆ ਰਿਹਾ ਸੀ ਤੇ ਹੈ। ਫੇਰ ਆਹ ਮੰਦਭਾਗੀਆਂ ਘਟਨਾਵਾਂ ਵਾਪਰੀਆਂ। ਮੈਂ ਕੁਝ ਸਾਲ ਪਹਿਲਾਂ 'ਅਕਾਲੀ ਤੇ ਟਕਸਾਲ ਟਕਰਾ' ਨਾਂ ਦਾ ਇੱਕ ਲੇਖ ਲਿਖਿਆ ਸੀ ਜੋ ਕਿ ਮੇਰੀ ਕਿਤਾਬ 'ਬਾਤਾਂ ਬੀਤੇ ਦੀਆਂ' ਵਿੱਚ ਵੀ ਸ਼ਾਮਲ ਹੈ? ਉਸ ਵਿਚ ਦੱਸਿਆ ਹੈ ਕਿ ਕਿੱਥੋਂ ਇਹਨਾਂ ਦਾ ਆਪਸ ਵਿੱਚ ਵਿਰੋਧ ਸ਼ੁਰੂ ਹੋਇਆ ਤੇ ਸੰਤ ਕਰਤਾਰ ਸਿੰਘ ਹੋਰਾਂ ਤੱਕ ਉਹਨਾਂ ਇਸ ਵਿਰੋਧ ਨੂੰ ਪਰਗਟ ਨਹੀਂ ਹੋਣ ਦਿੱਤਾ ਤੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨਾਲ ਮਿਲਵਰਤਣ ਜਾਰੀ ਰੱਖਿਆ। ੧੯੭੮ ਦੇ ਅੰਮ੍ਰਿਤਸਰ ਦੇ ਮੰਦਭਾਗੇ ਕਾਂਡ ਤੋਂ ਬਾਅਦ ਅਕਾਲੀ ਲੀਡਰਸ਼ਿਪ ਤੇ ਟਕਸਾਲ ਦੇ ਆਗੂ ਸੰਤ ਜਰਨੈਲ ਸਿੰਘ ਜੀ ਵਿੱਚ ਏਨੇ ਮੱਤਭੇਦ ਹੋ ਗਏ ਤੇ ਵੱਧਦੇ ਹੀ ਗਏ। ਕੌਮ ਦੀ ਬਦਕਿਸਮਤੀ ਹੈ ਕਿ ਇਹ ਤਾਲਮੇਲ ਦੋਹਾਂ ਸੰਸਥਾਵਾਂ ਦਰਮਿਆਨ ਓਨਾਂ ਨਹੀਂ ਰਹਿ ਸਕਿਆ ਜਿਨਾਂ ਕਿ ਪਹਿਲਾਂ ਸੀ। ਅਸੀਂ ਤਾਂ ਵਾਹਿਗੁਰੂ ਅੱਗੇ ਅਰਦਾਸ ਹੀ ਕਰ ਸਕਦੇ ਹਾਂ ਕਿ ਵਾਹਿਗੁਰੂ ਕਿਰਪਾ ਕਰੇ ਕਿ ਪਹਿਲਾਂ ਵਾਂਙੂ ਹੀ ਇਹਨਾਂ ਦਾ ਆਪਸ ਵਿੱਚ ਸਹਿਯੋਗ ਹੋਵੇ!

ਗਿਆਨੀ ਜੀ, ਹੁਣ ਆਪਾਂ ਮੁੱਖ ਮੁੱਦੇ ਤੇ ਆਈਏ ਕਿ ਜਿਹੜੀ ਆਪਸ ਵਿੱਚ ਹੁਣ ਜੰਗ ਚਲ ਰਹੀ ਹੈ; ਮਤਲਬ ਪਹਿਲਾਂ ਵਿਚਾਰਾਂ ਦੀ ਜੰਗ ਤੇ ਫੇਰ ਸ਼ਬਦਾਂ ਦੀ ਸ਼ੁਰੂ ਹੋ ਗਈ। ਫੇਰ ਕੌੜੀ ਬੋਲੀ ਦੀ ਤੇ ਹੁਣ ਗੋਲ਼ੀ ਦੀ ਜੰਗ ਚੱਲ ਪਈ ਹੈ? ਹੁਣ ਤਾਂ ਇਹ ਮੱਤਭੇਦ ਜਗ ਜਾਹਰ ਨੇ। ਫੇਰ ਦਮਦਮੀ ਟਕਸਾਲ ਦੇ ਸੰਤਾਂ ਨੇ ਕਿਵੇਂ ਮੂਲ ਨਾਨਕਸ਼ਾਹੀ ਕਲੰਡਰ ਦਾ ਘਾਣ ਕੀਤਾ ਇਹ ਵੀ ਹੁਣ ਜੱਗ ਜਾਹਰ ਹੈ। ਫੇਰ ਅੱਜ ਦੇ ਸਮੇ ਵਿੱਚ ਓਸੇ ਹੀ ਸੰਤ ਸਮਾਜ ਵਿੱਚ ਆਪਸੀ ਫੁੱਟ ਕਾਰਨ ਦੂਸ਼ਤ ਬਿਆਨਬਾਜੀ ਹੋ ਰਹੀ ਹੈ। ਪਹਿਲਾਂ ਸੰਤ ਹਰਨਾਮ ਸਿੰਘ ਧੁੰਮਾ ਨੇ ਸੰਤ ਰਣਜੀਤ ਸਿੰਘ ਢਡਰੀਆਂ ਵਾਲਿਆਂ ਤੇ ਸ਼ਬਦੀ ਵਾਰ ਕੀਤਾ ਤੇ ਉਸ ਤੋਂ ਬਾਅਦ ਸੰਤ ਰਣਜੀਤ ਸਿੰਘ ਢਡਰੀਆਂ ਵਾਲਿਆਂ ਨੇ ਸਟੇਜ ਦੇ ਉਤੋਂ ਧੁੰਮਾ ਜੀ ਨੂੰ ਖਰੀਆਂ ਖਰੀਆਂ ਸੁਣਾਈਆਂ। ਮੈਂ ਤਾਂ ਖੈਰ ਇਸ ਗੱਲ ਨੂੰ ਠੀਕ ਨਹੀਂ ਸਮਝਦਾ; ਕਿਉਂਕਿ ਕਿਸੇ ਨੂੰ ਬਾਘੜ ਬਿੱਲਾ ਕਹਿਣਾ ਪ੍ਰਚਾਰਕ ਨੂੰ ਸੋਭਾ ਨੀ ਦਿੰਦਾ। ਆਹ ਸਭ ਵੱਧਦਾ ਵੱਧਦਾ ਛਬੀਲ ਮੌਕੇ ਗੋਲੀ ਕਾਂਡ ਵਿੱਚ ਬਦਲ ਗਿਆ ਤੇ ਇੱਕ ਸਿੰਘ ਜਾਨ ਵੀ ਗੁਆ ਬੈਠਾ? ਉਹ ਜੇਹੜੀ ਲੀਡਰਸ਼ਿਪ ਐ ਦਮਦਮੀ ਟਕਸਾਲ ਦੀ, ਜਿਸ ਦੀ ਅਗਵਾਈ ਸੰਤ ਹਰਨਾਮ ਸਿੰਘ ਧੁੰਮਾ ਕਰ ਰਹੇ ਨੇ, ਉਸ ਟਕਸਾਲ ਨੂੰ ਹੋਰ ਲੀਡਰ ਵੀ ਮੰਨਦੇ ਨੇ, ਜਿਵੇਂ ਤੁਸੀ ਵੀ ਆਪਣੇ ਆਪ ਨੂੰ ਅਕਾਲੀ ਮੰਨਦੇ ਹੋ ਤਾਂ ਤੁਹਾਨੂੰ ਵੀ ਮੰਨਣਾ ਪਵੇਗਾ ਕਿ ਅੱਜ ਤੁਹਾਡਾ ਲੀਡਰ ਪ੍ਰਕਾਸ਼ ਸਿੰਘ ਬਾਦਲ ਹੈ.... ਬਹੁਤ ਸਾਰੇ ਰਿਵਾਇਤੀ ਅਕਾਲੀ ਤਾਂ ਦਲ ਨੂੰ ਛੱਡ ਕੇ ਵੀ ਜਾ ਚੁਕੇ ਹਨ, ਲੀਡਰਸ਼ਿਪ ਤੋਂ ਖੁਸ਼

ਨਾ ਹੋਣ ਕਾਰਨ। ਦੂਜੀਆਂ ਪਾਰਟੀਆਂ ਵਿੱਚ ਸ਼ਾਮਲ ਹੋ ਰਹੇ ਨੇ। ਡਾ.ਦਲਜੀਤ ਸਿੰਘ ਮਹਿਤਾ ਚੌਂਕ ਨੇ ਵੀ ਪੁਸ਼ਟੀ ਕੀਤੀ ਕਿ ਇਸ ਨੂੰ ਪਸੰਦ ਨਹੀਂ ਕਰਦੇ। ਆਪਾਂ ਗੱਲ ਤੇ ਆਈਏ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਦਮਦਮੀ ਟਕਸਾਲ ਦੇ ਮੌਜੂਦਾ ਲੀਡਰਾਂ ਦੇ ਕਿਰਦਾਰ ਬਾਰੇ; ਕੀ ਇਹ ਦੋਹਾਂ ਧਿਰਾਂ ਦੀ ਲੀਡਰਸ਼ਿਪ ਵਿੱਚ ਬਰਾਬਰ ਦੀ ਸਮੱਸਿਆ ਨਹੀਂ?

ਅਮਨਦੀਪ ਸਿੰਘ ਜੀ, ਡਾ. ਦਲਜੀਤ ਸਿੰਘ ਜੀ ਨੇੜੇ ਰਹਿੰਦੇ ਨੇ ਤੇ ਬੜੇ ਹੀ ਸੁਲਝੇ ਹੋਏ ਨੌਜਵਾਨ ਨੇ ਤੇ ਹਾਲਾਤ ਤੋਂ ਵਾਕਫ਼ ਵੀ ਹਨ ਤੇ ਉਹ ਵੀ ਮੇਰੇ ਤੋਂ ਜ਼ਿਅਦਾ। ਮੈਂ ਇਸ ਘਟਨਾ ਤੋਂ ਬਾਅਦ ਕੌਮ ਪ੍ਰਤੀ ਬਹੁਤ ਹੀ ਚਿੰਤਤ ਰਿਹਾਂ ਤੇ ਆਹ ਗੋਲੀ ਕਾਂਡ ਤੋ ਬਾਅਦ ਹੀ ਮੈਨੂੰ ਪਤਾ ਲੱਗਿਆ ਕਿ ਇਹਨਾਂ ਦੀ ਆਪਸ ਵਿੱਚ ਸ਼ਬਦੀ ਜੰਗ ਸੀ। ਮੀਡੀਆ ਵੀ ਦਾਅਵੇ ਨਾਲ ਕਹਿੰਦਾ ਹੈ ਕਿ ਇਹ ਗੋਲੀ ਕਾਂਡ ਓਸੇ ਸ਼ਬਦੀ ਜੰਗ ਦਾ ਹੀ ਨਤੀਜਾ ਹੈ ਪਰ ਮੈਂ ਇਸ ਨੂੰ ਦਾਅਵੇ ਨਾਲ ਨਹੀਂ ਕਹਿ ਸਕਦਾ। ਆਹ ਵੀ ਠੀਕ ਨਹੀਂ ਕਿ ਇੱਕ ਸਿੱਖ ਪ੍ਰਚਾਰਕ ਜੇ ਕੋਈ ਗੱਲ ਕਰਦੈ ਤਾਂ ਗੋਲੀਆਂ ਨਾਲ ਉਸ ਦਾ ਮੂੰਹ ਬੰਦ ਕਰ ਦਿਓ। ਮੇਰੀ ਸੋਚ ਤਾਂ ਓਥੇ ਚਲੀ ਗਈ ਜਦੋਂ ਖਾਲਸਾ ਰਾਜ ਦੀ ਸਮਾਪਤੀ ਸ਼ੁਰੂ ਹੋਈ ਸੀ: ਅੱਧੀ ਰਾਤ ਨੂੰ ਖਾਲਸਾ ਰਾਜ ਵਿੱਚ ਪਹਿਲਾ ਕਤਲ ਚੇਤ ਸਿੰਘ ਬਾਜਵੇ ਦਾ ਹੋਇਆ ਸੀ। ਉਸ ਸਮੇ ਮਹਾਂਰਾਜਾ ਖੜਕ ਸਿੰਘ ਨੇ ਧਾਹ ਮਾਰੀ ਸੀ ਕਿ ਮੇਰਾ ਯਾਰ ਮਾਰਿਆ ਤਾਂ ਹੁਣ ਤਾਂ ਏਥੇ ਦਰਬਾਰ ਵਿਚ ਤਲਵਾਰ ਹੀ ਚੱਲੇਗੀ, ਘਾਣ ਹੋਣਗੇ? ਇਤਿਹਾਸ ਤੁਹਾਡੇ ਸਾਹਮਣੇ ਹੈ? ਰੱਬ ਅੱਗੇ ਮੇਰੀ ਫੇਰ ਅਰਦਾਸ ਹੈ ਕਿ ਰੱਬਾ ਮਿਹਰ ਕਰੀਂ ਕਿ ਕਿਤੇ ਓਦਾਂ ਦਾ ਕਤਲ-ਏ-ਆਮ ਫੇਰ ਨਾ ਸ਼ੁਰੂ ਹੋ ਜਾਵੇ! ਹੁਣ ਸਰਕਾਰ ਦਾ ਤੇ ਪੁਲਿਸ ਦਾ ਇਹ ਫਰਜ਼ ਬਣਦੈ ਕਿ ਉਹ ਪੂਰੀ ਪੜਤਾਲ ਕਰਨ ਤੇ ਨਾਜਾਇਜ਼ ਬੰਦਿਆਂ ਨੂੰ ਟਾਰਚਰ ਨਾ ਕੀਤਾ ਜਾਵੇ। ਅਸਲ ਦੋਸ਼ੀਆਂ ਨੂੰ ਫੜ ਕੇ ਜਨਤਾ ਦੇ ਸਾਹਮਣੇ ਪੇਸ਼ ਕੀਤਾ ਜਾਵੇ; ਤੇ ਚਾਹੇ ਉਹ ਕੋਈ ਵੀ ਹੋਣ! ਉਹਨਾਂ ਨੂੰ ਕਾਨੂੰਨ ਦੇ ਮੁਤਾਬਕ ਢੁਕਵੀਂ ਸਜ਼ਾ ਦਿੱਤੀ ਜਾਵੇ?

ਗਿਆਨੀ ਜੀ ਤੁਸੀਂ ਜੇਹੜੀ ਗੱਲ ਕੀਤੀ ਹੈ ਕਿ ਨਿਰਦੋਸ਼ ਵਿਅਕਤੀਆਂ ਨੂੰ ਟਾਰਚਰ ਨਾ ਕੀਤਾ ਜਾਵੇ। ਉਸ ਹਮਲੇ ਵੇਲੇ ਚਾਲ਼ੀ ਤੋਂ ਪੰਜਾਹ ਵਿਅਕਤੀ ਸ਼ਾਮਲ ਸਨ ਤੇ ਖਬਰ ਇਹ ਵੀ ਹੈ ਕਿ ਕੁਝ ਸਿੰਘ ਦੁਕਾਨਾਂ ਤੋਂ ਫਰੂਟੀਆਂ ਖਰੀਦਦੇ ਵੀਡੀਓ ਰਾਹੀਂ ਦਿਖਾਏ ਗਏ ਹਨ ਤੇ ਲੁਧਿਆਣੇ ਦੇ ਟੋਲ ਪਲਾਜ਼ਾ ਵਿੱਚੋਂ ਵੀ ਉਹਨਾਂ ਦੀਆਂ ਗੱਡੀਆਂ ਲੰਘੀਆਂ ਨੇ। ਜਦੋਂ ਉਹਨਾਂ ਨੂੰ ਫੜਿਆ ਗਿਆ ਤੇ ਉਹਨਾਂ ਦੇ ਪਰਵਾਰਾਂ ਕੋਲੋਂ ਵੀ ਪੁੱਛਗਿੱਛ ਕੀਤੀ ਗਈ ਤਾਂ ਗੱਲ ਇਹ ਸਾਹਮਣੇ ਆਈ ਕਿ ਉਹਨਾਂ ਵਿੱਚ ਸਿਰਫ ਚਾਰ ਪੰਜ ਵਿਅਕਤੀਆਂ ਨੂੰ ਹੀ ਪਤਾ ਸੀ ਕਿ ਉਹ ਕਿਸ ਵਾਰਦਾਤ ਨੂੰ ਅੰਜਾਮ ਦੇਣ ਜਾ ਰਹੇ ਹਨ। ਉਹਨਾਂ ਦੇ ਪਰਵਾਰਕ ਮੈਂਬਰਾਂ ਨੇ ਬਾਕਾਇਦਾ ਬਿਆਨ ਦਿਤੇ ਕਿ ਉਹਨਾਂ ਦੇ ਬੰਦਿਆਂ ਨੂੰ ਇਹ ਕਹਿ ਕੇ ਲਿਆਂਦਾ ਗਿਆ ਕਿ ਛਬੀਲ

ਲਾਉਣ ਜਾ ਰਹੇ ਨੇ ਤੇ ਸੇਵਾਦਾਰਾਂ ਦੀ ਲੋੜ ਹੈ। ਹੁਣ ਜੇ ਗੱਲ ਕਰੀਏ ਦਮਦਮੀ ਟਕਸਾਲ ਦੇ ਮੋਢੀ ਬਾਬਾ ਦੀਪ ਸਿੰਘ ਜੀ ਦੀ: ਉਹਨਾਂ ਨੇ ਖੰਢੇ ਦੀ ਧਾਰ ਨਾਲ ਜ਼ਮੀਨ ਤੇ ਲੀਕ ਖਿੱਚ ਦਿੱਤੀ ਸੀ ਕਿ ਅਸੀ ਆਹ ਕੰਮ ਕਰਨ ਚੱਲੇ ਆਂ, ਭਈ ਜਿਸ ਨੇ ਸਾਡਾ ਸਾਥ ਦੇਣੈ ਲਕੀਰ ਦੇ ਇਸ ਪਾਸੇ ਆ ਜਾਓ? ਹੁਣ ਜੇ ਗੱਲ ਜਰਨੈਲ ਸਿੰਘ ਭਿੰਡਰਾਵਾਲਿਆਂ ਦੀ ਗੱਲ ਵੀ ਕਰੀਏ ਤਾਂ ਇਹ ਉਹਨਾਂ ਵੱਲੋਂ ਸਾਫ਼ ਸੀ ਕਿ ਅਸੀਂ ਹਿੰਦ ਸਰਕਾਰ ਦੀ ਫੌਜ ਨਾ.ਲ ਜੰਗ ਲੜਨੀ ਹੈ? ਉਹਨਾਂ ਇਹ ਤਾਂ ਨਹੀਂ ਕਿਹਾ ਕਿ ਕੋਈ ਗੱਲ ਨਹੀਂ; ਬੈਠੇ ਰਹੋ; ਸਮਝੌਤਾ ਕਰ ਲਵਾਂਗੇ? ਉਹਨਾਂ ਨੇ ਵੀ ਕਿਸੇ ਨੂੰ ਲਾਰਾ ਨਹੀਂ ਸੀ ਲਾਇਆ?  ਛਬੀਲ ਕਾਂਡ ਵੇਲੇ ਜੋ ਕੁਝ ਹੋਇਆ, ਕੀ ਦਮਦਮੀ ਟਕਸਾਲ ਦੀ ਰਿਵਾਇਤ ਵਿੱਚ ਫਰਕ ਨਹੀ? ਸਪੈਸ਼ਲ ਇੱਕ ਬੰਬਈ ਤੋਂ ਸ਼ੂਟਰ ਮੰਗਵਾਇਆ ਗਿਆ? ਮੈਂ ਇਹ ਪੁੱਛਣਾ ਚਾਹੁੰਦਾਂ ਕਿ ਕੀ ਪੰਜਾਬ 'ਚ ਸ਼ੂਟਰ ਮੁੱਕ ਗਏ?

ਦੇਖੋ ਅਮਨਦੀਪ ਜੀ, ਇਹ ਸਿੱਖ ਇਤਿਹਾਸ ਵਿੱਚ ਬਹੁਤ ਹੀ ਮੰਦਭਾਗੀ ਘਟਨਾ ਹੈ ਕਿ ਇੱਕ ਸਿੱਖ ਪ੍ਰਚਾਰਕ ਤੇ ਹਮਲਾ ਹੋਇਆ ਤੇ ਉਸ ਦਾ ਇੱਕ ਸਿੱਖ ਪ੍ਰਚਾਰਕ ਸਾਥੀ ਮਾਰਿਆ ਵੀ ਗਿਆ? ਦੱਸਿਆ ਤਾਂ ਇਹ ਵੀ ਗਿਆ ਹੈ ਕਿ ਹਮਲੇ ਤੋਂ ਬਾਅਦ ਤਕਰੀਬਨ ਚਾਰ ਕਿਲੋਮੀਟਰ ਤੱਕ ਉਹਨਾਂ ਦਾ ਪਿੱਛਾ ਵੀ ਕੀਤਾ ਗਿਆ ਤੇ ਉਹਨਾਂ ਦੀਆਂ ਗੱਡੀਆਂ ਦੇ ਟਾਇਰ ਗੋਲੀਆਂ ਨਾਲ ਪਾੜੇ ਗਏ? ਉਹਨਾਂ ਨੇ ਇੱਕ ਉਸਾਰੀ ਅਧੀਨ ਇਮਾਰਤ ਵਿੱਚ ਲੁਕ ਕੇ ਜਾਨ ਬਚਾਈ। ਹਾਂ ਮੈਂ ਤੁਹਾਡੀ ਇਸ ਗੱਲ ਨਾਲ ਸਹਿਮਤ ਹਾਂ ਕਿ ਜੇ ਇਹਨਾਂ ਉਪਰ ਕੁਦਰਤ ਦੀ ਏਨੀ ਕਿਰਪਾ ਹੈ ਕਿ ਉਹ ਵਧੀਆ ਕੀਰਤਨ ਕਰਦੇ ਨੇ, ਸੋਹਣਾ ਬੋਲਦੇ ਨੇ ਤੇ ਇਕੱਠ ਕਰਨ ਦੀ ਵੀ ਯੋਗਤਾ ਗੁਰੂ ਮਹਾਰਾਜ ਨੇ ਇਹਨਾਂ ਨੂੰ ਬਖ਼ਸ਼ੀ ਹੈ ਪ੍ਰੰਤੂ ਜੋ ਕੌੜੇ ਬਚਨ ਇਹਨਾਂ ਦੇ ਮੂੰਹੋਂ ਨਿਕਲੇ ਨੇ, ਜੇ ਉਹ ਨਾ ਨਿਕਲਦੇ ਤਾਂ ਇਹਨਾਂ ਦੀ ਸ਼ੋਭਾ ਹੋਰ ਵਧਦੀ?

ਜੋ ਕੁੱਝ ੧੯੭੮ ਵਿੱਚ ਹੋਇਆ ਸੀ ਸਰਕਾਰਾ ਦੀ ਅਣਗਹਿਲੀ ਕਾਰਨ, ਉਸ ਦਾ ਨਤੀਜਾ ਅੱਜ ਤੱਕ ਪੰਜਾਬ ਭੁਗਤ ਰਿਹੈ? ਕਾਤਲ ੧੩ ਬੰਦਿਆਂ ਨੂੰ ਕਤਲ ਕਰਕੇ ਦੌੜ ਗਏ। ਕੁਝ ਦੁਖੀਆਂ ਨੇ ਆਪਣੇ ਹੱਥੀਂ ਬਦਲੇ ਲੈਣੇ ਸ਼ੁਰੂ ਕਰ ਦਿਤੇ? ਫਿਰ ਪੰਜਾਬ ਵਿੱਚ ਕੀ ਕੁੱਝ ਦੁਖਾਂਤ ਵਾਪਰੇ, ਉਹਨਾਂ ਨੂੰ ਏਥੇ ਦੁਹਰਾਉਣ ਦੀ ਲੋੜ ਨਹੀਂ, ਸਭ ਨੂੰ ਪਤੈ। ਜੇ ਹੁਣ ਵੀ ਸਰਕਾਰ ਨੇ ਕੇਸ ਨੂੰ ਖੁਰਦ-ਬੁਰਦ ਕੀਤਾ, ਦੋਸ਼ੀਆਂ ਨੂੰ ਸਜਾਵਾਂ ਨਾ ਮਿਲੀਆਂ ਤਾਂ ਮੇਰੇ ਦਿਲ ਵਿੱਚ ਇਹ ਡਰ ਪੈਦਾ ਹੋ ਰਿਹੈ ਕਿ ਕਿਤੇ ਸਿੱਖ ਕੌਮ ਵਿਚ ਖਾਨਾਜੰਗੀ ਨਾ ਸ਼ੁਰੂ ਹੋ ਜਾਵੇ! ਰੱਬ ਕਰੇ ਕਿ ਮੇਰਾ ਇਹ ਡਰ ਸੱਚਾ ਨਾ ਹੋਵੇ!

ਦੇਖੋ ਜੀ ਸਾਡੇ ਸਾਰਿਆਂ ਦੇ ਦਿਲਾਂ ਵਿੱਚ ਇਹ ਡਰ ਹੈ ਪੰਜਾਬ ਸਾਡੇ ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਹੈ ਤੇ ਅਸੀਂ ਤੇ ਸਾਡੇ ਹੋਰ ਸਾਥੀ ਭਾਵੇਂ ਕਿਤੇ ਵੀ ਰਹਿਣ, ਚਾਹੇ ਪੰਜਾਬ ਵਿੱਚ ਚਾਹੇ ਬਾਹਰਲੇ ਮੁਲਕਾਂ ਵਿੱਚ; ਸਭ ਨੂੰ ਇਹੋ ਡਰ

ਲਗਦੈ ਕਿ ਕਿਤੇ ਫੇਰ ਨਾ ਉਹੋ ਕੁਝ ਸ਼ੁਰੂ ਹੋ ਜਾਵੇ! ਇਸ ਦੇ ਪਿੱਛੇ ਗਿਆਨੀ ਜੀ, ਇੱਕ ਹੋਰ ਸਾਇਕੀ ਵੀ ਕੰਮ ਕਰ ਰਹੀ ਹੈ ਜੇਹੜੀ ਮੈਂ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਨੈ? ਜਿਵੇਂ ਤੁਸੀਂ ਅਕਾਲੀ ਹੋ ਤੇ ਗੱਲ ਕਰਦੇ ਹਾਂ ਆਪਾਂ ਸੰਵਾਦ ਦੀ। ਜਿਵੇਂ ਤੁਸੀਂ ਗੱਲ ਕਰ ਰਹੇ ਹੋ ਜਾਂ ਜਵਾਬ ਦੇ ਰਹੇ ਹੋ ਬੜੇ ਠਰ੍ਹੰਮੇ ਦੇ ਨਾਲ, ਜਿਸ ਦਾ ਕਿ ਮੈਂ ਵੀ ਕਾਇਲ ਹਾਂ ਪ੍ਰੰਤੂ ਜੇਹੜੇ ਨਵੀਂ ਪੀਹੜੀ ਦੇ ਜਵਾਨ ਨੇ, ਉਹਨਾਂ ਨੇ ਬੜੀ ਹੀ ਬੇਲੋੜੀ ਤੇ ਤਿੱਖੀ ਸ਼ਬਦਾਵਲੀ ਵਰਤੀ ਤੇ ਗਾਹਲੀ ਗਲੋਚ ਵੀ ਕੀਤਾ ਕਈ ਥਾਵਾਂ ਤੇ। ਮੈਂ ਇਸ ਗੱਲ ਨੂੰ ਮੰਨਦਾ ਹਾਂ ਕਿ ਬੇਲੋੜੀ, ਗਾਹਲੀ ਗਲੋਚ ਵਾਲੀ ਭਾਸ਼ਾ ਵਰਤਣ ਵਾਲੇ ਤਾਂ ਸਿੱਖ ਤਾਂ ਕੀ ਬੰਦੇ ਵੀ ਨਹੀਂ ਹੋ ਸਕਦੇ ਕਿਉਂਕਿ ਗੁਰੂ ਸਾਹਿਬ ਤਾਂ ਉਹਨਾਂ ਨੂੰ ਕੋਈ ਪਰਵਾਨਗੀ ਨਹੀਂ ਦਿੰਦੇ। ਹੁਣ ਜੇਹੜੀ ਸੋਸ਼ਲ ਮੀਡੀਆ ਤੇ ਜੰਗ ਚੱਲ ਰਹੀ ਹੈ, ਖਾਸ ਕਰਕੇ ਮਿਸ਼ਨਰੀ ਅਤੇ ਟਕਸਾਲੀਆਂ ਵਿਚਕਾਰ ਜੋ ਆਪਸੀ ਤਕਰਾਰ ਤੇ ਟਕਰਾ ਵਿੱਚ ਜੋ ਭਾਸ਼ਾ ਅਤੇ ਸ਼ਬਦਾਵਲੀ ਵਰਤੀ ਜਾ ਰਹੀ ਹੈ, ਉਹ ਤਾਂ ਧਰਮ ਤਾਂ ਕੀ ਇਨਸਾਨੀਅਤ ਦੇ ਦਾਇਰੇ ਵਿਚ ਨਹੀਂ ਮੰਨੀ ਜਾ ਸਕਦੀ? ਇਹਨਾਂ ਦੇ ਕੁਝ ਪ੍ਰਚਾਰਕ ਏਨੀ ਗੰਦੀ ਭਾਸ਼ਾ ਵਰਤਦੇ ਨੇ ਕਿ ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਉਹਨਾਂ ਨੂੰ ਸੁਣਦਾ ਕੌਣ ਐ। ਪਰ ਜੇਹੜੇ ਉਹਨਾਂ ਦੇ ਪੈਰੋਕਾਰ ਨੇ, ਉਹ ਉਹਨਾਂ ਦੇ ਕਮੈਂਟਸ ਦੇ ਥੱਲੇ ਕਮੈਂਟ ਦਿੰਦੇ ਨੇ: ਕਿਆ ਬਾਤ ਹੈ ਜੀ, ਠੋਕ ਦਿਓ ਮੰਜੀ, ਤੁਹਾਡੀ ਤਾਂ ਪੂਰੀ ਚੜ੍ਹਾਈ ਐ ਜੀ!. ਮਤਲਬ ਉਹਨਾਂ ਨੂੰ ਹੋਰ ਫੂਕਾਂ ਛਕਾ ਰਹੇ ਹੁੰਦੇ ਨੇ?

ਅਮਨਦੀਪ ਜੀ, ਮਨੁੱਖ ਦੇ ਜੀਵਨ ਵਿੱਚ ਹਿੰਸਾ ਪਹਿਲਾਂ ਤੋਂ ਭਰੇ ਹੋਏ ਪ੍ਰੋਗਰਾਮ ਦੀ ਤਰ੍ਹਾਂ ਹੈ? ਇਹ ਕਿਸੇ ਨਾ ਕਿਸੇ ਰੂਪ ਵਿੱਚ ਬਾਹਰ ਨਿਕਲਦੀ ਹੀ ਰਹਿੰਦੀ ਹੈ ਤੇ ਇਸ ਨੂੰ ਸਹੀ ਢੰਗ ਨਾਲ ਬਾਹਰ ਕੱਢਣ ਲਈ ਹੀ ਸਿਆਣੇ ਲੋਕਾਂ ਨੇ ਖੇਡਾਂ ਦੀ ਸ਼ੁਰੂਆਤ ਕੀਤੀ ਸੀ। ਅੱਜ ਕਲ੍ਹ ਦੇ ਅਖੌਤੀ ਪੜ੍ਹੇ ਲਿਖੇ ਤੇ ਗਿਆਨਵਾਨ ਇਹ ਲੋਕ ਹੁਣ ਸਟੇਜਾਂ ਤੇ ਜਾਂ ਸੋਸ਼ਲ ਮੀਡੀਏ ਤੇ ਹੀ ਆਪਣੀ ਭੜਾਸ ਕੱਢ ਲੈਂਦੇ ਨੇ। ਜਿਵੇਂ ਆਪਾਂ ਨੂੰ ਖੇਡਾਂ ਜਾਂ ਲੜਾਈਆਂ ਦੇਖਣ ਦਾ ਸ਼ੌਕ ਹੁੰਦੈ, ਕੁੱਤਿਆਂ ਦੀ, ਕੁੱਕੜਾਂ ਦੀ, ਸਾਹਨਾਂ ਦੀ, ਭੇਡੂਆਂ ਦੀ ਤੇ ਬੰਦਿਆਂ ਦੀ; ਇਸ ਤਰ੍ਹਾਂ ਇਹ ਲੋਕ ਬਾਹਰ ਬੈਠ ਕੇ ਸ਼ਾਬਾਸ਼ ਸ਼ਾਬਾਸ਼ ਕਰਨ ਵਾਲੇ ਈ ਹੁੰਦੇ ਨੇ। ਇਹਨਾਂ ਦਾ ਵਿਚਾਰ ਇਉਂ ਹੁੰਦਾ ਹੈ, "ਚੜ੍ਹ ਜਾਹ ਬੱਚਾ ਸੂਲ਼ੀ, ਰਾਮ ਭਲੀ ਕਰੇਂਗੇ।" ਆਪਸ ਵਿੱਚ ਮੱਤਭੇਦ ਤਾਂ ਹੋ ਸਕਦੇ ਨੇ ਕਿ ਨਾਨਕਸਰੀਆਂ ਦੀ, ਨਿਹੰਗਾਂ ਦੀ, ਦਮਦਮੀ ਟਕਸਾਲ ਦੀ, ਅਕਾਲ ਤਖ਼ਤ ਸਾਹਿਬ ਦੀ, ਹੋਰਨਾਂ ਮਰਯਾਦਾ ਵਿੱਚ ਫਰਕ ਤਾਂ ਹੋ ਸਕਦੈ ਪਰ ਆਹ ਕੁਝ ਤਾਂ ਨਹੀਂ ਹੋਣਾ ਚਾਹੀਦਾ। ਇੱਕ ਵਾਰੀ ਯੂਰਪ ਫੇਰੀ ਸਮੇ ਇੱਕ ਸੱਜਣ ਪੁਰਸ਼ ਮੇਰੇ ਨਾਲ ਸੀ ਤੇ ਕਹਿਣ ਲੱਗਾ ਕਿ ਕੁਝ ਵੀ ਹੋ ਜਾਵੇ ਪਰ ਅਸੀਂ ਉਹਨਾਂ ਨੂੰ ਨਹੀਂ ਉਠਣ ਦੇਣਾ? ਮੈਂ ਚੁੱਪ ਕਰ ਗਿਆ ਇਹ ਸੁਣ ਕੇ। ਇਹ ੨੦੦੪ ਦੀ ਗੱਲ ਐ। ੧੨ ਸਾਲ ਹੋ ਗੇ ਨੇ ਇਸ ਗੱਲ ਨੂੰ। ਆਹ ਗੱਲ ਮੇਰੇ ਦਿਮਾਗ 'ਚੋਂ ਨਹੀਂ

ਨਿਕ.ਲੀ ਕਿ ਆਹ ਕਿਧਰ ਦੀ ਸਿੱਖੀ ਹੈ? ਕਿੱਧਰ ਦਾ ਧਰਮ ਹੈ? ਕਿਧਰ ਦੀ ਪੰਥਕ ਸੋਚ ਤੇ ਕਿੱਧਰ ਦੀ ਵਿਦਵਤਾ ਕਿ ਫਲਾਣੀ ਸੰਸਥਾ ਨੂੰ ਅਸੀਂ ਉਠਣ ਨਹੀਂ ਦੇਣਾ, ਚਾਹੇ ਕੁੱਝ ਵੀ ਹੋ ਜੇ? ਭਾਵੇਂ ਉਹ ਠੀਕ ਐ ਜਾਂ ਗਲਤ ਐ? ਕੀ ਆਹ ਈ ਸਾਡੀ ਪ੍ਰਾਪਤੀ ਹੋਈ?

ਪ੍ਰਾਪਤੀ ਤਾਂ ਏਦਾਂ ਐ ਜੀ ਕਿ ਹੁਣੇ ਜਿਹੇ ਇੰਟਰਨੈਸ਼ਨਲ ਸਟੂਡੈਂਟਸ ਫੈਡਰੇਸ਼ਨ ਦੇ ਜੇਹੜੇ ਪ੍ਰਧਾਨ ਨੇ, ਮੈਨੂੰ ਹੁਣ ਨਾਂ ਨਹੀਂ ਚੇਤਾ ਆ ਰਿਹਾ; ਉਹਨਾਂ ਨੇ ਪੰਜਾਹ ਹਜ਼ਾਰ ਡਾਲਰ ਦਾ ਇਨਾਮ ਰੱਖਿਐ ਕਿ ਜੇਹੜਾ ਕੋਈ ਅਮ੍ਰੀਕਾ ਦੀ ਸਟੇਟ ਵਰਜੀਨੀਆ ਵਿੱਚ ਵੱਸਦੇ ਪੰਜ ਸਿੰਘਾਂ ਨੂੰ ਸੋਧੇਗਾ, ਉਸ ਨੂੰ ਪੰਜਾਹ ਹਜ਼ਾਰ ਡਾਲਰ ਦਾ ਇਨਾਮ। ਮੈਂ ਤੁਹਾਨੂੰ ਇਹ ਗੱਲ ਪੁੱਛਣਾ ਚਾਹੁੰਦਾ ਕਿ ਸਾਡੇ ਸਿੱਖ ਇਤਿਹਾਸ ਵਿੱਚ ਕੀ ਗੁਰੂ ਸਾਹਿਬਾਨ ਜਾਂ ਹੋਰ ਕਿਸੇ ਨੇ ਕਿਸੇ ਦੂਜੀ ਧਿਰ ਦੇ ਬੰਦਿਆਂ ਦੇ ਸਿਰਾਂ ਦਾ ਮੁੱਲ ਪਾਇਆ; ਏਦਾਂ ਜਿੱਦਾਂ ਕਿ ਇਹ ਪਾ ਰਹੇ ਨੇ?.

ਇਹ ਤਾਂ ਅਮਨਦੀਪ ਜੀ, ਪਬਲਿਕ ਵਿਚ ਹੀਰੋ ਬਣਨ ਵਾਸਤੇ ਗੱਲਾਂ ਹੁੰਦੀਆਂ ਨੇ। ਆਹ ਜਦੋਂ ਸਿਰਸੇ ਵਾਲੇ ਨੇ ਸਵਾਂਗ ਰਚਿਆ ਸੀ ਤਾਂ ਕਿਸੇ ਆਗੂ ਨੇ ਕਿਹਾ ਸੀ ਕਿ ਜੋ ਇਸ ਦਾ ਸਿਰ ਵੱਢ ਕੇ ਲਿਆਵੇਗਾ ਉਸ ਨੂੰ ਪਤਾ ਨਹੀਂ ਕਿੰਨੇ ਲੱਖ ਰੁਪਿਆਂ ਦਾ ਇਨਾਮ ਦਿੱਤਾ ਜਾਵੇਗਾ? ਉਸ ਵੇਲੇ ਕਿਸੇ ਨੇ ਟਿੱਪਣੀ ਕੀਤੀ ਸੀ ਕਿ ਤੂੰ ਆਪਣੇ ਮੁੰਡੇ ਨੂੰ ਕਿਉ ਨਹੀਂ ਭੇਜਦਾ ਉਸ ਦਾ ਸਿਰ ਵੱਢਣ ਵਾਸਤੇ?

ਗੱਲਾਂ ਤਾਂ ਕਰਨੀਆਂ ਇਰਾਨ ਦੇ ਆਇਆਤੁੱਲਾ ਖਮੀਨੀ ਦੀਆਂ, ਜਿਸ ਨੇ ਸਲਮਾਨ ਰਸ਼ਦੀ ਦੇ 'ਸੈਟਾਨਿਕ ਵਰਸਿਜ਼' ਕਿਤਾਬ ਦੇ ਖਿਲਾਫ਼ ਉਸ ਦੇ ਸਿਰ ਤੇ ਇਨਾਮ ਰੱਖਿਆ ਸੀ। ਇਹ ਤਾਂ ਬੇਇਜ਼ਤੀ ਹੀ ਕਰਵਾ ਰਹੇ ਨੇ ਆਪਣੇ ਧਰਮ ਦੀ ਕਿ ਸਿਰਫ ਪੰਜਾਹ ਹਜ਼ਾਰ? ਇਸ ਤੋਂ ਵਧੇਰੇ ਤਾਂ ਸਰਕਾਰ ਸੈਂਟਰ ਲਿੰਕ ਰਾਹੀਂ ਵੈਸੇ ਹੀ ਵੇਹਲੇ ਬੰਦਿਆਂ ਨੂੰ ਦਈ ਜਾਂਦੀ ਹੈ! ਸਮਝ ਨਹੀਂ ਆਉਂਦੀ ਕਿ ਕੇਹੜੀ ਦੁਨੀਆਂ ਦੇ ਵਿੱਚ ਇਹ ਸਾਡੇ ਆਗੂ ਰਹਿ ਰਹੇ ਨੇ! ਅਗੋਂ ਸਾਡੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਉਹ ਉਹਨਾਂ ਨੂੰ ਸਰੋਪੇ ਦੇ ਰਹੇ ਨੇ। ਮਤਲਬ ਕਿੱਧਰ ਨੂੰ ਲੈ ਕੇ ਜਾ ਰਹੇ ਨੇ ਇਹੋ ਜਿਹੇ ਬੰਦੇ ਸਾਡੀ ਕੌਮ ਨੂੰ! ਆਹ ਲੋਕ ਜੋ ਬੈਠ ਕੇ ਵਾਹ ਵਾਹ ਕਰਦੇ ਨੇ ਜਾਂ ਚੱਕ ਦਿਓ ਚੱਕ ਦਿਓ ਵਰਗੀ ਸ਼ਬਦਾਵਲੀ ਵਰਤਦੇ ਨੇ, ਆਪ ਹੀ ਆਪਣੀ ਕੌਮ ਦਾ ਰਿਕਾਰਡ ਖਰਾਬ ਕਰ ਰਹੇ ਨੇ। ਗਿਆਨੀ ਜੀ, ਮੇਰਾ ਪ੍ਰਸ਼ਨ ਫੇਰ ਓਥੇ ਦਾ ਓਥੇ ਹੀ ਖੜ੍ਹਾ ਹੈ ਕਿ ਕੀ ਸਾਡੇ ਸਿੱਖ ਇਤਿਹਾਸ ਵਿੱਚ ਸਿੱਖ ਗੁਰੂਆਂ ਜਾਂ ਰਾਜਿਆਂ ਨੇ ਕਿਸੇ ਦਾ ਸਿਰ ਵੱਢ ਕੇ ਲਿਆਉਣ ਦਾ ਮੁੱਲ ਪਾਇਆ ਹੈ! ਹਾਂ, ਮੱਸੇ ਰੰਘੜ ਦਾ ਜ਼ਰੂਰ ਇਤਿਹਾਸ ਜ਼ਿਕਰ ਕਰਦਾ ਹੈ ਪਰ ਉਹ ਵੀ ਪੈਸਿਆਂ ਲਈ ਨਹੀ ਸੀ ਕੀਤਾ ਗਿਆ।

ਸਿਰ ਵੱਢਣ ਦਾ ਤਾਂ ਜੀ, ਭਾਈ ਅੱਘੜ ਸਿੰਘ ਨੇ ਵੀ ਲਾਹੌਰ ਦਾ, ਨੰਬਰ ਦੋ ਦਾ

ਜਿਹੜਾ ਹਾਕਮ ਸੀਗਾ, ਭਾਈ ਮਨੀ ਸਿੰਘ ਦੀ ਸ਼ਹੀਦੀ ਵਿੱਚ ਜਿਸ ਦਾ ਵੀ ਹੱਥ ਸੀ, ਉਸ ਦਾ ਸਿਰ ਵੱਢਿਆ ਸੀ। ਮੱਸੇ ਰੰਘੜ ਦਾ ਵੀ ਸਿਰ ਵੱਢਿਆ ਸੀ। ਫਿਰ ਭਾਈ ਨਿਬਾਹੂ ਸਿੰਘ ਨੇ, ਏਮਨਾਬਾਦ ਦੀ ਲੜਾਈ ਵਿਚ, ਜਸਪਤ ਦਾ ਸਿਰ ਵੀ ਹਾਥੀ ਉਪਰ ਬੈਠੇ ਦਾ ਵਢਿਆ ਸੀ ਪਰ ਉਹ ਪੈਸਿਆਂ ਦੇ ਲਾਲਚ ਵਿੱਚ ਨਹੀਂ ਸੀ ਤੇ ਨਾ ਹੀ ਕਿਸੇ ਨੇ ਇਹੋ ਜਿਹੇ ਲਾਲਚ ਦਿੱਤੇ ਸਨ। ਮੈਂ ਇਤਿਹਾਸ ਵਿੱਚ ਇਹ ਨਹੀਂ ਪੜ੍ਹ ਸਕਿਆ ਕਿ ਕਿਸੇ ਗੁਰੂ ਸਾਹਿਬ ਨੇ ਪੈਸਿਆਂ ਦਾ ਇਨਾਮ ਰੱਖ ਕੇ ਕਿਸੇ ਦਾ ਸਿਰ ਵਢਣ ਦੀ ਕਿਸੇ ਸਿੱਖ ਨੂੰ ਪ੍ਰੇਰਨਾ ਕੀਤੀ ਹੋਵੇ!

ਗਿਆਨੀ ਜੀ, ਤੁਹਾਨੂੰ ਇੰਜ ਨੀ ਲੱਗਦਾ ਕਿ ਜਿਨ੍ਹਾਂ ਨੇ ਆਹ ਲਾਲਚਾਂ ਭਰੇ ਐਲਾਨ ਕੀਤੇ ਨੇ ਉਹ ਤਲਬ ਕੀਤੇ ਜਾਣੇ ਚਾਹੀਦੇ ਹਨ ਅਤੇ ਛੇਕਣੇ ਵੀ ਚਾਹੀਦੇ ਹਨ। ਮੇਰੇ ਹਿਸਾਬ ਨਾਲ ਤਾਂ ਹੁਣ ਅਕਾਲ ਤਖ਼ਤ ਦੇ ਜਥੇਦਾਰ ਦਾ ਇਹ ਫਰਜ਼ ਬਣਦਾ ਹੈ ਕਿ ਇਹਨਾਂ ਫਤਵੇ ਦੇਣ ਵਾਲਿਆਂ ਨੂੰ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਨ ਅਤੇ ਬਣਦੀ ਤਨਖਾਹ ਲਾਉਣ। ਇਹ ਵੀ ਦੱਸਿਆ ਜਾਵੇ ਕਿ ਇਹੋ ਜਿਹੇ ਫਤਵੇ ਦੇਣ ਵਾਲੇ ਸਾਡੀ ਸਿੱਖੀ ਦਾ ਘਾਣ ਕਰ ਰਹੇ ਨੇ ਤੇ ਸਾਨੂੰ ਆਤੰਕਵਾਦੀ ਕੌਮ ਵਜੋਂ ਦਿਖਾ ਰਹੇ ਹਨ।

ਗੱਲ ਅਮਨਦੀਪ ਜੀ ਇਹ ਵੀ ਹੈ ਕਿ ਜੇ ਕੋਈ ਅਮ੍ਰਕਾ ਵਿੱਚ ਉਹਨਾਂ ਬੰਦਿਆਂ ਦਾ ਸਿਰ ਵੱਢਣ ਚਲਾ ਵੀ ਜਾਂਦੈ ਤਾਂ ਉਹ ਪੰਜਾਬ ਜਾਂ ਬਿਹਾਰ ਤਾਂ ਹੈ ਨੀ; ਓਥੇ ਤਾਂ ਸਿੱਧੀ ਲੜਾਈ ਅਮ੍ਰੀਕਾ ਦੀ ਸਰਕਾਰ ਨਾਲ ਹੋ ਜਾਵੇਗੀ ਕਿਉਂਕਿ ਉਹ ਬੰਦਾ ਪੰਜ ਬੰਦਿਆਂ ਨੂੰ ਕਤਲ ਕਰਨ ਥੋਹੜੀ ਜਾਵੇਗਾ, ਉਹ ਤਾਂ ਅਮ੍ਰੀਕਾ ਦੇ ਸ਼ਹਿਰੀਆਂ ਨੂੰ ਕਤਲ ਕਰਨ ਜਾਵੇਗਾ ਅਤੇ ਅਮ੍ਰੀਕਾ ਦੀ ਸਰਕਾਰ ਪੂਰੀ ਤਰ੍ਹਾਂ ਆਪਣੇ ਸ਼ਹਿਰੀਆਂ ਦੀ ਸੁਰੱਖਿਆ ਲਈ ਵਚਨਬਧ ਹੈ। ਇਹ ਤਾਂ ਇਹ ਤਾਂ ਸਿੱਧਾ ਅਮ੍ਰੀਕਾ ਦੀ ਸਰਕਾਰ ਉਪਰ ਹਮਲਾ ਸਮਝਿਆ ਜਾਵੇਗਾ।

ਹਾਂ ਜੀ, ਇਹੋ ਤਾਂ ਉਹ ਬੰਦੇ ਸਾਡੇ ਅਣਜਾਣ ਬੰਦਿਆਂ ਕੋਲੋਂ ਕਰਵਾਉਣਾ ਚਾਹੁੰਦੇ ਨੇ। ਉਹ ਜਿਸ ਨੇ ਇਨਾਮ ਰੱਖਿਆ ਤਾਂ ਸਾਰੀ ਦੁਨੀਆਂ ਵਿੱਚੋਂ ਉਸ ਨੂੰ ਤਾਂ ਤੱਤੇ ਬੰਦਿਆਂ ਵੱਲੋਂ ਚੰਦਾ ਮਿਲਣਾ ਸ਼ੁਰੂ ਹੋ ਜਾਣੈ ਤੇ ਉਸ ਨੇ ਤਾਂ ਸ਼ਾਇਦ ਪੰਜ ਮਿਲੀਅਨ ਹੀ ਇਕੱਠੇ ਕਰ ਲਏ ਹੋਣ ਇਸ ਆੜ ਵਿੱਚ ਤੇ ਦੇ ਦੇਵੇਗਾ ਉਹ ਪੰਜਾਹ ਹਜ਼ਾਰ। ਵੈਸੇ ਵੀ ਆਹ ਕੰਮ ਹੋਣਾ ਈ ਨੀ ਤੇ ਸਾਰੇ ਦੇ ਸਾਰੇ ਓਸੇ ਦੀ ਜੇਬ੍ਹ ਵਿੱਚ ਚਲੇ ਜਾਣਗੇ? ਹੋ ਜੂ ਕਮਾਈ ਬੈਠੇ ਬਿਠਾਏ ਤੇ ਘਟੋ ਘਟ ਪੰਜਾਹ ਟਰੱਕ ਪਾ ਕੇ ਬੈਠ ਜਾਣੈ ਉਸ ਨੇ ਕੈਨੇਡਾ ਵਿੱਚ। ਇਹੋ ਵਰਤਾਰਾ ਪਿਛਲੇ ਬਹੁਤ ਸਮੇ ਤੋਂ ਚਲ ਰਿਹੈ ਤੇ ਸਾਡੇ ਵਰਗੇ ਇਮੋਸ਼ਨਜ਼ ਵਿੱਚ ਆ ਕੇ ਸੌ-ਦੋ-ਸੌ ਡਾਲਰ ਭੇਜ ਦਿੰਦੇ ਨੇ ਤੇ ਅਗਲਾ ਬੈਠਾ ਕਮਾਈ ਕਰੀ ਜਾਂਦੈ ਤੇ ਏਦਾਂ ਦੀ ਬਿਆਨਬਾਜ਼ੀ ਦੇ ਪਿੱਛੇ ਅਸਲ ਮਕਸਦ ਵੀ ਇਹੋ ਹੈ।

ਸਵੈ-ਚਿਤਰ

## ਘੀਚਮਚੋਲ਼ਾ ਸ਼ਖ਼ਸੀਅਤ

ਸਿਡਨੀ ਵਿਚ, ਗੁਰੂਆਂ ਦੀ ਵਸਾਈ ਤੇ ਵਰੋਸਾਈ ਹੋਈ ਨਗਰੀ, ਜਿਸ ਬਾਰੇ ਪ੍ਰਸਿਧ ਵਿਦਵਾਨ ਨੇ ਲਾਲਾ ਧਨੀ ਰਾਮ ਚਾਤ੍ਰਿਕ ਜੀ ਬਾਰੇ ਲਿਖਦਿਆਂ ਲੇਖਕ ਨੇ ਲਿਖਿਆ ਸੀ, "ਭਾਵੇਂ ਲਾਲਾ ਜੀ ਬਹੁਤੇ ਪੜ੍ਹੇ ਲਿਖੇ ਤਾਂ ਨਹੀ ਸਨ ਪਰ ਅੰਮ੍ਰਿਤਸਰ ਵਿਚ ਰਹਿਣ ਕਰਕੇ ਇਹਨਾਂ ਦਾ ਗਿਆਨ ਬੜਾ ਸੀ।", ਵਾਲ਼ੇ ਸ਼ਹਿਰੋਂ ਆ ਕੇ ਇਕ ਵਿਅਕਤੀ ਵੱਸਦਾ ਹੈ। ਲੋਕ ਤਾਂ ਉਸਨੂੰ 'ਗਿਆਨੀ ਜੀ' ਆਖਦੇ ਨੇ ਪਰ ਉਹ ਖ਼ੁਦ ਨੂੰ 'ਅਗਿਆਨੀ' ਹੀ ਦੱਸਦਾ ਹੈ। ਪੁੱਛਣ ਤੇ ਜਵਾਬ ਦੇਊ ਕਿ ਗਿਆਨੀ ਤਾਂ ਦੁਨੀਆਂ ਤੇ ਬੜੇ ਹਨ ਪਰ ਆਮ ਗਿਆਨੀਆਂ ਨਾਲ਼ੋਂ ਮੇਰੇ ਵਿਚ ਕੁਝ ਤਾਂ ਫਰਕ ਹੋਣਾ ਚਾਹੀਦਾ ਏ! ਇਸ ਲਈ ਹੋਰ ਸਭ ਸੱਜਣ ਪੁਰਸ਼ 'ਗਿਆਨੀ' ਤੇ ਮੈ 'ਅਗਿਆਨੀ' ਹਾਂ। ਇਕ ਦਿਨ ਇਕ ਸੁਲਝੇ ਹੋਏ ਨੌਜਵਾਨ ਨੇ ਆਖਿਆ, "ਹੱਛਾ ਤੁਸੀਂ 'ਅਵੱਲ ਗਿਆਨੀ' ਹੋਏ ਫਿਰ!"

ਕੋਈ ਤਾਂ ਵਿਅਕਤੀ ਵਿਦਵਾਨ ਹੋਊ ਤੇ ਕੋਈ ਦੁਨੀਆਂਦਾਰ। ਕੋਈ ਧਾਰਮਿਕ, ਕੋਈ ਗ੍ਰੰਥੀ, ਕੋਈ ਰਾਗੀ, ਕੋਈ ਸੰਤ, ਕੋਈ ਕਥਾਕਾਰ ਵੀ ਹੋ ਸਕਦਾ ਹੈ। ਕੋਈ ਪੱਤਰਕਾਰ, ਕੋਈ ਸਿਆਸਤਦਾਨ, ਕੋਈ ਲਿਖਾਰੀ, ਕੋਈ ਵਪਾਰੀ, ਕੋਈ ਸੇਵਕ; ਪਰ ਇਹ ਪਿਉ ਦਾ ਪੁੱਤ ਇਕੋ ਸਮੇ ਸਭ ਕੁਝ ਹੀ ਬਣਨ ਦੇ ਯਤਨਾਂ ਵਿਚ ਰਹੂ। ਕਹਿੰਦੇ ਨੇ ਸਿਆਣੇ ਕਿ ਦੋਹਾਂ ਬੇੜੀਆਂ ਦਾ ਸਵਾਰ ਕਿਸੇ ਬੰਨੇ ਨਹੀ ਲੱਗਦਾ, ਤੇ ਇਹ ਇਸ ਗੱਲ ਨੂੰ ਭਲੀ ਭਾਂਤ ਸਮਝਦਾ ਵੀ ਹੈ ਪਰ ਫੇਰ ਵੀ ਜਿੰਨੀਆਂ ਵੀ ਬੇੜੀਆਂ ਤੱਕ ਪਹੁੰਚ ਹੁੰਦੀ ਹੋਵੇ, ਉਹਨਾਂ ਸਾਰੀਆਂ ਤੇ ਹੀ ਸਵਾਰੀ ਕਰਨ ਦੀ ਤਮੰਨਾ ਰੱਖਦਾ ਹੈ। ਕਈਆਂ ਅਨੁਸਾਰ ਇਹ ਕੁਝ ਹੱਦ ਤੱਕ ਸਫ਼ਲ ਵੀ ਸਮਝਿਆ ਜਾਂਦਾ ਹੈ। ਏਥੋਂ ਤੱਕ ਕਿ ਖ਼ੁਦ ਨੂੰ ਪੰਥ ਦਾ ਸਭ ਤੋਂ ਵੱਡਾ 'ਠੇਕੇਦਾਰ' ਸਮਝੀ ਫਿਰਦਾ ਹੈ। ਮੂਹੋਂ ਭਾਵੇਂ, "ਆਪਣੇ ਮੂਹੋਂ ਮੀਆਂ ਮਿਠੂ" ਬਣਨ ਵਾਂਗ, 'ਸੇਵਾਦਾਰ' ਹੀ ਆਖੇ। ਇਹ ਵੱਖਰੀ ਗੱਲ ਹੈ ਕਿ ਪੰਥਕ ਆਗੂ ਭਾਵੇਂ ਇਸ ਨੂੰ ਦਵਾਨੀ ਵਟੇ ਨਾ ਪੁੱਛਣ। ਹਰੇਕ ਧਾਰਮਿਕ ਤੇ ਕੌਮੀ ਕਾਰਜ ਬਾਰੇ ਇਸ ਦੀ ਵੱਖਰੀ ਹੀ ਰਾਇ ਹੁੰਦੀ ਹੈ ਤੇ ਹੁੰਦੀ ਵੀ ਅਣਮੰਗੀ ਹੈ। ਜੇ ਕੋਈ ਕਹੂ, "ਗਿਆਨੀ ਜੀ, ਤੁਸੀਂ ਪਾਲਿਟਿਕਸ ਵਿਚ ਕਿਉਂ ਦਖ਼ਲ ਦਿੰਦੇ ਹੋ!" ਤਾਂ ਕਹੂ "ਹੱਛਾ, ਤਾਂ ਤੁਸੀਂ ਗੁਰੂ ਘਰ ਦੇ ਪ੍ਰਬੰਧ ਦੀ ਸੇਵਾ ਨੂੰ ਵੀ ਪੁਲੀਟੀਕਲ ਗੇਮ ਸਮਝ ਕੇ ਖੇਡਦੇ ਹੋ! ਗੁਰਦੁਆਰੇ ਦਾ ਪ੍ਰਬੰਧ ਕਿਸ ਤਰ੍ਹਾਂ ਦਾ ਹੋਵੇ ਤੇ ਇਸ ਦੇ ਪ੍ਰਬੰਧਕ ਕਿਹੋ ਜਿਹੇ ਹੋਣੇ ਚਾਹੀਦੇ ਨੇ, ਜੇਕਰ ਇਸ ਬਾਰੇ ਮੈ

ਆਪਣੇ ਵਿਚਾਰ ਪਰਗਟ ਨਾ ਕਰਾਂ ਤੇ ਫਿਰ ਮੇਰੇ ਵਿਚਾਰਾਂ ਨੂੰ ਰਗੜ ਕੇ ਫੋੜੇ ਤੇ ਲਾਉਣਾ ਹੋਇਆ?" ਪਰ ਕਿਉਂਕਿ ਪ੍ਰਬੰਧਕ ਚੁਣਨ ਸਮੇ ਤੇ ਚੁਣੇ ਜਾਣ ਸਮੇ ਹਰੇਕ ਦੇ ਇੰਟਰਸਟ, ਧੜੇਬੰਦੀ, ਘਟੀਆ ਖੇਡ, ਆਪਣਾ ਆਪਣਾ ਸਵਾਰਥ ਹੁੰਦਾ ਹੈ। ਕੋਈ ਚਲਾਕ 'ਸਿਆਸਤਦਾਨ' ਪਿਛੇ ਰਹਿ ਕੇ ਇਸ ਸਾਰੀ ਇਲੈਕਸ਼ਨ ਦੀ ਲੜਾਈ ਨੂੰ ਲੜਾ ਰਿਹਾ ਹੁੰਦਾ ਹੈ। ਅਜਿਹੀ ਲੜਾਈ ਲੜਨ ਵਾਲੇ ਬੰਦੇ, ਕਿਸੇ ਚਲਾਕ ਦੀ ਚਲਾਕੀ ਤਾਂ ਭਾਵੇਂ ਨਾ ਜਾਣ ਸਕਣ ਪਰ ਇਸ ਨੁਕਤੇ ਤੋਂ ਭਲੀ ਭਾਂਤ ਜਾਣੂ ਹੁੰਦੇ ਨੇ, "ਲੜਾਈ ਤੇ ਪਿਅਰ ਵਿਚ ਹਰ ਹਥਿਆਰ ਜਾਇਜ਼ ਹੈ।" ਜਦੋਂ ਗੁਰਦੁਆਰੇ ਦੇ ਪ੍ਰਬੰਧਕਾਂ ਦੀ ਚੋਣ ਨੂੰ ਲੜਾਈ ਹੀ ਸਮਝ ਲਿਆ ਤਾਂ ਫਿਰ ਉਸ ਦੀ ਜਿੱਤ ਵਿਚ ਕੋਈ ਕਸਰ ਕਿਉਂ ਰਹਿ ਜਾਵੇ! ਇਸ ਤਰ੍ਹਾਂ ਹੁਣ ਤੱਕ ਸਮਝ ਵਿਚ ਆਇਆ ਹਰੇਕ 'ਹਥਿਆਰ' ਇਸ 'ਨੇਕ ਕੰਮ' ਵਿਚ ਹੀ ਵਰਤਿਆ ਜਾਵੇਗਾ, ਤੇ ਵਰਤਿਆ ਜਾਂਦਾ ਵੀ ਹੈ।

ਮੂਹਰੇ ਹੋ ਕੇ ਇਹ ਲੜਾਈ ਵਾਲ਼ੀ ਖੇਡ ਖੇਡਣ ਵਾਲ਼ੇ ਸੱਜਣ ਪੁਰਸ਼, ਕੁਝ ਸੇਵਾ ਦੀ ਭਾਵਨਾ ਨਾਲ਼, ਕੁਝ ਅਣਜਾਣਤਾ ਵੱਸ, ਕੁਝ ਧੜੇਬੰਦੀ ਵੱਸ, ਕੁਝ ਨਿਜੀ ਵਿਰੋਧ ਵੱਸ, ਕੁਝ ਨਿਜੀ ਸਵਾਰਥ ਵੱਸ, ਅਣਦਿਸਦੀ ਕਿਸੇ 'ਸ਼ਕਤੀ' ਦੇ ਹੱਥਾਂ ਵਿਚ ਖੇਡਣ ਲਈ ਮੋਹਰੇ ਬਣ ਚੁੱਕੇ ਹੁੰਦੇ ਹਨ। ਉਹਨਾਂ ਨੂੰ ਇਸ ਸਵਾਰਥ ਤੋਂ ਉਪਰ ਉਠ ਕੇ ਨਿਰੋਲ ਸੇਵਾ ਦਾ ਸਬਕ ਸਿਖਾਉਣ ਵਾਲ਼ਾ ਕਾਰਜ, "ਵੇਲ਼ੇ ਦਾ ਰਾਗ, ਕੁਵੇਲ਼ੇ ਦੀਆਂ ਟੱਕਰਾਂ" ਵਾਂਗ ਸਮਝਾਉਣ ਦਾ ਇਹ 'ਵੱਡਾ ਗਿਆਨੀ' ਯਤਨ ਕਰੂ। ਭੁੱਲ ਜਾਂਦਾ ਹੈ ਇਹ ਮਹਾਂਰਾਜ ਦਾ ਫੁਰਮਾਣ:

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥੧੫॥

ਨਤੀਜਾ ਕੀ ਹੁੰਦਾ ਹੈ, "ਨਾ ਖ਼ੁਦਾ ਹੀ ਮਿਲਾ, ਨਾ ਵਸਾਲੇ ਸਨਮ। ਨਾ ਇਧਰ ਕੇ ਰਹੇ ਨਾ ਉਧਰ ਕੇ।" ਇਸ ਦੀ ਇਸ ਮੂਰਖਤਾ ਭਰੀ ਬੇਬਾਕੀ ਤੇ ਸਹੀ ਗੱਲ ਨੂੰ ਬਿਨਾ ਨਿਜੀ ਹਾਣ ਲਾਭ ਵਿਚਾਰੇ ਦੇ ਆਖ ਦੇਣ ਨਾਲ਼, ਹਰੇਕ ਧੜਾ ਸਮਝਦਾ ਹੈ ਕਿ ਇਹ ਉਸ ਦਾ ਵਿਰੋਧੀ ਤੇ ਦੂਜੇ ਧੜੇ ਦਾ ਸਮਰਥਕ ਹੈ; ਜਦੋਂ ਕਿ ਇਹ "ਸਭ ਦਾ ਦੋਸਤ ਕਿਸੇ ਦਾ ਨਾ ਦੋਸਤ।" ਦੇ ਮੁਹਾਵਰੇ ਵਾਂਗ "ਸਭ ਦਾ ਵਿਰੋਧੀ ਕਿਸੇ ਦਾ ਨਾ ਵਿਰੋਧੀ।" ਵਾਲ਼ੀ ਅਵਸਥਾ ਵਿਚ ਹੀ ਵਿਚਰਦਾ ਰਹਿੰਦਾ ਹੈ।

ਕੁਝ ਸਾਲਾਂ ਦੀ ਗੱਲ ਹੈ: ਇਕ ਗੁਰਦੁਆਰੇ ਦਾ ਝਗੜਾ ਸਾਲਾਂ ਬਧੀ ਕਚਿਹਰੀਆਂ ਵਿਚ ਚੱਲਦਾ ਰਿਹਾ ਤੇ ਗੁਰੂ ਦੀ ਗੋਲਕ ਦੇ ਪੈਸੇ ਵਕੀਲਾਂ ਦੇ ਬੈਂਕ ਬੈਲੈਂਸਾਂ ਦਾ ਸ਼ਿੰਗਾਰ ਬਣਦੇ ਰਹੇ। ਉਸ ਗੁਰਦੁਆਰੇ ਦੇ ਖ਼ਜ਼ਾਨਚੀ ਦੀ, ਨਾਨ ਪੰਜਾਬੀ ਹੋਣ ਕਰਕੇ, ਇਸ ਨਾਲ਼ 'ਘੂੰ ਘਾਂ' ਸੀਗੀ। ਤੇ ਕਦੀ ਕਦੀ ਫੋਨ ਤੇ ਇਕ ਦੂਜੇ ਨਾਲ਼ ਗੱਲ ਵੀ ਕਰ ਲਿਆ ਕਰਦੇ ਸਨ। ਬਿਨਾ ਮੰਗਿਆਂ ਉਸ ਨੂੰ ਆਦਤ ਅਨੁਸਾਰ ਸੁਝਾ ਦੇਣ

ਲੱਗ ਪਿਆ, "ਕਿਉਂ ਨਹੀ ਤੁਸੀਂ ਕਿਸੇ ਇਕ, ਦੋ ਜਾਂ ਪੰਜ ਨਿਰਪੱਖ ਸਿੱਖਾਂ ਨੂੰ ਇਹ ਮਸਲਾ ਸੌਂਪ ਦਿੰਦੇ! ਤੇ ਫੇਰ ਜੋ ਉਹ ਫੈਸਲਾ ਕਰਨ, ਚਾਹੇ ਉਹ ਕੁਝ ਵੀ ਹੋਵੇ, ਸਾਰੇ ਉਸ ਨੂੰ ਮੰਨਣ ਦੇ ਪਾਬੰਦ ਹੋਣ।" ਜਦੋਂ ਉਸ ਨੇ ਅੱਗੋਂ ਆਖਿਆ, "ਦੱਸੋ ਕੌਣ ਹੈ ਅਜਿਹਾ ਨਿਰਪੱਖ ਸਿੱਖ?" ਤਾਂ ਕੁਝ ਸੋਚ ਵਿਚਾਰ ਕਰਨ ਪਿਛੋਂ ਉਚਰਿਆ, "ਭਈ ਇਸ ਸਮੇ ਤਾਂ ਮੈਨੂੰ ਸਾਰੇ ਆਸਟ੍ਰੇਲੀਆ ਦੇ ਸਿੱਖ ਸਮਾਜ ਵਿਚੋਂ ਇਕੋ ਬੰਦਾ ਹੀ ਨਿਰਪੱਖ ਨਜਰ ਆਉਂਦਾ ਹੈ।" ਉਸ ਨੇ ਕਾਹਲ਼ੀ ਵਿਚ ਪੁੱਛਿਆ, "ਹਾਂ ਦੱਸੋ, ਕਿਹੜਾ ਉਹ ਗੁਰਮੁਖ ਪਿਆਰਾ ਹੈ ਜੋ ਏਥੇ ਨਿਰਪੱਖ ਹੈ!" ਤਾਂ ਇਹ ਗੁਰਮੁਖ ਪਿਆਰੇ ਜੀ ਓਸੇ ਠਰ੍ਹੰਮੇ ਨਾਲ਼ ਉਚਰੇ, "ਚਾਰ ਚੁਫੇਰੇ ਝਾਕਣ ਉਪ੍ਰੰਤ ਮੈਨੂੰ ਤਾਂ ਇਕੋ ਬੰਦਾ ਹੀ ਨਜਰ ਆਉਂਦਾ ਏ ਜੋ ਨਿਰਪੱਖ ਹੈ।" "ਕੇਹੜਾ, ਛੇਤੀ ਦੱਸੋ!" ਉਚਰੇ ਉਹ ਵਿਅਕਤੀ। ਹੋਰ ਤਾਂ ਕੋਈ ਮੇਰੀ ਸਮਝ ਵਿਚ ਨਹੀ ਆਉਂਦਾ ਇਸ ਸਮੇ, ਕੇਵਲ ਗਿਆਨੀ ਸੰਤੋਖ ਸਿੰਘ ਹੀ ਇਕੋ ਇਕ ਨਿਰਪੱਖ ਵਿਅਕਤੀ ਦਿਸਦਾ ਹੈ। ਦੂਸਰੇ ਬੰਨਿਉਂ 'ਭਿਅੰਕਰ' ਹਾਸੇ ਦੀ ਆਵਾਜ ਆਈ, "ਗਿ. ਸੰਤੋਖ ਸਿੰਘ! ਤੇ ਨਿਰਪੱਖ! ਇਹ ਕਿਵੇਂ ਹੋ ਸਕਦਾ ਏ!"

ਠਰ੍ਹੰਮੇ ਭਰਿਆ ਉਤਰ ਦਿੰਦਿਆਂ ਇਸ ਨੇ ਕਿਹਾ, "ਜਦੋਂ ਮੈ ਐਕਸਪਲੇਨ ਕੀਤਾ, ਤੁਸੀਂ ਵੀ ਮੰਨ ਜਾਣਾ ਏਂ।" ਉਸਨੇ ਹੈਰਾਨੀ ਭਰੀ ਟੋਨ ਵਿਚ ਕਿਹਾ, "ਟਰਾਈ!" "ਵੇਖੋ ਮੈਨੂੰ ਦੋਵੇਂ ਧਿਰਾਂ ਆਪਣਾ ਵਿਰੋਧੀ ਸਮਝਦੀਆਂ ਨੇ; ਕੋਈ ਧਿਰ ਵੀ ਨਹੀ ਸਮਝਦੀ ਕਿ ਮੈ ਉਸ ਵੱਲ ਹਾਂ। ਇਸ ਲਈ ਆਪੇ ਮੈ ਨਿਰਪੱਖ ਹੋ ਗਿਆ। ਜੇਹੜਾ ਕਿਸੇ ਵੱਲ ਨਹੀ; ਉਹ ਭਾਵੇ ਖ਼ੁਦ ਨੂੰ ਸਾਰਿਆਂ ਦਾ ਇਕੋ ਜਿਹਾ ਹਮਦਰਦ ਸਮਝਦਾ ਹੋਵੇ ਪਰ ਫੇਰ, "ਸਭ ਦਾ ਮਿੱਤਰ ਕਿਸੇ ਦਾ ਨਹੀ ਮਿੱਤਰ।" ਵਾਲ਼ੀ ਗੱਲ ਉਸ ਉਪਰ ਲਾਗੂ ਹੋ ਜਾਂਦੀ ਹੈ।" "ਹਾਂ ਇਸ ਤਰੀਕੇ ਨਾਲ਼ ਤਾਂ ਵਾਕਿਆ ਹੀ ਤੂੰ ਨਿਰਪੱਖ ਹੈਂ।" ਉਸ ਨੇ ਹੱਸਦੇ ਹੋਏ ਨੇ ਆਖਿਆ।

ਇਹ ਤਾਂ ਸੰਸਾਰ ਦੀ ਸਿੱਖ ਸੰਗਤ ਜਾਣਦੀ ਹੀ ਹੈ ਕਿ ਗਿਆਨੀ ਜੀ ਚੰਗੇ ਬੁਲਾਰੇ ਹਨ। ਸਿੱਖ ਇਤਿਹਾਸ, ਗੁਰਬਾਣੀ, ਸਿੱਖ ਸਿਧਾਂਤ, ਸਿੱਖ ਸਿਆਸਤ ਦੀ ਚੰਗੀ ਜਾਣਕਾਰੀ ਰੱਖਦੇ ਵੀ ਹਨ ਤੇ ਇਸ ਸਾਰੇ ਗਿਆਨ ਨੂੰ ਬੋਲ ਤੇ ਲਿਖ ਕੇ ਸ੍ਰੋਤਿਆਂ ਤੇ ਪਾਠਕਾਂ ਦੇ ਪੱਲੇ ਵੀ ਗੱਲ ਪਾ ਦਿੰਦੇ ਹਨ; ਤੇ ਜਦੋਂ ਇਹ ਸਾਰਾ ਕੁਝ ਦੱਸ ਰਹੇ ਹੁੰਦੇ ਹਨ ਗਿਆਨੀ ਜੀ, ਤਾਂ ਸ੍ਰੋਤੇ ਬੋਰ ਵੀ ਨਹੀ ਹੁੰਦੇ ਸਗੋਂ ਦਿਲਚਸਪੀ ਨਾਲ਼ ਗਿਆਨ ਭਰਪੂਰ ਵਾਰਤਾਲਾਪ ਸੁਣ ਕੇ ਪ੍ਰਸੰਨਤਾ ਵੀ ਪ੍ਰਾਪਤ ਕਰਦੇ ਹਨ ਪਰ ਗੜਬੜ ਓਦੋਂ ਹੁੰਦੀ ਹੈ ਜਦੋਂ ਗਿਆਨੀ ਜੀ, ਧਰਮ ਦੀ, ਗੁਰੂ ਸਾਹਿਬਾਨ ਦੇ ਇਤਿਹਾਸ ਦੀ, ਸਿੱਖ ਸਮਸਿਆਵਾਂ ਦੀ ਗੱਲ ਕਰਦੇ ਕਰਦੇ ਵਿਚੇ ਜੋਕ ਵੀ ਸੁਣਾ ਘੱਤਦੇ ਹਨ ਤੇ ਸਮਾ ਬਣਨ ਤੇ ਗ੍ਰੰਥੀਆਂ, ਸਟੇਜ ਸਕੱਤਰਾਂ ਤੇ ਪ੍ਰਬੰਧਕਾਂ ਦੇ ਕੰਮਾਂ ਵਿਚ ਵੀ ਲੱਤ ਅੜਾਉਣ ਤੋਂ ਗੁਰੇਜ਼ ਨਹੀ ਕਰਦੇ ਤੇ ਉਹਨਾਂ ਨੂੰ ਮੱਤਾਂ ਦੇਣ ਲੱਗ ਪੈਂਦੇ

ਹਨ। ਏਸੇ ਗੱਲ ਦੀ ਤੇ ਦੁਨੀਆ ਤੇ ਬਹੁਲਤਾ ਹੀ ਨਹੀ ਸਗੋਂ ਰੋਲ਼ ਪਿਆ ਹੋਇਆ ਹੈ। ਹਰ ਕੋਈ ਮੱਤ ਦੇਣ ਵਾਲਾ ਹੀ ਹੈ, ਲੈਣ ਵਾਲਾ ਕੋਈ ਨਹੀ। ਕੌਣ ਇਸ ਮਾਹੌਲ਼ ਵਿਚ ਗਿਆਨੀ ਜੀ ਦੀ ਮੱਤਾਂ ਦੇਣ ਵਾਲ਼ੀ ਭੈੜੀ ਵਾਦੀ ਦਾ ਸ਼ਿਕਾਰ ਹੁੰਦਾ ਰਹੇ! ਪਰ ਇਕ ਇਹ ਨੇ ਕਿ ਵਾਰਸ ਸ਼ਾਹ ਦੀ ਅਖਾਣ ਤੇ ਪੂਰਾ ਪੂਰਾ ਅਮਲ ਕਰਨ ਦਾ ਜਿਵੇਂ ਇਹਨਾਂ ਨੇ ਤਹੱਈਆਂ ਹੀ ਕੀਤਾ ਹੋਇਆ ਹੋਵੇ:

ਵਾਰਸ ਸ਼ਾਹ ਨਾ ਵਾਦੀਆਂ ਜਾਂਦੀਆਂ ਨੇ

ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।

ਹੋਰ ਤਾਂ ਹੋਰ ਪਿੱਛੇ ਜਿਹੇ ਏਥੋਂ ਦੀ ਪਾਰਲੀਮੈਂਟ ਵਿਚ ਮਨਾਈ ਗਈ ਵੈਸਾਖੀ ਮੌਕੇ ਜਦੋਂ ਨੌਜਵਾਨ ਪ੍ਰਬੰਧਕਾਂ ਨੇ ਇਹਨਾਂ ਨੂੰ ਡਿਊਟੀ ਦਿਤੀ ਕਿ ਤੁਸੀਂ ਅੰਗ੍ਰੇਜ਼ੀ ਵਿਚ ਵੈਸਾਖੀ ਦਾ ਇਤਿਹਾਸਕ ਤੇ ਧਾਰਮਿਕ ਪਹਿਲੂ ਕਵਰ ਕਰਨਾ ਹੈ ਤੇ ਕਰਨਾ ਵੀ ਪੰਜਾਂ ਮਿੰਟਾਂ ਦੇ ਅੰਦਰ ਅੰਦਰ ਹੈ। ਇਹ ਵਿਚਾਰਿਆਂ ਤੋਂ ਬਿਨਾ ਹੀ ਕਿ ਉਹਨਾਂ ਦਾ ਅੰਗ੍ਰੇਜ਼ੀ ਦਾ ਗਿਆਨ 'ਲੌਂਡੂਵਾ.ਲ' ਤੱਕ ਹੀ ਹੈ; ਆ ਵੇਖਿਆ ਨਾ ਤਾ, ਤੇ ਹਾਂ ਕਰ ਦਿਤੀ। ਦਰਜਨ ਭਰ ਏਥੋਂ ਦੇ ਐਮ, ਪੀਆਂ ਦੀ ਮੌਜੂਦਗੀ ਵਿਚ ਸੈਂਕੜੇ ਲੋਕਾਂ ਨੇ ਪਾਰਲੀਮੈਂਟ ਦੇ ਸਪੀਕਰ ਦੀ ਪ੍ਰਧਾਨਗੀ ਹੇਠ ਇਹਨਾਂ ਦਾ ਭਾਸ਼ਨ ਸੁਣਿਆਂ ਵੀ ਤੇ ਤਾੜੀਆਂ ਵੀ ਮਾਰ ਘੱਤੀਆਂ। ਫੰਕਸ਼ਨ ਦੀ ਸਮਾਪਤੀ ਉਪ੍ਰੰਤ ਇਕ ਉਸ ਪੜ੍ਹੇ ਲਿਖੇ ਸੱਜਣ ਨੇ, ਜੋ ਕਿ ਸਹੀ ਤੌਰ ਤੇ ਸਮਝਦਾ ਸੀ ਕਿ ਇਹ ਕੰਮ ਉਸਨੂੰ ਕਰਨਾ ਚਾਹੀਦਾ ਸੀ, ਗਿਆਨੀ ਜੀ ਨੂੰ ਜਲ ਪਾਣੀ ਛਕਦਿਆਂ ਆਖਿਆ, "ਤੂੰ ਪੰਜਾਬੀ ਵਿਚ ਤਾਂ ਬੋਲ ਲੈਂਦਾ ਏਂ! ਪਰ ਅੰਗ੍ਰੇਜ਼ੀ ਵਿਚ ......." ਵਾਦੀ ਮੁਤਾਬਿਕ ਉਸ ਦੀ ਗੱਲ ਪੂਰੀ ਹੋਣ ਹੀ ਨਹੀ ਦਿਤੀ ਤੇ ਵਿਚੋਂ ਬੋਲ ਉਠੇ, "ਡਾਕਟਰ ਸਾਹਿਬ ਜੀ, ਕਿੰਨਾ ਖ਼ਰਚ ਤੇ ਖੇਚਲ਼ ਕਰਕੇ ਆਪਾਂ ਸੋਹਣਾ ਮਕਾਨ ਬਣਾਉਂਦੇ ਹਾਂ ਪਰ ਅਖੀਰ ਵਿਚ, ਕਿਸੇ ਦੀ ਮੰਦੀ ਨਜ਼ਰ ਤੋਂ ਬਚਾਉਣ ਲਈ, ਉਸ ਦੇ ਮੱਥੇ ਤੇ ਇਕ ਕਾਲ਼ੇ ਰੰਗ ਦੀ ਤੌੜੀ ਮੂਧੀ ਮਾਰ ਦਿੰਦੇ ਹਾਂ। ਤੁਸੀਂ ਏਨੇ ਸੋਹਣੇ ਕਾਮਯਾਬ ਫੰਕਸ਼ਨ ਦੀ ਸੰਪੂਰਨਤਾ ਉਪ੍ਰੰਤ ਮੇਰੇ ਲੈਕਚਰ ਨੂੰ ਉਹ ਕਾਲ਼ੀ ਤੌੜੀ ਹੀ ਸਮਝ ਛੱਡੋ।" ਹੁਣ ਅਗਲਾ ਕੀ ਬੋਲੇ! "ਪਰ ਮੇਰੇ ਖਿਆਲ ਵਿਚ ਮੈ ਬੋਲਦਾ ਭੁੱਲਿਆ ਨਹੀ ਤੇ ਸੁਣਨ ਵਾਲ਼ਿਆਂ ਨੂੰ ਸਮਝ ਆ ਗਿਆ ਕਿ ਮੈ ਕੀ ਕਿਹਾ ਹੈ। ਸੋ 'ਰੀਸਨਏਬਲੀ' ਮੇਰਾ ਲੈਕਚਰ ਠੀਕ ਹੀ ਰਿਹਾ, ਕਿਹਾ ਜਾ ਸਕਦਾ ਹੈ।" ਅੱਗੋਂ ਗੱਲ ਪੂਰੀ ਕਰ ਦਿਤੀ ਇਹਨਾਂ ਨੇ।

ਇਕ ਹੋਰ ਗੱਲ ਸੁਣ ਲਵੋ: ਕੁਝ ਦਿਨ ਹੋਏ ਕਿਸੇ ਦੇ ਘਰ ਸਜੇ ਧਾਰਮਿਕ ਦੀਵਾਨ ਵਿਚ, ਗਿਆਨੀ ਜੀ ਨੇ ਸਦਾ ਵਾਂਗ ਆਪਣੇ ਧਾਰਮਿਕ ਵਿਖਿਆਨ ਵਿਚ ਇਤਿਹਾਸਕ ਹਵਾਲੇ ਵੀ ਦੇ ਮਾਰੇ। ਹਾਲਾਂ ਕਿ ਗਿਆਨੀ ਜੀ ਭਲੀ ਭਾਂਤ ਜਾਣਦੇ ਹਨ ਕਿ ਇਤਿਹਾਸਕ ਹਵਾਲਿਆਂ ਬਾਰੇ ਸਦਾ ਹੀ 'ਕਿੰਤੂ ਪ੍ਰੰਤੂ' ਹੋ ਸਕਦਾ ਹੈ। ਕੋਈ ਵੀ

ਉਠ ਕੇ ਕਿਸੇ ਦਲੀਲ ਜਾਂ ਕਿਤਾਬ ਦਾ ਹਵਾਲਾ ਦੇ ਕੇ ਤੁਹਾਨੂੰ ਸੰਗਤ ਵਿਚ ਗ਼ਲਤ ਤੇ ਖ਼ੁਦ ਨੂੰ ਵਿਦਵਾਨ ਸਾਬਤ ਕਰਨ ਦੀ ਕੁਚੇਸ਼ਟਾ ਕਰ ਸਕਦਾ ਹੈ। ਏਸੇ ਕਰਕੇ ਕੁਝ ਦਹਾਕਿਆਂ ਤੋਂ ਵੱਡੇ ਵੱਡੇ ਸਿੱਖ ਧਾਰਮਿਕ ਵਿਦਵਾਨਾਂ ਨੇ, ਆਪਣੇ ਵਿਖਿਆਨਾਂ ਵਿਚੋਂ, ਸਾਖੀਆਂ ਤੇ ਇਤਿਹਾਸਕ ਹਵਾਲਿਆਂ ਨੂੰ ਮਨਫ਼ੀ ਹੀ ਕਰ ਦਿਤਾ ਹੈ। "ਨਾ ਨੱਕ ਰਹੇ ਤੇ ਨਾ ਮੱਖੀ ਬਹੇ।" ਅਰਥਾਤ ਨਾ ਸਾਖੀ ਤੇ ਇਤਿਹਾਸ ਦਾ ਹਵਾਲਾ ਦਿਉ ਤੇ ਨਾ ਨੁਕਤਾਚੀਨੀ ਕਰਵਾਉ। ਏਧਰ ਓਧਰ ਦੀਆਂ ਕੁਝ ਗੱਲ਼ਾਂ, ਕੁਝ ਬਾਣੀ ਦੀਆਂ ਤੁਕਾਂ ਦੇ ਹਵਾਲੇ ਦੇ ਕੇ ਡੰਗ ਵੀ ਸੋਹਣਾ ਸਾਰ ਲੈਂਦੇ ਨੇ। ਮਾਣ ਤੇ ਮਾਇਆ ਵੀ ਸੰਗਤਾਂ ਤੋਂ ਪ੍ਰਾਪਤ ਕਰ ਲੈਂਦੇ ਹਨ; ਪਰ ਇਕ ਇਹ 'ਅਗਿਆਨੀ' ਹੀ ਹੈ ਜੋ ਬਾਣੀ ਦੀ ਇਸ ਤੁਕ, "ਹਉ ਮੂਰਖ ਨੀਚ ਅਜਾਣੁ ਸਮਝਾਂ ਸਾਖੀਐ॥" ਵਾਲ਼ੀ ਤੁਕ ਦਾ ਸਹਾਰਾ ਲੈ ਕੇ ਸਾਖੀ ਤੇ ਇਤਿਹਾਸਕ ਹਵਾਲਿਆਂ ਤੋਂ ਬਿਨਾ ਕੋਈ ਧਾਰਮਿਕ ਵਿਖਿਆਨ ਨਹੀ ਦਿੰਦਾ। ਸਗੋਂ ਆਖੂ ਕਿ ਜੇਕਰ ਅਸੀਂ ਸਾਖੀ ਨਹੀ ਸੁਣਾਵਾਂਗੇ ਤਾਂ ਗੁਰੂ ਸਾਹਿਬਾਨ ਦੀ ਯਾਦ ਨੂੰ ਹੀ ਲੋਕੀਂ ਭੁਲ ਜਾਣਗੇ ਸ਼ਾਇਦ!

ਦੀਵਾਨ ਤੋਂ ਬਾਅਦ ਇਕ ਸੁਲਝੇ ਹੋਏ ਸੱਜਣ ਕਹਿਣ ਲੱਗੇ, "ਗਿਆਨੀ ਜੀ, ਗੁਰੂ ਨਾਨਕ ਸਾਹਿਬ ਜੀ ਸੁਲਤਾਨਪੁਰੋਂ ਉਦਾਸੀ ਤੇ ਚੱਲੇ ਤੇ ਪਹਿਲਾਂ ਲਾਹੌਰ ਫਲਾਣੇ ਵਿਆਕਤੀ ਨੂੰ ਮਿਲ਼ੇ ਪਰ ਤੁਸੀਂ ਕਿਹਾ ਕਿ ਪਹਿਲੀ ਧਰਮਸਾਲਾ ਤੇ ਧਰਮਸਾਲੀਆ ਤੁਲੰਭੇ ਵਿਚ ਭਾਈ ਸੱਜਣ (ਠੱਗ) ਨੂੰ ਬਣਾਇਆ। ਇਹ ਕੋਈ ਲੌਜਕ ਨਹੀ ਬਣਦਾ। ਇਹ ਤੁਸੀਂ ਕਿਵੇਂ ਗੱਲ ਬਣਾ ਧਰੀ!"

ਆਪਣੇ ਸੁਭਾ ਤੋਂ ਉਲ਼ਟ ਗਿਆਨੀ ਜੀ ਨੇ ਬੜੇ ਤਹੱਮਲ ਨਾਲ਼ ਜਵਾਬ ਦਿਤਾ, "ਸ. ਫਲਾਣਾ ਸਿੰਘ ਜੀ, ਵੇਖੋ ਮੈ ਤੇ ਉਸ ਸਮੇ ਓਥੇ ਮੌਜੂਦ ਨਹੀ ਸੀ। ਇਸ ਲਈ ਮੈ ਦਾਹਵੇ ਨਾਲ ਤਾਂ ਇਹ ਨਹੀ ਆਖ ਸਕਦਾ ਕਿ ਸੱਚਾਈ ਕੀ ਹੈ। ਪਰ ਆਖਰ ਮੈ ਤੁਹਾਡੇ ਵਰਗੇ ਕਿਸੇ ਵਿਦਵਾਨ ਦੇ ਮੂਹੋਂ ਸੁਣਿਆਂ ਜਾਂ ਕਿਤੇ ਲਿਖਿਆ ਪੜ੍ਹਿਆ ਹੀ ਹੋਵੇਗਾ! ਮੇਰੇ ਖਿਆਲ ਵਿਚ ਤੁਹਾਡਾ ਵੀ ਉਸ ਸਮੇ ਓਥੇ ਮੌਜੂਦ ਹੋਣਾ ਮੁਮਕਨ ਨਹੀ ਲੱਗਦਾ। ਪਰ ਦਲੀਲ ਵਜੋਂ ਅਸੀਂ ਮੰਨ ਲੈਂਦੇ ਹਾਂ ਕਿ ਲਾਹੌਰ, ਤੁਲੰਭੇ ਤੋਂ ਪਹਿਲਾਂ ਹੀ ਪਹੁੰਚੇ ਹੋਣਗੇ ਪਰ ਗੁਰੂ ਸਾਹਿਬ ਜੀ ਨੇ ਅਸਲੀ ਧਰਮਸਾਲਾ ਤਾਂ ਸੱਜਣ ਦੀ ਠੱਗੀ ਵਾਲ਼ੀ ਧਰਮਸਾਲਾ ਨੂੰ ਹੀ ਬਣਾਇਆ ਸੀ। ਠੱਗ ਤੋਂ ਸੱਚਾ ਸੱਜਣ ਵੀ ਓਸੇ ਨੂੰ ਹੀ ਗੁਰੂ ਜੀ ਨੇ ਬਣਾਇਆ ਸੀ। ਬਾਕੀ ਰਹੀ ਗੱਲ 'ਲੌਜਕ' ਦੀ; ਉਸ ਬਾਰੇ ਬੇਨਤੀ ਇਉਂ ਹੈ ਕਿ ਤੁਕਾਂਤ ਜੁੜੇ ਨਾ ਜੁੜੇ ਤੇਲੀ ਕੋਹਲੂ ਦੇ ਭਾਰ ਤੋਂ ਤਾਂ ਨਹੀ ਨਾ ਬਚ ਸਕਦਾ! 'ਲੌਜਕ' ਬਣਿਆ ਜਾਂ ਨਾ ਪਰ ਸੰਗਤ ਨੇ ਸਾਖੀ ਸੁਣਕੇ ਆਨੰਦ ਤਾਂ ਮਾਣਿਆ ਨਾ!"

ਹੁਣੇ ਤਾਜਾ ਹੀ ਵਾਪਰੀ ਇਕ ਘਟਨਾ ਵੀ ਸੁਣ ਲਵੋ: ਥੋਹੜੇ ਦਿਨ ਹੋਏ ਆਸਟ੍ਰੇਲੀਆ ਦੇ ਇਕ ਸ਼ਹਿਰ ਦੇ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਗਿਆਨੀ ਜੀ ਨੂੰ

ਆਖਿਆ ਕਿ ਉਹ ਐਤਵਾਰ ਦੇ ਦੀਵਾਨ ਵਿਚ, ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਬਾਰੇ ਬੋਲਣ। ਮਿੰਟ ਦਸ ਤੋਂ ਪੰਦਰਾਂ ਦਾ ਸਮਾ ਦਿਤਾ। ਏਸੇ ਸਮੇ ਵਿਚ ਵਿਚ ਹੀ ਸਿਧ ਕਰਕੇ ਦੱਸਣ ਲਈ ਆਖਿਆ ਕਿ ਇਕ ਸਵਾ ਪੰਜ ਸਾਲ ਦਾ ਬੱਚਾ ਕਿਸ ਤਰ੍ਹਾਂ ਗੁਰੂ ਹੋ ਸਕਦਾ ਹੈ! ਪ੍ਰਬੰਧਕ ਬਹੁਤ ਵਿਦਵਾਨ ਤੇ ਸੰਗਤ ਵੀ ਬਹੁਤ ਪੜ੍ਹੇ ਲਿਖਿਆ ਦੀ ਸੀ। ਗਿਆਨੀ ਜੀ ਨੇ ਅੰਦਾਜ਼ੇ ਨਾਲ਼ ਹੀ ਸਮੇ ਦੇ ਅੰਦਰ ਅੰਦਰ ਆਪਣੀ ਗੱਲ ਸਮਾਪਤ ਕਰ ਦਿਤੀ, ਕਿਉਂਕਿ ਘੜੀ ਤੇ ਇਹਨਾਂ ਪਾਸ ਕਦੀ ਹੁੰਦੀ ਨਹੀ, ਤੇ ਉਸ ਗੁਰਦੁਆਰੇ ਦਾ ਹਾਲ ਬਹੁਤ ਵੱਡਾ ਹੋਣ ਕਰਕੇ ਕੰਧ ਨਾਲ਼ ਲੱਗੀ ਘੜੀ ਦੀਆਂ ਸੂਈਆਂ ਵੀ, ਦੂਰ ਹੋਣ ਕਰਕੇ, ਇਹਨਾਂ ਦੀ ਅੱਖ ਦੀ ਮਾਰ ਹੇਠ ਆਉਣੋ ਬਚੀਆਂ ਰਹੀਆਂ। ਦੀਵਾਨ ਦੀ ਸਮਾਪਤੀ ਤੋਂ ਬਾਅਦ, ਇਕ ਟੇਬਲ ਦੁਆਲੇ ਡਠੀਆਂ ਕੁਰਸੀਆਂ ਉਪਰ ਡਟ ਕੇ ਪ੍ਰਸ਼ਾਦਾ ਛਕਣ ਸਮੇ, ਬਹੁਤੇ ਸਿਆਣੇ ਸੱਜਣ ਇਹਨਾਂ ਦੇ ਦੁਆਲ਼ੇ ਜਿਹੇ ਹੀ ਸਜੇ ਹੋਏ ਸਨ ਜਿਨ੍ਹਾਂ ਵਿਚ ਪ੍ਰੋਫ਼ੈਸਰ, ਡਾਕਟਰ, ਵਕੀਲ ਆਦਿ ਸਨ। ਇਕ ਸੁਲਝੇ ਹੋਏ ਪ੍ਰੋਫ਼ੈਸਰ ਸੱਜਣ ਕਹਿਣ ਲੱਗੇ, "ਗਿਆਨੀ ਜੀ, ਗਿਆਨ ਤਾਂ ਤੁਹਾਡਾ ਬੜਾ ਹੈ; ਵਿਖਿਆਨ ਵੀ ਸੋਹਣਾ ਸੀ ਪਰ ਤੁਸੀਂ ਸਿਧਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਬਾਰੇ ਬੋਲਣ ਦੀ ਬਜਾਇ ਪਹਿਲਾਂ ਏਧਰ ਓਧਰ ਦੀਆਂ ਗੱਲਾਂ ਵੀ ਮਾਰੀ ਗਏ!" ਉਸ ਪ੍ਰੋਫ਼ੈਸਰ ਨੂੰ ਸਿਧਾ ਜਵਾਬ ਦੇਣ ਦੀ ਥਾਂ ਗਿਆਨੀ ਜੀ ਬਗਲੇ ਦੀ ਕਹਾਣੀ ਸੁਣਾਉਣ ਲੱਗ ਪਏ: ਇਕ ਵੱਡੇ ਛੱਪੜ ਦੇ ਵਿਚਕਾਰ ਇਕ ਨਿਕਾ ਜਿਹਾ ਧੋੜਾ ਸੀ; ਜਿਵੇਂ ਸਮੁੰਦਰ ਵਿਚ ਟਾਪੂ ਹੁੰਦਾ ਹੈ। ਉਸ ਧੋੜੇ ਉਪਰ ਇਕ ਬਗਲਾ ਬੈਠਾ ਸੀ। ਕਿਸੇ ਨੇ ਪੁੱਛਿਆ, "ਭਾਊ, ਉਹ ਬਗਲਾ ਕਿਵੇਂ ਫੜਿਆ ਜਾ ਸਕਦਾ ਹੈ!" "ਸੌਖਾ ਹੀ ਕੰਮ ਹੈ ਇਹ ਤਾਂ।" ਜਵਾਬ ਸੀ ਭਾਊ ਦਾ। "ਕਿਵੇਂ ਭਾਊ?" ਉਤਸੁਕਤਾ ਵੱਸ ਉਸ ਸੱਜਣ ਨੇ ਪੁੱਛਿਆ "ਇਕ ਮੋਮਬੱਤੀ ਲੈ ਲਓ ਤੇ ਇਕ ਤੀਲ਼ਾਂ ਦੀ ਡੱਬੀ। ਛੱਪੜ ਵਿਚ ਤਰਦੇ ਹੋਏ ਹੌਲ਼ੀ ਹੌਲ਼ੀ ਬਗਲੇ ਦੇ ਪਿਛੇ ਚਲੇ ਜਾਓ ਤੇ ਮੋਮਬੱਤੀ ਬਾਲ ਕੇ ਉਸ ਦੇ ਸਿਰ ਉਪਰ ਰੱਖ ਕੇ ਆਪ ਵਾਪਸ ਮੁੜ ਆਓ। ਜਦੋਂ ਮੋਮ ਪਘਰ ਕੇ ਬਗਲੇ ਦੀਆਂ ਅੱਖਾਂ ਵਿਚ ਪੈ ਜਾਵੇ ਤੇ ਉਸ ਨੂੰ ਦਿਸਣੋ ਹਟ ਜਾਵੇ ਤਾਂ ਮਲਕੜੇ ਜਿਹੇ ਪਿੱਛੋਂ ਦੀ ਜਾ ਕੇ ਉਸ ਨੂੰ ਧੌਣੋ ਫੜ ਲਓ। ਬੱਸ ਏਨਾ ਹੀ ਕੰਮ ਹੈ।" "ਤੇ ਭਾਊ, ਜਦੋਂ ਮੋਬਬੱਤੀ ਰੱਖਣ ਜਾਣਾ ਬਗਲੇ ਦੇ ਸਿਰ ਤੇ, ਓਦੋਂ ਹੀ ਕਿਉਂ ਨਾ ਉਸ ਨੂੰ ਫੜ ਲਿਆ ਜਾਵੇ!" "ਫਿਰ ਇਹ ਕੋਈ ਸਾਇੰਟਿਫਿਕ ਤਰੀਕਾ ਤੇ ਨਾ ਨਾ ਹੋਇਆ!'" ਉਤਰ ਸੀ ਭਾਊ ਦਾ।

ਮੇਰੇ ਖਿਆਲ ਵਿਚ ਜੇਕਰ ਗਿਆਨੀ ਜੀ ਜਿਵੇਂ 'ਟਰੇਡ' ਵਿਚ ਸਫਲ ਨੇ ਜੇ ਕਿਤੇ ਇਹਨਾਂ ਪਾਸ ਟਰੇਡ ਨੂੰ ਲੋਕਾਂ ਅੱਗੇ ਪ੍ਰੋਸਣ ਵਾਲ਼ੇ 'ਟਰਿੱਕ' ਵੀ ਆਉਂਦੇ ਹੁੰਦੇ ਤਾਂ ਤਾਂ ਕਿੰਨੀ ਚੰਗੀ ਗੱਲ ਹੁੰਦੀ ਤੇ ਸ਼ਾਇਦ ਇਸ ਤਰ੍ਹਾਂ ਸਿੱਖ ਕੌਮ ਵੀ ਇਹਨਾਂ ਦੀ ਵਿਦਵਤਾ, ਸੁਹਿਰਦਤਾ, ਕਲਮ ਕਲਾ ਤੇ ਭਾਸ਼ਨ ਕਲਾ ਤੋਂ ਲਾਭ ਉਠਾ ਸਕਦੀ। ਪਰ

"ਡੁੱਬੀ ਤਾਂ ਤਾਂ ਹੀ ਜੇ ਸਾਹ ਨਾ ਆਇਆ!" ਦੇ ਅਖਾਣ ਵਾਂਗ ਇਹ ਤਾਂ ਬਿਲਕੁਲ ਸਾਧਾਰਨ ਕੱਪੜਿਆਂ ਵਿਚ ਹੀ, ਸਾਧਾਰਨਤਾ ਸਹਿਤ, ਹਰ ਤਰ੍ਹਾਂ ਦੇ ਵਿਅਕਤੀਆਂ ਵਿਚ ਵਿਚਰਦੇ ਰਹਿੰਦੇ ਹਨ ਤੇ ਨਹੀ ਵੇਖਦੇ ਥਾਂ ਕੁਥਾਂ। ਹਰੇਕ ਸਮੇ ਇਕੋ ਜਿਹਾ ਹੀ ਵਰਤ ਵਿਹਾਰ ਰਖਦੇ ਹਨ। ਮਖੌਲ, ਖੁਲ੍ਹੀਆਂ ਬਾਤਾਂ, ਹਾਸਾ ਆਦਿ ਦੀ ਅਵਸਥਾ ਸਮੇ, ਸਮੇ ਤੇ ਸਥਾਨ ਦਾ ਖਿਆਲ ਨਹੀ ਕਰਦੇ। ਨਹੀ ਇਸ ਗੱਲ ਦਾ ਧਿਆਨ ਕਰਦੇ ਕਿ ਲੋਕ ਇਹਨਾਂ ਦੀ ਸ਼ਖ਼ਸੀਅਤ, ਉਮਰ, ਵਿਦਵਤਾ, ਤਜੱਰਬਾ ਤੇ ਸਮਾਜ ਵਿਚ ਇਹਨਾਂ ਦਾ ਸਥਾਨ ਵੇਖ ਕੇ ਇਹਨਾਂ ਪਾਸੋਂ ਗੰਭੀਰਤਾ ਦੀ ਆਸ ਰੱਖਦੇ ਹਨ ਪਰ ਇਹਨਾਂ ਤਾਂ ਜਿਵੇਂ ਸਹੁੰ ਹੀ ਖਾ ਰੱਖੀ ਹੈ ਕਿ ਹਾਸੇ ਤੋਂ ਬਿਨਾ ਗੱਲ ਹੀ ਕੋਈ ਨਹੀ ਕਰਨੀ ਭਾਵੇਂ ਕਿੰਨੀ ਵੀ ਗੰਭੀਰਤਾ ਦੀ ਤਵੱਕੋਂ ਵਾਲ਼ੀ ਸਥਿਤੀ ਹੋਵੇ; ਤੇ ਇਸ ਤਰ੍ਹਾਂ ਬਹੁਤੀ ਵਾਰੀ 'ਹਾਸੇ ਦਾ ਮੜਾਸਾ' ਹੀ ਬਣ ਜਾਂਦਾ ਹੈ। ਹਾਂ ਇਹ ਵੀ ਠੀਕ ਹੈ: ਕਹਿੰਦੇ ਹਨ ਕਿ ਰੱਬ ਗੰਜੇ ਨੂੰ ਨਹੁੰ ਨਹੀ ਦਿੰਦਾ ਤਾਂ ਕਿ ਉਹ ਆਪਣਾ ਸਿਰ ਖੁਰਕ ਕੇ ਲਹੂ ਨਾ ਕਢ ਲਵੇ। ਸ਼ਾਇਦ ਗਿਆਨੀ ਜੀ ਨੂੰ ਥਾਂ ਸਿਰ ਰੱਖਣ ਲਈ ਹੀ ਇਹਨਾਂ ਨੂੰ ਏਹੋ ਜਿਹਾ ਬਣਾ ਧਰਿਆ ਹੈ, ਕੁਦਰਤ ਨੇ!

ਸੁਣ ਲਓ ਇਕ ਹੋਰ ਇਹਨਾਂ ਦੀ 'ਕਰਤੂਤ':

ਸਿਡਨੀ ਦੇ ਇਕ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਜੀ ਨੇ ਦੇਸ ਨੂੰ ਜਾਣਾ ਸੀ। ਇਕ ਦਿਨ ਗੁਰਦੁਆਰਾ ਸਾਹਿਬ ਦੇ ਚੇਅਰਮੈਨ, ਮੀਤ ਪ੍ਰਧਾਨ ਤੇ ਕੁਝ ਹੋਰ ਸੱਜਣ ਇਹਨਾਂ ਦੇ ਘਰ ਆਏ ਤੇ ਇਹਨਾਂ ਨੂੰ ਕੁਝ ਦਿਨਾਂ ਲਈ ਸੇਵਾ ਨਿਭਾਉਣ ਲਈ ਬੇਨਤੀ ਕੀਤੀ। ਬਿਨਾ ਕੋਈ 'ਅਗਰਚਿ ਮਗਰਚਿ' ਲਾਏ ਦੇ ਇਹਨਾਂ ਨੇ ਕਿਹਾ, "ਧੰਨ ਭਾਗ ਮੇਰੇ, ਤੁਸੀਂ ਮੈਨੂੰ ਇਸ ਸੇਵਾ ਦੇ ਯੋਗ ਸਮਝਿਆ! ਤੁਸੀਂ ਕਾਂ ਦੇ ਹੱਥ ਵੀ ਸੁਨੇਹਾ ਭੇਜ ਦਿੰਦੇ, ਮੈ ਸਿਰ ਪਰਨੇ ਚੱਲ ਕੇ ਹਾਜਰ ਹੁੰਦਾ। ਤੁਸੀਂ ਆਪ ਚੱਲ ਕੇ ਆਉਣ ਦੀ ਖੇਚਲ ਕਿਉਂ ਕੀਤੀ!" ਏਥੇ ਵੀ ਕੁਝ ਦਿਨਾਂ ਬਾਅਦ ਹੀ ਬੁੜ੍ਹੀ ਦੇ ਸੇਹਰੇ ਸਾੜਨ ਵਾਲ਼ੀ ਗੱਲ ਹੀ, ਇਹ ਬਹੁਤਾ ਕੌਮੀ ਦਰਦ ਰੱਖਣ ਵਾਲ਼ਾ ਸੱਜਣ, ਕਰ ਬੈਠਾ। ਕਮੇਟੀ ਵੱਲੋਂ ਹਰੇਕ ਤਿੰਨੀਂ ਮਹੀਨੀਂ ਗੁਰਦੁਆਰਾ ਸਾਹਿਬ ਦੀ ਆਮਦਨ ਖ਼ਰਚ ਦਾ ਵੇਰਵਾ ਗੁਰਦੁਆਰਾ ਸਾਹਿਬ ਦੇ ਦਰਵਾਜੇ ਦੇ ਨਾਲ਼ ਚਿਪਕਾਇਆ ਜਾਂਦਾ ਸੀ। ਇਕ ਦਿਨ ਕਿਸੇ ਦੇ ਦੱਸੇ ਤੇ, ਇਸ ਦੀ ਨਿਗਾਹ ਉਸ ਕਾਗਜ਼ ਤੇ ਪੈ ਗਈ। ਉਸ ਹਿਸਾਬ ਵਿਚ ਹਜਾਰਾਂ ਡਾਲਰ ਕਿਸੇ ਕੰਪਨੀ ਨੂੰ ਗਾਰਬਿਜ ਚੁੱਕਣ ਵਾਸਤੇ ਗ਼ਲਤ ਦਿਤੇ ਜਾ ਰਹੇ ਸਨ। ਓਥੋਂ ਪੜ੍ਹ ਕੇ ਓਸੇ ਸਮੇ ਹੀ ਇਹ ਪੈਸੇ ਲੈਣ ਵਾਲ਼ੀ ਕੰਪਨੀ ਨੂੰ ਫ਼ੋਨ ਕਰਕੇ ਅੱਗੋਂ ਤੋਂ ਇਹ 'ਸੇਵਾ' ਕਰਨ ਦੀ ਇਸ ਨੇ, ਕਮੇਟੀ ਨੂੰ ਦੱਸਿਆਂ ਬਿਨਾ ਹੀ ਮਨਾਹੀ ਕਰ ਦਿਤੀ। ਆਪਣੀ ਅਕਲ ਘੋਟਦੇ ਹੋਏ ਨੇ, ਕਮੇਟੀ ਮੈਬਰਾਂ ਤੋਂ ਪੁਛਣਾ ਸ਼ੁਰੂ ਕਰ ਦਿਤਾ ਕਿ ਗਾਰਬਿਜ ਕੁਲੈਕਸ਼ਨ ਦਾ ਬਿੱਲ਼ ਤਾਂ ਕੌਂਸਲ ਦੇ ਖ਼ਰਚ ਵਿਚ ਹੀ ਸ਼ਾਮਲ ਹੁੰਦਾ ਹੈ; ਇਹ ਵੱਖਰਾ ਖ਼ਰਚ ਕਾਹਦਾ ਹੈ! ਨਾ ਸਕੱਤਰ,

ਨਾ ਪ੍ਰਧਾਨ, ਨਾ ਖ਼ਜਾਨਚੀ ਤੇ ਨਾ ਹੀ ਕਿਸੇ ਹੋਰ ਨੇ ਕੋਈ ਜਵਾਬ ਦਿਤਾ। ਪਰ ਉਸ ਦਾ ਅਸਰ ਇਹ ਹੋਇਆ ਕਿ ਮੁੜ ਕਮੇਟੀ ਨੇ ਅਜਿਹਾ ਵੇਰਵਾ ਛਾਪ ਕੇ ਲਾਉਣ ਤੋਂ ਹੀ ਤੋਬਾ ਕਰ ਲਈ। ਜੇਹੜਾ ਕੋਈ ਮਾੜਾ ਮੋਟਾ ਆਮਦਨ ਖ਼ਰਚ ਦਾ ਸੰਗਤਾਂ ਨੂੰ ਪਤਾ ਲੱਗਦਾ ਸੀ ਉਹ ਵੀ ਗਿਆ। ਏਸੇ ਦੌਰਾਨ ਨਵੀ ਕਮੇਟੀ ਬਣ ਗਈ ਤੇ ਇਹ ਨਵੇ ਪ੍ਰਧਾਨ ਦੇ ਫਿਰ ਕੰਨ ਖਾਣ ਲੱਗ ਪਿਆ ਕਿ ਪੁਛੋ ਭਾਈ ਇਹ ਕਿੰਨੇ ਸਾਲਾਂ ਤੋਂ ਫ਼ਜ਼ੂਲ ਪੈਸੇ ਖਰਚੀਂਦੇ ਰਹੇ ਹਨ! ਇਕ ਦਿਨ ਪ੍ਰਧਾਨ ਨੇ ਆਖਿਆ, "ਮੈ ਖ਼ਜ਼ਾਨਚੀ ਨੂੰ ਪੁਛਿਆ ਸੀ। ਉਹ ਆਖਦਾ ਤੈਨੂੰ ਗਿਆਨੀ ਚੱਕਦਾ ਹੋਣਾਂ!" ਕੋਈ ਪੁਛੇ ਭਈ ਭਲਿਆ ਮਾਣਸਾ, ਜਿਨ੍ਹਾਂ ਨੇ ਤੈਨੂੰ ਗੱਦੀ ਤੇ ਬਹਾਇਆ ਤੂੰ ਉਹਨਾਂ ਦੀਆਂ ਲੱਤਾਂ ਨੂੰ ਹੀ ਚੱਕ ਮਾਰਦਾਂ!

ਹੱਥਲੀ ਕਿਤਾਬ ਇਸ ਗੱਲ ਦੀ ਮੂੰਹ ਬੋਲਦੀ ਗਵਾਹੀ ਹੈ। ਕੀ ਤੁਸੀਂ ਸਮਝ ਸਕਦੇ ਹੋ ਕਿ ਇਹ ਸਾਹਿਤਕ ਹੈ ਜਾਂ ਧਾਰਮਿਕ, ਇਤਿਹਾਸਕ ਹੈ ਜਾਂ ਰਾਜਨੀਤਕ, ਯਾਦਾਂ ਹਨ ਜਾਂ ਲੇਖ, ਵਰਤਮਾਨ ਨੂੰ ਦਰਸਾਉਂਦੀ ਹੈ ਜਾਂ ਫਿਰ ਭੂਤ ਜਾਂ ਭਵਿਖ ਨੂੰ! ਕਿਸ ਖਾਨੇ ਵਿਚ ਤੁਸੀਂ ਇਸ ਪੁਸਤਕੜੀ ਜਿਹੀ ਨੂੰ ਰੱਖੋਗੇ? ਤਿੱਤਰ ਨਾ ਬਟੇਰ। ਮਿਲਗੋਭਾ ਜਿਹਾ। ਨਾ ਇਹ ਇਤਿਹਾਸਕ ਹੈ, ਨਾ ਧਾਰਮਿਕ, ਨਾ ਸਾਹਿਤਕ, ਨਾ ਫਿਲਾਸਾਫੀਕਲ, ਨਾ ਫਿਕਸ਼ਨ ਨਾ ਫੈਕਟ; ਬੱਸ ਜਿਵੇਂ ਮੂੰਹ ਆਇਆ ਭਾਸ਼ਨ ਸਮੇ ਬੋਲ਼ੀ ਜਾਂਦੇ ਹਨ ਓਵੇਂ ਹੀ ਇਸ ਕਿਤਾਬ ਵਿਚ ਝਰੀਟੀ ਗਏ ਹਨ। ਹਾਂ ਇਕ ਗੱਲ ਜ਼ਰੂਰ ਸਪੱਸ਼ਟ ਹੈ ਕਿ ਜਿਹੋ ਜਿਹੀ ਇਸ ਦੇ 'ਝਰੀਟੂ' ਦੀ ਸ਼ਖ਼ਸੀਅਤ ਹੈ ਓਹੋ ਜਿਹੀ ਹੀ ਇਸ ਦੀ ਇਹ ਰਚਨਾ ਹੈ। "ਜਿਹੋ ਜਿਹੀ ਭੋਡੀ ਬਾਹਮਣੀ ਓਹੋ ਜਿਹਾ ਘੁੱਦੂ ਜੇਠ!" ਇਹੋ ਜਿਹੇ ਤੋਂ ਇਸ ਤੋਂ ਵੱਖਰੀ ਆਸ ਵੀ ਕੀ ਕੀਤੀ ਜਾ ਸਕਦੀ ਸੀ! ਇਹੋ ਜਿਹੇ ਇਹੋ ਜਿਹੇ ਹੀ ਹੁੰਦੇ ਹਨ। "ਜਿਹੀ ਕੋਕੋ ਤੇਹੇ ਬੱਚੇ!"

ਹੋਰ ਸੁਣੋ: ਕਿਸੇ ਦੇ ਮੂੰਹੋਂ ਆਪਣੀ ਤਾਰੀਫ਼ ਸੁਣ ਕੇ ਫੁੱਲ ਕੇ ਕੁੱਪਾ ਹੋ ਜਾਊ। ਸੁਲਝੇ ਹੋਏ ਸੱਜਣ ਆਪਣੀ ਤਾਰੀਫ਼ ਆਪਣੇ ਮੂੰਹ ਤੇ ਸੁਣਨਾ ਪਸੰਦ ਨਹੀ ਕਰਦੇ ਪਰ ਇਹ ਪਿਓ ਦਾ ਪੁੱਤ ਆਪਣੀ ਵਡਿਆਈ ਸੁਣ ਕੇ ਚਾਂਭਲ਼ੂ। ਉਤੋਂ ਹੋਰ ਵਾਧਾ ਇਹ ਕਿ ਆਖੂ, "ਜਦੋਂ ਧਾਰਮਿਕ ਵਿਅਕਤੀਆਂ ਦੇ ਦੱਸਣ ਅਨੁਸਾਰ ਰੱਬ ਆਪਣੀ ਤਾਰੀਫ਼ ਮਨੁਖਾਂ ਪਾਸੋਂ ਸੁਣ ਕੇ ਖ਼ੁਸ਼ ਹੁੰਦਾ ਹੈ ਤਾਂ ਮੈ ਕਿਉਂ ਨਾ ਆਪਣੀ ਵਡਿਆਈ ਸੁਣਕੇ ਖ਼ੁਸ਼ ਹੋਵਾਂ। ਇਹ ਤਾਂ ਰੱਬੀ ਗੁਣ ਹੋਇਆ!"

ਇਹ ਵੀ ਸੁਣ ਲਵੋ: ਕੁਝ ਦਹਾਕੇ ਹੋਏ ਇਕ ਦਿਨ ਗੁਰਦੁਆਰਾ ਸਾਹਿਬ ਵਿਖੇ ਸਜੇ ਦੀਵਾਨ ਵਿਚ ਸਾਧੂ ਟੀ. ਐਲ. ਵਸਵਾਨੀ ਦੀ ਸਾਖੀ ਸੁਣਾਉਣ ਲਗ ਪਏ। ਸਾਖੀ ਦਾ ਸਾਰ ਕੁਝ ਇਸ ਤਰ੍ਹਾਂ ਸੀ: ਇਕ ਦਿਨ ਲੌਢੇ ਕੁ ਪਹਿਰ ਹੈਦਰਾਬਾਦ ਸਿੰਧ ਦੇ ਸ਼ਹਿਰ ਵਿਖੇ ਹੀ ਰਾਤ ਬਿਤਾਉਣ ਲਈ ਸੋਚ ਕੇ, ਇਕ ਦੁਕਾਨਦਾਰ ਨੂੰ, ਸੰਤ ਜੀ ਨੇ, ਧਰਮਸਾਲਾ ਦਾ ਰਾਹ ਪੁਛਿਆ। ਜਦੋਂ ਓਥੇ ਗਏ ਤਾਂ ਓਥੋਂ ਦੇ ਮਹੰਤ ਨੇ ਚੰਗਾ

ਸਲੂਕ ਨਾ ਕੀਤਾ ਤੇ ਸੰਤ ਜੀ ਚੁਪ ਕੀਤੇ ਵਾਪਸ ਮੁੜ ਆਏ। ਸੰਤ ਜੀ ਦੇ ਮੁੜਦਿਆਂ ਤੇ ਨਿਗਾਹ ਓਸੇ ਦੁਕਾਨਦਾਰ ਦੀ ਪੈ ਗਈ। ਇਹ ਜਾਣ ਕੇ ਕਿ ਸ਼ਾਇਦ ਧਰਮਸਾਲਾ ਸੰਤ ਜੀ ਨੂੰ ਨਹੀ ਥਿਆਈ; ਪੁਛਿਆ, "ਲਭੀ ਨਹੀ ਸੰਤ ਜੀ ਧਰਮਸਾਲਾ?" ਧਰਮ ਧੁਰਮ ਤੇ ਕੋਈ ਨਹੀ ਸੀ ਓਥੇ; ਹਾਂ ਇਕ ਸਾਲ਼ਾ ਬੈਠਾ ਸੀ।" ਤੁਰੇ ਜਾਂਦਿਆਂ ਸਹਿਜ ਸੁਭਾ ਉਤਰ ਸੀ ਸੰਤ ਜੀ ਦਾ।

ਦੀਵਾਨ ਉਪ੍ਰੰਤ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜੀ ਨੇ ਕੁਝ ਰੋਸੇ ਜਿਹੇ ਨਾਲ਼ ਕਿਹਾ, "ਤੈਂ ਗਿਆਨੀ ਮੇਰੇ ਤੇ ਇਹ ਗੱਲ ਲਾਈ ਆ।" ਉਤਰ ਮਿਲ਼ਿਆ, "ਭਈ ਲਾਈ ਤਾਂ ਮੈ ਕਿਸੇ ਤੇ ਨਹੀ; ਪਰ ਜੇ ਤੁਹਾਡੇ ਮੇਚ ਆਉਂਦੀ ਹੈ ਪ੍ਰਧਾਨ ਸਾਹਿਬ, ਤਾਂ ਤੁਸੀਂ ਰੱਖ ਲਓ।" "ਲਓ ਕਰ ਲਓ ਘਿਓ ਨੂੰ ਘੜਾ!" ਲਾਗੋਂ ਕਿਸੇ ਸ੍ਰੋਤੇ ਦੇ ਮੂੰਹੋਂ ਆਪ ਮੁਹਾਰੇ ਬੋਲ ਨਿਕਲ਼ੇ।

ਕੁਝ ਸਾਲਾਂ ਦੀ ਗੱਲ ਹੈ। ਦੇਸੋਂ ਦੋ ਝੱਗੇ ਪਜਾਮੇ ਪਾਰਸਲ ਰਾਹੀਂ ਮੰਗਵਾਏ। ਗਲ਼ ਪਾਉਣ ਤੇ ਝੱਗੇ ਗੋਡਿਆਂ ਤੋਂ ਨੀਵੇ ਨਿਕਲ਼ੇ। ਪਹਿਲਾਂ ਤਾਂ ਬੜਾ ਗੁੱਸਾ ਆਇਆ; ਕਿਉਂਕਿ ਇਹ ਸੱਜਣ, ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਕਿਸੇ ਲੇਖ ਤੋਂ ਪ੍ਰਭਾਵਤ ਹੋ ਕੇ, ਹਮੇਸ਼ਾਂ ਝੱਗਾ ਗੋਡਿਆਂ ਤੋਂ ਉਚਾ ਹੀ ਪਾਇਆ ਕਰਦੇ ਸਨ ਤੇ ਇਹ ਗੋਡਿਆਂ ਤੋਂ ਨੀਵੇ ਆ ਗਏ। ਫੇਰ ਠੰਡੇ ਸਿਰ ਨਾਲ਼ ਸੋਚਿਆ ਤੇ ਖ਼ੁਦ ਨੂੰ ਝੂਠੀ ਜਿਹੀ ਤਸੱਲੀ ਦੇਣ ਦਾ ਅਸਫਲ ਜਿਹਾ ਯਤਨ ਕਰਦਿਆਂ ਹੋਇਆਂ, "ਚਲੋ ਕਮਲ਼ੇ ਹੀ ਬਣਨਾ ਹੈ। ਚਾਰ ਉਂਗਲ਼ਾਂ ਵਧ ਕੀ ਤੇ ਘੱਟ ਕੀ।" ਆਖ ਕੇ ਵਰਤਣ ਲਈ ਰੱਖ ਲਏ।

੧੯੭੧ ਦੀਆਂ ਗਰਮੀਆਂ ਦੀ ਇਕ ਰਾਤ ਇਸ ਨੇ ਫੀਰੋਜ਼ਪੁਰ ਦੇ ਗੁਰਦੁਆਰੇ ਵਿਚ ਕੱਟੀ। ਰਾਤੀਂ ਤਾਂ ਰੋਟੀ ਤੰਦੂਰੋਂ ਖਾ ਲਈ ਤੇ ਸਵੇਰੇ ਉਠ ਕੇ ਗੁਰਦੁਆਰੇ ਮੱਥਾ ਟੇਕ ਕੇ ਬਾਜ਼ਾਰ ਨੂੰ ਤੁਰਿਆ ਤਾਂ ਕਿ ਛਾਹ ਵੇਲ਼ਾ ਕੀਤਾ ਜਾ ਸਕੇ। ਪੈਸੇ ਗਿਣੇ ਤਾਂ ਗ੍ਹੀਸੇ ਵਿਚੋਂ ਕੇਵਲ ਇਕ ਰੁਪਇਆ ਤੇ ਕੁਝ ਪੈਸੇ ਹੀ ਨਿਕਲ਼ੇ। ਇਹਨਾਂ ਨਾਲ਼ ਜਾਂ ਤਾਂ ਛਾਹ ਵੇਲ਼ਾ ਕੀਤਾ ਜਾ ਸਕਦਾ ਸੀ ਤੇ ਜਾਂ ਫਿਰ ਅਖ਼ਬਾਰਾਂ ਖ਼੍ਰੀਦੀਆਂ ਜਾ ਸਕਦੀਆਂ ਸਨ। ਫੈਸਲਾ ਅਖ਼ਬਾਰਾਂ ਦੇ ਹੱਕ ਵਿਚ ਹੋਇਆ ਤੇ ਜਿੰਨੀਆਂ ਕੁ ਏਨੇ ਪੈਸਿਆਂ ਦੀਆਂ ਆ ਸਕੀਆਂ, ਖ਼੍ਰੀਦ ਕੇ ਵਾਪਸ ਗੁਰਦੁਆਰੇ ਦੇ ਕਮਰੇ ਵਿਚ ਜਾ ਕੇ ਲੰਮਾ ਪੈ ਕੇ ਪੜ੍ਹਨ ਲੱਗ ਗਿਆ ਤੇ ਮੁੱਕਣ ਤੇ ਸੌਂ ਗਿਆ। ਲੌਢੇ ਵੇਲ਼ੇ ਤਿੰਨ ਕੁ ਵਜੇ ਉਠ ਕੇ ਫਿਰ ਨਹਾ ਕੇ ਬੱਸ ਅੱਡੇ ਨੂੰ ਤੁਰ ਪਿਆ। ਨਾ ਸਵੇਰ ਦਾ ਕੁਝ ਖਾਧਾ ਨਾ ਪੀਤਾ। ਪੰਜ ਕੁ ਵਜੇ ਬੱਸ ਅੱਡੇ ਦੇ ਦਫ਼ਤਰ ਵਿਚ ਜਾ ਵੜਿਆ। ਇਕ ਨੌਜਵਾਨ ਚੰਗੀ ਸ਼ਖ਼ਸੀਅਤ ਤੇ ਪਹਿਰਾਵੇ ਵਾਲ਼ਾ ਰਜਿਸਟਰ ਵਿਚ ਸਿਰ ਗੱਡੀ ਬੈਠਾ ਉਸ ਵਿਚ ਕੁਝ 'ਕੁਤਕੁਤਾਰੀਆਂ' ਜਿਹੀਆਂ ਕਢੀ ਜਾ ਰਿਹਾ ਸੀ। ਉਸ ਨੂੰ ਜਾ 'ਵਾਹਿਗੁਰੂ ਜੀ ਕੀ ਫਤਿਹ' ਬੁਲਾਈ ਤੇ ਆਪਣੀ ਜਾਣਕਾਰੀ ਇਉਂ ਦਿਤੀ, "ਮੇਰਾ ਨਾਂ ਸੰਤੋਖ

ਸਿੰਘ ਹੈ ਤੇ ਮੈ ਸ਼੍ਰੋਮਣੀ ਕਮੇਟੀ ਦਾ ਪ੍ਰਚਾਰਕ ਹਾਂ। ਇਹ ਕਮੇਟੀ ਦਾ ਮਾਸਕ ਪੱਤਰ 'ਗੁਰਮਤਿ ਪ੍ਰਕਾਸ਼' ਹੈ ਤੇ ਇਸ ਦਾ ਇਕ ਸਾਲ ਦਾ ਚੰਦਾ ਪੰਜ ਰੁਪਏ ਹੈ। ਇਸ ਦਾ ਤੁਹਾਨੂੰ ਮੈ ਪਾਠਕ ਬਣਾਉਣਾ ਹੈ।" ਉਸ ਨੇ ਕੁਰਸੀ ਤੋਂ ਉਠਦਿਆਂ ਆਖਿਆ, "ਮੇਰਾ ਨਾਂ ਵੀ ਸੰਤੋਖ ਸਿੰਘ ਹੈ ਤੇ ਮੈ ਏਥੇ ਅਕਾਊਂਟੈਂਟ ਹਾਂ। ਇਹ ਲਓ ਪੰਜ ਰੁਪਏ ਤੇ ਹੋਰ ਜਲ ਪਾਣੀ ਦੀ ਸੇਵਾ ਦੱਸੋ।" ਪੰਜ ਰੁਪਏ ਦੀ ਰਸੀਦ ਕੱਟ ਕੇ ਉਸ ਦੇ ਹੱਥ ਫੜਾਈ ਤੇ ਧੰਨਵਾਦ ਕਹਿ ਕੇ ਦਫ਼ਤਰੋਂ ਨਿਕਲ਼ ਕੇ ਪਹਿਲਾਂ ਹਲਵਾਈ ਕੋਲ਼ ਜਾ ਕੇ ਪੇਟ ਪੂਜਾ ਕੀਤੀ ਤੇ ਉਸ ਪਿਛੋਂ ਇਕ ਰੁਪਇਆ ਪਚਾਨਵੇਂ ਪੈਸੇ ਦੀ ਬੱਸ ਦੀ ਟਿਕਟ ਲੈ ਕੇ, ਮੁਕਤਸਰ ਰਾਤ ਨੂੰ ਪਹੁੰਚ ਗਿਆ ਜਿਥੇ ਕਿ ਰੋਟੀ ਮਿਲ਼ ਹੀ ਜਾਣੀ ਸੀ। ਪੰਜ ਰੁਪਏ ਹੱਥ ਆਉਣ ਨਾਲ ਸ਼ਾਹ ਬਣ ਗਿਆ ਤੇ ਖੁਲ੍ਹੇ ਹੱਥ ਖ਼ਰਚ ਲਏ ਕਿਉਂਕਿ ਦਫ਼ਤਰ ਵਾਲ਼ਿਆਂ ਨੂੰ ਤਾਂ ਮਹੀਨੇ ਪਿਛੋਂ ਆਪਣੀ ਤਨਖ਼ਾਹ ਵਿਚੋਂ ਹੀ ਕਟਾਉਣੇ ਸਨ।

ਬਕਲਮ ਖ਼ੁਦ

# ਮਿਕਨਾਤੀਸੀ ਸ਼ਖ਼ਸੀਅਤ -- ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ

ਕੁਦਰਤ ਨੇ ਇਸ ਸੰਸਾਰ 'ਤੇ ਕੁਝ ਅਜਿਹੀਆਂ ਮਿਕਨਾਤੀਸੀ ਰੂਹਾਂ ਨੂੰ ਭੇਜਿਆ ਹੁੰਦਾ ਹੈ ਜਿਨ੍ਹਾਂ ਦੀ ਸੰਗਤ ਵਿੱਚ ਰਹਿ ਕੇ ਹਰ ਕੋਈ ਆਨੰਦ ਦਾ ਅਨੁਭਵ ਕਰਨਾ ਲੋਚਦਾ ਹੈ। ਵਿਸ਼ੇਸ਼ਣਾਂ ਦੀ ਮੁਹਤਾਜੀ ਤੋਂ ਪਰ੍ਹੇ ਦੀ ਅਜਿਹੀ ਸ਼ਖ਼ਸੀਅਤ ਦਾ ਨਾਂ ਹੈ ਗਿਆਨੀ ਸੰਤੋਖ ਸਿੰਘ। ਭਾਵੇਂ ਮੈਂ ਉਹਨਾਂ ਨੂੰ ੨੦੧੦ ਵਿੱਚ ਵਿਰਸਾ ਵਿਹਾਰ, ਅੰਮ੍ਰਿਤਸਰ ਵਿੱਚ ਲੱਗੇ ਵਿਰਾਸਤੀ ਮੇਲੇ ਵਿੱਚ, ਇੱਕ ਬੜੀ ਸੰਖੇਪ ਜਿਹੀ ਮਿਲਣੀ ਤੋਂ ਜਾਣਦਾ ਹਾਂ ਪਰ ਅਕਸਰ ਸਾਹਿਤਕ ਸੱਥਾਂ ਵਿੱਚ ਉਹਨਾਂ ਬਾਰੇ ਛਿੜਦੇ ਜ਼ਿਕਰ ਨੇ, ਮੇਰੀ ਉਹਨਾਂ ਨਾਲ ਮੁਲਾਕਾਤ ਦੀ ਕਸਕ ਨੂੰ ਹੋਰ ਦੁਬਾਲਾ ਕਰ ਦਿੱਤਾ। ਨਵੰਬਰ, ੨੦੧੯ ਵਿੱਚ ਮੇਰੇ ਸਤਿਕਾਰਯੋਗ ਭੂਆ ਜੀ ਦੇ ਬੇਟੇ ਅਜੀਜ ਵੀਰ ਸਰਮੁਹੱਬਤ ਸਿੰਘ ਰੰਧਾਵਾ (ਸਾਹਿਤਕ ਮੱਸ ਰੱਖਣ ਵਾਲੇ ਅਤੇ ਬੜੇ ਹੀ ਨੇਕ ਦਿਲ ਇਨਸਾਨ) ਆਸਟ੍ਰੇਲੀਆ ਤੋਂ ਅੰਮ੍ਰਿਤਸਰ ਆਏ ਤਾਂ ਇੱਕ ਸ਼ਾਮ ਉਹਨਾਂ ਨੇ ਮੈਨੂੰ ਫੋਨ ਕੀਤਾ ਕਿ ਤੁਹਾਨੂੰ ਇਕ ਮਹਾਨ ਸ਼ਖ਼ਸੀਅਤ ਨਾਲ ਮਿਲਵਾਉਣਾ ਏ, ਇਸ ਲਈ ਘਰ ਆਓ। ਭੂਆ ਜੀ ਦਾ ਘਰ ਗੁਆਂਢ ਵਿੱਚ ਹੀ ਹੋਣ ਕਰਕੇ ਮੈਂ ਓਸੇ ਵੇਲੇ ਜਦੋਂ ਸਾਹਮਣੇ ਗਿਆਨੀ ਸੰਤੋਖ ਸਿੰਘ ਜੀ ਨੂੰ ਵੇਖਿਆ ਤਾਂ ਰੂਹ ਗੱਦ-ਗੱਦ ਹੋ ਗਈ ਤੇ ਨਾਲ ਹੀ ਵੀਰ ਸਰਮੁਹੱਬਤ ਸਿੰਘ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਦੇ ਜ਼ਰੀਏ ਗਿਆਨੀ ਜੀ ਦੇ ਦਰਸ਼ਨ ਤੇ ਮੁਲਾਕਾਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਮੈਨੂੰ ਵੇਖਦਿਆਂ ਹੀ ਉਹਨਾਂ ਨੇ ਪਛਾਣ ਲਿਆ ਤੇ ਬੜੇ ਪਿਆਰ ਨਾਲ ਮਿਲੇ। ਮੇਰੇ ਸਾਹਵੇਂ ਦਸ ਸਾਲ ਪਹਿਲਾਂ ਵਾਲੇ ਗਿਆਨੀ ਜੀ ਹੀ

ਸਨ। ਉਹੋ ਹਾਸਾ-ਠੱਠਾ, ਟੋਟਕੇ ਤੇ ਚਿਹਰੇ ਤੇ ਵਿਦਵਾਨਾਂ ਵਾਲਾ ਠਰ੍ਹੰਮਾ। ਹੱਸ ਮੁੱਖ, ਮਜ਼ਾਕੜੇ ਤੇ ਮਿੱਠ ਬੋਲੜੇ ਅਪਣੱਤ ਭਰੇ ਬੋਲਾਂ ਦੇ ਮਾਲਕ ਗਿਆਨੀ ਜੀ ਨੇ ਇੱਕ ਤੋਂ ਬਾਅਦ ਇੱਕ ਖੁਸ਼ਨੁਮਾ ਵਾਕਿਆਤ ਸੁਣਾ ਸੁਣਾ ਕੇ, ਸਾਡਾ ਸਮਾ ਸਾਕਾਰ ਅਤੇ ਆਨੰਦ ਭਰਪੂਰ ਬਣਾ ਦਿੱਤਾ। ਆਪਣੀ ਆਦਤ ਅਨੁਸਾਰ ਉਹਨਾਂ ਨੇ ਆਪਣੇ ਝੋਲੇ ਵਿਚੋਂ ਮੈਨੂੰ ਤਿੰਨ ਕਿਤਾਬਾਂ: ਸਾਦੇ ਸਿਧਰੇ ਲੇਖ, ਕੁਝ ਏਧਰੋਂ ਕੁਝ ਓਧਰੋਂ  ਤੇ ਕੁਝ ਹੋਰ ਬਾਤਾਂ ਗਿਆਨੀ ਸੰਤੋਖ ਸਿੰਘ ਦੀਆਂ ਦੇ ਕੇ, ਪੜ੍ਹਨ ਪਿੱਛੋਂ ਮੈਨੂੰ ਆਪਣੀ ਰਾਏ ਲਿਖਣ ਦੀ ਤਾਕੀਦ ਵੀ ਕੀਤੀ। ਇਹਨਾਂ ਵਿੱਚੋਂ 'ਕੁਝ ਹੋਰ ਬਾਤਾਂ ਗਿਆਨੀ ਸੰਤੋਖ ਸਿੰਘ ਦੀਆਂ' ਵਿੱਚ ਮੇਰਾ ਉਹਨਾਂ ਬਾਰੇ ਲਿਖਿਆ ਲੇਖ ਵੀ ਸ਼ਾਮਲ ਹੈ ਜੋ ਇਸ ਤੋਂ ਪਹਿਲਾਂ ਮੇਰੇ  ਵਿਦਵਾਨ ਦੋਸਤ ਹਰਭਜਨ ਸਿੰਘ ਵਕਤਾ ਦੁਆਰਾ ਸੰਪਾਦਤ ਪੁਸਤਕ 'ਇੱਕ ਵਿਲੱਖਣ ਸ਼ਖ਼ਸੀਅਤ ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ' ਵਿੱਚ ਵੀ ਸ਼ਾਮਲ ਹੈ। ਉਹਨਾਂ ਦੀ ਲਿਖਤ ਦੀ ਗੱਲ ਕਰੀਏ ਤਾਂ ਮੈਂ 'ਪੰਜਾਬੀ ਸੱਥ ਲਾਂਬੜਾ' ਦੇ ਹਵਾਲੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਇਹਨਾਂ ਦੀ ਲਿਖਤ ਵਿੱਚੋਂ ਕਦੇ ਪ੍ਰਿੰਸੀਪਲ ਤੇਜਾ ਸਿੰਘ ਦੀ ਸ਼ੈਲੀ ਦਿੱਸਦੀ ਹੈ ਤੇ ਕਦੇ ਰੂਸੀ ਲੇਖਕ ਰਸੂਲ ਹਮਜ਼ਾਤੋਵ ਦਾ ਝੌਲਾ ਪੈਂਦਾ ਹੈ। ਮਹਾਨ ਕੀਰਤਨੀਏ, ਪ੍ਰਚਾਰਕ, ਅਲਬੇਲੇ ਸਾਹਿਤਕਾਰ ਅਤੇ ਘੁਮੱਕੜ ਬਿਰਤੀ ਦੇ ਮਾਲਕ ਹੋਣ ਕਰਕੇ, ਉਹ ਬਹੁਪੱਖੀ ਸ਼ਖ਼ਸੀਅਤ ਦੇ ਧਾਰਨੀ ਹਨ। ਸਿੱਖ ਇਤਿਹਾਸ, ਗੁਰਬਾਣੀ, ਸਭਿਆਚਾਰ, ਪੰਜਾਬੀ ਭਾਸ਼ਾ, ਰਾਜਨੀਤੀ, ਆਲਮੀ ਭੂਗੋਲ ਅਤੇ ਧਾਰਮਿਕ ਗ੍ਰੰਥਾਂ ਦੀ ਡੂੰਘੀ ਸੂਝ ਰੱਖਣ ਵਾਲੇ, ਉਹ ਤੁਰਦੇ ਫਿਰਦੇ ਵਿਸ਼ਵ ਕੋਸ਼ ਹਨ। ਪੰਡਤਾਊ ਜਾਂ ਬੋਝਲ ਸ਼ਬਦਾਵਲੀ ਤੋਂ ਰਹਿਤ ਉਹਨਾਂ ਦੀਆਂ ਲਿਖਤਾਂ ਪਾਠਕ ਦੇ ਧੁਰ ਅੰਦਰ ਤੱਕ ਰਸਾਈ ਕਰਨ ਦੀ ਤੌਫ਼ੀਕ ਰੱਖਦੀਆਂ ਹਨ। ਉਹਨਾਂ ਦੀਆਂ ਪੁਸਤਕਾਂ ਪੜ੍ਹਦਿਆਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਦਾਦਾ-ਦਾਦੀ ਦੀ ਗੋਦ ਵਿੱਚ ਬਹਿ ਕੇ ਬਾਤਾਂ ਸੁਣਦੇ ਹੋਈਏ। ਅੱਧੀ ਸਦੀ ਦੇ ਸਮੇ ਤੋਂ ਉਹ ਮਹਾਂਦੀਪਾਂ ਨੂੰ ਗਾਹ ਰਹੇ ਨੇ ਤੇ ਇਸ ਸਮੇ ਦੌਰਾਨ ਉਹਨਾਂ ਨੇ ਜੋ ਮਿੱਠੇ-ਕੁਸੈਲੇ ਤਜਰਬੇ ਹਾਸਲ ਕੀਤੇ, ਉਹਨਾਂ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ ਹੈ। ਉਹ ਬੜੇ ਗਹੁ ਨਾਲ ਵਿਸ਼ਿਆਂ ਦੀ ਬਰੀਕੀ ਵਿੱਚ ਜਾ ਕੇ ਪਾਠਕ ਨੂੰ ਸੰਤੁਸ਼ਟ ਕਰਦੇ ਹਨ। ਉਹਨਾਂ ਦੀ ਰਚਨਾ ਸਾਹਿਤ ਦੇ ਮੂਲ ਮੰਤਵ ਸਿੱਖਿਆ ਅਤੇ ਮਨੋਰੰਜਨ ਤੇ ਖਰੀ ਉਤਰਦੀ ਹੈ। ਪਾਠਕ ਨੂੰ ਉਂਗਲੀ ਲਾ ਕੇ ਨਾਲ ਤੋਰਨਾ ਕੋਈ ਇਹਨਾਂ ਤੋਂ ਸਿੱਖੇ।

'ਕੁਝ ਹੋਰ ਬਾਤਾਂ ਗਿਆਨੀ ਸੰਤੋਖ ਸਿੰਘ ਦੀਆਂ' ਪੁਸਤਕ ਪ੍ਰੋਫ਼ੈਸਰ ਮੋਹਨ ਸਿੰਘ ਦੁਆਰਾ ਸੰਪਾਦਤ ਕੀਤੀ ਗਈ ਹੈ ਜਿਸ ਵਿੱਚ ਗਿਆਨੀ ਜੀ ਦੇ ਜਾਣੂਆਂ ਵੱਲੋਂ ਉਹਨਾਂ ਦੀ ਸ਼ਖ਼ਸੀਅਤ ਤੇ ਲੇਖਣੀ ਦੀਆਂ ਬਾਤਾਂ ਪਾਈਆਂ ਗਈਆਂ ਹਨ। ਇਸ ਨੂੰ ਪੜ੍ਹ ਕੇ ਗਿਆਨੀ ਜੀ ਦੇ ਸਿੱਧੇ-ਸਾਦੇ ਜੀਵਨ ਪਿੱਛੇ ਲੁਕੇ

ਕੱਦਾਵਾਰ ਇਨਸਾਨ ਦੇ ਭੇਤ ਖੁਲ੍ਹਦੇ ਹਨ। ਸੰਸਾਰ ਦੇ ਕੋਨੇ-ਕੋਨੇ 'ਚ ਬੈਠੇ ਉਹਨਾਂ ਦੇ ਮੁਰੀਦਾਂ ਨੇ ਆਪੋ ਆਪਣੇ ਢੰਗ ਨਾਲ ਉਹਨਾਂ ਬਾਰੇ ਲਿਖਿਆ ਹੈ। 'ਸਾਦੇ ਸਿਧਰੇ ਲੇਖ' ਉਹਨਾਂ ਦੀ ਸਾਦੀ ਸਰਲ ਸ਼ਖ਼ਸ਼ਅਤ ਵਾਂਗ ਬੋਲ ਚਾਲ ਦੀ ਭਾਸ਼ਾ ਵਿੱਚ, ਵੱਖ ਵੱਖ ਵਿਸ਼ਿਆਂ 'ਤੇ ਲਿਖੇ ਲੇਖ ਹਨ ਪਰ ਇਹਨਾਂ ਵਿਚਲੀ ਜਾਣਕਾਰੀ ਪੁਖਤਾ ਹੈ। ਗੱਲ ਪੰਜਾਬੀ ਸੂਬੇ ਦੇ ਇਤਿਹਾਸ ਦੀ ਹੋਵੇ ਜਾਂ ਗੁਰਮੁਖੀ ਅੱਖਰਾਂ ਦੀ ਬਰੀਕੀ ਦੀ, ਗਿਆਨੀ ਜੀ ਨੇ ਬੜੀ ਤਹਿ ਤੱਕ ਜਾ ਕੇ ਇਹਨਾਂ ਦੀ ਵਿਆਖਿਆ ਕੀਤੀ ਹੈ। ਉਹਨਾਂ ਦੀਆਂ ਕਿਤਾਬਾਂ ਦੇ ਸ਼ੁਰੂ ਵਿੱਚ ਲਿਖੇ ਇਹ ਸ਼ਬਦ: "ਕੋਈ ਕਾਪੀ ਰਾਈਟ ਨਹੀਂ ,ਬਿਨਾਂ ਆਗਿਆ ਕੋਈ ਵੀ ਛਾਪੇ" ਦਰਿਆ ਦਿਲ ਤੇ ਸਮਰਪਤ ਭਾਵਨਾ ਵਾਲੀ ਮੋਕਲੀ ਸ਼ਖ਼ਸੀਅਤ ਦੀ ਸ਼ਾਹਦੀ ਭਰਦੇ ਹਨ। ਆਲੋਚਨਾ ਨੂੰ ਖਿੜੇ ਮੱਥੇ ਕਬੂਲ ਕਰਨਾ ਗਿਆਨੀ ਜੀ ਦੀ ਸਹਿਜ ਵਿੱਚ ਵਿਚਰਨ ਵਾਲੀ ਸ਼ਖ਼ਸ਼ਅਤ ਦਾ ਦੈਵੀ ਗੁਣ ਹੈ।

ਆਪਣੀ 'ਕੁਝ ਏਧਰੋਂ ਕੁਝ ਓਧਰੋਂ' ਨਾਮ ਦੀ ਦਸਵੀਂ ਪੁਸਤਕ ਵਿੱਚ, ਗਿਆਨੀ ਸੰਤੋਖ ਸਿੰਘ ਨੇ, ਆਪਣੀਆਂ ਯਾਤਰਾਵਾਂ ਸ਼ਖ਼ਸੀਅਤਾਂ ਤੇ ਹੋਰ ਫੁਟਕਲ ਵਿਸ਼ਿਆਂ ਨੂੰ ਸ਼ਾਮਲ ਕੀਤਾ ਹੈ। ਘਟਨਾਵਾਂ ਦਾ ਵੇਰਵਾ ਉਹਨਾਂ ਨੇ ਏਨੀ ਬਰੀਕੀ ਨਾਲ ਦਿੱਤਾ ਹੈ ਜਿਵੇਂ ਸਾਡੀਆਂ ਅੱਖਾਂ ਸਾਹਵੇਂ ਕੋਈ ਫਿਲਮ ਚੱਲ ਰਹੀ ਹੋਵੇ। ਆਪਣੇ ਦਿਲ ਦੇ ਬਾਈ ਪਾਸ ਵਾਲੇ ਆਪ੍ਰੇਸ਼ਨ ਦੀ ਵਾਰਤਾ ਉਹਨਾਂ ਨੇ ਆਪਣੇ ਸੁਭਾਅ ਵਾਂਗ ਹਾਸੇ ਠੱਠੇ ਵਿੱਚ ਸਹਿਜ ਸੁਭਾਅ ਹੀ ਬਿਆਨ ਕਰ ਦਿਤੀ ਹੈ। ਬਿਹਾਰ ਸਰਕਾਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਪੰਜਾਹ ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮਾਂ ਵਿੱਚ, ਸਰਕਾਰੀ ਤੌਰ ਤੇ ਸੱਦਾ ਮਿਲਣਾ ਤੇ ਓਥੋਂ ਦੇ ਪ੍ਰਬੰਧਾਂ ਅਤੇ ਗੋਸ਼ਟੀਆਂ ਬਾਰੇ ਬੜੇ ਵਧੀਆ ਅੰਦਾਜ਼ ਵਿੱਚ ਜ਼ਿਕਰ ਕੀਤਾ ਹੈ। ਗਲੋਬਲ ਪੰਜਾਬੀ ਮੀਡੀਆ ਦੇ ਨੌਜਵਾਨ ਐਂਕਰਾਂ ਨੇ ਉਹਨਾਂ ਨੂੰ 'ਜਗਤ ਤਾਇਆ' ਦਾ ਖਿਤਾਬ ਦਿੱਤਾ ਹੋਇਆ ਹੈ। ਪਲਾਂ ਛਿਣਾਂ ਵਿੱਚ ਹੀ ਅਣਜਾਣ ਬੰਦੇ ਨੂੰ ਆਪਣਾ ਬਣਾ ਲੈਣ ਵਾਲੇ ਗੁਣ ਕਰਕੇ, ਮੈਂ ਉਹਨਾਂ ਦੀ ਜ਼ਿੰਦਾਦਿਲੀ ਦਾ ਸਭ ਤੋਂ ਵੱਧ ਕਾਇਲ ਹਾਂ। ਉਦਾਸੀਆਂ, ਚਿੰਤਾਵਾਂ  ਨੂੰ ਜੁੱਤੀ ਦੀ ਨੋਕ 'ਤੇ ਰੱਖਣ ਵਾਲੇ ਗਿਆਨੀ ਜੀ, ਉਹ ਚਾਨਣ ਮੁਨਾਰਾ ਹਨ ਜਿਨ੍ਹਾਂ ਦੀ ਰੋਸ਼ਨੀ ਵਿੱਚ ਰਹਿ ਕੇ, ਜ਼ਿੰਦਗੀ ਪ੍ਰਤੀ ਸਕਾਰਾਤਮਕ ਪਹੁੰਚ ਰੱਖਣ ਦੀ ਪ੍ਰੇਰਨਾ ਮਿਲਦੀ ਹੈ। ਅਜਿਹੇ ਲੋਕ ਵਾਕਈ ਸਮਾਜ ਦਾ ਅਨਮੋਲ ਤੇ ਬਹੁਮੁੱਲਾ ਖਜ਼ਾਨਾ ਹਨ। ਮੇਰੀ ਪਰਵਦਗਾਰ ਅੱਗੇ ਅਰਦਾਸ ਹੈ ਕਿ ਇਹ ਸ਼ਖ਼ਸੀਅਤ ਏਸੇ ਤਰ੍ਹਾਂ ਆਪਣੇ ਵਿਚਾਰਾਂ ਤੇ ਮਿਲਣੀਆਂ ਦੀ ਮਹਿਕ ਖਿੰਡਾਉਂਦੀ ਰਹੇ! ਆਮੀਨ!

ਸਤਿੰਦਰ ਸਿੰਘ ਓਠੀ

੩੩੬,ਦਸ਼ਮੇਸ਼ ਐਵੇਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ

Respected Giani Santokh Singh jio.
Sat Sri Akal.

I am writing this letter after having read your GREAT literary works a number of times. It is a great treasure for our community and an authentic referel documents for the coming generations. Each topic is described in a very lucid style with full information with a potential power to keep readers fully engrossed and absorbed.
Your Punjabi Shabad-JorhaN di Sarlta te Smanta (Jo Vaikhya so Aakhya) is an eye opener for our scholars- (Budhijeevi) and 'Samay Samay Da Raag in 'Baatan Beete Dian' is a classic write up. We people of 2 and 3 generations feel a punch of this relationship. Very touching and truthful description. I just picked two drops from your created ocean of literature.
I enjoyed your interview with Amandeep Sidhu. Very much hilarious.
MaiN v "HATH DHO KE' tuhadian likhtan nu pai gayaa haaN.
Please send my your next set of books.
I will keep in touch with you.
Regards,
Surjit Singh Bhullar

On Wednesday, 31 August 2016, 14:51, Surjit Singh <surjit.bhullar@khalsa.com> wrote:

Respected Giani Santokh Singh ji,
Sat Siri Akal.
I thank you very much for sending one of your books in PDF form, so promptly than my expectations.
As regards your queries:-
1) I got your book 'Jo Wekhya so Aakhyaa' from one of my friends for reading as he recommended and appreciated this book worth reading. I did so, and found to be a treasure of knowledge. I congratulate you for writing so a beautiful book.
2) I live in USA and listen Principal Gurbachan Mann's talk show regularly. It was perchance that you came on radio yesterday and at the end of the program, it was announced to send copies of your books one by one to readers who wish to read, if they make request by email. What more I need? I think, Whaguru listened to me. But it was discouraging to note that neither you nor Principal Mann gave your email address. Then I opened your book and found your email address therein.
3) I will read this book and digest its contents and then I will make further request to you to send another one of your books in PDF. Till then, I from my core of heart, thank you so much for doing favour to our community.
May Wahguru bless you with good health.
Regards
Surjit Singh Bhullar

Amerika

